Golden State Realty
JASSI GILL Broker/Owner
Listing and Selling Homes
From San Jose to Sacramento
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969
CA DRE# 00966763

Harmit S Toor
Bay East Brokers, Inc.
BAY EAST BROKERS
Help you Buy, Sell & Loans:
♦ Residential & Commercial Property
♦ Business Opportunity
'2021 Platinum Award in recognition of outstanding achievement in Residential and/or Commercial Sales/Listing'
Broker - MLO
BRE Lic.# 01462579
NMLS ID 358820
Broker Corp Lic: 02007516
Ph: 925-202-7027
HDtoor@gmail.com, WWW.BayEastBrokers.Com

COVERED CALIFORNIA
Certified Insurance Agent
Global Green INSURANCE AGENCY
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
MANN@GGIABA.COM
Gurdawar Singh Mann
Gurcharan Singh Mann
Mann Insurance Brokers Inc.
4123 Dyer St., #230, Union City, CA 94587



Twenty-Fourth Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 24, Issue 34; August 26, 2023
20451 N. Plum Grove Rd., Palatine, IL 60074
Ph:847-359-0746, Fax:847-705-9388




*ਸ਼ਿਕਾਗੋ ਵਿਚ 14 ਤੋਂ 18 ਅਗਸਤ, 2023 ਤੱਕ ਹੋਈ ਸੰਸਾਰ ਧਰਮ ਸੰਸਦ ਵਿਚ ਸੰਸਾਰ ਭਰ ਦੇ ਮੁਲਕਾਂ ਅੰਦਰ ਫੈਲੇ ਵੱਖ-ਵੱਖ ਧਰਮਾਂ ਦੇ ਨੁਮਾਇੰਦਿਆਂ ਨੇ ਹਿੱਸਾ ਲਿਆ। ਇਸ ਸੰਸਦ ਦੌਰਾਨ ਧਾਰਮਿਕ ਲੀਡਰਾਂ ਨੇ ਸੰਸਾਰ ਨੂੰ ਦਰਪੇਸ਼ ਮਸਲਿਆਂ ਅਤੇ ਚੁਣੌਤੀਆਂ ਬਾਰੇ ਵਿਚਾਰ-ਵਟਾਂਦਰਾ ਕੀਤਾ। ਸੰਸਦ ਬਾਰੇ ਵਿਸਤ੍ਰਿਤ ਰਿਪੋਰਟ ਅਗਲੇ ਅੰਕ ਵਿਚ ਪੇਸ਼ ਕੀਤੀ ਜਾਵੇਗੀ।*

# ਸਰਕਾਰ ਅਤੇ ਕਿਸਾਨਾਂ ਵਿਚਕਾਰ ਟਕਰਾਅ ਵਾਲਾ ਮਾਹੌਲ

## ਹੜ੍ਹਾਂ ਦੇ ਝੰਬੇ ਕਿਸਾਨ ਸੜਕਾਂ 'ਤੇ ਨਿਕਲੇ, ਇਕ ਵਾਰ ਫਿਰ ਅੰਦੋਲਨ ਦੇ ਰਾਹ ਪਏ

**ਚੰਡੀਗੜ੍ਹ:** ਪੰਜਾਬ, ਹਰਿਆਣਾ, ਰਾਜਸਥਾਨ, ਉਤਰਾਖੰਡ ਅਤੇ ਉੱਤਰ ਪ੍ਰਦੇਸ਼ ਨਾਲ ਸਬੰਧਤ 16 ਕਿਸਾਨ ਜਥੇਬੰਦੀਆਂ ਵੱਲੋਂ 22 ਅਗਸਤ ਨੂੰ ਚੰਡੀਗੜ੍ਹ ਵਿਚ ਟਰੈਕਟਰ ਮਾਰਚ ਦੀ ਕੋਸ਼ਿਸ਼ ਅਤੇ ਪੁਲਿਸ ਵੱਲੋਂ ਕੀਤੀ ਸਖਤੀ ਪਿੱਛੋਂ ਇਕ ਵਾਰ ਫਿਰ ਸਰਕਾਰ ਅਤੇ ਕਿਸਾਨਾਂ ਵਿਚ ਟਕਰਾਅ ਵਾਲਾ ਮਾਹੌਲ ਬਣ ਗਿਆ ਹੈ। ਪੁਲਿਸ ਵੱਲੋਂ ਲਾਈਆਂ ਰੋਕਾਂ ਕਾਰਨ ਵੱਖ-ਵੱਖ ਸੂਬਿਆਂ ਤੋਂ ਆਏ ਕਿਸਾਨ ਜਿਥੇ ਥਾਂ ਮਿਲੀ, ਧਰਨਾ ਲਾ ਕੇ ਬੈਠ ਗਏ ਹਨ।

ਇਸੇ ਦੌਰਾਨ ਕਿਸਾਨਾਂ ਨੇ ਕਈ ਟੌਲ ਪਲਾਜ਼ੇ ਵੀ ਬੰਦ ਕਰਵਾ ਦਿੱਤੇ ਹਨ। ਉਧਰ, ਲੌਂਗੋਵਾਲ ਵਿਚ ਧਰਨਾ ਦੇ ਰਹੇ ਕਿਸਾਨਾਂ ਅਤੇ ਪੁਲਿਸ ਦਰਮਿਆਨ ਹੋਈ ਝੜਪ ਦੌਰਾਨ ਟਰੈਕਟਰ-ਟਰਾਲੀ ਹੇਠ ਆਉਣ ਕਾਰਨ ਇਕ ਕਿਸਾਨ ਦੀ ਮੌਤ ਹੋ ਗਈ ਹੈ ਅਤੇ ਪੁਲਿਸ ਇੰਸਪੈਕਟਰ ਸਮੇਤ ਕਈ ਹੋਰ ਕਿਸਾਨ ਫੱਟੜ ਹੋਏ ਹਨ। ਝੜਪ ਤੋਂ ਬਾਅਦ ਇਲਾਕੇ ਵਿਚ ਮਾਹੌਲ ਤਣਾਅਪੂਰਨ ਬਣ ਗਿਆ ਹੈ। ਕਿਸਾਨਾਂ ਨੇ ਲੌਂਗੋਵਾਲ ਥਾਣੇ ਅੱਗੇ ਸੁਨਾਮ-ਬਰਨਾਲਾ ਰੋਡ 'ਤੇ ਪੱਕਾ ਮੋਰਚਾ ਆਰੰਭ ਕਰ ਦਿੱਤਾ ਹੈ।

ਪੁਲਿਸ ਦੀ ਕਾਰਵਾਈ ਵਿਰੁੱਧ ਕਿਸਾਨ ਜਥੇਬੰਦੀਆਂ ਨੇ ਕੌਮੀ ਅਤੇ ਰਾਜ ਮਾਰਗਾਂ 'ਤੇ ਲਗਭਗ ਇਕ ਦਰਜਨ ਟੌਲ ਪਲਾਜ਼ਿਆਂ ਦਾ ਘਿਰਾਓ ਕਰ ਕੇ ਕੇਂਦਰ ਅਤੇ ਰਾਜ ਸਰਕਾਰ ਵਿਰੁੱਧ ਰੋਸ ਪ੍ਰਦਰਸ਼ਨ ਸ਼ੁਰੂ ਕਰ ਦਿੱਤਾ। ਚੰਡੀਗੜ੍ਹ ਵਿਚ ਟਰੈਕਟਰ ਮਾਰਚ ਕਰਨ ਦਾ ਐਲਾਨ ਕਰਨ ਵਾਲੀਆਂ ਜਥੇਬੰਦੀਆਂ ਵਿਚ ਪੰਜਾਬ ਨਾਲ ਸਬੰਧਤ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ,

(ਬਾਕੀ ਸਫਾ 6 'ਤੇ)


Medicare COVERED CALIFORNIA
Life & Health Insurance
ਹੈਲਥ ਕੇਅਰ
Call: 510-459-7537
Bhupinder Singh Dev
bdev_99@yahoo.com
Lic# 0F86916
MEHAR INSURANCE
We do not offer every plan available in your area. Any information we provide is limited to those plans we offer in your area. Please contact Medicare.gov or 1-800-Medicare to get information on all of your options.


Raja SWEETS & CATERING
Toll Free 1-866-FOR-RAJA
www.rajasweets.com
Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Items Serving: All kinds of Sweets, Snacks & Food, Chaat & Tikki Stall, Pani Poori Stall, Bhel Poori / Pav Bhaji, Falooda Kulfi
Catering Services: Wedding Ceremonies, Receptions, Birthday Parties, Religious Gatherings, Corporate Events, Picnics / Bar-b-que
Additional Services: Warmers, Chaffing Dishes, China & Silverware, Linen Rental, Waiters & Bartenders
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA
www.RajaSweets.com

GLOBAL TRUCK PERMITS

17 years of experience
Services
-We do Same day IRP Plates
-Truck Permits
-New company
-Truck ELD
-Trucking compliance
Rajinder Singh
159 D'Arcy Pkwy, Lathrop, CA 95330
Phone: 209 636 0880


UNITED SPORTS CLUB CALIFORNIA, AMERICA
GAKHAL GROUP
DEDICATED TO
Assoication with California Kabaddi Federation of USA
16TH WORLD KABADDI CUP
17 SEPTEIMBER 2023, SUNDAY
(James Logan High School 1800 H Street, Union City, California 94587)
(Timing 09:00am - 06pm)
ਸੰਗਤਾਂ ਨੂੰ ਹੁੰਮ-ਹੁਮਾ ਕੇ ਪਹੁੰਚਣ ਦਾ ਖੁੱਲ੍ਹਾ ਸੱਦਾ
Late. Nashib Singh Gakhal
Late. Major Singh Bains
Late. Puran Singh
Amolak Singh Gakhal
Sponsor of 1st Prize
Sponsor of 2nd Prize
Sponsor of 3rd Prize
Sponsor of 4th Prize
In the loving Memory of Late S. Mehnga Singh Sarai
Diamond Sponsor
Inder Dosanjh
Dosanjh Family Auto Group Inc.
Diamond Sponsor
Diamond Sponsor
Diamond Sponsor
Diamond Sponsor
OPENING
Inder Dosanjh
Dr. Navjot Dahiya
Many Grewal
Garry Singh
Surjit Singh Tutt
Sewa Singh Randhawa
Jaspreet Singh Attorney
Dulla Surkhpur
Dr. Harcham Gill
DIAMOND SPONSORS
KINGS SPORTS CLUB
SHAEED BABA DEEP SINGH SPORTS CLUB
CENTER VALLEY SPORTS CLUB
SANDEEP NANGAL AMBIAN BAY AREA SPORTS CLUB
ਵਿਸ਼ੇਸ਼ ਸਨਮਾਨ
ਵਿਸ਼ੇਸ਼ ਸਨਮਾਨ
Surinder Singh Atwal
Tarlochan Singh Lachhar
Johan Singh Gill
Mike Boparai
Paul Sihota
Lakha Gazipur
Bant Nijjar
Surinder Nijjar
ਗੋਲਡ ਮੈਡਲ ਨਾਲ ਸਨਮਾਨ
Sarwan Singh Ball
Surinder Singh Atwal
Dulla Surkhpur
ਵਿਸ਼ੇਸ਼ ਸਨਮਾਨ
Club Management
Makhan Singh Bains Chairman
Iqbal Singh Gakhal Vice Chairman
Jugraj Singh Sahota President
Palwinder Singh Gakhal Advisor
S. Ashok Bhaura Gen. Sec & Media Incharge
Narinder Singh Sahota Treasurer
Sadhu Singh Khlaur Advisor
Sonam Bains Advisor
Balwir Singh Bhatia Director
Natha Singh Gakhal Advisor
Makhan Singh Dhaliwal
Deb Sohal Sidhwan Dona Advisor
ਵਿਸ਼ੇਸ਼ ਸਨਮਾਨ
GUEST OF HONOUR
All Kabaddi Lovers are openly Invited
Raja
PTC PUNJABI
LIVE KABADDI
jus punjabi
Media In charge World Kabaddi Cup
S. Ashok Bhaura
Phone: 510 415 3315,
Email: ashokbhaura@gmail.com
16ਵੇਂ ਵਿਸ਼ਵ ਕਬੱਡੀ ਕੱਪ ਵਿਚ ਭਾਗ ਲੈਣ ਵਾਲੀਆਂ ਟੀਮਾਂ
1. Sandeep Nangal Ambian Bay Area
2. North America/Charda Punjab Sports Club,
3. Baba Sang Ji Kabaddi Club
4. Fateh Sports Club/Shaheed Baba Deep Singh
ਸਾਰਾ ਦਿਨ ਰਾਜਾ ਸਵੀਟਸ ਵਲੋਂ ਗੁਰੂ ਕਾ ਲੰਗਰ ਲਗਾਇਆ ਜਾਵੇਗਾ
Spectator Have to reach at James Logan High School, International Law of Kabddi will apply, United Sports Club has reserve the right for last decisions.

# ਪੁਸਤਕ ਸਮੀਖਿਆ 'ਆਜ਼ਾਦੀ ਦੇ ਪਰਵਾਨੇ'

ਲੇਖਕ: ਸ. ਕ੍ਰਿਪਾਲ ਸਿੰਘ ਸੰਧੂ
ਪ੍ਰਕਾਸ਼ਕ: ਕੈਫੇ ਵਰਲਡ ਵੱਲੋਂ 'ਅੱਪੂ ਆਰਟ ਪ੍ਰੈਸ, ਸ਼ਾਹਕੋਟ' ਰਾਹੀਂ ਪ੍ਰਕਾਸ਼ਤ
ਪੰਨੇ: 168 ਅਤੇ ਹੋਰ ਤਸਵੀਰਾਂ ਵਾਲੇ ਪੰਨੇ
ਸਮੀਖਿਆਕਾਰ: ਕੁਲਵੰਤ ਉੱਭੀ ਧਾਲੀਆਂ
ਫੋਨ: (559) 473-9264


ਫਰਿਜ਼ਨੋ: ਭਾਰਤ ਲੰਮਾ ਸਮਾਂ ਗੁਲਾਮ ਰਿਹਾ ਹੈ, ਜਿਸ ਦਾ ਸੰਤਾਪ ਸਮੂਹ ਭਾਰਤ ਵਾਸੀਆਂ ਨੇ ਆਪਣੇ ਪਿੰਡੇ 'ਤੇ ਹੰਢਾਇਆ ਹੈ। ਇਸ ਗੁਲਾਮੀ ਤੋਂ ਭਾਰਤ ਨੂੰ ਆਜ਼ਾਦ



ਲੇਖਕ ਕ੍ਰਿਪਾਲ ਸਿੰਘ ਸੰਧੂ

ਕਰਵਾਉਣ ਲਈ ਸਮੁੱਚੇ ਭਾਰਤ ਨੇ ਆਪਣਾ ਯੋਗਦਾਨ ਪਾਇਆ, ਜਿਸ ਸੰਬੰਧੀ ਵੱਖ-ਵੱਖ ਇਤਿਹਾਸਕਾਰਾਂ ਨੇ ਆਪਣੀਆਂ ਲਿਖਤਾਂ ਰਾਹੀਂ ਸਾਂਝ ਵੀ ਪਾਈ ਹੈ। ਉਨ੍ਹਾਂ ਹੀ ਇਤਿਹਾਸਕ ਪੁਸਤਕਾਂ ਦੀ ਲੜੀ ਵਿਚ ਹਾਲ ਹੀ ਵਿਚ ਇਕ ਨਵੀਂ ਪੁਸਤਕ 'ਆਜ਼ਾਦੀ ਦੇ ਪਰਵਾਨੇ' ਸ਼ਾਮਲ ਹੋਈ ਹੈ। ਇਸ ਪੁਸਤਕ ਦਾ ਬਾਕੀ ਪੁਸਤਕਾਂ ਨਾਲੋਂ ਵੱਖਰੇਵਾਂ ਇਹ ਹੈ ਕਿ ਲੇਖਕ ਸ. ਕ੍ਰਿਪਾਲ ਸਿੰਘ ਸੰਧੂ ਖ਼ੁਦ ਸ਼ਹੀਦਾਂ ਦੇ ਪਰਿਵਾਰ ਨਾਲ ਸੰਬੰਧ ਰੱਖਦੇ ਹਨ। ਖਾਸ ਤੌਰ 'ਤੇ ਰਿਸ਼ਤੇਦਾਰੀ ਵਜੋਂ ਇਨ੍ਹਾਂ ਦੇ ਪਰਿਵਾਰ ਦਾ ਸੰਬੰਧ ਸ਼ਹੀਦ ਭਗਤ ਸਿੰਘ ਦੇ ਪਰਿਵਾਰ ਨਾਲ ਹੈ। ਇਸ ਦੇ ਨਾਲ-ਨਾਲ ਉਨ੍ਹਾਂ ਨੇ ਆਪਣੀ ਸਹਿਕਾਰੀ ਵਿਭਾਗ ਵਿਚ ਨੌਕਰੀ ਦੌਰਾਨ ਭਾਰਤੀ ਸਿਸਟਮ ਅਤੇ ਆਜ਼ਾਦੀ ਤੋਂ ਬਾਅਦ ਦੀ ਆਪਸੀ ਅੰਦਰੂਨੀ ਸਮਾਜਿਕ ਨੌਕਰਸ਼ਾਹੀ, ਭ੍ਰਿਸ਼ਟ, ਲੋਕਾਂ ਦੇ ਸ਼ੋਸ਼ਣ ਵਾਲੀ ਗੁਲਾਮ ਸੋਚ ਅਤੇ ਆਜ਼ਾਦੀ ਤੋਂ ਬਾਅਦ ਦੀ ਭਾਰਤ ਵਿਚਲੀ ਅੰਦਰੂਨੀ ਆਪਣਿਆਂ ਦੀ ਗੁਲਾਮੀ ਨੂੰ ਵੀ ਵੇਖਿਆ ਅਤੇ ਹੰਢਾਇਆ ਹੈ।

ਇਸ ਤੋਂ ਇਲਾਵਾ ਸਮੂਹ ਸ਼ਹੀਦਾਂ ਦੀ ਯਾਦ ਵਿਚ ਬਣੇ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਚ ਲੱਗੀਆਂ ਸ਼ਹੀਦਾਂ ਦੀਆਂ ਤਸਵੀਰਾਂ ਅਤੇ ਸ਼ਹੀਦਾਂ ਦੇ ਸਿਰੜੀ ਇਤਿਹਾਸ ਨੇ ਲੇਖਕ ਨੂੰ ਇਸ ਪਾਸੇ ਵੱਲ ਪ੍ਰੇਰਿਆ ਹੈ। ਸ. ਕ੍ਰਿਪਾਲ ਸਿੰਘ ਸੰਧੂ ਨੇ ਆਪਣੀ ਬਹੁਤੀ ਜ਼ਿੰਦਗੀ ਪੰਜਾਬ ਵਿਚ ਬਿਤਾਈ ਅਤੇ ਅੱਜ-ਕੱਲ੍ਹ ਫਰਿਜ਼ਨੋ, ਕੈਲੀਫੋਰਨੀਆ ਵਿਚ ਰਹਿ ਰਹੇ ਹਨ। ਇੱਥੋਂ ਦੀ ਸਥਾਨਕ ਗ਼ਦਰੀ ਬਾਬਿਆਂ ਦੀ ਯਾਦ ਨੂੰ ਸਮਰਪਿਤ ਸੰਸਥਾ ਨਾਲ ਜੁੜੇ ਹੋਣ ਕਰਕੇ ਸਮੇਂ-ਸਮੇਂ 'ਤੇ ਸਥਾਨਕ ਅਖਬਾਰਾਂ ਲਈ ਲੇਖ ਲਿਖਦੇ ਰਹੇ ਹਨ। ਉਨ੍ਹਾਂ ਹੀ ਲੇਖਾਂ ਨੂੰ ਸੰਗਠਤ ਕਰ ਕੇ ਇਸ ਪੁਸਤਕ ਦਾ ਪ੍ਰਕਾਸ਼ਨ ਕੀਤਾ ਗਿਆ ਹੈ। ਉਨ੍ਹਾਂ ਦੇ ਲਿਖੇ ਸਾਰੇ ਹੀ 30 ਦੇ ਕਰੀਬ ਲੇਖ ਬਹੁਤ ਸਰਲ ਭਾਸ਼ਾ ਵਿਚ ਲਿਖੇ ਗਏ ਹਨ। ਜੋ ਹਰ ਪਾਠਕ ਨੂੰ ਆਪਣੇ ਨਾਲ ਜੋੜੇ ਰੱਖਣ ਦੀ ਇਕਸਾਰਤਾ ਰੱਖਦੇ ਹਨ। ਲੇਖਾਂ ਵਿਚ ਆਜ਼ਾਦੀ ਲਈ ਚੱਲ ਰਹੀਆਂ ਲਹਿਰਾਂ, ਆਜ਼ਾਦੀ ਦੇ ਸਮੁੱਚੇ ਸੰਘਰਸ਼ ਦਾ ਦੌਰ,




ਗ਼ਦਰ ਲਹਿਰ ਅਤੇ ਗ਼ਦਰੀ ਬਾਬਿਆਂ ਦੀ ਗੱਲ ਹੁੰਦੀ ਹੈ। ਇਸ ਪੁਸਤਕ ਰਾਹੀਂ ਬਹੁਤ ਸਾਰੇ ਸ਼ਹੀਦਾਂ ਦੇ ਸੰਘਰਸ਼ ਵਾਲੇ ਜੀਵਨ ਅਤੇ ਉਨ੍ਹਾਂ ਦੇ ਪਰਿਵਾਰਾਂ ਬਾਰੇ ਵੀ ਜਾਣਕਾਰੀ ਮਿਲਦੀ ਹੈ।

ਇਸੇ ਤਰ੍ਹਾਂ ਸਿੱਖਾਂ ਦੇ ਬਹਾਦਰ ਸੂਰਬੀਰ ਯੋਧੇ ਬੰਦਾ ਸਿੰਘ ਬਹਾਦਰ ਦੇ ਜੀਵਨ, ਸਤਿਗੁਰੂ ਰਾਮ ਸਿੰਘ ਕੂਕਾ ਲਹਿਰ ਅਤੇ ਬੱਬਰ ਅਕਾਲੀ ਲਹਿਰ ਬਾਰੇ ਵੀ ਲਿਖਿਆ। ਇਨ੍ਹਾਂ ਲੇਖਾਂ ਵਿਚ ਜਿੱਥੇ ਬਹੁਤ ਸਾਰੇ ਆਜ਼ਾਦੀ ਦੇ ਪ੍ਰਵਾਨੇ ਸ਼ਹੀਦਾਂ ਦੇ ਜੀਵਨ ਬਾਰੇ ਲਿਖਿਆ ਗਿਆ ਹੈ, ਉੱਥੇ ਕਈ ਲੇਖਾਂ ਰਾਹੀਂ ਪਰਿਵਾਰਕ ਜ਼ਿੰਦਗੀ ਦੀਆਂ ਘਟਨਾਵਾਂ ਦਾ ਵੀ ਜ਼ਿਕਰ ਸਹਿਜੇ ਕੀਤਾ ਹੈ। ਇਸੇ ਤਰ੍ਹਾਂ ਇਨ੍ਹਾਂ ਦੀਆਂ ਲਿਖਤਾਂ ਵਿਚ ਸਮਾਜਿਕ ਹਾਲਾਤ ਦਾ ਜ਼ਿਕਰ ਅਤੇ ਉਸ ਸਮੇਂ ਦੀ ਨੌਕਰਸ਼ਾਹੀ ਦਾ ਪਤਾ ਲਗਦਾ ਹੈ। ਸਮੁੱਚੇ ਤੌਰ 'ਤੇ ਇਹ ਕਹਿ ਸਕਦੇ ਹਾਂ ਕਿ ਇਸ ਪੁਸਤਕ ਦਾ ਪ੍ਰਕਾਸ਼ਨ ਆਪਣੀ ਉਮਰ ਦੇ ਚੁਰੰਨਵੇਂ ਵਰ੍ਹਿਆਂ ਦੀ ਖੋਜ, ਲਿਆਕਤ ਅਤੇ ਲਿਖਣ ਪ੍ਰਤੀ ਤਜਰਬੇ ਦੀ ਚੰਗੀ ਦੇਣ ਹੈ।

ਇਸ ਪੁਸਤਕ ਵਿਚਲੇ ਸਾਰੇ ਲੇਖ ਪੜ੍ਹਨਯੋਗ ਹਨ, ਜੋ ਸਮੇਂ ਅਤੇ ਹਾਲਾਤ ਵਿਚੋਂ ਗੁਜ਼ਰਨ ਵਾਲੀਆਂ ਘਟਨਾਵਾਂ ਨਾਲ ਜੁੜੇ ਹੋਏ ਹਨ। ਇਹ ਪੁਸਤਕ ਲੇਖਕ ਕ੍ਰਿਪਾਲ ਸਿੰਘ ਸੰਧੂ ਦੁਆਰਾ ਆਪਣੀ ਸਵ. ਮਾਤਾ ਪ੍ਰੀਤਮ ਕੌਰ ਦੀ ਨਿੱਘੀ ਯਾਦ ਨੂੰ ਸਮਰਪਿਤ ਕੀਤੀ ਗਈ ਹੈ। ਭਵਿੱਖ ਵਿਚ ਇਹ ਪੁਸਤਕ ਇਤਿਹਾਸਕ ਘਟਨਾਵਾਂ ਨਾਲ ਜੁੜੀ ਹੋਣ ਕਰਕੇ ਆਉਣ ਵਾਲੇ ਸਮੇਂ ਦੇ ਪਾਠਕਾਂ ਅਤੇ ਖੋਜਕਾਰੀਆਂ ਲਈ ਮਾਰਗ ਦਰਸ਼ਕ ਬਣੇਗੀ। ਇਸ ਸਮੁੱਚੇ ਕਾਰਜ ਲਈ ਲੇਖਕ ਕ੍ਰਿਪਾਲ ਸਿੰਘ ਸੰਧੂ ਅਤੇ ਸਮੂਹ ਸਹਿਯੋਗੀ ਵਧਾਈ ਦੇ ਪਾਤਰ ਹਨ।

ਟਰੱਕ ਸ਼ਾਪ ਲੀਜ਼ 'ਤੇ ਉਪਲੱਬਧ ਹੈ

ਹਾਈਵੇਅ 10 ਟੈਕਸਸ 'ਤੇ ਇਕੋ ਇਮਾਰਤ ਵਿਚ ਟਰੱਕ ਸ਼ਾਪ, ਦੋ ਪੰਪ, ਟਰੱਕ ਵਾਸ਼ ਅਤੇ ਰੈਸਟੋਰੈਂਟ ਲੀਜ਼ 'ਤੇ ਉਪਲੱਬਧ ਹਨ
ਚਾਹਵਾਨ ਸੰਪਰਕ ਕਰਨ: 469-353-9516

Truck Shop For Lease

Truck Shop Truck Wash Restaurant with 2 Pump huge building is available for lease on Highway 10 Texas

Contact: 469-353-9516

# Matrimonials

## ਲੜਕੀ ਦੀ ਲੋੜ ਹੈ

Well educated Jatt Sikh Bay area family invites matrimonial for their July 2000 US born Son. He has earned Bachelor/Masters from top UCs in Computer Science and BioMedical Imaging. He does not drink and is non-veg. He wears turban and keep his hairs. He is employed with six figure salary. Beyond education, girl must be joint family-oriented mindset with good moral family values. Please contact Ph:510-861-6491 or email pgrrealty@gmail.com
34-37

Sikh family looking for a USA or Canada match for their 83 born son, 5'10" completed his Civil Engineering diploma. Never married. He is in India, and has his own property. Has family in the USA. Please whatapp: 262-960-7366. Serious inquiries only.
34-37

USA based Sharma family looking for a suitable match for their son, age 31, 5'9", currently based in Punjab, India. He has done C.Ped and D.Ped from Punjab university. Pure vegetarian, does not smoke, nor drink. He is very loyal and a loving person and looking forward for someone with similar interest. Girl should be from USA or Canada. Contact us at 248-579-3135 or e-mail: Sharmaabpreet@gmail.com
30-33

Ramgarhia Sikh Family looking for a suitable match for their 29 years old, 5' 11" Boy. Education: B. Com and well settled in Fresno, California, USA. Gotra: Khural & Bansal. Girl must be U.S. Citizen or Permanent resident. Please Contact us at: (559) 702- 6844.
30-33

## ਲੜਕੇ ਦੀ ਲੋੜ ਹੈ

Sikh family belongs to Ludhiana Punjab, looking for a US or Canadian Citizen match for their daughter, 35, 5'9" divorcee and has one child living with. She has completed her nursing associate in India, currently not working as she is preparing for RN/IELTS. Please whatsapp us: 262-960-7366. Serious inquiries only.
34-37

Jatt Sikh girl, 28 years, 5'4" Graduated in Bachelor of Science in Medical Technology. Studying to become Medical Doctor in the USA. Looking for well settled American citizen match. Please contact: +1 (510) 240-2236 or e-mail itsjas1990@gmail.com
32-35

Ramgarhia Sikh family looking for a suitable Ramgarhia Sikh Dhiman match for their beautiful daughter (US Citizen), 29 years, 5' 7", MSC - Physics (India), and licensed paraprofessional educator, residing in Chicago area. Please contact us at: manpreets1211@gmail.com
30-33

Jatt Sikh family looking for a suitable match (only from Jatt Sikh family) for their US born and raised beautiful Doctor daughter, age 30, height 5'.5", doing residency. Please contact at caprisingh8@yahoo.com to exchange information and phone numbers. Serious inquiries only.
30-33

Parjapat family Looking for a suitable Match for their daughter, USA citizen age 33, 5'4" Divorced, no kids, Degree in Accounting, well settled in California. Please contact us at 337-513-2504 or e-mail: beantsingh94553@yahoo.com
29-32



UMA TRAVELS

2535 West Devon Ave.,
Chicago, IL 60659

For Delhi-Bombay Ahmedabad, Hydrabad-Madras
Call For Special Sale Fares

Call: 773-338-5603

# ਪੰਜਾਬ ਦੇ ਸਾਰੇ ਕਿਸਾਨਾਂ ਨੂੰ ਮੁਫਤ ਬਿਜਲੀ ਦੀ ਸਹੂਲਤ ਜਾਰੀ ਰਹੇਗੀ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਸਪੱਸ਼ਟ ਕੀਤਾ ਹੈ ਕਿ ਸੂਬੇ ਦੇ ਸਾਰੇ ਕਿਸਾਨਾਂ ਨੂੰ ਖੇਤੀ ਵਾਸਤੇ ਮੁਫ਼ਤ ਬਿਜਲੀ ਦੇਣ ਦੀ ਸਹੂਲਤ ਜਾਰੀ ਰੱਖੀ ਜਾਵੇਗੀ ਤੇ ਇਸ ਮਾਮਲੇ 'ਚ ਵੱਡੇ-ਛੋਟੇ ਕਿਸਾਨਾਂ ਨਾਲ ਕੋਈ ਵਿਤਕਰਾ ਨਹੀਂ ਕੀਤਾ ਜਾਵੇਗਾ। ਯਾਦ ਰਹੇ ਕਿ ਪੰਜਾਬ ਵਿਧਾਨ ਸਭਾ ਦੀ ਲੋਕ ਲੇਖਾ ਕਮੇਟੀ ਨੇ ਪਿਛਲੇ ਦਿਨੀਂ ਵੱਡੇ ਕਿਸਾਨਾਂ ਨੂੰ ਮਿਲਦੀ ਮੁਫ਼ਤ ਬਿਜਲੀ ਦੀ ਸਹੂਲਤ ਬੰਦ ਕਰਨ ਬਾਰੇ ਪਹਿਲਾਂ ਸਿਫਾਰਸ਼ੀ ਪੱਤਰ ਜਾਰੀ ਕੀਤਾ ਸੀ, ਜੋ ਮਗਰੋਂ ਉਨ੍ਹਾਂ ਵਾਪਸ ਲੈ ਲਿਆ ਸੀ।

ਇਸ ਤੋਂ ਬਿਨਾਂ ਕਾਂਗਰਸ ਦੀ ਸਰਕਾਰ ਵੇਲੇ ਵੀ ਫਾਰਮਰ ਕਮਿਸ਼ਨ ਨੇ 2018 ਵਿਚ 10 ਏਕੜ ਤੋਂ ਉੱਪਰ ਵਾਲੇ ਕਿਸਾਨਾਂ ਨੂੰ ਮੁਫ਼ਤ ਬਿਜਲੀ ਦੇਣ ਦੀ ਸਹੂਲਤ ਬੰਦ ਕਰਨ ਦੀ ਸਿਫਾਰਸ਼ ਕੀਤੀ ਸੀ। ਭਗਵੰਤ ਮਾਨ ਨੇ ਵੱਡੇ ਕਿਸਾਨਾਂ ਦੀ ਮੁਫ਼ਤ ਬਿਜਲੀ ਬੰਦ ਹੋਣ ਦੀ ਚੱਲ ਰਹੀ ਚਰਚਾ ਨੂੰ ਖ਼ਤਮ ਕਰਦਿਆਂ ਕਿਹਾ ਕਿ ਖਜ਼ਾਨੇ ਵਿਚ ਫੰਡਾਂ ਦੀ ਕੋਈ ਕਮੀ ਨਹੀਂ ਹੈ, ਜਿਸ ਕਰਕੇ ਕਿਸਾਨਾਂ ਨੂੰ ਮੁਫ਼ਤ ਬਿਜਲੀ ਦੇਣ ਵਿਚ ਕੋਈ ਵਿਤਕਰਾ ਨਹੀਂ ਕੀਤਾ ਜਾਵੇਗਾ। ਇਹ ਖ਼ਬਰ ਵੱਡੇ ਕਿਸਾਨਾਂ ਲਈ ਰਾਹਤ ਭਰੀ ਹੈ।



ਮੁੱਖ ਮੰਤਰੀ ਨੇ ਸਤਲੁਜ ਜਲ ਵਿਧੁਤ ਨਿਗਮ (ਐਸ.ਜੇ.ਵੀ.ਐਨ) ਨਾਲ 1200 ਮੈਗਾਵਾਟ ਸਪਲਾਈ ਲਈ ਬਿਜਲੀ ਖ਼ਰੀਦ ਸਮਝੌਤੇ (ਪੀ.ਪੀ.ਏ.) ਬਾਰੇ ਵੇਰਵੇ ਸਾਂਝੇ ਕੀਤੇ। ਉਨ੍ਹਾਂ ਦੱਸਿਆ ਕਿ ਇਸ ਕੰਪਨੀ ਤੋਂ 2.53 ਰੁਪਏ ਪ੍ਰਤੀ ਯੂਨਿਟ ਦੇ ਹਿਸਾਬ ਨਾਲ ਇਕ ਹਜ਼ਾਰ ਮੈਗਾਵਾਟ ਤੇ ਹੁਸ਼ਿਆਰਪੁਰ (ਪੰਜਾਬ) ਤੋਂ 2.75 ਰੁਪਏ ਪ੍ਰਤੀ ਯੂਨਿਟ ਦੇ ਹਿਸਾਬ ਨਾਲ 200 ਮੈਗਾਵਾਟ ਬਿਜਲੀ ਸਪਲਾਈ ਕਰਨ ਦੀ ਤਜਵੀਜ਼ ਦਿੱਤੀ ਸੀ ਤੇ ਪਹਿਲੀ ਦਫ਼ਾ ਮੁਕਾਬਲੇ ਦੀ ਬੋਲੀ ਲਈ ਸਵਿੱਸ ਚੈਲੇਂਜ ਵਿਧੀ (ਐਸ.ਸੀ.ਐੱਮ.) ਲਾਗੂ ਕੀਤੀ ਗਈ ਸੀ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਕੰਪਨੀ ਨਾਲ ਵਿਚਾਰ-ਵਟਾਂਦਰਾ ਕਰ ਕੇ 431 ਕਰੋੜ ਰੁਪਏ ਦੀ ਬੱਚਤ ਕੀਤੀ ਹੈ ਤੇ ਟਰਾਂਸਮਿਸ਼ਨ ਖ਼ਰਚੇ ਟਾਲਣ ਲਈ ਇਹ ਪ੍ਰੋਜੈਕਟ ਜਲਦੀ ਸ਼ੁਰੂ ਕੀਤੇ ਜਾਣਗੇ।

ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਵੇਲੇ ਪ੍ਰਾਈਵੇਟ ਕੰਪਨੀਆਂ ਨੂੰ ਲਾਹਾ ਦੇਣ ਲਈ ਇਨ੍ਹਾਂ ਸਮਝੌਤਿਆਂ ਜ਼ਰੀਏ ਲੋਕਾਂ ਦੇ ਪੈਸੇ ਦੀ ਅੰਨ੍ਹੇਵਾਹ ਲੁੱਟ ਹੁੰਦੀ ਸੀ। ਉਨ੍ਹਾਂ ਕਿਹਾ ਕਿ 2007 ਤੋਂ 2017 ਤੱਕ ਬਿਜਲੀ ਖ਼ਰੀਦ ਲਈ ਕੋਈ ਵੀ ਸਮਝੌਤਾ ਸੱਤ ਰੁਪਏ ਪ੍ਰਤੀ ਯੂਨਿਟ ਤੋਂ ਘੱਟ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਬਿਜਲੀ ਦੀ ਬੈਂਕਿੰਗ ਲਈ ਨੀਤੀ ਲਾਗੂ ਕਰਕੇ ਪੰਜਾਬ ਨੂੰ ਬਿਜਲੀ ਸਰਪਲੱਸ ਵਾਲਾ ਸੂਬਾ ਬਣਾਇਆ ਜਾਵੇਗਾ।

ਮੁੱਖ ਮੰਤਰੀ ਨੇ ਦਾਅਵਾ ਕੀਤਾ ਕਿ 'ਆਪ' ਸਰਕਾਰ ਨੇ ਕੰਪਨੀਆਂ ਨਾਲ ਕੀਤੇ ਗਏ ਸਮਝੌਤੇ ਜਨਤਕ ਕੀਤੇ ਹਨ, ਜਦਕਿ ਪਹਿਲੀਆਂ ਸਰਕਾਰਾਂ ਪਰਦੇ ਹੇਠ ਸਮਝੌਤੇ ਕਰਦੀਆਂ ਸਨ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਗੋਇੰਦਵਾਲ ਬਿਜਲੀ ਪਲਾਂਟ ਦੀ ਖ਼ਰੀਦ ਕਰਨ ਲਈ ਵੀ ਅੱਗੇ ਵਧ ਰਹੀ ਹੈ ਤੇ ਸੂਬੇ ਦੇ ਹੋਰ ਪ੍ਰਾਈਵੇਟ ਥਰਮਲ ਪਲਾਂਟਾਂ ਨਾਲ ਸਮਝੌਤਿਆਂ 'ਚ ਲੋੜੀਂਦੀਆਂ ਸੋਧਾਂ ਲਈ ਯਤਨ ਜਾਰੀ ਹਨ। ਇਸ ਵੇਲੇ ਮੁੱਖ ਮੰਤਰੀ ਨਾਲ ਉਨ੍ਹਾਂ ਦੇ ਵਿਸ਼ੇਸ਼ ਪ੍ਰਮੁੱਖ ਸਕੱਤਰ ਰਵੀ ਭਗਤ ਤੇ ਕੁਮਾਰ ਅਮਿਤ ਵੀ ਹਾਜ਼ਰ ਸਨ।

## ਨਹਿਰੀ ਪਾਣੀ ਦੀ ਵਰਤੋਂ 70 ਫੀਸਦ 'ਤੇ ਲਿਜਾਣ ਦਾ ਵਾਅਦਾ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਸਰਕਾਰ ਵੱਲੋਂ ਨਵੇਂ ਟਿਊਬਵੈੱਲ ਕੁਨੈਕਸ਼ਨ ਜਾਰੀ ਨਾ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਜ਼ਮੀਨੀ ਪਾਣੀ ਦਾ ਪੱਧਰ ਹੋਰ ਡਿੱਗਣ ਤੋਂ ਬਚਾਉਣ ਲਈ ਨਹਿਰੀ ਪਾਣੀ ਦੀ ਵਰਤੋਂ ਹੀ ਢੁਕਵਾਂ ਹੱਲ ਹੈ। ਇਸ ਵੇਲੇ ਸੂਬੇ ਵਿਚ 44 ਫੀਸਦ ਨਹਿਰੀ ਪਾਣੀ ਲੱਗ ਰਿਹਾ ਹੈ ਤੇ ਉਨ੍ਹਾਂ ਦਾ ਟੀਚਾ ਇਸ ਨੂੰ 70 ਫੀਸਦ 'ਤੇ ਲਿਜਾਣ ਦਾ ਹੈ।

# 'ਆਪ' ਵਿਧਾਇਕ 'ਤੇ ਥਾਣੇਦਾਰ ਦੀ ਕੁੱਟਮਾਰ ਦਾ ਦੋਸ਼

**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੇ ਦੋਸ਼ ਲਾਇਆ ਕਿ ਆਮ ਆਦਮੀ ਪਾਰਟੀ ਦੇ ਗੁਰਦਾਸਪੁਰ ਜ਼ਿਲ੍ਹੇ ਨਾਲ ਸਬੰਧਤ ਇਕ ਵਿਧਾਇਕ ਵੱਲੋਂ ਇਕ ਪੁਲਿਸ ਸਬ-ਇੰਸਪੈਕਟਰ ਦੀ ਆਪਣੇ ਦਫਤਰ ਸੱਦ ਕੇ ਸਮਰਥਕਾਂ ਕੋਲੋਂ ਕਥਿਤ ਕੁੱਟਮਾਰ ਕਰਵਾਈ ਗਈ ਹੈ। ਉਨ੍ਹਾਂ ਇਸ ਮਾਮਲੇ ਵਿਚ ਵਿਧਾਇਕ ਖਿਲਾਫ ਐਫ.ਆਈ.ਆਰ. ਦਰਜ ਕਰ ਕੇ ਉਸ ਨੂੰ ਗ੍ਰਿਫਤਾਰ ਕਰਨ ਦੀ ਮੰਗ ਕੀਤੀ ਹੈ।

ਮਜੀਠੀਆ ਨੇ ਪ੍ਰੈਸ ਕਾਨਫਰੰਸ ਦੌਰਾਨ ਦੋਸ਼ ਲਾਇਆ ਕਿ ਇਸ ਸਾਰੇ ਮਾਮਲੇ ਵਿਚ 'ਆਪ' ਦੇ ਦੋ ਅਹੁਦੇਦਾਰਾਂ ਖਿਲਾਫ ਐਫ.ਆਈ.ਆਰ. ਦਰਜ ਕਰ ਕੇ ਮਾਮਲੇ ਨੂੰ ਕਮਜ਼ੋਰ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਸਬ-ਇੰਸਪੈਕਟਰ ਨੇ ਆਪਣੀ ਸ਼ਿਕਾਇਤ ਵਿਚ ਦੱਸਿਆ ਹੈ ਕਿ ਥਾਣੇ ਦੇ ਐਸ.ਐਚ.ਓ. ਨੇ ਉਸ ਨੂੰ ਕਿਹਾ ਸੀ ਕਿ ਉਸ ਨੂੰ ਵਿਧਾਇਕ ਨੇ ਸੱਦਿਆ ਹੈ। ਜਦੋਂ ਐੱਸ.ਆਈ. ਵਿਧਾਇਕ ਦੇ ਦਫਤਰ ਪੁੱਜਾ ਤਾਂ ਵਿਧਾਇਕ ਦੀ ਮੌਜੂਦਗੀ ਵਿਚ ਉਸ ਦੇ ਬਹੁਤ ਹੀ ਕਰੀਬੀ ਤੇ ਦਸ ਸਾਲ ਕੈਦ ਦੀ ਸਜ਼ਾ ਕੱਟਣ ਵਾਲੇ ਵਿਅਕਤੀ ਨੇ ਉਸ ਦੀ ਕੁੱਟਮਾਰ ਕੀਤੀ ਤੇ ਉਸ ਦੀ ਦਸਤਾਰ ਦਾ ਅਪਮਾਨ ਕੀਤਾ।

ਉਨ੍ਹਾਂ ਮਾਮਲੇ ਦੀ ਜਾਂਚ ਕਿਸੇ ਜੱਜ ਕੋਲੋਂ ਕਰਵਾਉਣ ਦੀ ਮੰਗ ਕੀਤੀ। ਅਕਾਲੀ ਆਗੂ ਨੇ ਦੋਸ਼ ਲਾਇਆ ਕਿ ਹੁਣ ਐਸ.ਆਈ. ਉੱਤੇ ਸਮਝੌਤੇ ਲਈ ਦਬਾਅ ਪਾਇਆ ਜਾ ਰਿਹਾ ਹੈ। ਉਨ੍ਹਾਂ ਮੰਗ ਕੀਤੀ ਕਿ ਐਸ.ਆਈ. ਦਾ ਬਿਆਨ ਧਾਰਾ 164 ਤਹਿਤ ਮੈਜਿਸਟਰੇਟ ਸਾਹਮਣੇ ਦਰਜ ਕੀਤਾ ਜਾਵੇ।

# ਕਾਂਗਰਸ ਵਿਧਾਇਕ ਸੰਦੀਪ ਜਾਖੜ ਪਾਰਟੀ 'ਚੋਂ ਮੁਅੱਤਲ

**ਚੰਡੀਗੜ੍ਹ:** ਕਾਂਗਰਸ ਨੇ ਅਬੋਹਰ ਤੋਂ ਪਾਰਟੀ ਦੇ ਵਿਧਾਇਕ ਅਤੇ ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਦੇ ਭਤੀਜੇ ਸੰਦੀਪ ਜਾਖੜ ਨੂੰ ਪਾਰਟੀ ਵਿਰੋਧੀ ਗਤੀਵਿਧੀਆਂ ਦਾ ਹਵਾਲਾ ਦੇ ਕੇ ਪਾਰਟੀ 'ਚੋਂ ਮੁਅੱਤਲ ਕਰ ਦਿੱਤਾ ਹੈ। ਇਹ ਹੁਕਮ ਕਾਂਗਰਸ ਦੇ ਕੌਮੀ ਜਨਰਲ ਸਕੱਤਰ ਤੇ ਅਨੁਸ਼ਾਸਨੀ ਕਾਰਵਾਈ ਕਮੇਟੀ (ਡੀ.ਏ.ਸੀ.) ਦੇ ਮੈਂਬਰ ਸਕੱਤਰ ਤਾਰਿਕ ਅਨਵਰ ਨੇ ਜਾਰੀ ਕੀਤੇ ਹਨ। ਅਨਵਰ ਨੇ ਸੰਦੀਪ ਜਾਖੜ ਦੇ ਨਾਂ ਪੱਤਰ ਜਾਰੀ ਕਰਦਿਆਂ ਕਿਹਾ ਕਿ 'ਤੁਸੀਂ ਭਾਰਤ ਜੋੜੋ ਯਾਤਰਾ ਸਣੇ ਪਾਰਟੀ ਦੇ ਹੋਰਨਾਂ ਸਮਾਗਮਾਂ ਵਿਚ ਸ਼ਾਮਲ ਨਹੀਂ ਹੋ ਰਹੇ ਹੋ। ਇਸ ਤਰ੍ਹਾਂ ਪਾਰਟੀ ਦਾ ਅਨੁਸ਼ਾਸਨ ਭੰਗ ਹੋ ਰਿਹਾ ਹੈ।' ਉਨ੍ਹਾਂ ਕਿਹਾ ਕਿ ਸੰਦੀਪ ਜਾਖੜ ਜਿਸ ਘਰ ਵਿਚ ਰਹਿੰਦੇ ਹਨ, ਉਹ ਇਕ ਸਾਂਝੀ ਰਿਹਾਇਸ਼ ਹੈ,





ਜਿਸ 'ਤੇ ਭਾਜਪਾ ਦਾ ਝੰਡਾ ਝੂਲ ਰਿਹਾ ਹੈ। ਇਸ ਨਾਲ ਹੀ ਪਾਰਟੀ ਦੇ ਕੌਮੀ ਜਨਰਲ ਸਕੱਤਰ ਨੇ ਜਾਖੜ 'ਤੇ ਪਾਰਟੀ ਵਿਰੁੱਧ ਖੁੱਲ੍ਹੀ ਬਗ਼ਾਵਤ ਕਰਨ ਦੇ ਦੋਸ਼ ਲਗਾਏ ਹਨ। ਉਨ੍ਹਾਂ ਕਿਹਾ ਕਿ ਸੰਦੀਪ ਜਾਖੜ ਪਾਰਟੀ ਤੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਖਿਲਾਫ ਬੋਲ ਰਹੇ ਹਨ। ਇਸ ਦੇ ਨਾਲ ਹੀ ਉਹ ਆਪਣੇ ਚਾਚਾ ਤੇ ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਦਾ ਬਚਾਅ ਕਰਨ ਵਿਚ ਲੱਗੇ ਪਏ ਹਨ। ਡੀ.ਏ.ਸੀ. ਦੇ ਮੈਂਬਰ ਸਕੱਤਰ ਨੇ ਕਿਹਾ ਕਿ ਇਨ੍ਹਾਂ ਮਸਲਿਆਂ ਨੂੰ ਧਿਆਨ ਨਾਲ ਵਿਚਾਰਨ ਤੋਂ ਬਾਅਦ ਪਾਰਟੀ ਦੀ ਅਨੁਸ਼ਾਸਨੀ ਕਾਰਵਾਈ ਕਮੇਟੀ ਵੱਲੋਂ ਉਨ੍ਹਾਂ ਨੂੰ ਪਾਰਟੀ ਤੋਂ ਮੁਅੱਤਲ ਕਰਨ ਦਾ ਫੈਸਲਾ ਕੀਤਾ ਗਿਆ ਹੈ। ਗੌਰਤਲਬ ਹੈ ਕਿ ਅਬੋਹਰ ਤੋਂ ਵਿਧਾਇਕ ਸੰਦੀਪ ਜਾਖੜ ਤੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵਿਚਕਾਰ ਪਿਛਲੇ ਇਕ ਸਾਲ ਤੋਂ ਸ਼ਬਦੀ ਜੰਗ ਚੱਲ ਰਹੀ ਸੀ। ਇਸ ਦੌਰਾਨ ਪੰਜਾਬ ਕਾਂਗਰਸ ਦੇ ਪ੍ਰਧਾਨ ਰਾਜਾ ਵੜਿੰਗ ਨੇ ਪਾਰਟੀ ਹਾਈ ਕਮਾਂਡ ਕੋਲ ਸੰਦੀਪ ਜਾਖੜ ਵਿਰੁੱਧ ਸ਼ਿਕਾਇਤ ਵੀ ਕੀਤੀ ਸੀ।

# ਪਿੱਟਬੁੱਲ ਨੇ ਨੌਂ ਸਾਲਾ ਬੱਚੇ ਨੂੰ ਵੱਢਿਆ

**ਰੂਪਨਗਰ:** ਪੁਲਿਸ ਚੌਕੀ ਪੁਰਖਾਲੀ ਅਧੀਨ ਪੈਂਦੇ ਪਿੰਡ ਹਰੀਪੁਰ ਵਿਚ ਇਕ ਨੌਂ ਸਾਲਾ ਬੱਚੇ 'ਤੇ ਪਿੱਟਬੁੱਲ ਨੇ ਹਮਲਾ ਕਰ ਦਿੱਤਾ ਜਿਸ ਵਿਚ ਉਹ ਗੰਭੀਰ ਜ਼ਖ਼ਮੀ ਹੋ ਗਿਆ ਹੈ। ਪੁਲਿਸ ਨੇ ਇਸ ਸਬੰਧੀ ਪਿੱਟਬੁੱਲ ਕੁੱਤੀ ਦੀ ਮਾਲਕਣ ਖਿਲਾਫ ਕੇਸ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

ਪੁਲਿਸ ਚੌਕੀ ਪੁਰਖਾਲੀ ਦੇ ਇੰਚਾਰਜ ਹਰਮੇਸ਼ ਕੁਮਾਰ ਨੇ ਦੱਸਿਆ ਕਿ ਪੀੜਤ ਬੱਚੇ ਦੀ ਮਾਂ ਸੁਖਜੀਤ ਕੌਰ ਵਾਸੀ ਹਰੀਪੁਰ ਨੇ ਦੱਸਿਆ ਕਿ ਇਹ ਘਟਨਾ 17 ਅਗਸਤ ਦੀ ਹੈ। ਉਸ ਦਾ ਪੁੱਤਰ ਹਰਸ਼ਦੀਪ ਸਿੰਘ (9) ਆਪਣੇ ਘਰ ਵਿਚ ਖੇਡ ਰਿਹਾ ਸੀ। ਇਸ ਦੌਰਾਨ ਉਸ ਦੀ



ਗੁਆਂਢਣ ਕਮਲਜੀਤ ਕੌਰ ਦੀ ਪਿੱਟਬੁੱਲ ਨਸਲ ਦੀ ਕੁੱਤੀ ਉਨ੍ਹਾਂ ਦੇ ਘਰ ਅੰਦਰ ਦਾਖਲ ਹੋ ਗਈ ਅਤੇ ਹਰਸਦੀਪ ਸਿੰਘ 'ਤੇ ਹਮਲਾ ਕਰ ਦਿੱਤਾ। ਇਸ ਦੌਰਾਨ ਰੌਲਾ ਸੁਣ ਕੇ ਉਸ ਦੇ ਗੁਆਂਢੀ ਸਰੂਪ ਸਿੰਘ ਨੇ ਚਾਕੂ ਤੇ ਦਾਤੀ ਦੀ ਮਦਦ ਨਾਲ ਲੜਕੇ ਦੇ ਵਾਲ ਕੱਟ ਕੇ ਕੁੱਤੀ ਦਾ ਜਬਾੜਾ ਖੋਲ੍ਹਣ ਦੀ ਕੋਸ਼ਿਸ਼ ਕੀਤੀ, ਪਰ ਉਸ ਨੇ ਸਿਰ ਦੇ ਵਾਲ ਛੱਡ ਕੇ ਸਿਰ ਨੂੰ ਫੜ ਲਿਆ। ਇਸ ਦੌਰਾਨ ਰੌਲਾ ਸੁਣ ਕੇ ਹੋਰ ਪਿੰਡ ਵਾਸੀ ਵੀ ਲੜਕੇ ਨੂੰ ਛੁਡਾਉਣ ਦੀ ਕੋਸ਼ਿਸ਼ ਕਰਨ ਲੱਗੇ। ਪਿੱਟਬੁੱਲ ਨੇ ਆਪਣਾ ਮੂੰਹ ਜਕੜੀ ਰੱਖਿਆ। ਲੋਕਾਂ ਨੇ ਕੁੱਤੀ ਨੂੰ ਕੁਹਾੜੀ ਨਾਲ ਮਾਰ ਕੇ ਲੜਕੇ ਦੀ ਜਾਨ ਬਚਾਈ। ਚੌਕੀ ਇੰਚਾਰਜ ਨੇ ਦੱਸਿਆ ਕਿ ਪੁਲਿਸ ਨੇ ਪਿੱਟਬੁੱਲ ਦੀ ਮਾਲਕਣ ਖਿਲਾਫ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਹੈ।

# ਵਿਧਾਇਕ ਪਠਾਣਮਾਜਰਾ ਪੰਜਾਬੀ ਯੂਨੀਵਰਸਿਟੀ ਦੇ ਸੈਨੇਟ ਮੈਂਬਰ ਬਣੇ

**ਪਟਿਆਲਾ:** ਵਿਧਾਨ ਸਭਾ ਹਲਕਾ ਸਨੌਰ ਤੋਂ 'ਆਪ' ਦੇ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਦਾ ਸੈਨੇਟ ਮੈਂਬਰ ਬਣਾਇਆ ਗਿਆ ਹੈ। ਇਹ ਨਿਯੁਕਤੀ ਚਾਂਸਲਰ ਹੋਣ ਦੇ ਨਾਤੇ ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪਰੋਹਿਤ ਵੱਲੋਂ ਕੀਤੀ ਗਈ ਹੈ।

ਦੱਸਣਾ ਬਣਦਾ ਹੈ ਕਿ ਅਜਿਹੀਆਂ ਨਿਯੁਕਤੀਆਂ ਸਬੰਧੀ ਸਿਫਾਰਸ਼ ਮੁੱਖ ਮੰਤਰੀ ਦਫਤਰ ਵੱਲੋਂ ਕੀਤੀ ਜਾਂਦੀ ਹੈ। ਹਰਮੀਤ ਪਠਾਣਮਾਜਰਾ ਮੁੱਖ ਮੰਤਰੀ ਭਗਵੰਤ ਮਾਨ ਦੇ ਨੇੜਲੇ ਵੀ ਹਨ। ਇਸ ਨਿਯੁਕਤੀ ਸਬੰਧੀ ਅਧਿਕਾਰਤ ਤੌਰ 'ਤੇ ਜਾਣਕਾਰੀ ਪੰਜਾਬੀ ਯੂਨੀਵਰਸਿਟੀ ਦੇ ਰਜਿਸਟਰਾਰ ਡਾ. ਨਵਜੋਤ ਕੌਰ ਨੇ ਪੱਤਰ ਲਿਖ ਕੇ ਦਿੱਤੀ ਹੈ। ਇਹ ਨਿਯੁਕਤੀ ਦੋ ਸਾਲਾਂ ਲਈ ਕੀਤੀ ਗਈ ਹੈ। ਹਰਮੀਤ ਪਠਾਣਮਾਜਰਾ ਆਪਣੇ ਪਿੰਡ ਪਠਾਣਮਾਜਰਾ ਦੇ ਸਰਪੰਚ ਤੇ ਪੰਚਾਇਤ ਸਮਿਤੀ ਸਨੌਰ ਦੇ ਚੇਅਰਮੈਨ ਰਹਿਣ ਸਮੇਤ ਯੂਥ ਅਕਾਲੀ ਦਲ ਦੇ ਜ਼ਿਲ੍ਹਾ ਪਟਿਆਲਾ ਦੇ ਪ੍ਰਧਾਨ ਵੀ ਰਹੇ ਹਨ।

# ਪੰਜਾਬ ਸਰਕਾਰ ਤੇ ਕਿਸਾਨ ਜਥੇਬੰਦੀਆਂ ਵਿਚਾਲੇ ਕਈ ਮੁੱਦਿਆਂ 'ਤੇ ਸਹਿਮਤੀ ਬਣੀ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਸਾਨ ਜਥੇਬੰਦੀਆਂ ਦੇ ਵਫ਼ਦ ਨਾਲ ਮੀਟਿੰਗ ਦੌਰਾਨ ਕਈ ਕਿਸਾਨੀ ਮੰਗਾਂ ਮੰਨਣ 'ਤੇ ਸਹਿਮਤੀ ਪ੍ਰਗਟਾਈ। ਮੀਟਿੰਗ ਵਿਚ ਸੂਬੇ ਦੇ ਮੁੱਖ ਸਕੱਤਰ ਅਨੁਰਾਗ ਵਰਮਾ, ਡੀ.ਜੀ.ਪੀ. ਗੌਰਵ ਯਾਦਵ, ਡੀ.ਜੀ.ਪੀ. (ਇੰਟੈਲੀਜੈਂਸ) ਵਰਿੰਦਰ ਕੁਮਾਰ ਅਤੇ ਹੋਰ ਪੁਲਿਸ ਅਤੇ ਸਿਵਲ ਅਧਿਕਾਰੀ ਸ਼ਾਮਲ ਸਨ।

ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਅਤੇ ਭਾਰਤੀ ਕਿਸਾਨ ਯੂਨੀਅਨ ਏਕਤਾ (ਆਜ਼ਾਦ) ਦੇ 11 ਮੈਂਬਰੀ ਵਫ਼ਦ ਨਾਲ ਲਗਭਗ ਢਾਈ ਘੰਟੇ ਚੱਲੀ ਮੀਟਿੰਗ ਵਿਚ ਕਈ ਅਹਿਮ ਫੈਸਲੇ ਲਏ ਗਏ। ਕਿਸਾਨ ਆਗੂਆਂ ਨੇ ਦੱਸਿਆ ਕਿ ਇਹ ਮੀਟਿੰਗ ਸੁਖਾਵੇਂ ਮਾਹੌਲ ਵਿਚ ਹੋਈ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਨੇ ਦਿੱਲੀ ਕਿਸਾਨ ਅੰਦੋਲਨ ਦੇ ਸ਼ਹੀਦਾਂ ਦੇ ਵਾਰਸਾਂ ਨੂੰ 31 ਅਗਸਤ ਤੱਕ ਨੌਕਰੀਆਂ ਦੇਣ ਦਾ ਭਰੋਸਾ ਦਿੱਤਾ। ਮੁੱਖ ਮੰਤਰੀ ਨੇ ਵਾਅਦਾ ਕੀਤਾ ਕਿ ਦਿੱਲੀ ਅੰਦੋਲਨ ਦੇ ਪੀੜਤਾਂ ਨੂੰ ਬਕਾਇਆ ਮੁਆਵਜ਼ਾ ਤੇ ਤਿਲੰਗਾਨਾ ਸਰਕਾਰ ਵੱਲੋਂ ਐਲਾਨਿਆ ਗਿਆ ਮੁਆਵਜ਼ਾ ਕਿਸਾਨ ਆਗੂਆਂ ਵੱਲੋਂ ਸੂਚੀ ਸੌਂਪਣ ਦੇ ਤੁਰਤ ਬਾਅਦ ਜਾਰੀ ਕਰ ਦਿੱਤਾ ਜਾਵੇਗਾ।

ਕਿਸਾਨ ਆਗੂਆਂ ਨੇ ਦੱਸਿਆ ਕਿ ਵਫ਼ਦ ਨੇ ਹੜ੍ਹ ਪੀੜਤਾਂ ਲਈ 50,000 ਰੁਪਏ ਪ੍ਰਤੀ ਏਕੜ ਮੁਆਵਜ਼ੇ ਦੀ ਮੰਗ ਰੱਖੀ, ਜਿਸ 'ਤੇ ਮੁੱਖ ਮੰਤਰੀ ਨੇ ਕਿਹਾ ਕਿ ਜੇਕਰ ਕੇਂਦਰ ਸਰਕਾਰ ਸ਼ਰਤਾਂ ਵਿਚ ਛੋਟ ਦਿੰਦੀ ਹੈ ਤਾਂ ਸੂਬਾ ਸਰਕਾਰ ਮੁਆਵਜ਼ਾ ਰਾਸ਼ੀ 15,000 ਤੋਂ ਵਧਾ ਕੇ 20,000 ਰੁਪਏ ਪ੍ਰਤੀ ਏਕੜ ਕਰ ਸਕਦੀ ਹੈ। ਇਸ ਤੋਂ ਇਲਾਵਾ ਹੜ੍ਹ ਕਾਰਨ ਜਿਨ੍ਹਾਂ ਖੇਤਾਂ ਵਿੱਚ ਰੇਤ ਅਤੇ ਪੱਥਰ ਭਰ ਗਏ ਹਨ, ਉਨ੍ਹਾਂ ਜ਼ਮੀਨਾਂ ਵਿਚੋਂ ਕਿਸਾਨਾਂ ਨੂੰ ਰੇਤਾ ਚੁੱਕਣ ਦੀ ਖੁੱਲ੍ਹ ਦੇ ਦਿੱਤੀ ਹੈ।



ਸਰਕਾਰ ਨੇ ਭਰੋਸਾ ਦਿੱਤਾ ਕਿ ਬਾਸਮਤੀ ਦੀ ਖ਼ਰੀਦ ਸਮੇਂ ਮੰਡੀਆਂ ਵਿਚ ਭਾਅ ਨਹੀਂ ਡਿੱਗਣ ਦਿੱਤਾ ਜਾਵੇਗਾ ਅਤੇ ਸੂਬਾ ਸਰਕਾਰ ਬਾਸਮਤੀ ਦੀ ਸਰਕਾਰੀ ਖ਼ਰੀਦ ਯਕੀਨੀ ਬਣਾਉਣ ਲਈ ਵਚਨਬੱਧ ਹੈ।

ਵਫ਼ਦ ਨੇ ਦੁਕਾਨਦਾਰਾਂ ਅਤੇ ਵਪਾਰੀਆਂ ਵੱਲੋਂ ਯੂਰੀਆ ਅਤੇ ਹੋਰ ਖਾਦਾਂ ਨਾਲ ਬੇਲੋੜੀਆਂ ਵਸਤਾਂ ਮੜ੍ਹਨ ਦਾ ਮੁੱਦਾ ਵੀ ਉਭਾਰਿਆ, ਜਿਸ 'ਤੇ ਸਰਕਾਰ ਤਰਫੋਂ ਮਾਮਲਿਆਂ ਦੀ ਸ਼ਿਕਾਇਤ ਲਈ ਵ੍ਹਟਸ ਐਪ ਨੰਬਰ ਜਾਰੀ ਕਰਨ ਦਾ ਭਰੋਸਾ ਦਿੱਤਾ ਗਿਆ, ਜਿਸ 'ਤੇ ਸ਼ਿਕਾਇਤ ਦਰਜ ਹੋਣ ਮਗਰੋਂ ਤੁਰਤ ਕਾਰਵਾਈ ਯਕੀਨੀ ਹੋਵੇਗੀ। ਇਸ ਤੋਂ ਇਲਾਵਾ ਮੁੱਖ ਮੰਤਰੀ ਨੇ ਕਿਸਾਨ ਜਥੇਬੰਦੀਆਂ ਨੂੰ ਭਰੋਸਾ ਦਿੱਤਾ ਕਿ ਜ਼ੀਰਾ ਸ਼ਰਾਬ ਫੈਕਟਰੀ ਸਦਾ ਬੰਦ ਰਹੇਗੀ ਅਤੇ ਇਸ ਸਬੰਧੀ ਕਿਸਾਨਾਂ ਖਿਲਾਫ ਦਰਜ ਸਾਰੇ ਕੇਸ ਤੁਰਤ ਰੱਦ ਕੀਤੇ ਜਾਣਗੇ। ਮੁੱਖ ਮੰਤਰੀ ਨੇ ਕਿਹਾ ਕਿ ਝੋਨੇ ਦੀ ਪਰਾਲੀ ਦੀ ਸਾਂਭ-ਸੰਭਾਲ ਲਈ ਸਰਕਾਰ ਸੁਹਿਰਦਤਾ ਨਾਲ ਕੰਮ ਕਰ ਰਹੀ ਹੈ।

# ਪੰਜਾਬ ਭਾਜਪਾ ਵਿਚ 'ਠੰਢੀ ਜੰਗ' ਸ਼ਾਂਤ ਕਰਨ ਲਈ ਕੋਸ਼ਿਸ਼ਾਂ ਤੇਜ਼

**ਚੰਡੀਗੜ੍ਹ:** ਭਾਰਤੀ ਜਨਤਾ ਪਾਰਟੀ ਦੇ ਪੰਜਾਬ ਪੱਧਰੀ ਅਹੁਦੇਦਾਰਾਂ ਦੀਆਂ ਨਿਯੁਕਤੀਆਂ ਦੇ ਮਾਮਲੇ ਉਤੇ ਪਾਰਟੀ ਵਿਚਲੇ ਟਕਸਾਲੀਆਂ ਦੇ ਵੱਡੇ ਧੜੇ ਅਤੇ ਅਕਾਲੀ ਦਲ ਤੇ ਕਾਂਗਰਸ ਪਿਛੋਕੜ ਵਾਲੇ ਸਿਆਸੀ ਆਗੂਆਂ ਦਰਮਿਆਨ ਖਿੱਚੋਤਾਣ ਦਾ ਮਾਹੌਲ ਹੈ।

ਪਾਰਟੀ ਸੂਤਰਾਂ ਅਨੁਸਾਰ ਨਵ-ਨਿਯੁਕਤ ਸੂਬਾ ਪ੍ਰਧਾਨ ਸੁਨੀਲ ਜਾਖੜ ਵੱਲੋਂ ਹਾਈ ਕਮਾਨ ਨਾਲ ਸਲਾਹ ਮਸ਼ਵਰੇ ਤੋਂ ਬਾਅਦ ਸੂਬਾ ਪੱਧਰੀ ਅਹੁਦੇਦਾਰਾਂ ਦੀਆਂ ਨਿਯੁਕਤੀਆਂ ਲਈ ਸੂਚੀਆਂ ਨਵੀਂ ਦਿੱਲੀ ਭੇਜ ਦਿੱਤੀਆਂ ਗਈਆਂ ਹਨ। ਪਾਰਟੀ ਦੇ ਕੌਮੀ ਆਗੂਆਂ ਵੱਲੋਂ ਟਕਸਾਲੀਆਂ ਅਤੇ ਦਲ ਬਦਲਣ ਵਾਲਿਆਂ 'ਚ ਸੰਤੁਲਨ ਬਣਾਏ ਜਾਣ ਦੇ ਯਤਨ ਕੀਤੇ ਜਾ ਰਹੇ ਹਨ ਤਾਂ ਜੋ ਪਾਰਟੀ ਅੰਦਰ ਚੱਲ ਰਹੀ 'ਠੰਢੀ' ਜੰਗ ਨੂੰ ਸ਼ਾਂਤ ਕੀਤਾ ਜਾ ਸਕੇ। ਪਾਰਟੀ ਆਗੂਆਂ ਅਨੁਸਾਰ ਨਵੇਂ ਜਥੇਬੰਦਕ ਢਾਂਚੇ ਦੇ ਗਠਨ ਦਾ ਐਲਾਨ ਕੁਝ ਦਿਨਾਂ ਤੱਕ ਕੀਤੇ ਜਾਣ ਦੇ ਆਸਾਰ ਹਨ। ਸੂਤਰਾਂ ਅਨੁਸਾਰ ਅਕਾਲੀ ਪਿਛੋਕੜ ਵਾਲੇ ਇਕ ਆਗੂ ਨੂੰ ਪਾਰਟੀ ਦਾ ਸੂਬਾ ਜਨਰਲ ਸਕੱਤਰ ਨਿਯੁਕਤ ਕਰਨ ਨੂੰ ਲੈ ਕੇ ਪੇਚ ਫਸਿਆ ਹੋਇਆ ਹੈ। ਸ੍ਰੀ ਜਾਖੜ ਵੱਲੋਂ ਇਸ ਆਗੂ ਦੀ ਨਿਯੁਕਤੀ ਲਈ ਪੈਰਵੀ ਕੀਤੀ ਜਾ ਰਹੀ ਹੈ ਜਦੋਂ ਕਿ ਟਕਸਾਲੀ ਆਗੂਆਂ ਵੱਲੋਂ ਇਸ ਆਗੂ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾ ਬੇਹੱਦ ਕਰੀਬੀ ਰਿਹਾ ਹੋਣ ਦਾ ਦੋਸ਼ ਲਾ ਕੇ ਨਿਯੁਕਤੀ ਦਾ ਵਿਰੋਧ ਕੀਤਾ ਜਾ ਰਿਹਾ ਹੈ। ਮਹੱਤਵਪੂਰਨ ਤੱਥ ਇਹ ਵੀ ਹੈ ਕਿ ਸਾਬਕਾ ਪ੍ਰਧਾਨ ਅਸ਼ਵਨੀ ਸ਼ਰਮਾ ਵੱਲੋਂ ਜਥੇਬੰਦਕ ਢਾਂਚੇ ਵਿਚ ਦਲ ਬਦਲਣ ਵਾਲਿਆਂ ਨੂੰ ਥਾਂ ਤਾਂ ਦਿੱਤੀ ਗਈ ਸੀ ਪਰ ਅਕਾਲੀ ਤੇ ਕਾਂਗਰਸੀ ਪਿਛੋਕੜ ਵਾਲਿਆਂ ਦੀ ਪਾਰਟੀ ਦਫ਼ਤਰ ਅਤੇ ਮੀਟਿੰਗ ਵਿਚ ਕੋਈ ਸੱਦ-ਪੁੱਛ ਨਹੀਂ ਸੀ। ਇਸ ਕਰਕੇ ਦਲ ਬਦਲੂ ਆਗੂ ਭਾਜਪਾ ਵਿੱਚ ਆਉਣ ਤੋਂ ਬਾਅਦ ਵੀ ਘੁਟਣ ਮਹਿਸੂਸ ਕਰ ਰਹੇ ਸਨ।



ਕਾਂਗਰਸ ਪਿਛੋਕੜ ਵਾਲੇ ਸੁਨੀਲ ਜਾਖੜ ਦੇ ਭਾਜਪਾ ਦਾ ਸੂਬਾ ਪ੍ਰਧਾਨ ਬਣਨ ਤੋਂ ਬਾਅਦ ਨਵੇਂ ਭਾਜਪਾਈਆਂ ਦੀ ਪਾਰਟੀ ਅੰਦਰ ਵੁੱਕਤ ਵਧਣ ਲੱਗੀ ਸੀ। ਪਾਰਟੀ ਦੇ ਇਕ ਸੀਨੀਅਰ ਆਗੂ ਨੇ ਦੱਸਿਆ ਕਿ ਸ੍ਰੀ ਜਾਖੜ ਵੱਲੋਂ ਸੰਸਦੀ ਚੋਣਾਂ ਤੱਕ ਪਾਰਟੀ ਦਾ ਜਥੇਬੰਦਕ ਢਾਂਚਾ ਪੂਰੀ ਤਰ੍ਹਾਂ ਮਜ਼ਬੂਤ ਕਰਨ ਲਈ ਹਾਈ ਕਮਾਨ ਤੋਂ ਵੱਖ-ਵੱਖ ਵਿੰਗਾਂ ਖਾਸਕਰ ਯੂਥ ਵਿੰਗ, ਅਨੁਸੂਚਿਤ ਜਾਤੀ ਵਿੰਗ, ਮਹਿਲਾ ਵਿੰਗ ਆਦਿ ਦੇ ਨਵੇਂ ਪ੍ਰਧਾਨ ਨਿਯੁਕਤ ਕਰਨ 'ਤੇ ਵੀ ਜ਼ੋਰ ਦਿੱਤਾ ਜਾ ਰਿਹਾ ਹੈ। ਸੰਸਦੀ ਚੋਣਾਂ ਵਿੱਚ ਮਹਿਜ਼ ਅੱਠ ਕੁ ਮਹੀਨਿਆਂ ਦਾ ਸਮਾਂ ਬਾਕੀ ਹੈ ਤੇ ਸ੍ਰੀ ਜਾਖੜ ਲਈ ਚੁਣੌਤੀਆਂ ਵਧੇਰੇ ਹਨ। ਪਾਰਟੀ ਅੰਦਰ ਜੋ ਸਥਿਤੀ ਬਣੀ ਹੋਈ ਹੈ, ਉਸ ਮੁਤਾਬਕ ਸ੍ਰੀ ਜਾਖੜ ਦੀ ਨਿਯੁਕਤੀ ਤੋਂ ਬਾਅਦ ਭਗਵਾ ਪਾਰਟੀ ਵਿੱਚ ਕਤਾਰਬੰਦੀ ਸਪੱਸ਼ਟ ਤੌਰ 'ਤੇ ਦਿਖਾਈ ਦੇਣ ਲੱਗੀ ਹੈ।

ਸੂਬਾ ਪ੍ਰਧਾਨ ਸੁਨੀਲ ਜਾਖੜ ਦੇ ਇਰਦ-ਗਿਰਦ ਸਾਬਕਾ ਕਾਂਗਰਸੀ ਆਗੂ, ਜੋ ਕਿ ਹੁਣ ਭਾਰਤੀ ਜਨਤਾ ਪਾਰਟੀ ਦਾ ਹਿੱਸਾ ਹਨ, ਹੀ ਦੇਖੇ ਗਏ ਹਨ। ਇਨ੍ਹਾਂ ਵਿਚ ਖਾਸ ਤੌਰ 'ਤੇ ਕੇਵਲ ਸਿੰਘ ਢਿੱਲੋਂ, ਬਲਬੀਰ ਸਿੰਘ ਸਿੱਧੂ, ਗੁਰਪ੍ਰੀਤ ਸਿੰਘ ਕਾਂਗੜ, ਡਾ. ਰਾਜ ਕੁਮਾਰ ਵੇਰਕਾ, ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪੁੱਤਰੀ ਜੈਇੰਦਰ ਕੌਰ, ਸਾਬਕਾ ਅਕਾਲੀ ਨੇਤਾ ਪਰਮਿੰਦਰ ਸਿੰਘ ਬਰਾੜ ਅਤੇ ਲਖਵਿੰਦਰ ਕੌਰ ਗਰਚਾ ਆਦਿ ਸ਼ਾਮਲ ਹਨ। ਸ੍ਰੀ ਜਾਖੜ ਪਿਛਲੇ ਦਿਨੀਂ ਪੰਜਾਬ ਵਿਚ ਹੜ੍ਹਾਂ ਦੀ ਤਬਾਹੀ ਦੇ ਮੁੱਦੇ 'ਤੇ ਸੂਬੇ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੂੰ ਵਫ਼ਦ ਦੇ ਰੂਪ ਵਿਚ ਮੰਗ ਪੱਤਰ ਦੇਣ ਗਏ ਤਾਂ ਵਫਦ 'ਚ ਸਾਬਕਾ ਕਾਂਗਰਸੀ ਆਗੂਆਂ ਦੀ ਗਿਣਤੀ ਵਧੇਰੇ ਸੀ। ਪਾਰਟੀ ਦੇ ਦਿੱਲੀ ਸਥਿਤ ਇਕ ਆਗੂ ਨੇ ਆਪਣਾ ਨਾਮ ਨਾ ਛਾਪਣ ਦੀ ਸ਼ਰਤ 'ਤੇ ਕਿਹਾ ਕਿ ਪਾਰਟੀ ਵੱਲੋਂ ਲੰਮੇ ਸਮੇਂ ਤੋਂ ਆਰ.ਐਸ.ਐਸ. ਪਿਛੋਕੜ ਵਾਲੇ ਆਗੂਆਂ ਨੂੰ ਸੂਬਾ ਪ੍ਰਧਾਨ ਦੀ ਜ਼ਿੰਮੇਵਾਰੀ ਦਿੱਤੀ ਜਾਂਦੀ ਰਹੀ ਹੈ।

## ਪਾਰਟੀ ਅੰਦਰ ਨਵੇਂ ਬਣੇ ਭਾਜਪਾਈਆਂ ਦੀ ਵੁੱਕਤ ਵਧੀ

**ਚੰਡੀਗੜ੍ਹ:** ਕਾਂਗਰਸ ਪਿਛੋਕੜ ਵਾਲੇ ਸੁਨੀਲ ਜਾਖੜ ਦੇ ਭਾਜਪਾ ਦਾ ਸੂਬਾ ਪ੍ਰਧਾਨ ਬਣਨ ਤੋਂ ਬਾਅਦ ਨਵੇਂ ਭਾਜਪਾਈਆਂ ਦੀ ਪਾਰਟੀ ਅੰਦਰ ਵੁੱਕਤ ਵਧਣ ਲੱਗੀ ਸੀ। ਪਾਰਟੀ ਦੇ ਇਕ ਸੀਨੀਅਰ ਆਗੂ ਨੇ ਦੱਸਿਆ ਕਿ ਸ੍ਰੀ ਜਾਖੜ ਵੱਲੋਂ ਸੰਸਦੀ ਚੋਣਾਂ ਤੱਕ ਪਾਰਟੀ ਦਾ ਜਥੇਬੰਦਕ ਢਾਂਚਾ ਪੂਰੀ ਤਰ੍ਹਾਂ ਮਜ਼ਬੂਤ ਕਰਨ ਲਈ ਹਾਈ ਕਮਾਨ ਤੋਂ ਵੱਖ-ਵੱਖ ਵਿੰਗਾਂ ਖਾਸਕਰ ਯੂਥ ਵਿੰਗ, ਅਨੁਸੂਚਿਤ ਜਾਤੀ ਵਿੰਗ, ਮਹਿਲਾ ਵਿੰਗ ਆਦਿ ਦੇ ਨਵੇਂ ਪ੍ਰਧਾਨ ਨਿਯੁਕਤ ਕਰਨ 'ਤੇ ਵੀ ਜ਼ੋਰ ਦਿੱਤਾ ਜਾ ਰਿਹਾ ਹੈ। ਸੂਬਾ ਪ੍ਰਧਾਨ ਸੁਨੀਲ ਜਾਖੜ ਦੇ ਇਰਦ-ਗਿਰਦ ਸਾਬਕਾ ਕਾਂਗਰਸੀ ਆਗੂ, ਜੋ ਕਿ ਹੁਣ ਭਾਰਤੀ ਜਨਤਾ ਪਾਰਟੀ ਦਾ ਹਿੱਸਾ ਹਨ, ਹੀ ਦੇਖੇ ਗਏ ਹਨ। ਇਨ੍ਹਾਂ ਵਿਚ ਖਾਸ ਤੌਰ 'ਤੇ ਕੇਵਲ ਸਿੰਘ ਢਿੱਲੋਂ, ਬਲਬੀਰ ਸਿੰਘ ਸਿੱਧੂ, ਗੁਰਪ੍ਰੀਤ ਸਿੰਘ ਕਾਂਗੜ, ਡਾ. ਰਾਜ ਕੁਮਾਰ ਵੇਰਕਾ, ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪੁੱਤਰੀ ਜੈਇੰਦਰ ਕੌਰ, ਸਾਬਕਾ ਅਕਾਲੀ ਨੇਤਾ ਪਰਮਿੰਦਰ ਸਿੰਘ ਬਰਾੜ ਅਤੇ ਲਖਵਿੰਦਰ ਕੌਰ ਗਰਚਾ ਆਦਿ ਸ਼ਾਮਲ ਹਨ।

## 'ਖੇਡਾਂ ਵਤਨ ਪੰਜਾਬ ਦੀਆਂ' ਲਈ ਆਨਲਾਈਨ ਰਜਿਸਟ੍ਰੇਸ਼ਨ ਸ਼ੁਰੂ

**ਪਟਿਆਲਾ:** ਸੂਬੇ ਵਿਚ ਖੇਡਾਂ ਨੂੰ ਪ੍ਰਫੁੱਲਿਤ ਕਰਨ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਨਵੇਂ ਪੋਰਟਲ ਦੀ ਸ਼ੁਰੂਆਤ ਕੀਤੀ। ਇਸ ਨਾਲ 29 ਅਗਸਤ ਤੋਂ ਸ਼ੁਰੂ ਹੋਣ ਦਾ ਰਹੀਆਂ 'ਖੇਡਾਂ ਵਤਨ ਪੰਜਾਬ ਦੀਆਂ' ਵਿਚ ਹਿੱਸਾ ਲੈਣ ਵਾਲੇ ਖਿਡਾਰੀ ਇਸ ਪੋਰਟਲ 'ਤੇ ਆਨਲਾਈਨ ਰਜਿਸਟ੍ਰੇਸ਼ਨ ਕਰਵਾ ਸਕਣਗੇ। ਆਜ਼ਾਦੀ ਦਿਹਾੜੇ ਮੌਕੇ ਰਾਜ ਪੱਧਰੀ ਸਮਾਗਮ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਪਿਛਲੇ ਸਾਲ ਕਰਵਾਈਆਂ 'ਖੇਡਾਂ ਵਤਨ ਪੰਜਾਬ ਦੀਆਂ' ਨੂੰ ਲੋਕਾਂ ਨੇ ਬਹੁਤ ਵੱਡਾ ਹੁੰਗਾਰਾ ਦਿੱਤਾ ਸੀ। ਉਨ੍ਹਾਂ ਕਿਹਾ ਕਿ ਇਸ ਵਾਰ ਪੰਜ ਨਵੀਆਂ ਖੇਡਾਂ ਸਾਈਕਲਿੰਗ, ਘੋੜਸਵਾਰੀ, ਰਗਬੀ, ਵੁਸ਼ੂ ਅਤੇ ਵਾਲੀਬਾਲ ਸ਼ੂਟਿੰਗ ਵੀ ਸ਼ਾਮਲ ਕੀਤੀਆਂ ਗਈਆਂ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬੇ ਵਿਚ ਖੇਡਾਂ ਦਾ ਮਾਹੌਲ ਸਿਰਜਣ ਲਈ ਸਰਕਾਰ ਹਰ ਸੰਭਵ ਯਤਨ ਕਰ ਰਹੀ ਹੈ ਤਾਂ ਕਿ ਨੌਜਵਾਨਾਂ ਦੀ ਊਰਜਾ ਨੂੰ ਸਕਾਰਾਤਮਿਕ ਦਿਸ਼ਾ ਵਿਚ ਲਾਇਆ ਜਾ ਸਕੇ।

# ਅਦਾਲਤ ਨੇ ਬਰਖ਼ਾਸਤ ਏ.ਆਈ.ਜੀ. ਰਾਜਜੀਤ ਸਿੰਘ ਨੂੰ ਭਗੌੜਾ ਐਲਾਨਿਆ

**ਮੁਹਾਲੀ:** ਪੰਜਾਬ ਪੁਲਿਸ ਦੇ ਬਰਖ਼ਾਸਤ ਏ.ਆਈ.ਜੀ. ਰਾਜਜੀਤ ਸਿੰਘ ਹੁੰਦਲ ਦੀਆਂ ਮੁਸ਼ਕਲਾਂ ਲਗਾਤਾਰ ਵਧਦੀਆਂ ਜਾ ਰਹੀਆਂ ਹਨ। ਨਸ਼ਾ ਤਸਕਰੀ ਦੇ ਬਹੁਚਰਚਿਤ ਮਾਮਲੇ ਵਿਚ ਮੁਹਾਲੀ ਦੀ ਇਕ ਵਿਸ਼ੇਸ਼ ਅਦਾਲਤ ਵੱਲੋਂ ਬਰਖ਼ਾਸਤ ਏ.ਆਈ.ਜੀ. ਨੂੰ ਭਗੌੜਾ ਐਲਾਨ ਦਿੱਤਾ ਗਿਆ ਹੈ। ਰਾਜਜੀਤ ਸਿੰਘ ਪਿਛਲੇ ਕਾਫੀ ਸਮੇਂ ਤੋਂ ਨਸ਼ਿਆਂ ਦੀ ਤਸਕਰੀ, ਫਿਰੌਤੀ ਅਤੇ ਕਰੋੜਾਂ ਰੁਪਏ ਦੇ ਭ੍ਰਿਸ਼ਟਾਚਾਰ ਦੇ ਮਾਮਲੇ ਵਿਚ ਫਰਾਰ ਚੱਲਿਆ ਆ ਰਿਹਾ ਹੈ। ਨਸ਼ਿਆਂ ਖ਼ਿਲਾਫ਼ ਗਠਿਤ ਪੰਜਾਬ ਪੁਲਿਸ ਦੀ ਸਪੈਸ਼ਲ ਟਾਸਕ ਫੋਰਸ (ਐਸ.ਟੀ.ਐਫ.) ਰਾਜਜੀਤ ਦੀ ਭਾਲ ਵਿਚ ਹੁਣ ਤੱਕ ਤਕਰੀਬਨ 600 ਤੋਂ ਵੱਧ ਥਾਵਾਂ ਉੱਤੇ ਛਾਪੇ ਮਾਰ ਚੁੱਕੀ ਹੈ।

ਪੰਜਾਬ ਦੇ ਸਰਹੱਦੀ ਜ਼ਿਲ੍ਹਿਆਂ ਵਿੱਚ ਐਸ.ਐਸ.ਪੀ. ਦੇ ਅਹੁਦੇ 'ਤੇ ਤਾਇਨਾਤ ਰਹੇ ਰਾਜਜੀਤ ਸਿੰਘ ਨੂੰ ਪੰਜਾਬ ਹਰਿਆਣਾ ਹਾਈ ਕੋਰਟ ਤੋਂ ਵੀ ਵੱਡਾ ਝਟਕਾ ਲੱਗ ਚੁੱਕਾ ਹੈ। ਇਸ ਤੋਂ ਪਹਿਲਾਂ ਸਰਹੱਦੀ ਇਲਾਕਿਆਂ ਵਿਚ ਨਸ਼ਾ ਤਸਕਰੀ ਦੇ ਮਾਮਲੇ ਵਿਚ ਫੜੇ ਗਏ ਜ਼ਿਲ੍ਹਾ ਸੀ.ਆਈ.ਏ. ਸਟਾਫ ਦੇ ਇੰਸਪੈਕਟਰ ਇੰਦਰਜੀਤ ਸਿੰਘ ਦੇ ਮਾਮਲੇ ਵਿਚ ਰਾਜਜੀਤ ਦਾ ਨਾਂ ਉੱਛਲਿਆ ਸੀ।



ਪੰਜਾਬ ਵਿਚ ਬਹੁ-ਕਰੋੜੀ ਨਸ਼ਾ ਤਸਕਰੀ ਮਾਮਲੇ ਵਿਚ ਸੀਲਬੰਦ ਰਿਪੋਰਟ ਸਾਹਮਣੇ ਆਉਣ ਤੋਂ ਬਾਅਦ ਮੁੱਖ ਮੰਤਰੀ ਭਗਵੰਤ ਮਾਨ ਨੇ ਏ.ਆਈ.ਜੀ. ਰਾਜਜੀਤ ਸਿੰਘ ਹੁੰਦਲ ਨੂੰ ਬਰਖ਼ਾਸਤ ਕਰ ਦਿੱਤਾ ਸੀ। ਉਦੋਂ ਤੋਂ ਹੀ ਰਾਜਜੀਤ ਫਰਾਰ ਚੱਲਿਆ ਆ ਰਿਹਾ ਹੈ। ਹਾਈ ਕੋਰਟ ਨੇ ਪੰਜਾਬ ਵਿਚ ਨਸ਼ਿਆਂ ਦੀ ਤਸਕਰੀ ਦੀ ਜਾਂਚ ਲਈ 2017 ਵਿਚ ਇਕ ਵਿਸ਼ੇਸ਼ ਜਾਂਚ ਟੀਮ (ਸਿਟ) ਦਾ ਗਠਨ ਕੀਤਾ ਸੀ।

ਮੁੱਢਲੀ ਜਾਂਚ ਤੋਂ ਬਾਅਦ ਸਿਟ ਨੇ ਹਾਈ ਕੋਰਟ ਵਿਚ ਚਾਰ ਸੀਲਬੰਦ ਰਿਪੋਰਟਾਂ ਦਾਖਲ ਕੀਤੀਆਂ ਸਨ ਜਿਨ੍ਹਾਂ 'ਚੋਂ ਤਿੰਨ ਰਿਪੋਰਟਾਂ ਹਾਈ ਕੋਰਟ ਨੇ ਖੋਲ੍ਹ ਕੇ ਪੰਜਾਬ ਸਰਕਾਰ ਨੂੰ ਅਗਲੀ ਕਾਰਵਾਈ ਲਈ ਭੇਜ ਦਿੱਤੀਆਂ ਸਨ। ਇਨ੍ਹਾਂ ਰਿਪੋਰਟਾਂ ਦੇ ਆਧਾਰ 'ਤੇ ਏ.ਆਈ.ਜੀ. ਰਾਜਜੀਤ ਹੁੰਦਲ ਖ਼ਿਲਾਫ਼ ਕਾਰਵਾਈ ਅਮਲ ਵਿਚ ਲਿਆਂਦੀ ਗਈ ਹੈ। ਜਾਣਕਾਰੀ ਅਨੁਸਾਰ ਐਸ.ਟੀ.ਐਫ਼. ਵੱਲੋਂ 2017 ਵਿਚ ਸਰਹੱਦ ਪਾਰੋਂ ਨਸ਼ਿਆਂ ਦੀ ਤਸਕਰੀ ਦੇ ਮਾਮਲੇ ਵਿਚ ਇਕ ਪਰਚਾ ਦਰਜ ਕੀਤਾ ਗਿਆ ਸੀ। ਮੁੱਢਲੀ ਜਾਂਚ ਵਿਚ ਰਾਜਜੀਤ ਸਿੰਘ ਹੁੰਦਲ ਦਾ ਨਾਂ ਸਾਹਮਣੇ ਆਇਆ ਸੀ।

ਪੁਲਿਸ ਅਜੇ ਜਾਂਚ ਪੜਤਾਲ ਵਿਚ ਜੁਟੀ ਹੋਈ ਸੀ ਕਿ ਐਨੇ ਵਿਚ ਪੰਜਾਬ ਤੇ ਹਰਿਆਣਾ ਹਾਈਕੋਰਟ ਵਿਚ ਨਸ਼ਿਆਂ ਦੀ ਤਸਕਰੀ ਦੇ ਬਹੁਚਰਚਿਤ ਮਾਮਲੇ ਦੀ ਰਿਪੋਰਟ ਜਨਤਕ ਹੋ ਗਈ ਅਤੇ ਸਾਰਾ ਭੇਤ ਖੁੱਲ੍ਹਣ ਤੋਂ ਬਾਅਦ ਉਕਤ ਪੁਲਿਸ ਅਧਿਕਾਰੀ ਕਾਨੂੰਨੀ ਕਾਰਵਾਈ ਤੋਂ ਬਚਣ ਲਈ ਰੂਪੋਸ਼ ਹੋ ਗਿਆ।

## ਓਪੀ ਸੋਨੀ ਦੀ ਜ਼ਮਾਨਤ ਅਰਜ਼ੀ ਰੱਦ

**ਅੰਮ੍ਰਿਤਸਰ:** ਇਥੋਂ ਦੇ ਵਧੀਕ ਸੈਸ਼ਨ ਜੱਜ ਦੀ ਅਦਾਲਤ ਨੇ ਸਾਬਕਾ ਉਪ ਮੁੱਖ ਮੰਤਰੀ ਅਤੇ ਸੀਨੀਅਰ ਕਾਂਗਰਸੀ ਆਗੂ ਓਪੀ ਸੋਨੀ ਦੀ ਜ਼ਮਾਨਤ ਅਰਜ਼ੀ ਰੱਦ ਕਰ ਦਿੱਤੀ ਹੈ। ਉਨ੍ਹਾਂ 'ਤੇ ਆਮਦਨ ਦੇ ਸਰੋਤਾਂ ਤੋਂ ਵੱਧ ਜਾਇਦਾਦ ਬਣਾਉਣ ਦੇ ਦੋਸ਼ ਹਨ। ਫਿਲਹਾਲ ਉਹ ਨਿਆਇਕ ਹਿਰਾਸਤ ਵਿਚ ਸਥਾਨਕ ਕੇਂਦਰੀ ਜੇਲ੍ਹ ਵਿਚ ਬੰਦ ਹਨ। ਵਿਜੀਲੈਂਸ ਦੇ ਇਕ ਸੀਨੀਅਰ ਅਧਿਕਾਰੀ ਨੇ ਇਸ ਦੀ ਪੁਸ਼ਟੀ ਕੀਤੀ ਹੈ। ਵੇਰਵਿਆਂ ਮੁਤਾਬਿਕ ਸ੍ਰੀ ਸੋਨੀ ਨੇ ਮੈਡੀਕਲ ਆਧਾਰ 'ਤੇ ਅੰਤਰਿਮ ਜ਼ਮਾਨਤ ਲਈ ਅਰਜ਼ੀ ਦਿੱਤੀ ਸੀ। ਅਦਾਲਤ ਨੇ ਦੋਵਾਂ ਪੱਖਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਉਸ ਦੀ ਜ਼ਮਾਨਤ ਅਰਜ਼ੀ ਖਾਰਜ ਕਰ ਦਿੱਤੀ। ਓਪੀ ਸੋਨੀ ਦੇ ਕਾਨੂੰਨੀ ਸਲਾਹਕਾਰ ਐਡਵੋਕੇਟ ਪਰਦੀਪ ਸੈਣੀ ਨੇ ਕਿਹਾ ਕਿ ਉਹ ਹੁਣ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦਾ ਰੁਖ ਕਰਨਗੇ। ਵਿਜੀਲੈਂਸ ਨੇ ਸੋਨੀ ਖਿਲਾਫ ਭ੍ਰਿਸ਼ਟਾਚਾਰ ਰੋਕੂ ਐਕਟ ਦੀ ਧਾਰਾ 13 (1) (ਬੀ) ਅਤੇ 13 (2) ਤਹਿਤ ਕੇਸ ਦਰਜ ਕੀਤਾ ਸੀ।

# ਪੰਜਾਬ ਪੁਲਿਸ ਨੇ ਗੁਆਂਢੀ ਸੂਬਿਆਂ ਨਾਲ ਲੱਗਦੀਆਂ ਹੱਦਾਂ 'ਤੇ ਸਖ਼ਤੀ ਵਧਾਈ

**ਚੰਡੀਗੜ੍ਹ:** ਪੰਜਾਬ ਪੁਲਿਸ ਨੇ ਸੂਬੇ ਵਿਚ ਨਸ਼ਾ ਤਸਕਰੀ ਨੂੰ ਠੱਲ੍ਹ ਪਾਉਣ ਲਈ 'ਅਪਰੇਸ਼ਨ ਸੀਲ' ਆਰੰਭਿਆ, ਜਿਸ ਤਹਿਤ ਸੂਬੇ ਵਿਚ ਦਾਖਲ ਹੋਣ ਵਾਲੇ ਸਾਰੇ ਵਾਹਨਾਂ ਦੀ ਚੈਕਿੰਗ ਕੀਤੀ ਗਈ। ਪੰਜਾਬ ਪੁਲਿਸ ਨੇ ਇਹ ਆਪਰੇਸ਼ਨ ਚਾਰ ਗੁਆਂਢੀ ਰਾਜਾਂ-ਹਿਮਾਚਲ ਪ੍ਰਦੇਸ਼, ਹਰਿਆਣਾ, ਰਾਜਸਥਾਨ ਤੇ ਜੰਮੂ-ਕਸ਼ਮੀਰ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ ਚੰਡੀਗੜ੍ਹ ਦੇ ਪੁਲਿਸ ਬਲਾਂ ਨਾਲ ਸਾਂਝੇ ਤੌਰ 'ਤੇ ਕੀਤਾ। ਵਿਸ਼ੇਸ਼ ਡੀ.ਜੀ.ਪੀ. ਲਾਅ ਐਂਡ ਆਰਡਰ ਅਰਪਿਤ ਸ਼ੁਕਲਾ ਨੇ ਦੱਸਿਆ ਕਿ ਪੰਜਾਬ ਦੇ ਪਠਾਨਕੋਟ, ਸ੍ਰੀ ਮੁਕਤਸਰ ਸਾਹਿਬ, ਫਾਜ਼ਿਲਕਾ, ਰੋਪੜ, ਐਸ.ਏ.ਐਸ. ਨਗਰ, ਪਟਿਆਲਾ, ਸੰਗਰੂਰ, ਮਾਨਸਾ, ਹੁਸ਼ਿਆਰਪੁਰ ਤੇ ਬਠਿੰਡਾ ਜਿਲ੍ਹਿਆਂ ਵਿਚ ਨਾਕੇ ਲਾ ਕੇ 5726 ਵਾਹਨਾਂ ਦੀ ਜਾਂਚ ਕੀਤੀ ਗਈ ਤੇ 45 ਲੱਖ ਦੀ ਨਕਦੀ, 30 ਕਿੱਲੋ ਭੁੱਕੀ, 374 ਗ੍ਰਾਮ ਹੈਰੋਇਨ, 500 ਗ੍ਰਾਮ ਚਰਸ, 350 ਲਿਟਰ ਲਾਹਣ ਤੇ 263 ਲਿਟਰ ਸ਼ਰਾਬ ਬਰਾਮਦ ਕੀਤੀ ਗਈ ਹੈ।



ਮੁਹਾਲੀ ਪੁਲਿਸ ਵੱਲੋਂ ਚੰਡੀਗੜ੍ਹ ਪੁਲਿਸ ਨਾਲ ਤਾਲਮੇਲ ਕਰਕੇ ਮੁਹਾਲੀ ਵਿਚ ਦਾਖਲ ਹੋਣ ਵਾਲੀਆਂ ਸੜਕਾਂ 'ਤੇ ਵਿਸ਼ੇਸ਼ ਨਾਕਾ ਲਾ ਕੇ ਸ਼ੱਕੀ ਵਿਅਕਤੀਆਂ ਅਤੇ ਵਾਹਨਾਂ ਦੀ ਜਾਂਚ ਕੀਤੀ ਗਈ। ਇਸ ਦੌਰਾਨ ਚੰਡੀਗੜ੍ਹ ਤੋਂ ਮੁਹਾਲੀ ਆਉਣ ਵਾਲੀਆਂ ਸੰਪਰਕ ਸੜਕਾਂ ਅਤੇ ਗੁਆਂਢੀ ਸੂਬਿਆਂ ਨਾਲ ਲੱਗਦੀਆਂ ਹੱਦਾਂ 'ਤੇ ਨਾਕੇ ਦੌਰਾਨ ਵੱਡੀ ਗਿਣਤੀ ਵਿਚ ਵਾਹਨ ਜ਼ਬਤ ਕੀਤੇ ਗਏ ਅਤੇ ਕਰੀਬ ਡੇਢ ਦਰਜਨ ਸ਼ੱਕੀ ਵਿਅਕਤੀਆਂ ਨੂੰ ਹਿਰਾਸਤ ਵਿਚ ਲਿਆ ਗਿਆ। ਮੁਹਾਲੀ ਦੇ ਡੀ.ਐਸ.ਪੀ. (ਸਿਟੀ-2) ਹਰਸਿਮਰਨ ਸਿੰਘ ਬੱਲ ਨੇ ਦੱਸਿਆ ਕਿ ਡੀ.ਜੀ.ਪੀ. ਗੌਰਵ ਯਾਦਵ ਦੇ ਦਿਸ਼ਾ-ਨਿਰਦੇਸ਼ਾਂ 'ਤੇ ਮੁਹਾਲੀ ਸਮੇਤ 10 ਜ਼ਿਲ੍ਹਿਆਂ ਵਿਚ ਚੈਕਿੰਗ ਮੁਹਿੰਮ ਚਲਾਈ ਗਈ। ਇਸ ਤਹਿਤ ਮੁਹਾਲੀ ਪੁਲਿਸ ਵੱਲੋਂ ਚੰਡੀਗੜ੍ਹ ਪੁਲਿਸ ਦੇ ਤਾਲਮੇਲ ਨਾਲ ਇਸ ਕਾਰਵਾਈ ਨੂੰ ਅੰਜ਼ਾਮ ਦਿੱਤਾ ਗਿਆ। ਉਨ੍ਹਾਂ ਦੱਸਿਆ ਕਿ ਹਿਰਾਸਤ ਵਿਚ ਲਏ ਗਏ ਸ਼ੱਕੀ ਵਿਅਕਤੀਆਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ।

ਇਸੇ ਤਰ੍ਹਾਂ ਰੂਪਨਗਰ ਜਿਲ੍ਹਾ ਪੁਲਿਸ ਮੁਖੀ ਵਿਵੇਕ ਐੱਸ. ਸੋਨੀ ਦੀ ਅਗਵਾਈ ਹੇਠ ਜਿਲ੍ਹਾ ਪੁਲਿਸ ਵੱਲੋਂ ਆਪਰੇਸ਼ਨ ਸੀਲ-3 ਤਹਿਤ ਹਿਮਾਚਲ ਪ੍ਰਦੇਸ ਦੇ ਨਾਲ ਲੱਗਦੇ ਇਲਾਕਿਆਂ ਵਿਚ ਨਾਕੇ ਲਾ ਕੇ ਵਾਹਨਾਂ ਚੈਕਿੰਗ ਕੀਤੀ ਜਾ ਰਹੀ ਹੈ। ਸ੍ਰੀ ਵਿਵੇਕਸ਼ੀਲ ਸੋਨੀ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਹਿਮਾਚਲ ਪ੍ਰਦੇਸ਼ ਨਾਲ ਲਗਦੀਆਂ ਸੱਤ ਥਾਵਾਂ 'ਤੇ ਚੈਕਿੰਗ ਅਤੇ ਨਾਕਾਬੰਦੀ ਦਾ ਮੁੱਖ ਉਦੇਸ਼ ਆਮ ਲੋਕਾਂ ਦੇ ਲਈ ਸੁਖਾਵਾਂ ਮਾਹੌਲ, ਲੋਕਾਂ ਵਿਚ ਸਹੀ ਸੋਚ ਅਤੇ ਉਸਾਰੂ ਵਿਸ਼ਵਾਸ ਪੈਦਾ ਕਰਨਾ ਹੈ ਅਤੇ ਨਾਲ ਹੀ ਸ਼ਰਾਰਤੀ ਅਨਸਰਾਂ ਉੱਤੇ ਨਕੇਲ ਕੱਸਣ ਅਤੇ ਉਨ੍ਹਾਂ ਨੂੰ ਕਾਬੂ ਕਰਨ ਲਈ ਇਹ ਮੁਹਿੰਮ ਚਲਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਕਈ ਥਾਵਾਂ ਉਤੇ ਸਪੈਸ਼ਲ ਟੀਮਾਂ ਵੀ ਤਾਇਨਾਤ ਕੀਤੀਆਂ ਗਈਆਂ ਹਨ । ਉਨ੍ਹਾਂ ਦੱਸਿਆ ਕਿ ਰੇਲਵੇ ਸਟੇਸ਼ਨਾਂ, ਬੱਸ ਸਟੈਂਡਾਂ 'ਤੇ ਵੱਖ-ਵੱਖ ਥਾਵਾਂ ਉੱਤੇ ਨਾਕਾਬੰਦੀ ਕਰਕੇ ਚੈਕਿੰਗ ਕੀਤੀ ਜਾ ਰਹੀ ਹੈ।

## ਵੱਡੀ ਮਾਤਰਾ ਵਿਚ ਨਸ਼ੀਲੇ ਪਦਾਰਥ ਬਰਾਮਦ

**ਚੰਡੀਗੜ੍ਹ:** ਪੰਜਾਬ ਦੇ ਪਠਾਨਕੋਟ, ਸ੍ਰੀ ਮੁਕਤਸਰ ਸਾਹਿਬ, ਫਾਜ਼ਿਲਕਾ, ਰੋਪੜ, ਐਸ.ਏ.ਐਸ ਨਗਰ, ਪਟਿਆਲਾ, ਸੰਗਰੂਰ, ਮਾਨਸਾ, ਹੁਸ਼ਿਆਰਪੁਰ ਤੇ ਬਠਿੰਡਾ ਜਿਲ੍ਹਿਆਂ ਵਿਚ ਨਾਕੇ ਲਾ ਕੇ 5726 ਵਾਹਨਾਂ ਦੀ ਜਾਂਚ ਕੀਤੀ ਗਈ ਤੇ 45 ਲੱਖ ਦੀ ਨਕਦੀ, 30 ਕਿੱਲੋ ਭੁੱਕੀ, 374 ਗ੍ਰਾਮ ਹੈਰੋਇਨ, 500 ਗ੍ਰਾਮ ਚਰਸ, 350 ਲਿਟਰ ਲਾਹਣ ਤੇ 263 ਲਿਟਰ ਸ਼ਰਾਬ ਬਰਾਮਦ ਕੀਤੀ ਗਈ ਹੈ।

## ਘਰ ਦੀ ਛੱਤ ਡਿੱਗਣ ਕਾਰਨ ਦਾਦੀ-ਪੋਤੇ ਦੀ ਮੌਤ ਹੋਈ

**ਫਾਜ਼ਿਲਕਾ:** ਮੰਡੀ ਅਰਨੀਵਾਲਾ ਵਿਚ ਇਕ ਮਕਾਨ ਦੀ ਛੱਤ ਡਿੱਗ ਗਈ ਜਿਸ ਕਾਰਨ ਘਰ 'ਚ ਸੁੱਤੇ ਪਏ ਪਰਿਵਾਰ ਦੀ 60 ਸਾਲਾ ਮਹਿਲਾ ਸਣੇ ਪੰਜ ਸਾਲਾ ਬੱਚੇ ਦੀ ਮੌਤ ਹੋ ਗਈ। ਇਹ ਪਤਾ ਲੱਗਿਆ ਹੈ ਕਿ ਮਕਾਨ ਦੀ ਛੱਤ ਪੁਰਾਣੀ ਸੀ ਜਿਸ ਕਰ ਕੇ ਛੱਤ ਨੂੰ ਨਵੀਂ ਦਿੱਖ ਦੇਣ ਲਈ ਫਾਲਸ ਸੀਲਿੰਗ ਕਰਵਾਈ ਗਈ ਸੀ ਪਰ ਇਸ ਕਾਰਨ ਘਰ ਵਾਲਿਆਂ ਨੂੰ ਪਤਾ ਹੀ ਨਾ ਲੱਗਿਆ ਤੇ ਛੱਤ ਅੰਦਰੋਂ ਕਮਜ਼ੋਰ ਹੁੰਦੀ ਗਈ ਤੇ ਬਾਅਦ ਵਿਚ ਡਿੱਗ ਗਈ।

ਜਾਣਕਾਰੀ ਅਨੁਸਾਰ ਘਰ ਦਾ ਮਾਲਕ ਰਜਤ ਮਹਿੰਦੀਰੱਤਾ ਉੱਠ ਕੇ ਪਖਾਨੇ ਲਈ ਗਿਆ ਸੀ ਕਿ ਮਗਰੋਂ ਛੱਤ ਦਾ ਮਲਬਾ ਸੁੱਤੇ ਹੋਏ ਜੀਆਂ 'ਤੇ ਡਿੱਗ ਪਿਆ ਜਿਸ ਕਾਰਨ ਉਸ ਦੇ ਪੰਜ ਸਾਲਾ ਬੇਟੇ ਦੀਵਾਂਸ਼ ਅਤੇ ਉਸ ਦੀ ਮਾਤਾ ਕ੍ਰਿਸ਼ਨਾ ਰਾਣੀ ਦੀ ਮੌਤ ਹੋ ਗਈ। ਇਸ ਦੌਰਾਨ ਉਸ ਦੀ ਪਤਨੀ ਨੂੰ ਵੀ ਹਲਕੀਆਂ ਸੱਟਾਂ ਲੱਗੀਆਂ।

**Punjab Times**
**Established in 2000**
**24nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 115 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਗੁਰਦੁਆਰਾ ਡਾਂਗਮਾਰ ਮਾਮਲੇ 'ਚ ਢਿੱਲੀ ਕਾਰਵਾਈ 'ਤੇ ਇਤਰਾਜ਼

**ਅੰਮ੍ਰਿਤਸਰ:** ਸਿੱਕਮ ਹਾਈ ਕੋਰਟ ਵਿਚ ਚੱਲ ਰਹੇ ਗੁਰਦੁਆਰਾ ਗੁਰੂ ਡਾਂਗਮਾਰ ਦੇ ਕੇਸ ਵਿਚ ਸਿੱਕਮ ਸਰਕਾਰ ਵੱਲੋਂ ਕੀਤੀ ਜਾ ਰਹੀ ਢਿੱਲੀ ਕਾਰਵਾਈ 'ਤੇ ਸ਼੍ਰੋਮਣੀ ਕਮੇਟੀ ਨੇ ਇਤਰਾਜ਼ ਜਤਾਇਆ ਹੈ। ਇਹ ਗੁਰਦੁਆਰਾ ਗੁਰੂ ਨਾਨਕ ਦੇਵ ਨਾਲ ਸਬੰਧਤ ਹੈ।

ਅਦਾਲਤ ਵੱਲੋਂ ਇਸ ਮਾਮਲੇ ਦੀ ਅਗਲੀ ਸੁਣਵਾਈ ਪਹਿਲੀ ਸਤੰਬਰ ਨੂੰ ਰੱਖੀ ਗਈ ਹੈ। ਇਸ ਸਬੰਧੀ ਸ਼੍ਰੋਮਣੀ ਕਮੇਟੀ ਦੇ ਮੈਂਬਰ ਤੇ ਗੁਰਦੁਆਰਾ ਗੁਰੂ ਡਾਂਗਮਾਰ ਸਾਹਿਬ ਬਾਰੇ ਬਣੀ ਸਬ-ਕਮੇਟੀ ਦੇ ਮੈਂਬਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ ਸ਼੍ਰੋਮਣੀ ਕਮੇਟੀ ਵੱਲੋਂ ਸੀਨੀਅਰ ਐਡਵੋਕੇਟ ਏ.ਪੀ.ਐੱਸ. ਆਹਲੂਵਾਲੀਆ ਤੇ ਵਕੀਲ ਨਵੀਨ ਬਾਰਿਕ ਨਾਲ ਅਦਾਲਤ ਵਿਚ ਪੇਸ਼ ਹੋਏ ਸਨ। ਐਡਵੋਕੇਟ ਸਿਆਲਕਾ ਨੇ ਦੱਸਿਆ ਕਿ ਸਿੱਕਮ ਹਾਈ ਕੋਰਟ ਵੱਲੋਂ 27 ਅਪਰੈਲ ਨੂੰ ਇਹ ਮਾਮਲਾ ਅਦਾਲਤ ਦੇ ਬਾਹਰ ਹੱਲ ਕਰਨ ਲਈ ਕਿਹਾ ਗਿਆ ਸੀ, ਜਿਸ ਮਗਰੋਂ ਸਥਾਨਕ ਸਰਕਾਰ ਦੀ ਜ਼ਿੰਮੇਵਾਰੀ ਬਣਦੀ ਸੀ ਕਿ ਉਹ ਇਸ ਮਾਮਲੇ ਵਿਚ ਬਣਦੀ ਕਾਰਵਾਈ ਕਰਦੀ। ਇਸ ਤੋਂ ਪਹਿਲਾਂ ਸੁਣਵਾਈ ਦੌਰਾਨ ਸਰਕਾਰੀ ਵਕੀਲ ਨੇ ਦੋਵੇਂ ਧਿਰਾਂ ਦੀ ਆਪਸੀ ਸਹਿਮਤੀ ਨਾਲ ਮਾਮਲਾ ਸੁਲਝਾਉਣ ਇੱਛਾ ਬਾਰੇ ਦੱਸਿਆ ਸੀ। ਇਸ ਮਗਰੋਂ ਅਦਾਲਤ ਨੇ 18 ਅਗਸਤ ਨੂੰ ਅਗਲੀ ਸੁਣਵਾਈ ਕਰਨੀ ਸੀ। ਆਪਸੀ ਸਹਿਮਤੀ ਲਈ ਵਕੀਲ ਨਵੀਨ ਬਾਰਿਕ ਨੇ ਦੋ ਵਾਰ ਸਿੱਕਮ ਸਰਕਾਰ ਦੇ ਐਡਵੋਕੇਟ ਜਨਰਲ ਨੂੰ ਪੱਤਰ ਭੇਜੇ ਪਰ ਉਨ੍ਹਾਂ ਵੱਲੋਂ ਕੋਈ ਜਵਾਬੀ ਕਾਰਵਾਈ ਨਹੀਂ ਕੀਤੀ ਗਈ। ਅਦਾਲਤ ਵਿਚ ਸੁਣਵਾਈ ਦੌਰਾਨ ਐਡਵੋਕੇਟ ਆਹਲੂਵਾਲੀਆ ਤੇ ਨਵੀਨ ਬਾਰਿਕ ਨੇ ਇਤਿਹਾਸਕ ਗੁਰਧਾਮ ਨਾਲ ਸਬੰਧਤ ਦਸਤਾਵੇਜ਼ ਪੇਸ਼ ਕੀਤੇ ਤੇ ਇਤਿਹਾਸ ਦੇ ਹਵਾਲਿਆਂ ਰਾਹੀਂ ਇਸ ਦੀ ਪ੍ਰਮਾਣਿਕਤਾ ਨੂੰ ਦਰਜ ਕੀਤਾ। ਉਨ੍ਹਾਂ ਭਾਰਤੀ ਫ਼ੌਜ ਦੀਆਂ ਸਿੱਖ ਤੇ ਪੰਜਾਬ ਬਟਾਲੀਅਨਾਂ ਵੱਲੋਂ ਉਥੇ ਲਗਾਈਆਂ ਗਈਆਂ ਯਾਦਗਾਰੀ ਸਿਲਾਂ ਬਾਰੇ ਵੀ ਦੱਸਿਆ, ਜੋ ਅੱਜ ਵੀ ਉਥੇ ਮੌਜੂਦ ਹਨ। ਉਨ੍ਹਾਂ ਅਦਾਲਤ ਨੂੰ ਦੱਸਿਆ ਕਿ ਸਮੇਂ-ਸਮੇਂ 'ਤੇ ਸਰਕਾਰਾਂ ਦੇ ਨੁਮਾਇੰਦੇ ਵੀ ਇਸ ਗੁਰ-ਅਸਥਾਨ ਨੂੰ ਮਾਨਤਾ ਦਿੰਦੇ ਰਹੇ ਹਨ, ਜਿਸ ਦੀ ਇਕ ਉਦਾਹਰਨ ਅਕਤੂਬਰ 1983 ਵਿਚ ਸਥਾਨਕ ਵਿਧਾਇਕ ਵੱਲੋਂ ਗੁਰਦੁਆਰਾ ਗੁਰੂ ਡਾਂਗਮਾਰ ਸਾਹਿਬ ਦੀ ਡਿਓਢੀ ਦਾ ਨੀਂਹ ਪੱਥਰ ਰੱਖਣਾ ਵੀ ਸ਼ਾਮਲ ਹੈ।

# ਟਾਈਟਲਰ ਖਿਲਾਫ 29 ਨੂੰ ਹੋਵੇਗੀ ਸੁਣਵਾਈ

**ਨਵੀਂ ਦਿੱਲੀ:** ਇਥੋਂ ਦੀ ਅਦਾਲਤ 1984 ਦੇ ਸਿੱਖ ਵਿਰੋਧੀ ਦੰਗਿਆਂ ਦੌਰਾਨ ਹੋਏ ਪੁਲ ਬੰਗਸ਼ ਹੱਤਿਆਕਾਂਡ ਨਾਲ ਸਬੰਧਤ ਮਾਮਲੇ ਦੀ ਸੁਣਵਾਈ 29 ਅਗਸਤ ਨੂੰ ਕਰੇਗੀ, ਜਿਸ ਵਿਚ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਮੁਲਜ਼ਮ ਹੈ। ਐਡੀਸ਼ਨਲ ਚੀਫ ਮੈਟਰੋਪੋਲੀਟਨ ਮੈਜਿਸਟਰੇਟ ਵਿਧੀ ਗੁਪਤਾ ਆਨੰਦ ਨੇ ਇਸ ਮਾਮਲੇ ਦੀ ਸੁਣਵਾਈ ਹਫਤੇ ਲਈ ਉਦੋਂ ਮੁਲਤਵੀ ਕਰ ਦਿੱਤੀ, ਜਦੋਂ ਸੀ.ਬੀ.ਆਈ. ਨੇ ਟਾਈਟਲਰ ਵੱਲੋਂ ਦਾਖਲ ਅਰਜ਼ੀ ਉਤੇ ਬਹਿਸ ਕਰਨ ਲਈ ਸਮਾਂ ਮੰਗਿਆ।

ਟਾਈਟਲਰ ਕਾਰਵਾਈ ਦੌਰਾਨ ਵੀਡੀਓ ਕਾਨਫਰੰਸਿੰਗ ਰਾਹੀਂ ਪੇਸ਼ ਹੋਇਆ। ਟਾਈਟਲਰ ਨੂੰ ਅਦਾਲਤ ਨੇ ਅਗਾਊਂ ਜ਼ਮਾਨਤ ਦਿੱਤੀ ਹੋਈ ਹੈ ਤੇ ਇਸ ਖ਼ਿਲਾਫ਼ ਸਿੱਖਾਂ ਨੇ ਪ੍ਰਦਰਸ਼ਨ ਵੀ ਕੀਤਾ ਸੀ।

# ਉਚੇਰੀ ਯੋਗਤਾ ਵਾਲੇ ਅਧਿਆਪਕਾਂ ਦੀਆਂ ਸੇਵਾਵਾਂ ਰੈਗੂਲਰ ਕੀਤੀਆਂ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਪੰਜਾਬ ਤੋਂ ਬਾਹਰਲੀਆਂ ਮਾਨਤਾ ਪ੍ਰਾਪਤ ਯੂਨੀਵਰਸਿਟੀਆਂ ਵਿਚੋਂ ਉਚੇਰੀ ਯੋਗਤਾ ਹਾਸਲ ਕਰਨ ਵਾਲੇ 100 ਦੇ ਕਰੀਬ ਅਧਿਆਪਕਾਂ ਦੀਆਂ ਸੇਵਾਵਾਂ ਨੂੰ ਰੈਗੂਲਰ ਕਰ ਦਿੱਤਾ ਹੈ।

ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ ਸਾਲ 2009 ਤੇ 2011 ਵਿਚ ਹੋਈ ਭਰਤੀ ਸਮੇਂ ਕੁਝ ਅਧਿਆਪਕਾਂ ਵੱਲੋਂ ਦੂਜੇ ਸੂਬਿਆਂ ਦੀਆਂ ਮਾਨਤਾ ਪ੍ਰਾਪਤ ਯੂਨੀਵਰਸਿਟੀਆਂ ਤੋਂ ਡਿਸਟੈਂਸ ਮੋਡ ਰਾਹੀਂ ਉੱਚ ਯੋਗਤਾ ਹਾਸਲ ਕਰਨ 'ਤੇ ਭਰਤੀ ਪ੍ਰਕਿਰਿਆ ਲਟਕ ਗਈ ਸੀ। ਇਸ ਕਾਰਨ ਇਨ੍ਹਾਂ ਅਧਿਆਪਕਾਂ ਦੀਆਂ ਸੇਵਾਵਾਂ ਨੂੰ 14 ਸਾਲਾਂ ਤੋਂ ਰੈਗੂਲਰ ਨਹੀਂ ਕੀਤਾ ਗਿਆ।

ਸ੍ਰੀ ਬੈਂਸ ਨੇ ਦੱਸਿਆ ਕਿ ਜਦੋਂ ਇਹ ਮਾਮਲਾ ਉਨ੍ਹਾਂ ਦੇ ਧਿਆਨ ਵਿਚ ਆਇਆ ਤਾਂ ਉਨ੍ਹਾਂ ਨੇ ਇਸ ਮਾਮਲੇ ਸਬੰਧੀ ਸੈਕੰਡਰੀ ਸਿੱਖਿਆ ਵਿਭਾਗ ਦੇ ਡਾਇਰੈਕਟਰ ਦੀ ਅਗਵਾਈ ਹੇਠ ਉੱਚ ਪੱਧਰੀ ਕਮੇਟੀ ਦਾ ਗਠਨ ਕਰ ਕੇ ਰੈਗੂਲਾਈਜੇਸ਼ਨ ਪ੍ਰਕਿਰਿਆ ਮੁਕੰਮਲ ਕਰਨ ਦੇ ਨਿਰਦੇਸ਼ ਦਿੱਤੇ ਸਨ।

# ਸਰਬਸੰਮਤੀ ਨਾਲ ਪੰਚਾਇਤ ਚੁਣਨ 'ਤੇ ਵਿਸ਼ੇਸ਼ ਗਰਾਂਟ ਦਿੱਤੀ ਜਾਵੇਗੀ: ਮਾਨ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਪਿੰਡਾਂ ਵਿਚੋਂ ਸਿਆਸੀ ਕੁੜੱਤਣ ਖਤਮ ਕਰਨ ਤੇ ਪਿੰਡਾਂ ਦੇ ਸਰਬਪੱਖੀ ਵਿਕਾਸ ਲਈ ਸੂਬੇ 'ਚ ਸਰਬਸੰਮਤੀ ਨਾਲ ਚੁਣੀਆਂ ਜਾਣ ਵਾਲੀਆਂ ਪੰਚਾਇਤਾਂ ਨੂੰ 'ਮੁੱਖ ਮੰਤਰੀ ਪਿੰਡ ਏਕਤਾ ਸਨਮਾਨ' ਤਹਿਤ 5 ਲੱਖ ਰੁਪਏ ਦੀ ਵਿਸ਼ੇਸ਼ ਗਰਾਂਟ ਦੇਣ ਦਾ ਐਲਾਨ ਕੀਤਾ ਹੈ। ਮਾਨ ਨੇ ਕਿਹਾ ਕਿ ਇਹ ਚੋਣਾਂ ਪਿੰਡਾਂ ਦੇ ਸਰਬਪੱਖੀ ਵਿਕਾਸ ਲਈ ਅਹਿਮ ਹੁੰਦੀਆਂ ਹਨ, ਜਿਸ ਕਰ ਕੇ ਸੂਬਾ ਸਰਕਾਰ ਨੇ ਸਰਬਸੰਮਤੀ ਨਾਲ ਸਰਪੰਚ ਤੇ ਪੰਚ ਚੁਣਨ ਵਾਲੇ ਪਿੰਡਾਂ ਨੂੰ ਪੰਜ ਲੱਖ ਰੁਪਏ ਦੀ ਵਿਸ਼ੇਸ਼ ਗਰਾਂਟ ਦੇਣ ਦਾ ਫੈਸਲਾ ਲਿਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਪੰਚਾਇਤ ਦੀ ਚੋਣ ਪਿੰਡ ਦੇ ਵਿਕਾਸ ਨੂੰ ਯਕੀਨੀ ਬਣਾਉਣ ਲਈ ਹੁੰਦੀ ਹੈ। ਇਨ੍ਹਾਂ ਚੋਣਾਂ ਨੂੰ ਕਦੇ ਵੀ ਸਿਆਸਤ ਦੇ ਰੰਗ ਵਿਚ ਨਹੀਂ ਰੰਗਣਾ ਚਾਹੀਦਾ। ਇਸ ਨਾਲ ਪਿੰਡਾਂ ਵਿੱਚ ਧੜੇਬੰਦੀਆਂ ਪੈਦਾ ਹੁੰਦੀ ਹੈ। ਉਨ੍ਹਾਂ ਕਿਹਾ ਕਿ ਸਰਪੰਚ ਪਿੰਡ ਦਾ ਮੁਖੀ ਹੁੰਦਾ ਹੈ, ਉਸ ਨੂੰ ਇਕ ਧੜੇ ਦੀ ਨਹੀਂ ਸਗੋਂ ਪਿੰਡ ਵਾਸੀਆਂ ਦੀ ਨੁਮਾਇੰਦਗੀ ਕਰਨੀ ਚਾਹੀਦੀ ਹੈ। ਮਾਨ ਨੇ ਸਾਰੇ ਪਿੰਡਾਂ ਨੂੰ ਅਪੀਲ ਕੀਤੀ ਕਿ ਆਉਣ ਵਾਲੀਆਂ ਪੰਚਾਇਤੀ ਚੋਣਾਂ 'ਚ ਸਿਆਸੀ ਵਖਰੇਵਿਆਂ ਨੂੰ ਲਾਂਭੇ ਕਰਕੇ ਸਰਬਸੰਮਤੀ ਨਾਲ ਸਰਪੰਚ-ਪੰਚ ਚੁਣਨ ਤਾਂ ਕਿ ਪਿੰਡਾਂ ਦਾ ਭਾਈਚਾਰਾ ਹੋਰ ਮਜ਼ਬੂਤ ਹੋ ਸਕੇ।

# ਸਰਕਾਰ ਅਤੇ ਕਿਸਾਨਾਂ ਵਿਚਕਾਰ ਟਕਰਾਅ ਵਾਲਾ ਮਾਹੌਲ

*(ਪਹਿਲੇ ਸਫੇ ਦੀ ਬਾਕੀ)*

ਭਾਰਤੀ ਕਿਸਾਨ ਯੂਨੀਅਨ (ਏਕਤਾ)-ਆਜ਼ਾਦ, ਕ੍ਰਾਂਤੀਕਾਰੀ ਕਿਸਾਨ ਯੂਨੀਅਨ (ਫੂਲ ਗਰੁੱਪ), ਆਜ਼ਾਦ ਕਿਸਾਨ ਕਮੇਟੀ ਦੁਆਬਾ (ਸੰਘਾ ਗਰੁੱਪ) ਤੇ ਭਾਰਤੀ ਕਿਸਾਨ ਯੂਨੀਅਨ (ਬਹਿਰਾਮਕੇ) ਸ਼ਾਮਲ ਸਨ। ਇਸ ਤੋਂ ਬਿਨਾ ਹਰਿਆਣਾ ਨਾਲ ਸਬੰਧਤ ਛੇ, ਉੱਤਰ ਪ੍ਰਦੇਸ਼ ਨਾਲ ਸਬੰਧਤ ਤਿੰਨ ਅਤੇ ਉਤਰਾਖੰਡ ਤੇ ਰਾਜਸਥਾਨ ਨਾਲ ਸਬੰਧਤ ਇਕ-ਇਕ ਜਥੇਬੰਦੀ ਸ਼ਾਮਲ ਹਨ। ਉਕਤ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਤੇ ਚੰਡੀਗੜ੍ਹ ਪ੍ਰਸ਼ਾਸਨ ਦੇ ਅਧਿਕਾਰੀਆਂ ਨਾਲ ਮੀਟਿੰਗ ਵੀ ਕੀਤੀ ਸੀ। ਸੂਤਰਾਂ ਦਾ ਦੱਸਣਾ ਹੈ ਕਿ ਇਸ ਮੀਟਿੰਗ ਦੇ ਬੇਸਿੱਟਾ ਰਹਿਣ ਮਗਰੋਂ ਕਿਸਾਨ ਜਥੇਬੰਦੀਆਂ ਨੇ ਕੇਂਦਰ ਸਰਕਾਰ 'ਤੇ ਕਿਸਾਨੀ ਮੰਗਾਂ ਨਾ ਮੰਨਣ ਅਤੇ ਵਾਅਦਾ ਖਿਲਾਫ਼ੀ ਕਰਨ ਦੇ ਦੋਸ਼ ਲਾਉਂਦਿਆਂ ਟਰੈਕਟਰ ਮਾਰਚ ਦਾ ਐਲਾਨ ਕੀਤਾ ਸੀ। ਇਸ ਦੇ ਨਾਲ ਹੀ ਪੁਲਿਸ ਵੱਲੋਂ ਰੋਕੇ ਜਾਣ 'ਤੇ ਪੱਕਾ ਮੋਰਚਾ ਲਾਉਣ ਦੀ ਚਿਤਾਵਨੀ ਵੀ ਦਿੱਤੀ ਗਈ ਸੀ।

ਯਾਦ ਰਹੇ ਕਿ ਕਿਸਾਨਾਂ ਵੱਲੋਂ ਪੰਜਾਬ ਸਣੇ ਉੱਤਰੀ ਖੇਤਰ ਵਿਚ ਹੜ੍ਹਾਂ ਕਰ ਕੇ ਹੋਏ ਖਰਾਬੇ ਲਈ ਕੇਂਦਰ ਸਰਕਾਰ ਤੋਂ ਪੈਕੇਜ ਦੀ ਮੰਗ ਕੀਤੀ ਜਾ ਰਹੀ ਹੈ। ਇਹੀ ਨਹੀਂ, ਕਿਸਾਨਾਂ ਨੇ ਫਸਲਾਂ ਦੇ ਨੁਕਸਾਨ ਦੇ ਮੁਆਵਜ਼ੇ ਵਜੋਂ 50,000 ਪ੍ਰਤੀ ਏਕੜ, ਨੁਕਸਾਨੇ ਘਰ ਲਈ ਪੰਜ ਲੱਖ ਤੇ ਹੜ੍ਹਾਂ ਕਰਕੇ ਮਾਰੇ ਲੋਕਾਂ ਦੇ ਵਾਰਸਾਂ ਨੂੰ 10 ਲੱਖ ਰੁਪਏ ਦਾ ਮੁਆਵਜ਼ਾ ਦਿੱਤੇ ਜਾਣ ਦੀ ਵੀ ਮੰਗ ਕੀਤੀ ਹੈ। ਖੇਤੀ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ ਦਿੱਲੀ ਵਿਚ ਲੱਗੇ ਮੋਰਚੇ ਤੋਂ ਬਾਅਦ ਪਹਿਲੀ ਵਾਰ ਪੰਜਾਬ ਤੋਂ ਇਲਾਵਾ ਹੋਰ ਸੂਬਿਆਂ ਦੇ ਕਿਸਾਨ ਇਕਜੁਟ ਹੋ ਕੇ ਸਰਕਾਰ ਨੂੰ ਘੇਰਨ ਲਈ ਨਿਕਲੇ ਹਨ। ਕਿਸਾਨਾਂ ਦੀ ਰਣਨੀਤੀ ਨੂੰ ਸਮਝਦੇ ਹੋਏ ਸਰਕਾਰ ਕੋਈ ਵੀ ਰਿਸਕ ਲੈਣ ਦੇ ਮੂਡ ਵਿਚ ਨਹੀਂ ਹੈ। ਇਸ ਲਈ ਬਾਹਰਲੇ ਸੂਬਿਆਂ ਦੇ ਕਿਸਾਨਾਂ ਨੂੰ ਪੰਜਾਬ ਦੀਆਂ ਹੱਦਾਂ ਉਤੇ ਹੀ ਰੋਕਣ ਲਈ ਵਾਹ ਲਾ ਦਿੱਤੀ। ਸੂਬੇ ਦੀਆਂ ਹੱਦਾਂ ਸੀਲ ਕਰ ਦਿੱਤੀਆਂ ਗਈਆਂ। ਪੰਜਾਬ ਵਿਚ ਕਿਸਾਨ ਜਥੇਬੰਦੀਆਂ ਦੇ ਆਗੂਆਂ ਦੀ ਟਰੈਕਟਰ ਮਾਰਚ ਤੋਂ ਇਕ ਰਾਤ ਪਹਿਲਾਂ ਹੀ ਫੜੋ-ਫੜੀ ਸ਼ੁਰੂ ਕਰ ਦਿੱਤੀ। ਪੰਜਾਬ ਦੇ ਜਲੰਧਰ, ਤਰਨ ਤਾਰਨ, ਗੁਰਦਾਸਪੁਰ, ਅੰਮ੍ਰਿਤਸਰ, ਫਿਰੋਜ਼ਪੁਰ ਤੇ ਹੋਰਨਾਂ ਜ਼ਿਲ੍ਹਿਆਂ ਵਿਚ ਕਈ ਕਿਸਾਨ ਆਗੂਆਂ ਨੂੰ ਹਿਰਾਸਤ ਵਿਚ ਲਿਆ ਗਿਆ। ਸਿੱਟੇ ਵਜੋਂ ਕਿਸਾਨਾਂ ਵਿਚ ਰੋਹ ਵਧ ਗਿਆ ਹੈ।

ਖੇਤੀ ਕਾਨੂੰਨਾਂ ਖ਼ਿਲਾਫ਼ ਇਕ ਸਾਲ ਤੋਂ ਵੱਧ ਸਮਾਂ ਅੰਦੋਲਨ ਚੱਲਿਆ ਸੀ ਤੇ ਕਿਸਾਨਾਂ ਦੇ ਏਕੇ ਵਾਲੇ ਸੰਘਰਸ਼ ਨੂੰ ਦੇਖਦੇ ਹੋਏ ਸਰਕਾਰ ਨੂੰ ਗੋਡੇ ਟੇਕਦੇ ਹੋਏ ਖੇਤੀ ਕਾਨੂੰਨ ਵਾਪਸ ਲੈਣੇ ਪਏ ਸਨ। ਕੇਂਦਰ ਸਰਕਾਰ ਨੇ ਸੰਘਰਸ਼ ਖਤਮ ਕਰਵਾਉਣ ਲਈ ਕਿਸਾਨਾਂ ਦੀਆਂ ਬਕਾਇਆ ਮੰਗਾਂ ਦੇ ਛੇਤੀ ਹੱਲ ਦਾ ਵਾਅਦਾ ਕੀਤਾ ਸੀ ਪਰ ਕਿਸਾਨਾਂ ਵੱਲੋਂ ਮੋਰਚਾ ਛੱਡਦੇ ਹੀ ਸਰਕਾਰ ਸਾਫ ਮੁੱਕਰ ਗਈ ਅਤੇ ਅੱਜ ਤੱਕ ਕੋਈ ਰਾਹ ਨਹੀਂ ਦਿੱਤਾ। ਕਿਸਾਨ ਜਥੇਬੰਦੀਆਂ ਨੇ ਇਸ ਤੋਂ ਬਾਅਦ ਕਈ ਵਾਰ ਸਰਕਾਰ ਨੂੰ ਦੇਸ਼ ਪੱਧਰ ਉਤੇ ਘੇਰਨ ਦੀ ਕੋਸ਼ਿਸ਼ ਕੀਤੀ ਪਰ ਜਥੇਬੰਦੀਆਂ ਵਿਚ ਆਪਸੀ ਏਕੇ ਦੀ ਘਾਟ ਕਾਰਨ ਇਹ ਸੰਭਵ ਨਹੀਂ ਹੋ ਸਕਿਆ। ਚਰਚਾ ਹੈ ਕਿ ਕਿਸਾਨ ਜਥੇਬੰਦੀਆਂ ਇਕ ਵਾਰ ਮੁੜ ਏਕੇ ਦੀ ਕੋਸ਼ਿਸ਼ ਵਿਚ ਜੁਟ ਗਈਆਂ ਹਨ ਅਤੇ ਇਸ ਦੀ ਸ਼ੁਰੂਆਤ ਪੰਜਾਬ ਤੋਂ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਜਥੇਬੰਦੀਆਂ ਦੀ ਰਣਨੀਤੀ 2024 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਆਪਸੀ ਏਕਾ ਕਰ ਕੇ ਸਰਕਾਰਾਂ ਉਤੇ ਦਬਾਅ ਬਣਾ ਕੇ ਆਪਣੀਆਂ ਮੰਗਾਂ ਮਨਵਾਉਣ ਦੀ ਕੋਸ਼ਿਸ਼ ਹੈ। ਇਹ ਜਾਣਕਾਰੀ ਵੀ ਮਿਲ ਰਹੀ ਹੈ ਕਿ ਵੱਖ-ਵੱਖ ਸੂਬਿਆਂ ਦੇ ਕਿਸਾਨਾਂ ਦਾ ਇਰਾਦਾ ਚੰਡੀਗੜ੍ਹ ਵਿਚ ਪੱਕਾ ਮੋਰਚਾ ਲਾ ਕੇ ਸਰਕਾਰ ਨੂੰ ਘੇਰਨ ਦਾ ਸੀ ਪਰ ਸਰਕਾਰ ਨੇ ਸਾਰੀਆਂ ਹੱਦਾਂ ਸੀਲ ਕਰ ਕੇ ਕਿਸਾਨਾਂ ਨੂੰ ਰਾਜਧਾਨੀ ਦੇ ਨੇੜੇ ਨਹੀਂ ਆਉਣ ਦਿੱਤਾ। ਪੁਲਿਸ ਨੇ ਅੱਗੇ ਵਧ ਰਹੇ ਕਿਸਾਨਾਂ ਉਤੇ ਥਾਂ-ਥਾਂ ਲਾਠੀਚਾਰਜ ਕੀਤਾ। ਕਿਸਾਨਾਂ ਨੂੰ ਹਿਰਾਸਤ ਵਿਚ ਲਿਆ ਗਿਆ ਜਿਸ ਕਾਰਨ ਕਿਸਾਨਾਂ ਨੂੰ ਜਿਥੇ ਥਾਂ ਮਿਲੀ ਮੋਰਚੇ ਲਗਾ ਕੇ ਬੈਠ ਗਏ। ਇਸ ਤੋਂ ਪਹਿਲਾਂ ਸੰਯੁਕਤ ਕਿਸਾਨ ਮੋਰਚੇ 'ਚ ਸ਼ਾਮਲ ਪੰਜਾਬ ਦੀਆਂ 32 ਕਿਸਾਨ ਜਥੇਬੰਦੀਆਂ ਨੇ ਭਾਜਪਾ ਅਤੇ ਆਮ ਆਦਮੀ ਪਾਰਟੀ ਦੇ ਪੰਜਾਬ ਨਾਲ ਸਬੰਧਤ ਮੰਤਰੀਆਂ, ਸੰਸਦ ਮੈਂਬਰਾਂ ਅਤੇ ਵਿਧਾਇਕਾਂ ਦੇ ਘਰਾਂ ਅਤੇ ਦਫ਼ਤਰਾਂ ਦਾ ਘਿਰਾਓ ਕਰ ਕੇ ਹੜ੍ਹਾਂ ਦੀ ਮਾਰ ਝੱਲ ਰਹੇ ਪੰਜਾਬ ਦੇ ਲੋਕਾਂ ਨੂੰ ਫੌਰੀ ਰਾਹਤ ਦੇਣ ਦੀ ਮੰਗ ਕੀਤੀ ਸੀ।

ਕਿਸਾਨ ਜਥੇਬੰਦੀਆਂ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਹੈ ਕਿ ਹੜ੍ਹਾਂ ਨਾਲ ਹੋਏ ਵਿਆਪਕ ਨੁਕਸਾਨ ਨੂੰ ਕੌਮੀ ਆਫਤ ਐਲਾਨ ਕੇ ਪੰਜਾਬ ਨੂੰ ਦਸ ਹਜ਼ਾਰ ਕਰੋੜ ਰੁਪਏ ਦਾ ਵਿਸ਼ੇਸ਼ ਰਾਹਤ ਪੈਕੇਜ ਦਿੱਤਾ ਜਾਵੇ। ਮੋਰਚੇ ਨੇ ਪੰਜਾਬ ਸਰਕਾਰ ਵੱਲੋਂ ਪੰਦਰਾਂ ਹਜ਼ਾਰ ਰੁਪਏ ਪ੍ਰਤੀ ਏਕੜ ਦੇ ਮੁਆਵਜ਼ੇ ਨੂੰ ਨਾਕਾਫੀ ਦੱਸਦੇ ਹੋਏ ਇਸ ਨੂੰ ਬਿਪਤਾ ਸਹਿ ਰਹੇ ਕਿਸਾਨਾਂ ਨਾਲ ਭੱਦਾ ਮਜ਼ਾਕ ਕਰਾਰ ਦਿੱਤਾ ਹੈ।

ਚਿਤਾਵਨੀ ਪੱਤਰ ਵਿਚ ਮੰਗ ਕੀਤੀ ਗਈ ਹੈ ਕਿ ਹੋਏ ਨੁਕਸਾਨ ਦਾ ਮੁਆਵਜ਼ਾ ਵੱਖ-ਵੱਖ ਸਲੈਬਾਂ ਬਣਾ ਕੇ ਦਿੱਤਾ ਜਾਵੇ ਜਿਨ੍ਹਾਂ ਕਿਸਾਨਾਂ ਦੀ ਪੂਰੀ ਫਸਲ ਬਰਬਾਦ ਹੋ ਗਈ ਤੇ ਅਗਲੀ ਫਸਲ ਦੀ ਬਿਜਾਈ 'ਤੇ ਵੀ ਸੰਕਟ ਮੰਡਰਾ ਰਿਹਾ ਹੈ, ਉਨ੍ਹਾਂ ਨੂੰ ਇਕ ਲੱਖ ਰੁਪਏ ਪ੍ਰਤੀ ਏਕੜ, ਇਕ ਫਸਲ ਦੀ ਪੈਦਾਵਾਰ ਨਾ ਹੋਣ ਦਾ 70000 ਰੁਪਏ ਪ੍ਰਤੀ ਏਕੜ, ਪਾਣੀ ਉਤਰਨ ਮਗਰੋਂ ਮੁੜ ਫਸਲ ਬੀਜਣ ਵਾਲੇ ਕਿਸਾਨਾਂ ਨੂੰ 30 ਹਜ਼ਾਰ ਰੁਪਏ ਪ੍ਰਤੀ ਏਕੜ, ਪਰਿਵਾਰ ਦੇ ਮਰੇ ਜੀਅ ਦਾ 10 ਲੱਖ ਰੁਪਏ ਅਤੇ ਮਰੇ ਪਸ਼ੂ ਦਾ ਇਕ ਲੱਖ ਰੁਪਏ ਪ੍ਰਤੀ ਪਸ਼ੂ ਅਤੇ ਨੁਕਸਾਨੇ ਗਏ ਘਰਾਂ ਦਾ ਪੰਜ ਲੱਖ ਰੁਪਏ ਮੁਆਵਜ਼ਾ ਦੇਣ ਦੀ ਮੰਗ ਕੀਤੀ ਗਈ।

## ਸਿਆਸੀ ਧਿਰਾਂ ਵੱਲੋਂ ਸਰਕਾਰ ਉਤੇ ਧੱਕੇਸ਼ਾਹੀ ਦੋਸ਼

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਡਾ. ਦਲਜੀਤ ਸਿੰਘ ਚੀਮਾ ਤੇ ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਹੜ੍ਹਾਂ ਕਾਰਨ ਹੋਏ ਨੁਕਸਾਨ ਲਈ ਮੁਆਵਜ਼ਾ ਮੰਗਣ ਚੰਡੀਗੜ੍ਹ ਜਾ ਰਹੇ ਕਿਸਾਨਾਂ 'ਤੇ ਲਾਠੀਚਾਰਜ ਤੇ ਪੁਲਿਸ ਤਸ਼ੱਦਦ ਕੀਤਾ ਗਿਆ ਜਿਸ ਕਾਰਨ ਕਿਸਾਨ ਦੀ ਮੌਤ ਹੋ ਗਈ, ਇਸ ਲਈ ਮੁੱਖ ਮੰਤਰੀ ਭਗਵੰਤ ਮਾਨ ਖਿਲਾਫ ਕਤਲ ਦਾ ਕੇਸ ਦਰਜ ਕੀਤਾ ਜਾਵੇ। ਸਾਬਕਾ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਨੇ ਕਿਹਾ ਕਿ ਕਿਸਾਨਾਂ 'ਤੇ ਅੰਨ੍ਹੇਵਾਹ ਲਾਠੀਚਾਰਜ ਨੇ ਸਿੱਧ ਕਰ ਦਿੱਤਾ ਹੈ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਕਿਸਾਨ ਤੇ ਜਮਹੂਰੀਅਤ ਵਿਰੋਧੀ ਹੈ। ਪੰਜਾਬ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਕਿਸਾਨ ਆਗੂਆਂ ਨੂੰ ਗ੍ਰਿਫਤਾਰ ਕਰਨ ਉਤੇ 'ਆਪ' ਸਰਕਾਰ ਦੀ ਨਿਖੇਧੀ ਕੀਤੀ ਹੈ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਸਿੱਧੂ ਮੂਸੇਵਾਲਾ ਦੇ ਕਤਲ ਦੀ ਸਾਜ਼ਿਸ਼ ਯੂਪੀ 'ਚ ਰਚਣ ਦਾ ਖੁਲਾਸਾ



**ਮਾਨਸਾ:** ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਕਾਂਡ ਦੀ ਸਾਜ਼ਿਸ਼ ਉੱਤਰ ਪ੍ਰਦੇਸ਼ ਵਿਚ ਬੈਠ ਕੇ ਰਚਣ ਦੇ ਹੋਏ ਖੁਲਾਸੇ ਮਗਰੋਂ ਇਹ ਮਾਮਲਾ ਮੁੜ ਭਖ ਗਿਆ ਹੈ। ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਸਿੱਧੂ ਨੇ ਕਿਹਾ ਕਿ ਉਹ ਪਹਿਲੇ ਦਿਨ ਤੋਂ ਕਹਿ ਰਹੇ ਹਨ ਕਿ ਉਨ੍ਹਾਂ ਦੇ ਪੁੱਤਰ ਦੇ ਕਤਲ ਪਿੱਛੇ ਸਿਆਸਤਦਾਨਾਂ ਅਤੇ ਸੰਗੀਤ ਜਗਤ ਨਾਲ ਜੁੜੇ ਬੰਦਿਆਂ ਦਾ ਹੱਥ ਹੈ ਪਰ ਪੰਜਾਬ ਪੁਲਿਸ ਇਸ ਮਾਮਲੇ ਨੂੰ ਪਹਿਲੇ ਦਿਨ ਤੋਂ ਹੀ ਗੈਂਗਵਾਰ ਦਾ ਨਤੀਜਾ ਦੱਸ ਰਹੀ ਹੈ। ਹਾਲਾਂਕਿ ਇਹ ਮਾਮਲਾ ਗੈਂਗਸਟਰਾਂ ਨਾਲ ਨਹੀਂ ਜੁੜਿਆ, ਸਗੋਂ ਗੈਂਗਸਟਰਾਂ ਨੂੰ ਇਸ ਮਾਮਲੇ 'ਚ ਵਰਤਿਆ ਗਿਆ ਹੈ।

ਉਨ੍ਹਾਂ ਲਾਰੈਂਸ ਬਿਸ਼ਨੋਈ ਦੇ ਯੂਪੀ ਵਿਚਲੇ ਮਦਦਗਾਰਾਂ ਦੀ ਪਛਾਣ ਜਨਤਕ ਕਰਨ ਦੀ ਮੰਗ ਕੀਤੀ ਹੈ। ਬਲਕੌਰ ਸਿੰਘ ਨੇ ਕਿਹਾ ਕਿ ਜਦੋਂ ਸਿੱਧੂ ਮੂਸੇਵਾਲਾ ਦੀ ਛੋਟੀ ਉਮਰ ਵਿਚ ਹੀ ਸੰਗੀਤ ਤੇ ਰਾਜਨੀਤੀ 'ਚ ਚੜ੍ਹਤ ਹੋਣ ਲੱਗੀ ਤਾਂ ਅੰਦਰ ਖਾਤੇ ਉਸ ਦੇ ਕਈ ਦੁਸ਼ਮਣ ਬਣਨ ਲੱਗੇ, ਜਿਨ੍ਹਾਂ ਨੇ ਗੈਂਗਸਟਰਾਂ ਦਾ ਸਹਾਰਾ ਲੈ ਕੇ ਉਸ ਦਾ ਕਤਲ ਕਰਵਾਇਆ ਹੈ। ਉਨ੍ਹਾਂ ਕਿਹਾ ਕਿ ਇਹ ਗੱਲ ਗੋਲਡੀ ਬਰਾੜ ਅਤੇ ਲਾਰੈਂਸ ਬਿਸ਼ਨੋਈ ਹੀ ਦੱਸ ਸਕਦੇ ਹਨ ਕਿ ਉਸ ਨੂੰ ਮਾਰਨ ਪਿਛੇ ਕਿਹੜੇ-ਕਿਹੜੇ ਲੋਕਾਂ ਦਾ ਹੱਥ ਹੈ ਅਤੇ ਇਸੇ ਇਨਸਾਫ ਲਈ ਹੀ ਉਹ ਲੜਾਈ ਲੜ ਰਹੇ ਹਨ।

ਉਨ੍ਹਾਂ ਕਿਹਾ ਕਿ ਮੀਡੀਆ ਦੇ ਇਕ ਹਿੱਸੇ ਅਨੁਸਾਰ ਇਸ ਕਤਲ ਲਈ ਯੂਪੀ ਦੇ ਅਯੁੱਧਿਆ ਵਿਚ ਇਕ ਆਗੂ ਦੇ ਫਾਰਮ ਵਿਚ ਗੈਂਗਸਟਰਾਂ ਨੂੰ ਟਰੇਨਿੰਗ ਦਿੱਤੀ ਗਈ ਸੀ। ਉਨ੍ਹਾਂ ਕਿਹਾ ਕਿ ਸ਼ੂਟਰਾਂ ਦੀਆਂ ਅਯੁੱਧਿਆ ਅਤੇ ਲਖਨਊ ਦੀਆਂ ਜਾਰੀ ਤਸਵੀਰਾਂ ਦੱਸਦੀਆਂ ਹਨ ਕਿ ਬਾਹਰਲੇ ਸੂਬੇ ਦੀ ਪੁਲਿਸ ਦੀ ਜਾਂਚ ਸਹੀ ਪਾਸੇ ਜਾਣ ਲੱਗੀ ਹੈ। ਉਨ੍ਹਾਂ ਕਿਹਾ ਕਿ ਪੁਲਿਸ ਜਾਂਚ 'ਚ ਖੁਲਾਸਾ ਹੋਇਆ ਹੈ ਕਿ ਸ਼ੂਟਰਾਂ ਨੂੰ ਹਥਿਆਰ ਯੂਪੀ ਵਿਚ ਦਿੱਤੇ ਗਏ ਸਨ। ਇਨ੍ਹਾਂ ਹਥਿਆਰਾਂ ਨਾਲ ਉਨ੍ਹਾਂ ਦੀਆਂ ਤਸਵੀਰਾਂ ਵੀ ਜਾਰੀ ਕੀਤੀਆਂ ਗਈਆਂ ਹਨ।

## 'ਸਿਟ' ਤੋਂ ਕੋਈ ਉਮੀਦ ਨਹੀਂ: ਬਲਕੌਰ ਸਿੰਘ

**ਮਾਨਸਾ:** ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਸਿੱਧੂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਕਤਲ ਕੇਸ ਦੀ ਜਾਂਚ ਲਈ ਬਣਾਈ ਗਈ 'ਸਿਟ' ਤੋਂ ਫਿਲਹਾਲ ਕੋਈ ਵੀ ਉਮੀਦ ਨਜ਼ਰ ਨਹੀਂ ਆ ਰਹੀ ਹੈ। ਉਨ੍ਹਾਂ ਕਿਹਾ ਕਿ 447 ਦਿਨਾਂ ਵਿਚ ਮੂਸੇਵਾਲਾ ਕਤਲ ਕੇਸ ਦੀ ਜਾਂਚ ਨਹੀਂ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਯੂਪੀ ਵਿਚ ਗੈਂਗਸਟਰਾਂ ਨੂੰ ਹਥਿਆਰਾਂ ਸਮੇਤ ਟ੍ਰੇਨਿੰਗ ਦੇਣ ਦੇ ਸਬੂਤ ਸਾਹਮਣੇ ਆਉਣ ਤੋਂ ਬਾਅਦ ਹੁਣ ਕੇਂਦਰ ਅਤੇ ਪੰਜਾਬ ਸਰਕਾਰ ਤੋਂ ਇਸ ਕਤਲ ਦੇ ਜ਼ਿੰਮੇਵਾਰ ਵਿਅਕਤੀਆਂ ਖ਼ਿਲਾਫ਼ ਜਾਂਚ ਹੋਣ ਦੀ ਉਮੀਦ ਖ਼ਤਮ ਹੋ ਗਈ ਹੈ। ਉਹ ਪਿੰਡ ਮੂਸਾ ਵਿਖੇ ਪੰਜਾਬੀ ਗਾਇਕ ਦੇ ਪ੍ਰਸੰਸਕਾਂ ਨੂੰ ਸੰਬੋਧਨ ਕਰ ਰਹੇ ਸਨ।

## ਲਾਰੈਂਸ ਬਿਸ਼ਨੋਈ ਭਾਰੀ ਸੁਰੱਖਿਆ ਹੇਠ ਅਦਾਲਤ 'ਚ ਪੇਸ਼

**ਮੋਗਾ:** ਗੈਂਗਸਟਰ ਲਾਰੈਂਸ ਬਿਸ਼ਨੋਈ ਨੂੰ ਬਠਿੰਡਾ ਜੇਲ੍ਹ ਅਤੇ ਗੈਂਗਸਟਰ ਪਰਬਤ ਸਿੰਘ ਨੂੰ ਫ਼ਰੀਦਕੋਟ ਜੇਲ੍ਹ 'ਚੋਂ ਭਾਰੀ ਸੁਰੱਖਿਆ ਪ੍ਰਬੰਧਾਂ ਹੇਠ ਇਥੇ ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਹਰਜੀਤ ਸਿੰਘ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ। ਦੋਵੇਂ ਮੁਲਜ਼ਮਾਂ ਦੀ ਅਦਾਲਤ ਵਿਚ ਪੇਸ਼ੀ ਦੇ ਮੱਦੇਨਜ਼ਰ ਸ਼ਹਿਰ ਨੂੰ ਨਾਕਾਬੰਦੀ ਕਰਕੇ ਸੀਲ ਕੀਤਾ ਗਿਆ ਸੀ ਤੇ ਅਦਾਲਤੀ ਕੰਪਲੈਕਸ ਤੋਂ ਕਿਲੋਮੀਟਰ ਦੂਰ ਤੱਕ ਆਵਾਜਾਈ ਬੰਦ ਰੱਖੀ ਗਈ। ਸੁਰੱਖਿਆ ਪ੍ਰਬੰਧਾਂ ਦੀ ਨਿਗਰਾਨੀ ਕਰ ਰਹੇ ਐੱਸ.ਪੀ.ਡੀ. ਅਜੇਰਾਜ ਸਿੰਘ ਨੇ ਕਿਹਾ ਕਿ ਪਹਿਲੀ ਅਪਰੈਲ 2022 ਨੂੰ ਥਾਣਾ ਬਾਘਾਪੁਰਾਣਾ ਅਧੀਨ ਪਿੰਡ ਮਾੜੀ ਮੁਸਤਫ਼ਾ 'ਚ ਗੈਂਗਸਟਰ ਤੋਂ ਸਮਾਜ ਸੇਵੀ ਬਣੇ ਨੌਜਵਾਨ ਹਰਜੀਤ ਸਿੰਘ ਉਰਫ਼ ਪਿੰਟਾ ਦੀ ਹੱਤਿਆ ਦੇ ਮਾਮਲੇ ਵਿਚ ਮੁਲਜ਼ਮਾਂ ਖ਼ਿਲਾਫ਼ ਅਦਾਲਤ ਨੇ ਦੋਸ਼ ਆਇਦ ਕਰ ਦਿੱਤੇ ਹਨ। ਅਦਾਲਤ ਨੇ ਅਗਲੀ ਸੁਣਵਾਈ ਲਈ 25 ਸਤੰਬਰ ਦੀ ਮੁੜ ਪੇਸ਼ੀ ਮੁਕੱਰਰ ਕੀਤੀ ਹੈ।

## ਕੇਂਦਰ ਸਰਕਾਰ ਆਰ.ਡੀ.ਐਫ. ਦਾ ਪੈਸਾ ਫੌਰੀ ਜਾਰੀ ਕਰੇ: ਚੀਮਾ

**ਅੰਮ੍ਰਿਤਸਰ:** ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕੇਂਦਰ ਸਰਕਾਰ ਕੋਲੋਂ ਸੂਬੇ ਦੇ ਦਿਹਾਤੀ ਵਿਕਾਸ ਫੰਡ (ਆਰ.ਡੀ.ਐਫ.) ਦੇ ਪੈਸੇ ਫੌਰੀ ਜਾਰੀ ਕਰਨ ਦੀ ਮੰਗ ਕੀਤੀ ਹੈ। ਵਿੱਤ ਮੰਤਰੀ ਸ੍ਰੀ ਚੀਮਾ ਨੇ ਕੇਂਦਰ ਤੋਂ ਆਰ.ਡੀ.ਐਫ. ਦੇ ਪੈਸੇ ਫੌਰੀ ਜਾਰੀ ਕਰਨ ਦੀ ਮੰਗ ਕਰਦਿਆਂ ਕਿਹਾ ਕਿ ਸੂਬੇ ਵਿਚ ਹੜ੍ਹ ਦੀ ਸਥਿਤੀ ਨਾਲ ਨਜਿੱਠਣ ਲਈ 105 ਕਰੋੜ ਰੁਪਏ ਦੀ ਫੌਰੀ ਰਾਹਤ ਦਿੱਤੀ ਗਈ ਹੈ ਅਤੇ ਹੜ੍ਹ ਪੀੜਤਾਂ ਨੂੰ ਮੁਆਵਜ਼ਾ ਜਾਰੀ ਕਰਨ ਦੀ ਸ਼ੁਰੂਆਤ ਕੀਤੀ ਗਈ ਹੈ। ਇਸ ਮੌਕੇ ਉਨ੍ਹਾਂ ਸਰਕਾਰ ਦੀਆਂ ਪ੍ਰਾਪਤੀਆਂ ਦਾ ਵੀ ਜ਼ਿਕਰ ਕੀਤਾ। ਉਨ੍ਹਾਂ ਦੱਸਿਆ ਕਿ ਅੰਮ੍ਰਿਤਸਰ ਵਿਚ 200 ਕਰੋੜ ਰੁਪਏ ਦੀ ਲਾਗਤ ਨਾਲ 22 ਏਕੜ ਰਕਬੇ ਵਿਚ ਯੂਨਿਟੀ ਮਾਲ ਬਣਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਨਵੀਂ ਦਿੱਲੀ ਵਿਚ ਇੰਦਰਾ ਗਾਂਧੀ ਕੌਮਾਂਤਰੀ ਹਵਾਈ ਅੱਡੇ ਵਿਚ ਐਨ.ਆਰ.ਆਈਜ਼. ਦੀ ਸਹੂਲਤ ਲਈ ਫੈਸਿਲੀਟੇਸ਼ਨ ਸੈਂਟਰ ਸਥਾਪਤ ਕਰਨ ਦਾ ਫੈਸਲਾ ਕੀਤਾ ਹੈ। ਇਸ ਮੌਕੇ ਉਨ੍ਹਾਂ ਲੋੜਵੰਦਾਂ ਨੂੰ ਟਰਾਈਸਾਈਕਲ ਤੇ ਸਿਲਾਈ ਮਸ਼ੀਨਾਂ ਵੀ ਵੰਡੀਆਂ।



# ਸਿਆਸਤ 'ਚ ਮੁੜ ਸਰਗਰਮ ਹੋਵੇਗੀ ਲੋਕ ਭਲਾਈ ਪਾਰਟੀ

**ਜੈਤੋ:** ਸਾਬਕਾ ਮੰਤਰੀ ਬਲਵੰਤ ਸਿੰਘ ਰਾਮੂਵਾਲੀਆ ਦੀ ਅਗਵਾਈ ਵਾਲੀ ਲੋਕ ਭਲਾਈ ਪਾਰਟੀ ਸਤੰਬਰ ਮਹੀਨੇ ਗੁਰੂ ਕੀ ਢਾਬ ਮੇਲੇ 'ਤੇ ਕਾਨਫਰੰਸ ਕਰਕੇ ਮੁੜ ਤੋਂ ਪੰਜਾਬ ਦੀ ਸਿਆਸਤ 'ਚ ਸਰਗਰਮ ਹੋਵੇਗੀ। ਸੀਨੀਅਰ ਐਡਵੋਕੇਟ ਗੁਰਸਾਹਿਬ ਸਿੰਘ ਬਰਾੜ ਦੀ ਰਿਹਾਇਸ਼ 'ਤੇ ਗੱਲਬਾਤ ਕਰਦਿਆਂ ਰਾਮੂਵਾਲੀਆ ਨੇ ਕਿਹਾ ਕਿ ਜਦੋਂ ਪੰਜਾਬ ਦੀਆਂ ਸਾਰੀਆਂ ਸਿਆਸੀ ਧਿਰਾਂ ਮੁੱਦੇ ਰਹਿਤ ਰਾਜਨੀਤੀ ਕਰਕੇ ਨੀਵੇਂ ਪੱਧਰ ਦੀ ਦੂਸ਼ਣਬਾਜ਼ੀ ਕਰ ਰਹੀਆਂ ਹੋਣ ਤਾਂ ਅਜਿਹੇ 'ਚ ਪੰਜਾਬੀਆਂ ਨੂੰ ਸਹੀ ਦਿਸ਼ਾ ਦੇਣਾ ਲੋਕ ਭਲਾਈ ਪਾਰਟੀ ਆਪਣਾ ਫ਼ਰਜ਼ ਸਮਝਦੀ ਹੈ।



ਉਨ੍ਹਾਂ ਕਿਹਾ ਕਿ ਸੁਖਬੀਰ ਬਾਦਲ ਦੀ ਅਗਵਾਈ ਹੇਠ ਸ਼੍ਰੋਮਣੀ ਅਕਾਲੀ ਦਲ ਸਿੱਖ ਪੰਥ ਨੂੰ ਢਾਹ ਲਾ ਰਿਹਾ ਹੈ ਅਤੇ ਹੋਂਦ ਬਚਾਉਣ 'ਚ ਲੱਗੇ ਅਕਾਲੀ ਦਲ ਦਾ ਭਵਿੱਖ ਧੁੰਦਲਾ ਦਿਖਾਈ ਦੇ ਰਿਹਾ ਹੈ। ਰਾਮੂਵਾਲੀਆ ਨੇ ਕਿਹਾ ਕਿ ਸ਼ਾਨਾਮੱਤੇ ਇਤਿਹਾਸ ਵਾਲੇ ਸ਼੍ਰੋਮਣੀ ਅਕਾਲੀ ਦਲ ਦਾ ਕੋਈ ਯੋਗ ਆਗੂ ਨਾ ਹੋਣ ਕਰਕੇ ਇਹ ਦਿਨੋ-ਦਿਨ ਨਿਘਾਰ ਵੱਲ ਜਾ ਰਿਹਾ ਹੈ। ਉਨ੍ਹਾਂ ਸੁਆਲ ਕੀਤਾ ਕਿ ਸੰਤ ਫ਼ਤਿਹ ਸਿੰਘ, ਮਾਸਟਰ ਤਾਰਾ ਸਿੰਘ, ਮੋਹਨ ਸਿੰਘ ਤੁੜ ਤੋਂ ਲੈ ਕੇ ਅਕਾਲੀ ਦਲ ਦੇ ਪ੍ਰਧਾਨ ਰਹੇ ਜਥੇਦਾਰ ਜਗਦੇਵ ਸਿੰਘ ਤਲਵੰਡੀ ਦੀਆਂ ਆਪਣੀਆਂ ਕਿਹੜੀਆਂ ਬੱਸਾਂ, ਕਿਹੜੇ ਸ਼ਾਪਿੰਗ ਮਾਲ ਜਾਂ ਹੋਟਲ ਸਨ।

# ਮੋਗਾ ਨਗਰ ਨਿਗਮ ਉਤੇ ਆਮ ਆਦਮੀ ਪਾਰਟੀ ਦਾ ਕਬਜ਼ਾ

**ਮੋਗਾ:** ਮੋਗਾ ਨਗਰ ਨਿਗਮ ਉਤੇ ਆਮ ਆਦਮੀ ਪਾਰਟੀ ਦਾ ਕਬਜ਼ਾ ਹੋ ਗਿਆ ਹੈ। ਆਪ ਦੇ ਬਲਜੀਤ ਸਿੰਘ ਚਾਨੀ ਨਿਗਮ ਦੇ ਸਰਬਸੰਮਤੀ ਨਾਲ ਮੇਅਰ ਚੁਣੇ ਗਏ। ਇਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਮੀਟਿੰਗ ਹਾਲ ਵਿਖੇ ਚੋਣ ਲਈ ਹਾਊਸ ਦੀ ਇਕੱਤਰਤਾ ਹੋਈ, ਜਿਸ ਦੌਰਾਨ ਦਲਜੀਤ ਸਿੰਘ ਮਾਂਗਟ ਡਵੀਜ਼ਨਲ ਕਮਿਸ਼ਨਰ ਫ਼ਿਰੋਜ਼ਪੁਰ ਚੋਣ ਨਿਗਰਾਨ ਵਜੋਂ ਹਾਜ਼ਰ ਸਨ। ਚੋਣ ਮੌਕੇ ਮੋਗਾ ਦੇ ਵਿਧਾਇਕ ਡਾਕਟਰ ਅਮਨਦੀਪ ਕੌਰ ਅਰੋੜਾ, ਨਗਰ ਨਿਗਮ ਕਮਿਸ਼ਨਰ ਪੂਨਮ ਅਤੇ 42 ਕੌਂਸਲਰ ਵੀ ਹਾਜ਼ਰ ਸਨ। ਮੇਅਰ ਦੇ ਅਹੁਦੇ ਲਈ ਬਲਜੀਤ ਸਿੰਘ ਚਾਨੀ ਦਾ ਨਾਮ ਕੌਂਸਲਰ ਪਰਵੀਨ ਸ਼ਰਮਾ (ਵਾਰਡ ਨੰਬਰ 36) ਨੇ ਪੇਸ਼ ਕੀਤਾ, ਜਿਸ ਨੂੰ ਕੌਂਸਲਰ ਤੀਰਥ ਰਾਮ (ਵਾਰਡ ਨੰਬਰ 40) ਨੇ ਸਹਿਮਤੀ ਦਿੱਤੀ।



ਇਸ ਤੋਂ ਪਹਿਲਾਂ ਹਾਊਸ ਦੀ ਕਾਰਵਾਈ ਸ਼ੁਰੂ ਕਰਦਿਆਂ ਡਵੀਜ਼ਨਲ ਕਮਿਸ਼ਨਰ ਸ੍ਰੀ ਮਾਂਗਟ ਨੇ ਸਾਰੇ ਕੌਂਸਲਰਾਂ ਨੂੰ ਚੋਣ ਸਬੰਧੀ ਸਾਰੇ ਕਾਨੂੰਨੀ ਅਤੇ ਸੰਵਿਧਾਨ ਪੱਖਾਂ ਬਾਰੇ ਜਾਣਕਾਰੀ ਦਿੱਤੀ। ਹਾਊਸ ਦੀ ਕਾਰਵਾਈ ਚਲਾਉਣ ਲਈ ਸਾਰੇ ਕੌਂਸਲਰਾਂ ਨੇ ਪਹਿਲਾਂ ਕੌਂਸਲਰ ਅਸ਼ੋਕ ਧਮੀਜਾ (ਵਾਰਡ ਨੰਬਰ 12) ਨੂੰ ਸਰਬਸੰਮਤੀ ਨਾਲ ਸਭਾਪਤੀ ਚੁਣਿਆ। ਇਸ ਮੌਕੇ ਮੋਗਾ ਦੇ ਵਿਧਾਇਕ ਡਾਕਟਰ ਅਮਨਦੀਪ ਕੌਰ ਅਰੋੜਾ ਨੇ ਜਿਥੇ ਨਵੇਂ ਚੁਣੇ ਮੇਅਰ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੇ ਸਰਬਪੱਖੀ ਵਿਕਾਸ ਲਈ ਦ੍ਰਿੜ੍ਹ ਵਚਨਬੱਧ ਹੈ। ਮੇਅਰ ਚੁਣੇ ਜਾਣ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ੍ਰੀ ਚਾਨੀ ਨੇ ਭਰੋਸਾ ਦਿੱਤਾ ਕਿ ਸ਼ਹਿਰ ਮੋਗਾ ਦੇ ਵਿਕਾਸ ਕਾਰਜਾਂ ਨੂੰ ਹੁਣ ਜੰਗੀ ਪੱਧਰ ਉੱਤੇ ਸ਼ੁਰੂ ਕੀਤਾ ਜਾਵੇਗਾ ਅਤੇ ਯੋਜਨਾਬੱਧ ਤਰੀਕੇ ਨਾਲ ਨੇਪਰੇ ਚਾੜ੍ਹਿਆ ਜਾਵੇਗਾ। ਉਹ ਪਾਰਟੀ ਪੱਧਰ ਤੋਂ ਉੱਪਰ ਉੱਠ ਕੇ ਸ਼ਹਿਰ ਦੇ ਵਿਕਾਸ ਲਈ ਉਪਰਾਲੇ ਕਰਨਗੇ।


## ਕਮਿਸ਼ਨ ਵੱਲੋਂ ਕਟਾਰੂਚੱਕ ਖਿਲਾਫ ਕੇਸ ਬੰਦ

**ਚੰਡੀਗੜ੍ਹ:** ਕੌਮੀ ਅਨੁਸੂਚਿਤ ਜਾਤੀ ਕਮਿਸ਼ਨ ਨੇ ਪੰਜਾਬ ਦੇ ਖੁਰਾਕ ਤੇ ਸਪਲਾਈ ਮੰਤਰੀ ਲਾਲ ਚੰਦ ਕਟਾਰੂਚੱਕ ਖ਼ਿਲਾਫ਼ ਜਿਨਸੀ ਸ਼ੋਸ਼ਣ ਵਾਲਾ ਕੇਸ ਬੰਦ ਕਰ ਦਿੱਤਾ ਹੈ।

ਸ਼ਿਕਾਇਤ ਕਰਨ ਵਾਲੇ ਪੀੜਤ ਕੇਸ਼ਵ ਕੁਮਾਰ ਨੇ 11 ਜੁਲਾਈ ਨੂੰ ਕੌਮੀ ਕਮਿਸ਼ਨ ਨੂੰ ਪੱਤਰ ਭੇਜ ਕੇ ਕਟਾਰੂਚੱਕ ਖ਼ਿਲਾਫ਼ ਦਰਜ ਕਰਾਈ ਸ਼ਿਕਾਇਤ ਨੂੰ ਵਾਪਸ ਲੈ ਲਿਆ ਸੀ ਜਿਸ ਮਗਰੋਂ ਕਮਿਸ਼ਨ ਨੇ ਇਸ ਕੇਸ ਨੂੰ ਬੰਦ ਕਰਨ ਦਾ ਫੈਸਲਾ ਕੀਤਾ ਹੈ। ਕੌਮੀ ਅਨੁਸੂਚਿਤ ਜਾਤੀ ਕਮਿਸ਼ਨ ਨੇ ਮੁੱਖ ਸਕੱਤਰ ਅਨੁਰਾਗ ਵਰਮਾ ਨੂੰ ਪੱਤਰ ਭੇਜ ਕੇ ਜਾਣੂ ਕਰਾਇਆ ਹੈ ਕਿ ਕੇਸ਼ਵ ਕੁਮਾਰ ਦੇ ਕੇਸ ਨੂੰ ਹੁਣ ਬੰਦ ਕਰ ਦਿੱਤਾ ਗਿਆ ਹੈ। ਚੇਤੇ ਰਹੇ ਕਿ ਕੌਮੀ ਕਮਿਸ਼ਨ ਕੋਲ ਕੇਸ਼ਵ ਕੁਮਾਰ ਨੇ 5 ਮਈ 2023 ਨੂੰ ਸ਼ਿਕਾਇਤ ਦਿੱਤੀ ਸੀ ਕਿ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਵੱਲੋਂ ਉਸ ਦਾ 2013 ਤੋਂ ਜਿਨਸੀ ਸ਼ੋਸ਼ਣ ਕੀਤਾ ਜਾਂਦਾ ਰਿਹਾ ਹੈ ਅਤੇ ਉਹ ਹੁਣ ਤੱਕ ਖ਼ੌਫ਼ ਵਿਚ ਰਹਿਣ ਕਰਕੇ ਸ਼ਿਕਾਇਤ ਦਰਜ ਨਹੀਂ ਕਰਾ ਸਕਿਆ ਸੀ ਕਿਉਂਕਿ ਉਸ ਨੂੰ ਝੂਠੇ ਕੇਸ ਵਿਚ ਫਸਾਉਣ ਦੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਸਨ। ਕੌਮੀ ਕਮਿਸ਼ਨ ਨੇ ਇਸ ਸ਼ਿਕਾਇਤ ਦਾ ਨੋਟਿਸ ਲੈਂਦਿਆਂ ਪੰਜਾਬ ਪੁਲਿਸ ਨੂੰ ਜਾਂਚ ਵਾਸਤੇ ਲਿਖਿਆ ਸੀ। ਪੰਜਾਬ ਪੁਲਿਸ ਨੇ ਬਾਰਡਰ ਰੇਂਜ ਦੇ ਡੀ.ਆਈ.ਜੀ ਨਰਿੰਦਰ ਭਾਰਗਵ ਦੀ ਅਗਵਾਈ ਵਿਚ ਤਿੰਨ ਮੈਂਬਰੀ ਵਿਸ਼ੇਸ਼ ਜਾਂਚ ਟੀਮ ਦਾ ਗਠਨ ਕੀਤਾ ਗਿਆ ਸੀ ਜਿਸ ਵੱਲੋਂ ਇਹ ਮਾਮਲਾ ਪੜਤਾਲਿਆ ਜਾਣਾ ਸੀ।

# ਪੰਚਾਇਤਾਂ ਭੰਗ ਕਰਨ ਉਤੇ ਪੰਜਾਬ ਸਰਕਾਰ ਤੋਂ ਜਵਾਬ ਤਲਬ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਸੂਬੇ ਵਿਚ ਗ੍ਰਾਮ ਪੰਚਾਇਤਾਂ ਨੂੰ ਭੰਗ ਕੀਤੇ ਜਾਣ ਦੇ ਫੈਸਲੇ ਦੇ ਵਿਰੋਧ ਵਿਚ ਦਾਇਰ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕੀਤਾ ਹੈ। ਹਾਈ ਕੋਰਟ ਦੇ ਡਿਵੀਜ਼ਨ ਬੈਂਚ ਨੇ ਮਾਮਲੇ ਦੀ ਅਗਲੀ ਸੁਣਵਾਈ 28 ਅਗਸਤ ਨੂੰ ਤੈਅ ਕੀਤੀ ਹੈ। ਬਲਵਿੰਦਰ ਸਿੰਘ ਅਤੇ ਹੋਰਨਾਂ ਨੇ ਪੰਚਾਇਤਾਂ ਨੂੰ ਭੰਗ ਕੀਤੇ ਜਾਣ ਦੇ ਪੰਜਾਬ ਸਰਕਾਰ ਦੇ ਫੈਸਲੇ ਨੂੰ ਹਾਈ ਕੋਰਟ ਵਿਚ ਚੁਣੌਤੀ ਦਿੱਤੀ ਹੈ, ਜਿਸ 'ਤੇ ਜਸਟਿਸ ਰਾਜ ਮੋਹਨ ਸਿੰਘ ਅਤੇ ਜਸਟਿਸ ਹਰਪ੍ਰੀਤ ਸਿੰਘ ਬਰਾੜ ਨੇ ਸੁਣਵਾਈ ਕੀਤੀ।




ਪੰਜਾਬ ਸਰਕਾਰ ਨੇ 10 ਅਗਸਤ ਨੂੰ ਨੋਟੀਫਿਕੇਸ਼ਨ ਜਾਰੀ ਕਰਕੇ ਸਮੂਹ ਪੰਚਾਇਤੀ ਸੰਸਥਾਵਾਂ ਨੂੰ ਭੰਗ ਕਰ ਦਿੱਤਾ ਸੀ ਅਤੇ ਇਨ੍ਹਾਂ ਦਾ ਕੰਮਕਾਰ ਚਲਾਉਣ ਲਈ ਪ੍ਰਬੰਧਕ ਅਤੇ ਪ੍ਰਸ਼ਾਸਕ ਲਾਉਣ ਦੇ ਹੁਕਮ ਜਾਰੀ ਕੀਤੇ ਸਨ। ਇਸ ਐਲਾਨ ਮਗਰੋਂ ਹੀ ਸਰਪੰਚਾਂ ਵਿਚ ਘੁਸਰ-ਮੁਸਰ ਸ਼ੁਰੂ ਹੋ ਗਈ ਸੀ ਕਿਉਂਕਿ ਸੂਬੇ ਦੇ ਬਹੁਗਿਣਤੀ ਪਿੰਡਾਂ ਵਿਚ ਸਰਪੰਚੀ ਦੇ ਅਹੁਦੇ ਕਾਂਗਰਸ ਕੋਲ ਸਨ। ਪਟੀਸ਼ਨ ਵਿਚ ਸਰਕਾਰ ਦੇ ਨੋਟੀਫਿਕੇਸ਼ਨ ਨੂੰ ਗੈਰਕਾਨੂੰਨੀ ਅਤੇ ਕੁਦਰਤੀ ਨਿਆਂ ਦੇ ਵਿਰੁੱਧ ਦੱਸਿਆ ਗਿਆ ਹੈ। ਅਦਾਲਤ ਵਿਚ ਪੰਚਾਇਤੀ ਨੁਮਾਇੰਦਿਆਂ ਵੱਲੋਂ ਪੇਸ਼ ਵਕੀਲਾਂ ਨੇ ਦਲੀਲ ਦਿੱਤੀ ਕਿ ਸੂਬੇ ਦੀਆਂ ਗ੍ਰਾਮ ਪੰਚਾਇਤਾਂ ਨੂੰ ਚੁਣੇ ਹੋਏ ਪ੍ਰਤੀਨਿਧਾਂ ਦੇ ਕਾਰਜਕਾਲ ਦੀ ਸਮਾਪਤੀ ਤੋਂ ਪਹਿਲਾਂ ਗੈਰਕਾਨੂੰਨੀ ਅਤੇ ਗਲਤ ਤਰੀਕੇ ਨਾਲ ਭੰਗ ਕੀਤਾ ਗਿਆ ਹੈ। ਉਨ੍ਹਾਂ ਤਰਕ ਦਿੱਤਾ ਕਿ 10 ਅਤੇ 11 ਜਨਵਰੀ 2019 ਨੂੰ ਸਰਪੰਚਾਂ ਨੇ ਆਪਣੇ ਅਹੁਦੇ ਦੀ ਸਹੁੰ ਚੁੱਕੀ ਸੀ ਅਤੇ ਇਸ ਲਿਹਾਜ਼ ਨਾਲ ਚੁਣੇ ਹੋਏ ਨੁਮਾਇੰਦਿਆਂ ਦਾ ਕਾਰਜਕਾਲ 10 ਜਨਵਰੀ 2024 ਤੱਕ ਬਣਦਾ ਹੈ। ਪਟੀਸ਼ਨਰਾਂ ਨੇ ਕਿਹਾ ਕਿ ਉਨ੍ਹਾਂ ਨੂੰ ਕਾਰਜਕਾਲ ਪੂਰਾ ਨਹੀਂ ਕਰਨ ਦਿੱਤਾ ਗਿਆ ਹੈ। ਪਟੀਸ਼ਨ ਵਿਚ ਕਿਹਾ ਗਿਆ ਹੈ ਕਿ ਪੰਜਾਬ ਪੰਚਾਇਤੀ ਰਾਜ ਐਕਟ 1994 ਅਤੇ ਸੰਵਿਧਾਨ ਦੀ ਧਾਰਾ 243ਈ ਅਤੇ ਧਾਰਾ 15 ਤਹਿਤ ਪੰਚਾਇਤ ਦਾ ਕਾਰਜਕਾਲ ਪਹਿਲੀ ਮੀਟਿੰਗ ਤੋਂ ਪੰਜ ਸਾਲਾਂ ਲਈ ਹੋਵੇਗਾ। ਪਟੀਸ਼ਨ ਵਿਚ ਕਿਹਾ ਗਿਆ ਕਿ ਪੰਜਾਬ ਸਰਕਾਰ ਮਿਆਦ ਪੂਰੀ ਹੋਣ ਤੋਂ ਛੇ ਮਹੀਨੇ ਪਹਿਲਾਂ ਪੰਚਾਇਤਾਂ ਉਦੋਂ ਹੀ ਭੰਗ ਕਰ ਸਕਦੀ ਹੈ ਕਿ ਜੇਕਰ ਅਜਿਹਾ ਕਰਨਾ ਲੋਕ ਹਿੱਤ ਵਿਚ ਹੋਵੇ ਅਤੇ ਖਾਸ ਤਰ੍ਹਾਂ ਦੇ ਹਾਲਾਤ ਬਣੇ ਹੋਣ ਜੋ ਪੰਚਾਇਤਾਂ ਨੂੰ ਭੰਗ ਕਰਨ ਦੀ ਇਜਾਜ਼ਤ ਦਿੰਦੇ ਹੋਣ। ਹਾਈ ਕੋਰਟ ਵਿਚ ਸਰਕਾਰੀ ਫੈਸਲੇ ਨੂੰ ਚੁਣੌਤੀ ਦਿੱਤੇ ਜਾਣ ਨਾਲ ਪੰਚਾਇਤਾਂ ਨੂੰ ਭੰਗ ਕੀਤੇ ਜਾਣ ਦੇ ਫੈਸਲੇ 'ਤੇ ਸੁਆਲੀਆ ਨਿਸ਼ਾਨ ਲੱਗ ਗਿਆ ਹੈ।

## ਨਗਰ ਕੌਂਸਲ ਚੋਣਾਂ 'ਚ ਜਿੱਤੇਗੀ ਭਾਜਪਾ: ਜੈ ਇੰਦਰ

**ਅਮਲੋਹ:** ਭਾਜਪਾ ਦੀ ਜ਼ਿਲ੍ਹਾ ਆਬਜ਼ਰਵਰ ਜੈ ਇੰਦਰ ਕੌਰ ਨੇ ਇਥੇ ਅਮਲੋਹ ਦੇ ਮੰਡਲ ਪ੍ਰਧਾਨ ਐਡਵੋਕੇਟ ਮਯੰਕ ਸ਼ਰਮਾ ਦੀ ਅਗਵਾਈ ਹੇਠ ਪਾਰਟੀ ਵਰਕਰਾਂ ਨਾਲ ਮੀਟਿੰਗ ਕੀਤੀ। ਇਸ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਦਾਅਵਾ ਕੀਤਾ ਕਿ ਪਾਰਟੀ ਕੌਂਸਲ ਚੋਣਾਂ ਵਿਚ ਸ਼ਾਨਦਾਰ ਜਿੱਤ ਹਾਸਲ ਕਰੇਗੀ ਕਿਉਂਕਿ ਪੰਜਾਬ ਦੇ ਲੋਕ ਆਮ ਆਦਮੀ ਪਾਰਟੀ ਦੀ ਕਾਰਗੁਜ਼ਾਰੀ ਤੋਂ ਡੇਢ ਸਾਲ ਵਿਚ ਹੀ ਦੁਖੀ ਹੋ ਗਏ ਹਨ ਜਦੋਂਕਿ ਕਾਂਗਰਸ ਅਤੇ ਅਕਾਲੀ ਦਲ ਦੀ ਕਾਰਗੁਜ਼ਾਰੀ ਤੋਂ ਪਹਿਲਾਂ ਹੀ ਦੁਖੀ ਸਨ। ਉਨ੍ਹਾਂ ਅਮਲੋਹ ਦੀ ਕੌਂਸਲ ਚੋਣ ਬਾਰੇ ਪਾਰਟੀ ਵਰਕਰਾਂ ਨਾਲ ਗੱਲਬਾਤ ਕੀਤੀ ਅਤੇ ਸਾਫ-ਸੁਥਰੇ ਅਕਸ ਵਾਲੇ ਮਜ਼ਬੂਤ ਉਮੀਦਵਾਰ ਚੋਣ ਮੈਦਾਨ ਵਿਚ ਲਿਆਉਣ ਦਾ ਭਰੋਸਾ ਦਿੱਤਾ। ਉਨ੍ਹਾਂ ਕਿਹਾ ਕਿ ਪਾਰਟੀ ਵੱਲੋਂ ਹਰ ਵਾਰਡ ਵਿਚ ਆਪਣਾ ਉਮੀਦਵਾਰ ਖੜ੍ਹਾ ਕੀਤਾ ਜਾਵੇਗਾ।

# ਬਿਜਲੀ ਚੋਰੀ: ਭਗਵੰਤ ਮਾਨ ਦੀ 'ਕੁੰਡੀ ਹਟਾਓ ਮੁਹਿੰਮ' ਵੀ ਬੇਅਸਰ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ 12 ਮਈ 2022 ਨੂੰ 'ਕੁੰਡੀ ਹਟਾਓ ਮੁਹਿੰਮ' ਦੀ ਸ਼ੁਰੂਆਤ ਕੀਤੀ ਸੀ ਅਤੇ ਬਿਜਲੀ ਚੋਰਾਂ ਖ਼ਿਲਾਫ਼ ਕਾਰਵਾਈ ਸ਼ੁਰੂ ਕੀਤੀ ਸੀ। ਤਾਜ਼ਾ ਅੰਕੜੇ ਦੱਸਦੇ ਹਨ ਕਿ ਇਹ ਮੁਹਿੰਮ ਪੂਰੀ ਤਰ੍ਹਾਂ ਬੇਅਸਰ ਸਾਬਤ ਹੋਈ ਹੈ, ਸਗੋਂ ਪੰਜਾਬ ਵਿਚ ਬਿਜਲੀ ਚੋਰੀ ਪਹਿਲਾਂ ਦੇ ਮੁਕਾਬਲੇ ਹੁਣ ਵਧ ਗਈ ਹੈ। ਪਾਵਰਕੌਮ ਦੇ ਮਾਹਿਰਾਂ ਅਨੁਸਾਰ ਸੂਬੇ ਵਿਚ ਬਿਜਲੀ ਚੋਰੀ ਹੁਣ ਸਾਲਾਨਾ 1500 ਕਰੋੜ ਨੂੰ ਛੂਹ ਗਈ ਹੈ ਜੋ ਕਿ ਛੇ ਵਰ੍ਹੇ ਪਹਿਲਾਂ 1200 ਕਰੋੜ ਸਾਲਾਨਾ ਸੀ। ਪਾਵਰਕੌਮ ਵਪਾਰਕ ਘਾਟਿਆਂ ਦੇ ਲਿਹਾਜ਼ ਨਾਲ ਬਿਜਲੀ ਚੋਰੀ ਦਾ ਅੰਦਾਜ਼ਾ ਲਗਾਉਂਦਾ ਹੈ।



ਸਰਹੱਦੀ ਜਿਲ੍ਹਿਆਂ ਵਿਚ ਬਿਜਲੀ ਚੋਰੀ ਹਾਲੇ ਜਾਰੀ ਹੈ। ਪੰਜ ਵਰ੍ਹੇ ਪਹਿਲਾਂ (2018-19) ਦੇ ਮੁਕਾਬਲੇ ਹੁਣ ਦੇ ਵਪਾਰਕ ਘਾਟੇ (2022-23) ਦੇਖੀਏ ਤਾਂ ਉਸ ਤੋਂ ਬਿਜਲੀ ਚੋਰੀ 'ਚ ਵਾਧੇ ਦੀ ਪੁਸ਼ਟੀ ਹੁੰਦੀ ਹੈ। ਪੰਜ ਵਰ੍ਹੇ ਪਹਿਲਾਂ ਭਿੱਖੀਵਿੰਡ ਸਰਕਲ ਵਿਚ ਬਿਜਲੀ ਚੋਰੀ 72.76 ਫੀਸਦੀ ਸੀ ਜੋ ਹੁਣ ਵਧ ਕੇ 73.16 ਫੀਸਦੀ ਹੋ ਗਈ ਹੈ। ਪੱਟੀ ਹਲਕੇ ਵਿਚ ਪੰਜ ਸਾਲ ਪਹਿਲਾਂ ਵਪਾਰਕ ਘਾਟੇ 63.63 ਫੀਸਦੀ ਸਨ, ਉਹ ਵਧ ਕੇ 63.90 ਫੀਸਦੀ ਹੋ ਗਏ ਹਨ। ਅੰਮ੍ਰਿਤਸਰ ਪੱਛਮੀ ਵਿਚ ਪੰਜ ਸਾਲ ਪਹਿਲਾਂ 50.63 ਫੀਸਦੀ ਘਾਟੇ ਸਨ, ਜੋ ਹੁਣ ਵਧ ਕੇ 57.93 ਫੀਸਦੀ ਹੋ ਗਏ ਹਨ। ਜ਼ੀਰਾ ਹਲਕੇ ਵਿਚ 47.68 ਫੀਸਦੀ ਤੋਂ ਵੰਡ ਘਾਟੇ ਵਧ ਕੇ 54.84 ਫੀਸਦੀ ਹੋ ਗਏ ਹਨ। ਬਾਦਲ ਡਿਵੀਜ਼ਨ ਵਿਚ ਵੰਡ ਘਾਟੇ ਜੋ ਪੰਜ ਸਾਲ ਪਹਿਲਾਂ 27.61 ਫੀਸਦੀ ਸਨ, ਉਹ ਹੁਣ 36.09 ਫੀਸਦੀ ਹੋ ਗਏ ਹਨ। ਗਿੱਦੜਬਾਹਾ ਡਿਵੀਜ਼ਨ ਵਿਚ ਹੁਣ ਬਿਜਲੀ ਘਾਟਾ 30.83 ਫੀਸਦੀ ਹੈ ਜੋ ਪੰਜ ਸਾਲ ਪਹਿਲਾਂ 21.59 ਫੀਸਦੀ ਸਨ। ਇਹੋ ਹਾਲ ਬਾਕੀ ਦਰਜਨਾਂ ਹਲਕਿਆਂ ਦਾ ਹੈ। ਪਾਵਰਕੌਮ ਦੇ ਅਧਿਕਾਰੀ ਆਖਦੇ ਹਨ ਕਿ ਸਥਾਨਕ ਸਿਆਸਤਦਾਨਾਂ ਤੋਂ ਇਲਾਵਾ ਕੁਝ ਕਿਸਾਨ ਆਗੂ ਬਿਜਲੀ ਚੋਰਾਂ ਖ਼ਿਲਾਫ਼ ਮੁਹਿੰਮ ਵਿਚ ਅੜਿੱਕਾ ਬਣਦੇ ਹਨ। ਦੂਜੇ ਪਾਸੇ ਪਾਵਰਕੌਮ ਦੀ ਵਿੱਤੀ ਸਥਿਤੀ ਬਹੁਤੀ ਚੰਗੀ ਨਹੀਂ ਹੈ ਅਤੇ ਇਸ ਵੇਲੇ ਪਾਵਰਕੌਮ 17,500 ਕਰੋੜ ਰੁਪਏ ਦੇ ਕਰਜ਼ੇ ਹੇਠ ਹੈ।

ਜ਼ੀਰੋ ਬਿੱਲਾਂ ਮਗਰੋਂ ਪਾਵਰਕੌਮ ਨੂੰ ਆਸ ਸੀ ਕਿ ਬਿਜਲੀ ਚੋਰੀ ਵਿਚ ਕਟੌਤੀ ਹੋ ਜਾਵੇਗੀ ਪਰ ਵਪਾਰਕ ਘਾਟੇ ਘਟੇ ਨਹੀਂ ਹਨ। ਸੂਤਰ ਆਖਦੇ ਹਨ ਕਿ ਬਿਜਲੀ ਚੋਰੀ ਨਾਲ ਸਬਸਿਡੀ ਦਾ ਬੋਝ ਸਰਕਾਰ 'ਤੇ ਵਧ ਰਿਹਾ ਹੈ ਪ੍ਰੰਤੂ 'ਆਪ' ਦੇ ਕੁਝ ਵਿਧਾਇਕ ਅਤੇ ਵਜ਼ੀਰ ਵੀ ਬਿਜਲੀ ਚੋਰਾਂ ਖ਼ਿਲਾਫ਼ ਕਦਮ ਚੁੱਕੇ ਜਾਣ 'ਤੇ ਅੜਿੱਕਾ ਬਣ ਜਾਂਦੇ ਹਨ। ਪਾਵਰਕੌਮ ਇਸ ਕਰਕੇ ਬੇਵੱਸ ਵੀ ਹੈ ਅਤੇ ਪੁਲਿਸ ਅਧਿਕਾਰੀ ਵੀ ਮੁਹਿੰਮ ਵਿਚ ਸਹਿਯੋਗ ਨਹੀਂ ਕਰ ਰਹੇ ਹਨ।

# ਅਮਰੀਕੀ ਅਦਾਲਤ 'ਚ ਦੋਸ਼ ਕਬੂਲੇਗਾ ਭਾਰਤੀ ਮੂਲ ਦਾ ਸਾਬਕਾ ਮੇਅਰ

**ਨਿਊ ਯਾਰਕ:** ਅਮਰੀਕੀ ਸ਼ਹਿਰ ਦਾ ਭਾਰਤੀ ਮੂਲ ਦਾ ਸਾਬਕਾ ਮੇਅਰ ਭ੍ਰਿਸ਼ਟਾਚਾਰ ਕੇਸ ਨਾਲ ਸਬੰਧਤ ਦੋਸ਼ਾਂ ਨੂੰ ਫੈਡਰਲ ਅਦਾਲਤ ਵਿਚ ਕਬੂਲ ਕਰਨ ਲਈ ਤਿਆਰ ਹੋ ਗਿਆ ਹੈ। ਉਸ 'ਤੇ ਸਬੂਤ ਖਤਮ ਕਰਨ ਅਤੇ ਏਜੰਟਾਂ ਨੂੰ ਝੂਠੇ ਬਿਆਨ ਦੇ ਕੇ ਐਫ.ਬੀ.ਆਈ. ਦੀ ਜਾਂਚ ਵਿਚ ਅੜਿੱਕਾ ਪਾਉਣ ਦਾ ਦੋਸ਼ ਵੀ ਹੈ। ਹਰੀਸ਼ 'ਹੈਰੀ' ਸਿੰਘ ਸਿੱਧੂ ਜੋ ਕਿ 2018 ਵਿਚ ਕੈਲੀਫੋਰਨੀਆ ਦੇ ਐਨਹਾਈਮ ਦਾ ਮੇਅਰ ਚੁਣਿਆ ਗਿਆ ਸੀ, ਖ਼ਿਲਾਫ਼ 2022 ਵਿਚ ਭ੍ਰਿਸ਼ਟਾਚਾਰ ਦੇ ਦੋਸ਼ ਜਨਤਕ ਹੋਏ ਸਨ। ਇਹ ਮਾਮਲਾ ਇਕ ਬੇਸਬਾਲ ਸਟੇਡੀਅਮ ਦੀ ਵਿਕਰੀ ਤੇ ਹੋਰ ਦੋਸ਼ਾਂ ਨਾਲ ਸਬੰਧਤ ਹੈ।

ਡਿਸਟ੍ਰਿਕਟ ਕੋਰਟ ਵਿਚ ਸਿੱਧੂ (66) ਨੇ ਕੈਲੀਫੋਰਨੀਆ ਟੈਕਸ ਅਥਾਰਿਟੀ ਨਾਲ ਧੋਖਾਧੜੀ ਤੇ ਇਕ ਹੈਲੀਕਾਪਟਰ ਦੀ ਖਰੀਦ ਬਾਰੇ ਫੈਡਰਲ ਏਵੀਏਸ਼ਨ ਪ੍ਰਸ਼ਾਸਨ ਨੂੰ ਝੂਠੇ ਬਿਆਨ ਦੇਣ ਦੀ ਗੱਲ ਵੀ ਕਬੂਲੀ ਹੈ।

ਸਿੱਧੂ ਨੇ ਮੰਨਿਆ ਹੈ ਕਿ ਜਦ ਐਨਹਾਈਮ ਸ਼ਹਿਰ ਏਂਜਲਸ ਸਟੇਡੀਅਮ ਦੀ ਵਿਕਰੀ ਬਾਰੇ ਲਾਸ ਏਂਜਲਸ ਦੀ ਵੱਡੀ ਬੇਸਬਾਲ ਕਲੱਬ ਲੀਗ ਨਾਲ ਸੌਦਾ ਕਰ ਰਿਹਾ ਸੀ ਤਾਂ ਉਹ ਸ਼ਹਿਰ ਵੱਲੋਂ ਸੌਦਾ ਕਰ ਰਹੀ ਟੀਮ ਦਾ ਮੈਂਬਰ ਬਣਿਆ ਸੀ। ਉਸ ਨੇ ਇਸ ਪ੍ਰਕਿਰਿਆ ਦੌਰਾਨ ਖਰੀਦਦਾਰ ਨੂੰ ਵਿਕਰੀ ਨਾਲ ਸਬੰਧਤ ਅਹਿਮ ਜਾਣਕਾਰੀ



ਉਪਲਬਧ ਕਰਵਾਈ ਜੋ ਕਿ ਖਰੀਦਣ ਵਾਲੇ ਨੂੰ ਫਾਇਦਾ ਦੇ ਸਕਦੀ ਸੀ।

ਮੇਅਰ ਵਜੋਂ ਇਹ ਜਾਣਕਾਰੀ ਦੇਣ ਤੋਂ ਬਾਅਦ ਸਿੱਧੂ ਨੇ ਸਟੇਡੀਅਮ ਖਰੀਦਣ ਵਾਲੀ ਫਰਮ ਤੋਂ ਚੋਣ ਮੁਹਿੰਮ ਲਈ 10 ਲੱਖ ਡਾਲਰ ਮੰਗੇ। ਜ਼ਿਕਰਯੋਗ ਹੈ ਕਿ 2018 ਵਿਚ ਸਿੱਧੂ ਸ਼ਹਿਰ ਦਾ ਪਹਿਲਾ ਸਿੱਖ ਮੇਅਰ ਬਣਿਆ ਸੀ ਤੇ ਰੰਗ-ਨਸਲ ਦੇ ਪੱਖ ਤੋਂ ਵੀ ਉਹ ਇਸ ਅਹੁਦੇ ਉਤੇ ਪਹਿਲਾ ਵਿਅਕਤੀ ਸੀ।

# ਛੱਤੀਸਗੜ੍ਹ 'ਚ ਸੱਤਾ 'ਚ ਆਉਣ 'ਤੇ 300 ਯੂਨਿਟ ਮੁਫਤ ਬਿਜਲੀ ਦੇਵਾਂਗੇ: ਕੇਜਰੀਵਾਲ

**ਰਾਏਪੁਰ:** ਆਮ ਆਦਮੀ ਪਾਰਟੀ (ਆਪ) ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਐਲਾਨ ਕੀਤਾ ਕਿ ਜੇ ਉਨ੍ਹਾਂ ਦੀ ਪਾਰਟੀ ਸੱਤਾ ਵਿਚ ਆਈ ਤਾਂ ਛੱਤੀਸਗੜ੍ਹ ਦੇ ਸ਼ਹਿਰਾਂ ਅਤੇ ਪਿੰਡਾਂ ਨੂੰ ਪ੍ਰਤੀ ਮਹੀਨਾ 300 ਯੂਨਿਟ ਮੁਫਤ ਅਤੇ 24 ਘੰਟੇ ਬਿਜਲੀ ਸਪਲਾਈ ਦਿੱਤੀ ਜਾਵੇਗੀ। ਇਥੇ ਜਨ ਸਭਾ ਦੌਰਾਨ ਉਨ੍ਹਾਂ ਛੱਤੀਸਗੜ੍ਹ ਦੇ ਸਰਕਾਰੀ ਸਕੂਲਾਂ ਦੀ ਹਾਲਤ ਬਾਰੇ ਸੂਬੇ ਦੀ ਕਾਂਗਰਸ ਸਰਕਾਰ ਦੀ ਆਲੋਚਨਾ ਕੀਤੀ। ਛੱਤੀਸਗੜ੍ਹ ਵਿਚ ਸਰਕਾਰੀ ਸਕੂਲਾਂ ਦੀ ਹਾਲਤ ਬਹੁਤ ਮਾੜੀ ਹੈ। ਦਿੱਲੀ ਦੇ ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ (ਆਪ) ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਛੱਤੀਸਗੜ੍ਹ ਦੀ ਰਾਜਧਾਨੀ ਰਾਏਪੁਰ ਦੇ ਇਕ ਦਿਨਾਂ ਦੌਰੇ ਉਤੇ ਹਨ। ਪੰਜ ਮਹੀਨਿਆਂ ਵਿਚ ਇਹ ਉਨ੍ਹਾਂ



ਦਾ ਤੀਜਾ ਦੌਰਾ ਹੈ। ਰਾਜ ਵਿਚ ਇਸ ਸਾਲ ਦੇ ਅੰਤ ਵਿਚ ਵਿਧਾਨ ਸਭਾ ਚੋਣਾਂ ਹੋਣੀਆਂ ਹਨ।

# ਸੰਨੀ ਦਿਓਲ ਦੇ ਬੰਗਲੇ ਦੀ ਨਿਲਾਮੀ ਰੋਕਣ ਉਤੇ ਉਠੇ ਸਵਾਲ

**ਨਵੀਂ ਦਿੱਲੀ:** ਕਾਂਗਰਸ ਨੇ ਬੈਂਕ ਆਫ ਬੜੌਦਾ ਵੱਲੋਂ ਭਾਜਪਾ ਸੰਸਦ ਮੈਂਬਰ ਅਤੇ ਅਭਿਨੇਤਾ ਸੰਨੀ ਦਿਓਲ ਦੇ ਬੰਗਲੇ ਦੀ ਈ-ਨਿਲਾਮੀ ਲਈ ਨੋਟਿਸ ਨੂੰ ਵਾਪਸ ਲੈਣ ਉਤੇ ਸਵਾਲ ਖੜ੍ਹੇ ਕੀਤੇ ਹਨ। ਪਾਰਟੀ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਪੁੱਛਿਆ ਕਿ ਬੈਂਕ ਨੂੰ 'ਤਕਨੀਕੀ ਕਾਰਨਾਂ' ਦਾ ਹਵਾਲਾ ਦੇਣ ਲਈ ਕਿਸ ਨੇ ਪ੍ਰੇਰਿਆ।

ਸ੍ਰੀ ਰਮੇਸ਼ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' ਉਤੇ ਲਿਖਿਆ, 'ਕੱਲ੍ਹ ਦੁਪਹਿਰ ਦੇਸ ਨੂੰ ਪਤਾ ਲੱਗਾ ਕਿ ਬੈਂਕ ਆਫ ਬੜੌਦਾ ਨੇ ਭਾਜਪਾ ਸੰਸਦ ਮੈਂਬਰ ਸੰਨੀ ਦਿਓਲ ਦੇ ਜੂਹੂ ਸਥਿਤ ਘਰ ਨੂੰ ਈ-ਨਿਲਾਮੀ ਲਈ ਰੱਖਿਆ ਹੈ ਕਿਉਂਕਿ ਉਨ੍ਹਾਂ



ਨੇ ਬੈਂਕ ਨੂੰ 56 ਕਰੋੜ ਰੁਪਏ ਦਾ ਭੁਗਤਾਨ ਨਹੀਂ ਕੀਤਾ ਹੈ। ਅੱਜ ਸਵੇਰੇ 24 ਘੰਟਿਆਂ ਤੋਂ ਵੀ ਘੱਟ ਸਮੇਂ ਵਿਚ ਦੇਸ ਨੂੰ ਪਤਾ ਲੱਗਾ ਕਿ ਬੈਂਕ ਆਫ ਬੜੌਦਾ ਨੇ ਤਕਨੀਕੀ ਕਾਰਨਾਂ ਕਰਕੇ ਨਿਲਾਮੀ ਨੋਟਿਸ ਵਾਪਸ ਲੈ ਲਿਆ ਹੈ। ਆਖਰ ਐਨੀ ਛੇਤੀ ਸਭ ਕੀ ਹੋ ਗਿਆ।'

# ਭਾਰਤੀ ਪਰਿਵਾਰ ਦੇ ਤਿੰਨ ਮੈਂਬਰ ਮ੍ਰਿਤਕ ਮਿਲੇ


**ਨਿਊ ਯਾਰਕ:** ਅਮਰੀਕੀ ਰਾਜ ਮੈਰੀਲੈਂਡ 'ਚ ਇਕ ਭਾਰਤੀ ਜੋੜਾ ਤੇ ਉਨ੍ਹਾਂ ਦਾ ਛੇ ਸਾਲਾ ਬੱਚਾ ਮ੍ਰਿਤਕ ਮਿਲੇ ਹਨ। ਪੁਲਿਸ ਇਸ ਨੂੰ ਦੋਹਰਾ ਖੁਦਕੁਸ਼ੀ-ਹੱਤਿਆ ਦਾ ਕੇਸ ਮੰਨ ਰਹੀ ਹੈ। ਕਰਨਾਟਕ ਨਾਲ ਸਬੰਧਤ ਤਿੰਨਾਂ ਜਣਿਆਂ ਦੇ ਗੋਲੀਆਂ ਲੱਗੀਆਂ ਹੋਈਆਂ ਹਨ। ਇਹ ਘਟਨਾ ਬਾਲਟੀਮੋਰ ਕਾਊਂਟੀ ਵਿਚ ਪੈਂਦੀ ਜੋੜੇ ਦੀ ਰਿਹਾਇਸ਼ 'ਤੇ ਹੀ ਵਾਪਰੀ ਹੈ। ਮ੍ਰਿਤਕਾਂ ਦੀ ਸ਼ਨਾਖਤ ਯੋਗੇਸ਼ ਐਚ. ਨਾਗਰਾਜੱਪਾ (37), ਪ੍ਰਤਿਭਾ ਵਾਈ. ਅਮਰਨਾਥ (37) ਤੇ ਯਸ਼ ਹੋਨਾਲ (6) ਵਜੋਂ ਹੋਈ ਹੈ। ਬਾਲਟੀਮੋਰ ਕਾਊਂਟੀ ਪੁਲਿਸ ਦੇ ਬੁਲਾਰੇ ਐਂਥਨੀ ਸ਼ੈਲਟਨ ਨੇ ਦੱਸਿਆ ਕਿ ਮੁਢਲੀ ਜਾਂਚ 'ਚ ਘਟਨਾ ਦੋਹਰੀ ਹੱਤਿਆ ਤੇ ਖੁਦਕੁਸ਼ੀ ਦਾ ਕੇਸ ਲੱਗ ਰਹੀ ਹੈ, ਜਿਸ ਨੂੰ ਨਾਗਰਾਜੱਪਾ ਨੇ ਅੰਜਾਮ ਦਿੱਤਾ। ਪੁਲਿਸ ਨੇ ਕਿਹਾ ਕਿ ਚੀਫ ਮੈਡੀਕਲ ਅਧਿਕਾਰੀ ਵਜੋਂ ਪਰਿਵਾਰ ਦਾ ਪੋਸਟਮਾਰਟਮ ਕੀਤਾ ਜਾਵੇਗਾ।

# ਦੋ ਸਾਲਾਂ ਤੋਂ ਅਣਵਰਤੇ ਖਾਤੇ ਡਿਲੀਟ ਕਰੇਗਾ ਗੂਗਲ

**ਨਵੀਂ ਦਿੱਲੀ:** ਗੂਗਲ ਨੇ ਆਪਣੇ ਕਰੋੜਾਂ ਵਰਤੋਂਕਾਰਾਂ ਨੂੰ ਈਮੇਲਾਂ ਭੇਜ ਕੇ ਕਿਹਾ ਹੈ ਕਿ ਕੰਪਨੀ ਉਨ੍ਹਾਂ ਖਾਤਿਆਂ ਨੂੰ ਡਿਲੀਟ ਕਰ ਦੇਵੇਗੀ ਜਿਨ੍ਹਾਂ ਦੀ ਵਰਤੋਂ ਪਿਛਲੇ ਦੋ ਸਾਲਾਂ ਤੋਂ ਨਹੀਂ ਕੀਤੀ ਗਈ ਹੈ। ਕੰਪਨੀ ਨੇ ਕਿਹਾ ਕਿ ਦੋ ਸਾਲਾਂ ਤੋਂ ਅਣਵਰਤੇ ਪਏ ਖਾਤੇ ਅਤੇ ਇਨ੍ਹਾਂ ਖਾਤਿਆਂ ਵਿਚ ਪਈ ਸਮੱਗਰੀ 1 ਦਸੰਬਰ 2023 ਤੋਂ ਡਿਲੀਟ ਕਰ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਕੰਪਨੀ ਜਿਸ ਖਾਤੇ ਨੂੰ ਅਣਵਰਤਿਆ ਮੰਨੇਗੀ, ਉਸ ਨੂੰ ਡਿਲੀਟ ਕਰਨ ਤੋਂ ਪਹਿਲਾਂ ਉਸ ਈਮੇਲ ਅਤੇ ਉਸ ਦੀ ਰਿਕਵਰੀ ਈਮੇਲ ਨੂੰ ਕਈ ਸੁਨੇਹੇ ਭੇਜੇਗੀ। ਗੂਗਲ ਖਾਤਾ ਇਕ ਵਾਰ ਡਿਲੀਟ ਹੋਣ ਮਗਰੋਂ ਉਸ ਨੂੰ ਦੁਬਾਰਾ ਵਰਤੋਂ 'ਚ ਨਹੀਂ ਲਿਆਂਦਾ ਜਾ ਸਕੇਗਾ।

# ਡੇਰਾ ਸਿਰਸਾ ਮੁਖੀ ਪੈਰੋਲ ਮੁੱਕਣ ਮਗਰੋਂ ਵਾਪਸ ਜੇਲ੍ਹ ਪੁੱਜਾ

**ਚੰਡੀਗੜ੍ਹ:** ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਇਕ ਮਹੀਨੇ ਦੀ ਪੈਰੋਲ ਮੁੱਕਣ ਤੋਂ ਬਾਅਦ ਰੋਹਤਕ ਦੀ ਸੁਨਾਰੀਆ ਜੇਲ੍ਹ ਮੁੜ ਆਇਆ ਹੈ। ਰੋਹਤਕ ਪੁਲਿਸ ਦੇ ਅਧਿਕਾਰੀਆਂ ਅਨੁਸਾਰ ਰਾਮ ਰਹੀਮ ਬਾਅਦ ਦੁਪਹਿਰ ਜੇਲ੍ਹ 'ਚ ਵਾਪਸ ਆਇਆ ਹੈ। ਇਕ ਮਹੀਨੇ ਦੀ ਪੈਰੋਲ ਮਿਲਣ ਤੋਂ ਬਾਅਦ ਉਹ ਡੇਰੇ ਦੇ ਉੱਤਰ ਪ੍ਰਦੇਸ਼ ਦੇ ਬਾਗਪਤ ਜਿਲ੍ਹੇ ਵਿਚਲੇ ਆਸ਼ਰਮ ਵਿਚ ਸੀ। ਰਾਮ ਰਹੀਮ ਨੂੰ ਇਸ ਸਾਲ ਅੰਦਰ ਇਕ ਮਹੀਨੇ ਲਈ ਦਿੱਤੀ ਗਈ ਇਹ ਦੂਜੀ ਪੈਰੋਲ ਸੀ। ਇਸ ਤੋਂ ਪਹਿਲਾਂ ਉਸ ਨੂੰ ਜਨਵਰੀ 'ਚ 40 ਦਿਨ ਦੀ ਪੈਰੋਲ ਮਿਲੀ ਸੀ।



ਉਸ ਨੂੰ ਪਿਛਲੇ ਸਾਲ ਅਕਤੂਬਰ ਵਿਚ ਵੀ 40 ਦਿਨ ਲਈ ਪੈਰੋਲ ਦਿੱਤੀ ਗਈ ਸੀ।

# ਕਬੱਡੀ ਟੂਰਨਾਮੈਂਟ ਦੌਰਾਨ ਦੋ ਗਰੋਹਾਂ 'ਚ ਚੱਲੀਆਂ ਤਲਵਾਰਾਂ

**ਚੰਡੀਗੜ੍ਹ:** ਬਰਤਾਨੀਆ ਵਿਚ ਡਰਬੀ ਕਬੱਡੀ ਟੂਰਨਾਮੈਂਟ ਦੌਰਾਨ ਦੋ ਵਿਰੋਧੀ ਗਰੋਹਾਂ ਵਿਚ ਕਥਿਤ ਤੌਰ ਉਤੇ ਝੜਪ ਹੋ ਗਈ ਤੇ ਇਸ ਵਿਚ 3 ਵਿਅਕਤੀ ਜ਼ਖ਼ਮੀ ਹੋ ਗਏ। ਇਹ ਘਟਨਾ ਅਲਵਾਸਟਨ ਦੇ ਐਲਵਾਸਟਨ ਲੇਨ 'ਤੇ ਡਰਬੀ ਕਬੱਡੀ ਮੈਦਾਨ ਵਿਚ ਵਾਪਰੀ। ਪ੍ਰਾਪਤ ਜਾਣਕਾਰੀ ਮੁਤਾਬਕ ਜਦੋਂ ਕਬੱਡੀ ਟੂਰਨਾਮੈਂਟ ਚੱਲ ਰਿਹਾ ਸੀ ਤਾਂ ਇਸ ਦੌਰਾਨ ਵੀਡੀਓ ਵਿਚ ਕਥਿਤ ਤੌਰ ਉਤੇ ਬੰਦੂਕਾਂ ਅਤੇ ਤਲਵਾਰਾਂ ਨਾਲ ਲੜਾਈ ਹੁੰਦੀ ਦਿਖਾਈ ਦੇ ਰਹੀ ਹੈ।

ਵੀਡੀਓ ਵਿਚ ਸੈਂਕੜੇ ਲੋਕ ਘਟਨਾ ਵਾਲੀ ਥਾਂ ਤੋਂ ਭੱਜ ਰਹੇ ਹਨ। ਮੌਕੇ 'ਤੇ ਮੌਜੂਦ ਲੋਕਾਂ ਦਾ ਕਹਿਣਾ ਹੈ ਕਿ ਦੋ ਵਿਰੋਧੀ ਗਰੋਹਾਂ ਦੀ ਲੜਾਈ ਹੋਈ ਹੈ। ਪੁਲਿਸ ਨੇ ਕਿਹਾ,'ਸਾਨੂੰ ਦੁਪਹਿਰ 3.51 ਵਜੇ ਐਲਵਾਸਟਨ ਲੇਨ, ਐਲਵਾਸਟਨ ਵਿਚ ਵੱਡੀ ਗੜਬੜ ਹੋਣ ਕਾਰਨ ਸੱਦਿਆ ਗਿਆ। ਘਟਨਾ 'ਚ ਤਿੰਨ ਜਣੇ ਜ਼ਖ਼ਮੀ ਹੋਏ ਹਨ, ਜਿਨ੍ਹਾਂ ਵਿਚੋਂ ਇਕ ਦੀ ਹਾਲਤ ਗੰਭੀਰ ਹੈ। ਇਨ੍ਹਾਂ ਸਾਰਿਆਂ ਨੂੰ ਹਸਪਤਾਲ ਲਿਜਾਇਆ ਗਿਆ ਹੈ।

# ਬਰਤਾਨੀਆ 'ਚ 7 ਨਵਜੰਮਿਆਂ ਦੀ ਹੱਤਿਆ ਕਰਨ ਵਾਲੀ ਨਰਸ ਨੂੰ ਆਖਰੀ ਸਾਹ ਤੱਕ ਜੇਲ੍ਹ

**ਲੰਡਨ:** ਬਰਤਾਨੀਆ ਦੇ ਆਧੁਨਿਕ ਇਤਿਹਾਸ 'ਚ ਨਵਜੰਮੇ ਬੱਚਿਆਂ ਦੇ ਸਭ ਤੋਂ ਭਿਆਨਕ ਕਤਲੇਆਮ ਦੀ ਦੋਸ਼ੀ ਨਰਸ ਲੂਸੀ ਲੈਟਬੀ ਨੂੰ ਉਮਰ ਕੈਦ ਦੀ ਸਜਾ ਸੁਣਾਈ ਗਈ। ਉਹ ਮਰਦੇ ਦਮ ਤੱਕ ਜੇਲ੍ਹ ਵਿਚ ਹੀ ਰਹੇਗੀ।

33 ਸਾਲਾ ਲੂਸੀ 'ਤੇ ਉੱਤਰੀ ਇੰਗਲੈਂਡ ਦੇ ਹਸਪਤਾਲ ਦੇ ਨਵਜੰਮੇ ਇੰਟੈਂਸਿਵ ਕੇਅਰ ਵਿਭਾਗ ਵਿਚ ਨਰਸ ਵਜੋਂ ਕੰਮ ਕਰਦੇ ਸਮੇਂ 7 ਬੱਚਿਆਂ ਦੀ ਹੱਤਿਆ ਕਰਨ ਦਾ ਦੋਸ਼ ਹੈ ਅਤੇ ਛੇ ਹੋਰਾਂ ਨੂੰ ਮਾਰਨ ਦੀ ਕੋਸ਼ਿਸ਼ ਕੀਤੀ। ਮੈਨਚੈਸਟਰ ਕ੍ਰਾਊਨ ਕੋਰਟ ਦੀ ਜਿਊਰੀ ਨੇ 33 ਸਾਲਾ ਲੈਟਬੀ ਨੂੰ 22 ਦਿਨਾਂ ਦੀ ਸੁਣਵਾਈ ਤੋਂ ਬਾਅਦ ਇਕ ਸਾਲ ਦੇ ਅਰਸੇ ਵਿਚ ਬੱਚਿਆਂ ਦੀ ਹੱਤਿਆ ਦਾ ਦੋਸ਼ੀ ਕਰਾਰ ਦਿੱਤਾ।

ਲੈਟਬੀ ਨੇ ਜੂਨ 2015 ਅਤੇ ਜੂਨ 2016 ਦੇ ਵਿਚਕਾਰ ਉੱਤਰੀ ਪੱਛਮੀ ਇੰਗਲੈਂਡ ਦੇ ਕਾਉਂਟੇਸ ਆਫ ਚੈਸਟਰ ਹਸਪਤਾਲ ਵਿਚ ਨਵਜਾਤ ਯੂਨਿਟ ਵਿਚ ਕੰਮ ਕੀਤਾ, ਜਿੱਥੇ ਉਸ ਨੇ ਕਤਲ ਕੀਤੇ।

# ਲੋਕ ਸਭਾ ਦੀ ਚੋਣ ਨਹੀਂ ਲੜਾਂਗਾ: ਸੁਨੀਲ ਜਾਖੜ

**ਸੰਗਰੂਰ:** ਭਾਜਪਾ ਪੰਜਾਬ ਦੇ ਪ੍ਰਧਾਨ ਸੁਨੀਲ ਜਾਖੜ ਨੇ ਐਲਾਨ ਕੀਤਾ ਹੈ ਕਿ ਉਹ ਅਗਲੇ ਸਾਲ ਹੋਣ ਵਾਲੀਆਂ ਲੋਕ ਸਭਾ ਚੋਣਾਂ ਦੌਰਾਨ ਨਾ ਤਾਂ ਗੁਰਦਾਸਪੁਰ ਸੰਸਦੀ ਹਲਕੇ ਤੋਂ ਚੋਣ ਲੜਨਗੇ ਅਤੇ ਨਾ ਹੀ ਕਿਸੇ ਹੋਰ ਸੰਸਦੀ ਸੀਟ ਤੋਂ। ਉਹ ਲੌਂਗੋਵਾਲ ਵਿਚ ਸ਼ਹੀਦ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਬਰਸੀ ਮੌਕੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਪੁੱਜੇ ਸਨ।

ਸ੍ਰੀ ਜਾਖੜ ਨੇ ਕਿਹਾ ਕਿ ਕੌਣ ਕਿੱਥੋਂ ਲੋਕ



ਸਭਾ ਚੋਣ ਲੜੇਗਾ, ਇਸ ਬਾਰੇ ਫੈਸਲਾ ਪਾਰਟੀ ਨੇ ਕਰਨਾ ਹੈ, ਪਰ ਉਹ ਕਿਸੇ ਵੀ ਸੀਟ ਤੋਂ ਲੋਕ ਸਭਾ ਚੋਣ ਨਹੀਂ ਲੜਨਗੇ ਸਗੋਂ ਪਾਰਟੀ ਨੂੰ ਮਜ਼ਬੂਤ ਕਰਨ ਲਈ ਪੂਰੀ ਤਨਦੇਹੀ ਨਾਲ ਕੰਮ ਕਰਨਗੇ। ਉਨ੍ਹਾਂ ਕਿਹਾ ਕਿ ਅਜੋਕੇ ਸਮੇਂ ਵਿਚ ਪੰਜਾਬ ਦੇ ਲੋਕਾਂ ਨੂੰ ਜਾਗਰੂਕ ਹੋਣ ਦੀ ਲੋੜ ਹੈ ਕਿਉਂਕਿ ਅੱਜ ਉਹੀ ਹਾਲਾਤ ਮੁੜ ਬਣਦੇ ਜਾ ਰਹੇ ਹਨ ਜਿਨ੍ਹਾਂ ਦਾ ਖਮਿਆਜ਼ਾ ਪੰਜਾਬ ਦੇ ਲੋਕ ਭੁਗਤ ਚੁੱਕੇ ਹਨ। ਉਨ੍ਹਾਂ ਕਿਹਾ ਕਿ ਲੋਕਾਂ ਅੰਦਰ ਬੇਚੈਨੀ ਹੈ।

# ਪਾਕਿਸਤਾਨ: ਘੱਟ ਗਿਣਤੀਆਂ ਦੀ ਰਾਖੀ ਲਈ ਵਿਸ਼ੇਸ਼ ਦਸਤੇ ਕਾਇਮ

**ਇਸਲਾਮਾਬਾਦ:** ਪਾਕਿਸਤਾਨ 'ਚ ਘੱਟ ਗਿਣਤੀਆਂ 'ਤੇ ਹਮਲਿਆਂ ਦੇ ਮੱਦੇਨਜ਼ਰ ਇਸਲਾਮਾਬਾਦ ਪੁਲਿਸ ਨੇ ਘੱਟ ਗਿਣਤੀ ਭਾਈਚਾਰੇ ਦੇ ਲੋਕਾਂ ਤੇ ਉਨ੍ਹਾਂ ਦੀਆਂ ਧਾਰਮਿਕ ਥਾਵਾਂ ਦੀ ਰਾਖੀ ਲਈ 70 ਮੈਂਬਰੀ ਟੀਮ ਦਾ ਗਠਨ ਕੀਤਾ ਹੈ। ਇਸਲਾਮਾਬਾਦ ਪੁਲਿਸ ਨੇ ਟਵੀਟ ਕੀਤਾ, '70 ਜਵਾਨ 'ਘੱਟ ਗਿਣਤੀ ਰੱਖਿਆ ਇਕਾਈ' 'ਚ ਤਾਇਨਾਤ ਕੀਤੇ ਗਏ ਹਨ।' ਇਹ ਟੀਮ ਕੌਮੀ ਘੱਟ ਗਿਣਤੀ ਕਮਿਸ਼ਨ ਦੀਆਂ ਸਿਫਾਰਸ਼ਾਂ ਮਗਰੋਂ ਕਾਇਮ ਕੀਤੀ ਗਈ ਹੈ।

ਉਧਰ, ਪਾਕਿਸਤਾਨ ਦੇ ਪੰਜਾਬ ਸੂਬੇ 'ਚ ਭੀੜ ਵੱਲੋਂ ਈਸਾਈ ਭਾਈਚਾਰੇ ਦੇ 21 ਗਿਰਜਾਘਰਾਂ 'ਤੇ ਹਮਲੇ ਕਰਨ ਨਾਲ ਸਬੰਧਤ ਮਾਮਲਿਆਂ 'ਚ ਹੁਣ ਤੱਕ 135 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਤੇ ਸਰਕਾਰ ਨੇ ਧਾਰਮਿਕ ਬੇਅਦਬੀ ਸਬੰਧੀ ਲੱਗੇ ਦੋਸ਼ਾਂ ਦੇ ਸਬੰਧ ਵਿਚ ਉੱਚ ਪੱਧਰੀ ਜਾਂਚ ਦੇ ਹੁਕਮ ਦਿੱਤੇ ਹਨ।

ਇਥੇ ਦੱਸਣਾ ਬਣਦਾ ਹੈ ਕਿ ਪੰਜਾਬ ਦੇ ਫੈਸਲਾਬਾਦ ਜ਼ਿਲ੍ਹੇ ਦੀ ਜੜਾਂਵਾਲਾ ਤਹਿਸੀਲ 'ਚ ਭੀੜ ਨੇ ਈਸਾਈ ਭਾਈਚਾਰੇ ਦੇ ਲੋਕਾਂ ਦੇ ਮਕਾਨਾਂ ਤੇ ਗਿਰਜਾਘਰਾਂ ਨੂੰ ਅੱਗ ਲਗਾ ਦਿੱਤੀ ਸੀ। ਈਸਾਈ ਭਾਈਚਾਰੇ ਨਾਲ ਸਬੰਧਤ ਦੋ ਵਿਅਕਤੀਆਂ ਵੱਲੋਂ ਕਥਿਤ ਤੌਰ 'ਤੇ ਕੁਰਾਨ ਦੀ ਬੇਅਦਬੀ ਕੀਤੇ ਜਾਣ ਦੀਆਂ ਰਿਪੋਰਟਾਂ ਮਿਲਣ ਮਗਰੋਂ ਇਹ ਹਿੰਸਕ ਘਟਨਾਵਾਂ ਵਾਪਰੀਆਂ ਹਨ।



ਪੰਜਾਬ ਸਰਕਾਰ ਤੋਂ ਮਿਲੀ ਜਾਣਕਾਰੀ ਅਨੁਸਾਰ ਕਥਿਤ ਧਾਰਮਿਕ ਬੇਅਦਬੀ ਦੇ ਮਾਮਲੇ 'ਚ ਈਸਾਈਆਂ ਦੇ ਮਕਾਨਾਂ ਤੇ ਗਿਰਜਾਘਰਾਂ 'ਤੇ ਹਮਲੇ ਕਰਨ ਦੇ ਦੋਸ਼ ਹੇਠ ਕੱਟੜਪੰਥੀ ਸਮੂਹ ਤਹਿਰੀਕ-ਏ-ਲੱਬੈਕ ਪਾਕਿਸਤਾਨ ਦੇ ਕਾਰਕੁਨਾਂ ਸਮੇਤ 135 ਜਣਿਆਂ ਨੂੰ ਹਿਰਾਸਤ ਵਿਚ ਲਿਆ ਗਿਆ ਹੈ। ਪੰਜਾਬ ਦੇ ਕਾਰਜਕਾਰੀ ਸੂਚਨਾ ਮੰਤਰੀ ਆਮਿਰ ਮੀਰ ਨੇ ਦੱਸਿਆ ਕਿ ਇਨ੍ਹਾਂ ਘਟਨਾਵਾਂ ਦੇ ਸਬੰਧ ਵਿਚ ਹੁਣ ਤੱਕ 600 ਤੋਂ ਵੱਧ ਮਸ਼ਕੂਕਾਂ ਖਿਲਾਫ ਅਤਿਵਾਦ ਤੇ ਧਾਰਮਿਕ ਬੇਅਦਬੀ ਦੇ ਕੇਸ ਦਰਜ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਇਲਾਕੇ 'ਚ ਸ਼ਾਂਤੀ ਕਾਇਮ ਕਰ ਲਈ ਗਈ ਹੈ ਅਤੇ ਚਰਚਾਂ ਤੇ ਈਸਾਈ ਭਾਈਚਾਰੇ ਦੇ ਲੋਕਾਂ ਦੇ ਘਰਾਂ ਬਾਹਰ ਸੁਰੱਖਿਆ ਲਈ ਭਾਰੀ ਪੁਲਿਸ ਤੇ ਰੇਂਜਰਜ਼ ਤਾਇਨਾਤ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਪੁਲਿਸ ਨੇ ਕਈ ਇਮਾਰਤਾਂ ਨੂੰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਵੀ ਨਾਕਾਮ ਕੀਤੀ ਹੈ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਨੇ ਘਟਨਾ ਦੀ ਉੱਚ ਪੱਧਰੀ ਜਾਂਚ ਦੇ ਹੁਕਮ ਦਿੱਤੇ ਹਨ ਅਤੇ ਇਨ੍ਹਾਂ ਹਮਲਿਆਂ 'ਚ ਸ਼ਾਮਲ ਲੋਕਾਂ ਨੂੰ ਬਖਸ਼ਿਆ ਨਹੀਂ ਜਾਵੇਗਾ।

## ਸਿੱਖਾਂ ਦੇ ਸਮਾਗਮ 'ਚ ਚਾਕੂ ਨਾਲ ਹਮਲੇ ਕਾਰਨ ਦੋ ਜ਼ਖ਼ਮੀ

**ਲੰਡਨ:** ਬਰਤਾਨੀਆ ਦੇ ਪੱਛਮੀ ਲੰਡਨ ਵਿਚ ਸਿੱਖ ਭਾਈਚਾਰੇ ਦੇ ਸਮਾਗਮ ਦੌਰਾਨ ਦੋ ਵਿਅਕਤੀਆਂ 'ਤੇ ਚਾਕੂ ਨਾਲ ਹਮਲਾ ਕਰਨ ਦੇ ਦੋਸ਼ ਹੇਠ ਮੁਲਜ਼ਮ ਖਿਲਾਫ ਕੇਸ ਦਰਜ ਕੀਤਾ ਗਿਆ ਹੈ। ਪੁਲਿਸ ਅਨੁਸਾਰ ਗੁਰਪ੍ਰੀਤ ਸਿੰਘ (25) ਨੂੰ ਇੱਥੇ ਐਕਸਬ੍ਰਿਜ ਮੈਜਿਸਟਰੇਟ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ ਅਤੇ ਉਸ ਖਿਲਾਫ ਗੰਭੀਰ ਦੋਸ਼ ਲਾਏ ਗਏ। ਉਸ ਵਿਰੁੱਧ ਕੁੱਲ ਸੱਤ ਦੋਸ਼ ਆਇਦ ਕੀਤੇ ਗਏ ਹਨ। ਮੁਲਜ਼ਮ ਨੂੰ ਹਿਰਾਸਤ 'ਚ ਭੇਜ ਦਿੱਤਾ ਗਿਆ ਹੈ ਅਤੇ 14 ਸਤੰਬਰ ਨੂੰ ਇੱਥੇ ਆਇਲਵਰਥ ਕਰਾਊਨ ਕੋਰਟ 'ਚ ਪੇਸ਼ ਹੋਣ ਦਾ ਹੁਕਮ ਦਿੱਤਾ ਗਿਆ ਹੈ। ਇਹ ਘਟਨਾ ਸਾਊਥਾਲ 'ਚ ਭਾਰਤ ਦੇ ਸੁਤੰਤਰਤਾ ਦਿਵਸ ਉਤੇ ਭਾਈਚਾਰਕ ਸਮਾਗਮ ਦੌਰਾਨ ਵਾਪਰੀ। ਇਸ ਘਟਨਾ ਦੀ ਵੀਡੀਓ ਵੀ ਸੋਸ਼ਲ ਮੀਡੀਆ ਉਤੇ ਜਨਤਕ ਹੋਈ ਹੈ, ਜਿਸ 'ਚ ਕੁਝ ਖਾਲਿਸਤਾਨੀ ਸਮਰਥਕ ਲੜਦੇ ਨਜ਼ਰ ਆ ਰਹੇ ਹਨ ਅਤੇ ਪੁਲਿਸ ਅਧਿਕਾਰੀ ਮਸ਼ਕੂਕਾਂ ਦਾ ਪਿੱਛਾ ਕਰਦੇ ਨਜ਼ਰ ਆ ਰਹੇ ਹਨ।

# ਗੁਰੂਘਰਾਂ ਵਿਚ ਖਿਡੌਣੇ ਜਹਾਜ਼ ਚੜ੍ਹਾਉਣ ਤੋਂ ਰੋਕਣ ਲਈ ਪੱਤਰ ਜਾਰੀ

**ਅੰਮ੍ਰਿਤਸਰ:** ਵਿਦੇਸ਼ ਜਾਣ ਦੀ ਵਧ ਰਹੀ ਇੱਛਾ ਨੂੰ ਪੂਰਾ ਕਰਨ ਲਈ ਗੁਰੂਘਰਾਂ ਵਿਚ ਖਿਡੌਣਾ ਹਵਾਈ ਜਹਾਜ਼ ਚੜ੍ਹਾਉਣ ਦੇ ਵੱਧ ਰਹੇ ਰੁਝਾਨ ਨੂੰ ਰੋਕਣ ਵਾਸਤੇ ਸ਼੍ਰੋਮਣੀ ਕਮੇਟੀ ਨੇ ਸਮੂਹ ਗੁਰਦੁਆਰਿਆਂ ਦੇ ਮੈਨੇਜਰਾਂ ਨੂੰ ਪੱਤਰ ਜਾਰੀ ਕੀਤਾ ਕਰ ਦਿੱਤਾ ਹੈ, ਜਿਸ ਵਿਚ ਮੈਨੇਜਰਾਂ ਨੂੰ ਹਦਾਇਤ ਕੀਤੀ ਹੈ ਕਿ ਉਹ ਸੰਗਤ ਨੂੰ ਗੁਰੂਘਰਾਂ 'ਚ ਖਿਡੌਣੇ ਚੜ੍ਹਾਉਣ ਤੋਂ ਰੋਕਣ। ਇਹ ਦਿਸ਼ਾ ਨਿਰਦੇਸ਼ ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਵੱਲੋਂ ਕੀਤੇ ਗਏ ਹੁਕਮਾਂ ਤੋਂ ਬਾਅਦ ਦਿੱਤੇ ਗਏ ਹਨ।

ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਗੁਰੂ ਘਰਾਂ ਵਿਚ ਜਹਾਜ਼ ਚੜ੍ਹਾਉਣ 'ਤੇ ਰੋਕ ਲਾਉਣ ਦੇ ਐਲਾਨ ਨਾਲ ਹੀ ਦੋਆਬੇ ਦੇ ਚਰਚਿਤ ਪਿੰਡ ਤੱਲ੍ਹਣ ਦੇ ਗੁਰਦੁਆਰਾ ਸ਼ਹੀਦਾਂ ਸੰਤਨਿਹਾਲ ਸਿੰਘ ਵਿਖੇ ਜਹਾਜ਼ ਚੜ੍ਹਾਉਣ 'ਤੇ ਪਾਬੰਦੀ ਲਗਾ ਦਿੱਤੀ ਗਈ ਹੈ। ਇੱਥੇ ਵਿਦੇਸ਼ ਜਾਣ ਦੇ ਚਾਹਵਾਨ ਨੌਜਵਾਨ ਰੋਜ਼ਾਨਾ ਹੀ ਦਰਜਨਾਂ ਖਿਡੌਣੇ ਜਹਾਜ਼ ਚੜ੍ਹਾਉਂਦੇ ਹਨ। ਨੌਜਵਾਨਾਂ ਦਾ ਮੰਨਣਾ ਹੈ ਕਿ ਜਹਾਜ਼ ਚੜ੍ਹਾਉਣ ਨਾਲ ਉਨ੍ਹਾਂ ਦੀ ਵਿਦੇਸ਼ ਜਾਣ ਦੀ ਸੁੱਖ ਪੂਰੀ ਹੋ ਜਾਂਦੀ ਹੈ। ਗੁਰਦੁਆਰੇ ਦੇ ਮੈਨੇਜਰ ਬਲਜੀਤ ਸਿੰਘ ਨੇ ਦੱਸਿਆ ਕਿ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਨੂੰ ਲਾਗੂ ਕੀਤਾ ਜਾ ਰਿਹਾ ਹੈ।



# ਸ਼੍ਰੋਮਣੀ ਕਮੇਟੀ ਦੇ ਚੈਨਲ ਨੂੰ 'ਸਿਲਵਰ ਬਟਨ ਯੂਟਿਊਬ ਕ੍ਰੀਏਟਰ ਐਵਾਰਡ'

**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਵਿਚ ਹੁੰਦੇ ਗੁਰਬਾਣੀ ਕੀਰਤਨ ਦੇ ਸਿੱਧੇ ਪ੍ਰਸਾਰਨ ਵਾਸਤੇ ਸ਼੍ਰੋਮਣੀ ਕਮੇਟੀ ਵੱਲੋਂ ਸ਼ੁਰੂ ਕੀਤੇ ਗਏ ਵੈੱਬ ਚੈਨਲ ਨੂੰ ਯੂਟਿਊਬ ਵੱਲੋਂ 'ਸਿਲਵਰ ਬਟਨ ਯੂਟਿਊਬ ਕ੍ਰੀਏਟਰ ਐਵਾਰਡ' ਦਿੱਤਾ ਗਿਆ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਸਫਲਤਾ 'ਤੇ ਤਸੱਲੀ ਦਾ ਪ੍ਰਗਟਾਵਾ ਕਰਦਿਆਂ ਸੰਗਤ ਦਾ ਧੰਨਵਾਦ ਕੀਤਾ ਹੈ।

ਯੂਟਿਊਬ ਅਦਾਰੇ ਵੱਲੋਂ ਇਹ ਐਵਾਰਡ ਅਮਰੀਕਾ ਤੋਂ ਸ਼੍ਰੋਮਣੀ ਕਮੇਟੀ ਨੂੰ ਭੇਜਿਆ ਗਿਆ, ਜੋ ਸ਼੍ਰੋਮਣੀ ਕਮੇਟੀ ਦੀ ਤਕਨੀਕੀ ਟੀਮ ਤੇ ਅਧਿਕਾਰੀਆਂ ਨੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੂੰ ਸੌਂਪਿਆ। ਸ੍ਰੀ ਧਾਮੀ ਨੇ ਕਿਹਾ ਕਿ ਇਸ ਚੈਨਲ ਨੂੰ ਸੰਗਤ ਦਾ ਭਰਵਾਂ ਹੁੰਗਾਰਾ ਮਿਲ ਰਿਹਾ ਹੈ, ਜਿਸ ਨਾਲ ਗੁਰਬਾਣੀ ਕੀਰਤਨ ਪ੍ਰਸਾਰਨ ਸੇਵਾਵਾਂ ਨੂੰ ਹੋਰ ਸੁਹਿਰਦਤਾ ਨਾਲ ਜਾਰੀ ਰੱਖਣ ਲਈ ਉਤਸ਼ਾਹ ਮਿਲਦਾ ਹੈ। ਯੂਟਿਊਬ ਵੱਲੋਂ ਇਹ ਐਵਾਰਡ ਇਕ ਲੱਖ ਫਾਲੋਅਰ ਹੋਣ 'ਤੇ ਦਿੱਤਾ ਜਾਂਦਾ ਹੈ। ਸ਼੍ਰੋਮਣੀ ਕਮੇਟੀ ਵੱਲੋਂ ਪਿਛਲੇ ਮਹੀਨੇ ਆਪਣਾ ਵੈੱਬ ਚੈਨਲ ਸ਼ੁਰੂ ਕੀਤਾ ਗਿਆ ਸੀ ਤੇ ਕੁਝ ਹੀ ਦਿਨਾਂ ਵਿਚ ਇਸ ਦੇ ਇਕ ਲੱਖ ਤੋਂ ਵੱਧ ਫਾਲੋਅਰ ਬਣ ਗਏ ਸਨ। ਇਸ ਵੇਲੇ ਇਸ ਚੈਨਲ ਨੂੰ ਦੇਖਣ ਵਾਲਿਆਂ ਦੀ ਗਿਣਤੀ ਲਗਭਗ 2 ਲੱਖ 29 ਹਜ਼ਾਰ ਹੋ ਚੁੱਕੀ ਹੈ। ਸ਼੍ਰੋਮਣੀ ਕਮੇਟੀ ਦੀ ਤਕਨੀਕੀ ਟੀਮ ਦੇ ਮੈਂਬਰਾਂ ਨੇ ਦੱਸਿਆ ਕਿ ਗੁਰਬਾਣੀ ਚੈਨਲ ਦੇਖਣ ਵਾਲਿਆਂ ਦੀ ਗਿਣਤੀ ਵਿਚ ਰੋਜ਼ਾਨਾ ਲਗਭਗ 2500 ਤੋਂ 3 ਹਜ਼ਾਰ ਤੱਕ ਦਾ ਔਸਤ ਵਾਧਾ ਹੋ ਰਿਹਾ ਹੈ। ਇਸੇ ਤਰ੍ਹਾਂ ਇਹ ਚੈਨਲ ਫੇਸਬੁੱਕ ਤੇ ਵੀ ਦੇਖਿਆ ਜਾ ਰਿਹਾ ਹੈ ਅਤੇ ਦੇਖਣ ਵਾਲਿਆਂ ਦੀ ਗਿਣਤੀ ਚਾਰ ਲੱਖ ਤੋਂ ਵੱਧ ਹੈ।

ਯਾਦ ਰਹੇ ਕਿ ਇਹ ਚੈਨਲ ਆਰੰਭ ਕਰਨ ਦਾ ਵੀ ਆਪਣਾ ਇਤਿਹਾਸ ਹੈ। ਸ਼੍ਰੋਮਣੀ ਕਮੇਟੀ ਨੇ ਸ੍ਰੀ ਹਰਿਮੰਦਰ ਸਾਹਿਬ ਤੋਂ ਗੁਰਬਾਣੀ ਦੇ ਸਿੱਧੇ ਪ੍ਰਸਾਰਨ ਦਾ ਅਧਿਕਾਰ ਪੀ.ਟੀ.ਸੀ. ਚੈਨਲ ਨੂੰ ਦਿੱਤਾ ਹੋਇਆ ਸੀ। ਆਮ ਆਦਮੀ ਸਰਕਾਰ ਦੀ ਸਰਕਾਰ ਨੇ ਇਹ ਅਧਿਕਾਰ ਸਭ ਚੈਨਲਾਂ ਨੂੰ ਦੇਣ ਦਾ ਫੈਸਲਾ ਕਰ ਲਿਆ ਸੀ। ਇਸੇ ਦੌਰਾਨ ਸ਼੍ਰੋਮਣੀ ਕਮੇਟੀ ਨੇ ਇਹ ਚੈਨਲ ਆਰੰਭ ਕਰਨ ਦਾ ਐਲਾਨ ਕਰ ਦਿੱਤਾ।

# ਮੁਤਵਾਜ਼ੀ ਜਥੇਦਾਰ ਵੱਲੋਂ ਮੁੱਖ ਮੰਤਰੀ ਭਗਵੰਤ ਮਾਨ ਤਨਖਾਹੀਆ ਕਰਾਰ

**ਅੰਮ੍ਰਿਤਸਰ:** ਸਿੱਖ ਗੁਰਦੁਆਰਾ ਐਕਟ 1925 ਵਿਚ ਸੋਧ ਕਰਕੇ ਸਿੱਖ ਧਰਮ ਵਿਚ ਬੇਲੋੜੀ ਦਖਲਅੰਦਾਜ਼ੀ ਕਰਨ ਦੇ ਦੋਸ਼ ਹੇਠ ਮੁਤਵਾਜ਼ੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਵੱਲੋਂ ਮੁੱਖ ਮੰਤਰੀ ਭਗਵੰਤ ਮਾਨ ਨੂੰ ਅਕਾਲ ਤਖ਼ਤ ਤੋਂ ਤਨਖਾਹੀਆ ਕਰਾਰ ਦਿੱਤਾ ਗਿਆ ਹੈ।

ਇਸ ਸਬੰਧੀ ਆਦੇਸ਼ ਉਨ੍ਹਾਂ ਨੇ ਅਕਾਲ ਤਖ਼ਤ ਦੇ ਸਕੱਤਰੇਤ ਸਾਹਮਣੇ ਜਾਰੀ ਕੀਤਾ। ਮੁਤਵਾਜ਼ੀ ਜਥੇਦਾਰ ਵੱਲੋਂ ਮੁੱਖ ਮੰਤਰੀ ਭਗਵੰਤ ਮਾਨ ਨੂੰ ਤੀਜੀ ਵਾਰ ਅਕਾਲ ਤਖ਼ਤ 'ਤੇ ਪੇਸ਼ ਹੋ ਕੇ ਇਸ ਸਬੰਧੀ ਆਪਣਾ ਸਪਸ਼ਟੀਕਰਨ ਦੇਣ ਲਈ ਤਲਬ ਕੀਤਾ ਸੀ ਪਰ ਉਹ ਨਹੀਂ ਆਏ। ਇਸ ਤੋਂ ਪਹਿਲਾਂ ਵੀ ਉਨ੍ਹਾਂ ਨੂੰ ਸਪਸ਼ਟੀਕਰਨ ਦੇਣ ਲਈ ਅਕਾਲ ਤਖ਼ਤ 'ਤੇ ਹਾਜ਼ਰ ਹੋਣ ਦਾ ਮੌਕਾ ਦਿੱਤਾ ਗਿਆ ਸੀ। ਇਸ ਤੋਂ ਪਿਛਲੀ ਵਾਰ ਉਨ੍ਹਾਂ ਆਪਣੇ ਦੋ ਵਿਧਾਇਕਾਂ ਰਾਹੀਂ ਪੱਤਰ ਭੇਜਿਆ ਸੀ ਪਰ ਇਹ ਪੱਤਰ ਵੀ ਉਨ੍ਹਾਂ ਦੀ ਥਾਂ ਵਿਧਾਇਕ ਸਰਵਣ ਸਿੰਘ ਧੁੰਨ ਵੱਲੋਂ ਲਿਖਿਆ ਹੋਇਆ ਸੀ। ਜਥੇਦਾਰ ਮੰਡ ਨੇ ਆਖਿਆ ਕਿ ਅਕਾਲ ਤਖ਼ਤ ਦੀ ਮਰਿਆਦਾ



ਅਤੇ ਰਵਾਇਤਾਂ ਅਨੁਸਾਰ ਮੁੱਖ ਮੰਤਰੀ ਨੂੰ ਸਪਸ਼ਟੀਕਰਨ ਦੇਣ ਲਈ ਤਿੰਨ ਮੌਕੇ ਦਿੱਤੇ ਗਏ। ਅਖੀਰਲੀ ਵਾਰ ਮੁੱਖ ਮੰਤਰੀ ਨੇ ਬੰਦ ਲਿਫਾਫਾ ਭੇਜਿਆ, ਜਿਸ ਨੂੰ ਸਪਸ਼ਟੀਕਰਨ ਸਮਝਦਿਆਂ ਇਸ ਕਾਰਵਾਈ ਨੂੰ ਕੁਝ ਦਿਨ ਅਗਾਂਹ ਪਾ ਦਿੱਤਾ ਗਿਆ ਪਰ ਇਸ ਪੱਤਰ ਵਿਚ ਕੁਝ ਵੀ ਨਹੀਂ ਸੀ, ਸਗੋਂ ਇਹ ਪ੍ਰਤੀਤ ਹੋਇਆ ਕਿ ਇਹ ਸਭ ਕੁਝ ਸਾਜ਼ਿਸ਼ ਅਧੀਨ ਜਾਣ ਬੁੱਝ ਕੇ ਬਦਨੀਤੀ ਨਾਲ ਕੀਤਾ ਗਿਆ ਹੈ। ਇਸ ਤੋਂ ਇਹ ਵੀ ਲੱਗਦਾ ਹੈ ਕਿ ਮੁੱਖ ਮੰਤਰੀ ਨੂੰ ਆਪਣੇ ਕੀਤੇ ਦਾ ਕੋਈ ਪਛਤਾਵਾ ਨਹੀਂ ਹੈ। ਉਨ੍ਹਾਂ ਕਿਹਾ ਕਿ ਇਸ ਬੱਜਰ ਗੁਨਾਹ ਅਤੇ ਅਕਾਲ ਤਖ਼ਤ ਨਾਲ ਮਜ਼ਾਕ ਵਜੋਂ ਪੇਸ਼ ਆਉਣ ਦੇ ਦੋਸ਼ ਹੇਠ ਮੁੱਖ ਮੰਤਰੀ ਨੂੰ ਤਨਖਾਹੀਆ ਕਰਾਰ ਦਿੱਤਾ ਹੈ। ਸਮੁੱਚੇ ਖਾਲਸਾ ਪੰਥ ਅਤੇ ਸੰਗਤ ਨੂੰ ਅਪੀਲ ਕੀਤੀ ਹੈ ਕਿ ਜਦੋਂ ਤੱਕ ਭਗਵੰਤ ਮਾਨ ਅਕਾਲ ਤਖ਼ਤ 'ਤੇ ਪੇਸ਼ ਹੋ ਕੇ ਮੁਆਫੀ ਨਹੀਂ ਮੰਗਦੇ, ਉਨ੍ਹਾਂ ਨੂੰ ਕਿਸੇ ਪੰਥਕ ਸਮਾਗਮ ਜਾਂ ਗੁਰਦੁਆਰੇ ਦੀ ਸਟੇਜ ਤੋਂ ਬੋਲਣ ਨਾ ਦਿੱਤਾ ਜਾਵੇ ਅਤੇ ਨਾ ਹੀ ਸਿਰੋਪਾਓ ਦਿੱਤਾ ਜਾਵੇ। ਦੱਸਣਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਵਿਧਾਨ ਸਭਾ ਵਿਚ ਗੁਰਬਾਣੀ ਸੋਧ ਬਿਲ ਪਾਸ ਕੀਤਾ ਸੀ। ਇਸ ਤੋਂ ਇਲਾਵਾ ਸਿੱਖ ਆਗੂ ਦੀ ਦਸਤਾਰ ਦਾ ਵੀ ਮਜ਼ਾਕ ਉਡਾਇਆ ਸੀ, ਜਿਸ ਨੂੰ ਮੁਤਵਾਜ਼ੀ ਜਥੇਦਾਰ ਵੱਲੋਂ ਗੰਭੀਰਤਾ ਨਾਲ ਲਿਆ ਗਿਆ।

ਜ਼ਿਕਰਯੋਗ ਹੈ ਕਿ ਮੁਤਵਾਜ਼ੀ ਜਥੇਦਾਰ ਵੱਲੋਂ ਕੋਟਕਪੂਰਾ ਤੇ ਬਰਗਾੜੀ ਬੇਅਦਬੀ ਅਤੇ ਗੋਲੀ ਕਾਂਡ ਮਾਮਲੇ ਵਿਚ ਉਸ ਵੇਲੇ ਦੀ ਸਰਕਾਰ ਵੱਲੋਂ ਕੋਈ ਕਾਰਵਾਈ ਨਾ ਕਰਨ ਦੇ ਦੋਸ਼ ਹੇਠ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਵੀ ਤਨਖਾਹੀਆ ਕਰਾਰ ਦਿੱਤਾ ਜਾ ਚੁੱਕਾ ਹੈ।

# ਮਿਸ਼ਨ ਅੰਮ੍ਰਿਤ ਸਰੋਵਰ: ਪੰਜਾਬ ਸਣੇ ਅੱਠ ਸੂਬੇ ਪੱਛੜੇ

**ਨਵੀਂ ਦਿੱਲੀ:** ਮਿਸ਼ਨ ਅੰਮ੍ਰਿਤ ਸਰੋਵਰ ਤਹਿਤ ਟੀਚਾ ਪੂਰਾ ਕਰਨ 'ਚ ਪੰਜਾਬ ਸਮੇਤ ਅੱਠ ਸੂਬੇ ਪੱਛੜ ਗਏ ਹਨ। ਉਂਜ ਕੌਮੀ ਟੀਚਾ ਪੂਰਾ ਕਰ ਲਿਆ ਗਿਆ ਹੈ। ਪੇਂਡੂ ਵਿਕਾਸ ਮੰਤਰਾਲੇ ਮੁਤਾਬਕ ਮਿਸ਼ਨ ਦਾ ਟੀਚਾ ਪੂਰਾ ਕਰਨ 'ਚ ਪੰਜਾਬ, ਹਰਿਆਣਾ, ਪੱਛਮੀ ਬੰਗਾਲ, ਤਿਲੰਗਾਨਾ, ਕੇਰਲਾ, ਤਾਮਿਲ ਨਾਡੂ, ਬਿਹਾਰ ਅਤੇ ਰਾਜਸਥਾਨ ਪਿੱਛੇ ਰਹਿ ਗਏ ਹਨ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪਿਛਲੇ ਸਾਲ ਅਪਰੈਲ 'ਚ ਹਰੇਕ ਜ਼ਿਲ੍ਹੇ ਦੇ ਘੱਟੋ ਘੱਟ 75 ਜਲ ਸਰੋਤਾਂ ਦੀ ਨੁਹਾਰ ਬਦਲਣ ਲਈ ਮਿਸ਼ਨ ਅੰਮ੍ਰਿਤ ਸਰੋਵਰ ਆਰੰਭਿਆ ਸੀ। ਟੀਚੇ ਤਹਿਤ 15 ਅਗਸਤ ਤੱਕ 50 ਹਜ਼ਾਰ ਅੰਮ੍ਰਿਤ ਸਰੋਵਰ ਬਣਾਏ ਜਾਣੇ ਸਨ। ਮੰਤਰਾਲੇ ਨੇ ਮਈ 'ਚ ਐਲਾਨ ਕੀਤਾ ਕਿ 50,071 ਅੰਮ੍ਰਿਤ ਸਰੋਵਰ ਸਮੇਂ ਤੋਂ ਪਹਿਲਾਂ ਮੁਕੰਮਲ ਕਰਕੇ ਕੌਮੀ ਟੀਚਾ ਹਾਸਲ ਕਰ ਲਿਆ ਗਿਆ ਹੈ। ਮੰਤਰਾਲੇ ਦੇ ਤਾਜ਼ਾ



ਅੰਕੜਿਆਂ ਮੁਤਾਬਕ 1,12,277 ਅੰਮ੍ਰਿਤ ਸਰੋਵਰਾਂ ਦੀ ਪਛਾਣ ਕਰਕੇ 81,425 'ਤੇ ਕੰਮ ਸ਼ੁਰੂ ਕੀਤਾ ਗਿਆ ਸੀ।

ਇਨ੍ਹਾਂ 'ਚੋਂ 66,278 ਅੰਮ੍ਰਿਤ ਸਰੋਵਰ ਉਸਾਰੇ ਜਾ ਚੁੱਕੇ ਹਨ ਜਾਂ ਉਨ੍ਹਾਂ ਦੀ ਮੁਰੰਮਤ ਹੋ ਚੁੱਕੀ ਹੈ। ਮਿਸ਼ਨ 'ਚ ਅੱਠ ਕੇਂਦਰੀ ਮੰਤਰਾਲੇ ਅਤੇ ਵਿਭਾਗ ਦਿਹਾਤੀ ਵਿਕਾਸ, ਪੰਚਾਇਤੀ ਰਾਜ, ਜੰਗਲਾਤ, ਵਾਤਾਵਰਨ ਅਤੇ ਜਲਵਾਯੂ ਪਰਿਵਰਤਨ, ਰੇਲਵੇ ਅਤੇ ਰੋਡ ਟਰਾਂਸਪੋਰਟ ਤੇ ਹਾਈਵੇਅਜ਼, ਪੀਣ ਵਾਲੇ ਪਾਣੀ, ਸਾਫ-ਸਫਾਈ ਅਤੇ ਜਲ ਸਰੋਤ ਆਦਿ ਸ਼ਾਮਲ ਹਨ। ਸੂਬਿਆਂ ਅਤੇ ਜ਼ਿਲ੍ਹਾ ਪੱਧਰ 'ਤੇ ਮਹਾਤਮਾ ਗਾਂਧੀ ਕੌਮੀ ਦਿਹਾਤੀ ਰੁਜ਼ਗਾਰ ਗਾਰੰਟੀ ਸਕੀਮ, 15ਵੇਂ ਵਿੱਤ ਕਮਿਸ਼ਨ ਗ੍ਰਾਂਟਸ ਅਤੇ ਪ੍ਰਧਾਨ ਮੰਤਰੀ ਕ੍ਰਿਸ਼ੀ ਸਿੰਜਾਈ ਯੋਜਨਾ ਆਦਿ ਰਾਹੀਂ ਵੱਖ-ਵੱਖ ਸਕੀਮਾਂ 'ਤੇ ਧਿਆਨ ਕੇਂਦਰਿਤ ਕੀਤਾ ਗਿਆ ਹੈ।

# ਬਹਬਿਲ ਕਾਂਡ: ਚਲਾਨ ਪੇਸ਼ ਨਾ ਕਰਨ 'ਤੇ ਪੀੜਤਾਂ ਵੱਲੋਂ ਮੁੜ ਸੰਘਰਸ਼ ਦੀ ਚਿਤਾਵਨੀ

**ਫ਼ਰੀਦਕੋਟ:** ਬਹਬਿਲ ਗੋਲੀ ਕਾਂਡ ਦੇ ਪੀੜਤਾਂ ਨੇ ਦੋਸ਼ ਲਾਇਆ ਹੈ ਕਿ ਸਾਬਕਾ ਜਾਂਚ ਅਧਿਕਾਰੀ ਆਈ.ਜੀ. ਕੁੰਵਰ ਵਿਜੈ ਪ੍ਰਤਾਪ ਸਿੰਘ ਨੇ ਪ੍ਰਭਾਵਸ਼ਾਲੀ ਮੁਲਜ਼ਮਾਂ ਖਿਲਾਫ ਜਾਣਬੁੱਝ ਕੇ ਅਦਾਲਤ 'ਚ ਚਲਾਨ ਪੇਸ਼ ਨਹੀਂ ਕੀਤਾ। ਬਹਬਿਲ ਗੋਲੀ ਕਾਂਡ ਦੇ ਪੀੜਤ ਮਹਿੰਦਰ ਸਿੰਘ ਅਤੇ ਸੁਖਰਾਜ ਸਿੰਘ ਨਿਆਮੀਵਾਲਾ ਨੇ ਜਾਂਚ ਅਧਿਕਾਰੀ 'ਤੇ ਗਵਾਹਾਂ ਦੇ ਬਿਆਨਾਂ ਨੂੰ ਤੋੜ ਮਰੋੜ ਕੇ ਲਿਖਣ ਦੇ ਦੋਸ਼ਾਂ ਤਹਿਤ ਇਥੇ ਮੈਜਿਸਟਰੇਟ ਦੀ ਅਦਾਲਤ 'ਚ ਅਰਜ਼ੀ ਦਿੱਤੀ ਹੋਈ ਹੈ।

ਇਸ ਅਰਜ਼ੀ 'ਤੇ ਪੀੜਤ ਧਿਰ, ਸਰਕਾਰੀ ਅਤੇ ਜਾਂਚ ਅਧਿਕਾਰੀ ਦੀ ਬਹਿਸ ਹੋਈ। ਸੁਖਰਾਜ ਸਿੰਘ ਨਿਆਮੀਵਾਲਾ ਨੇ ਕਿਹਾ ਕਿ ਕੁੰਵਰ ਵਿਜੈ ਪ੍ਰਤਾਪ ਵਲੋਂ ਸਹੀ ਪੜਤਾਲ ਨਹੀਂ ਕੀਤੀ ਗਈ ਕਿਉਂਕਿ ਕੁਝ ਅਜਿਹੇ ਵਿਅਕਤੀਆਂ ਦੇ ਬਿਆਨ ਲਿਖੇ ਗਏ ਹਨ ਜੋ ਘਟਨਾ ਸਮੇਂ ਹਾਜ਼ਰ ਨਹੀਂ ਸਨ ਅਤੇ ਕੁਝ ਗਵਾਹਾਂ ਨੂੰ ਜਾਤੀ ਰੰਜਿਸ਼ ਤਹਿਤ ਮੁਲਜ਼ਮਾਂ ਵਜੋਂ ਨਾਮਜ਼ਦ ਕੀਤਾ ਗਿਆ ਹੈ। ਪੀੜਤਾਂ ਨੇ ਸਵਾਲ ਕੀਤਾ ਕਿ ਜੇਕਰ ਜਾਂਚ ਅਧਿਕਾਰੀ ਕੋਲ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਖਿਲਾਫ ਪੁਖਤਾ ਸਬੂਤ ਸਨ ਤੇ ਅਦਾਲਤ 'ਚ ਚਲਾਨ ਕਿਉਂ ਨਹੀਂ ਪੇਸ਼ ਕੀਤਾ ਗਿਆ। ਪੀੜਤ ਧਿਰ ਨੇ ਐਲਾਨ ਕੀਤਾ ਕਿ ਜੇਕਰ ਬਹਬਿਲ ਗੋਲੀ ਕਾਂਡ ਦਾ ਅੰਤਿਮ ਚਲਾਨ ਜਲਦ ਪੇਸ਼ ਨਾ ਕੀਤਾ ਗਿਆ ਤਾਂ ਉਹ ਪਿੰਡ ਬਹਬਿਲ ਕਲਾਂ ਵਿਚ ਮੁੜ ਵੱਡਾ ਇਕੱਠ ਰੱਖਣਗੇ। ਹਾਲਾਂਕਿ ਕੁੰਵਰ ਵਿਜੈ ਪ੍ਰਤਾਪ ਇਨ੍ਹਾਂ ਦੋਸ਼ਾਂ ਨੂੰ ਪਹਿਲਾਂ ਹੀ ਨਕਾਰ ਚੁੱਕੇ ਹਨ।

# ਹੜ੍ਹਾਂ ਦੀ ਮਾਰ ਕਾਰਨ ਪੰਜਾਬ ਵਿਚ ਫਸਲੀ ਪੈਦਾਵਾਰ ਘਟਣ ਦਾ ਖਦਸ਼ਾ

**ਚੰਡੀਗੜ੍ਹ:** ਹਿਮਾਚਲ ਪ੍ਰਦੇਸ਼ ਵਿਚ ਲਗਾਤਾਰ ਪੈ ਰਹੇ ਭਾਰੀ ਮੀਂਹ ਮਗਰੋਂ ਡੈਮਾਂ ਵਿਚ ਪਾਣੀ ਛੱਡੇ ਜਾਣ ਕਾਰਨ ਪੰਜਾਬ ਦੇ ਕੁਝ ਜ਼ਿਲ੍ਹਿਆਂ ਵਿਚ ਮੁੜ ਹੜ੍ਹ ਆ ਗਏ ਹਨ। ਲੋਕਾਂ ਵੱਲੋਂ ਦੂਜੀ ਵਾਰ ਲਗਾਈ ਫਸਲ ਵੀ ਬਰਬਾਦ ਹੋ ਗਈ ਹੈ। ਫਿਰੋਜ਼ਪੁਰ ਤੇ ਫਾਜ਼ਿਲਕਾ ਜ਼ਿਲ੍ਹੇ ਦੇ ਦਰਜਨਾਂ ਪਿੰਡ ਪਾਣੀ ਵਿਚ ਡੁੱਬੇ ਪਏ ਹਨ। ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਜਗਤਪੁਰ ਟਾਂਡਾ ਨੇੜੇ ਧੁੱਸੀ ਬੰਨ੍ਹ ਵਿਚ ਪਏ ਪਾੜ ਕਰਕੇ ਦਰਜਨਾਂ ਪਿੰਡ ਹੜ੍ਹ ਦੀ ਲਪੇਟ ਵਿਚ ਆ ਗਏ ਹਨ। ਪੰਜਾਬ ਦੇ ਵੱਡੇ ਖੇਤਰ ਵਿਚ ਇਸ ਵਾਰ ਕੁਦਰਤ ਨੇ ਫਸਲ ਬੀਜਣ ਦਾ ਮੌਕਾ ਹੀ ਨਹੀਂ ਦਿੱਤਾ।



ਪੰਜਾਬ ਵਿਚ ਫਸਲੀ ਪੈਦਾਵਾਰ ਪ੍ਰਭਾਵਿਤ ਹੋਣ ਦਾ ਖਦਸ਼ਾ ਹੈ। ਖਾਸ ਕਰਕੇ ਝੋਨੇ ਦੀ ਪੈਦਾਵਾਰ ਵਿਚ ਕਮੀ ਦੇਖਣ ਨੂੰ ਮਿਲ ਸਕਦੀ ਹੈ। ਬਾਸਮਤੀ ਦੇ ਰਕਬੇ ਨੂੰ ਵੀ ਹੜ੍ਹਾਂ ਨੇ ਪ੍ਰਭਾਵਿਤ ਕੀਤਾ ਹੈ। ਕੇਂਦਰੀ ਪੂਲ ਵਿਚ ਪੰਜਾਬ ਦਾ ਯੋਗਦਾਨ ਘਟਣ ਦੀ ਸੰਭਾਵਨਾ ਦੱਸੀ ਜਾ ਰਹੀ ਹੈ। ਖਾਸ ਕਰਕੇ ਗੁਰਦਾਸਪੁਰ, ਹੁਸ਼ਿਆਰਪੁਰ, ਜਲੰਧਰ, ਰੋਪੜ, ਮੁਹਾਲੀ, ਪਟਿਆਲਾ, ਫਿਰੋਜ਼ਪੁਰ, ਤਰਨ ਤਾਰਨ ਤੇ ਸੰਗਰੂਰ ਜ਼ਿਲ੍ਹਿਆਂ ਵਿਚ ਪੈਦਾਵਾਰੀ ਟੀਚੇ ਡਗਮਗਾ ਸਕਦੇ ਹਨ।

ਮਾਹਿਰਾਂ ਮੁਤਾਬਕ ਪੰਜਾਬ ਨੂੰ ਹੜ੍ਹਾਂ ਕਾਰਨ ਦੋ ਮਹੀਨਿਆਂ ਦੌਰਾਨ ਵੱਜੀ ਵਿੱਤੀ ਸੱਟ ਦੀ ਕਿਧਰੇ ਭਰਪਾਈ ਹੋਣੀ ਮੁਸ਼ਕਲ ਜਾਪਦੀ ਹੈ। ਬੇਸ਼ੱਕ ਕੇਂਦਰੀ ਟੀਮ ਨੇ ਪਹਿਲੇ ਹੜ੍ਹਾਂ ਦੇ ਨੁਕਸਾਨ ਦਾ ਜਾਇਜ਼ਾ ਲਿਆ ਸੀ, ਪਰ ਅਜੇ ਤੱਕ ਕੇਂਦਰ ਨੇ ਪੰਜਾਬ ਨੂੰ ਰਾਹਤ ਦੇਣ ਵਾਲੇ ਕਦਮ ਨਹੀਂ ਵਧਾਏ ਹਨ। ਦੂਸਰੇ ਸੂਬਿਆਂ ਵਿਚ ਆਏ ਹੜ੍ਹਾਂ ਦੌਰਾਨ ਕੇਂਦਰ ਸਰਕਾਰ ਨੇ ਹੈਲੀਕਾਪਟਰ ਸੇਵਾ ਵੀ ਦਿੱਤੀ ਸੀ, ਪਰ ਪੰਜਾਬ ਨੂੰ ਕੇਂਦਰ ਤਰਫੋਂ ਅਜਿਹੀ ਮਦਦ ਨਹੀਂ ਮਿਲੀ ਹੈ। ਕਿਸੇ ਵੀ ਕੇਂਦਰੀ ਆਗੂ ਨੇ ਪੰਜਾਬ ਵਿਚ ਹੋਏ ਨੁਕਸਾਨ ਬਾਰੇ 'ਹਾਅ ਦਾ ਨਾਅਰਾ' ਨਹੀਂ ਮਾਰਿਆ।

ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਤਿਆਰ ਅੰਕੜਿਆਂ ਮੁਤਾਬਕ ਇਸ ਸਾਲ ਪਹਿਲੀ ਅਪਰੈਲ ਤੋਂ ਹੁਣ ਤੱਕ ਹੜ੍ਹਾਂ, ਜ਼ਮੀਨ ਖਿਸਕਣ ਤੇ ਅਸਮਾਨੀ ਬਿਜਲੀ ਡਿੱਗਣ ਦੀਆਂ ਘਟਨਾਵਾਂ ਵਿਚ 2038 ਲੋਕਾਂ ਦੀ ਜਾਨ ਜਾਂਦੀ ਰਹੀ ਹੈ। ਸਭ ਤੋਂ ਵੱਧ 518 ਮੌਤਾਂ ਬਿਹਾਰ ਤੇ 330 ਹਿਮਾਚਲ ਪ੍ਰਦੇਸ਼ ਤੋਂ ਰਿਪੋਰਟ ਹੋਈਆਂ ਹਨ। ਡੇਟਾ ਮੁਤਾਬਕ ਪਹਿਲੀ ਅਪਰੈਲ ਤੋਂ 17 ਅਗਸਤ ਤੱਕ ਮੀਂਹ ਤੇ ਹੜ੍ਹਾਂ ਦੌਰਾਨ 101 ਵਿਅਕਤੀ ਲਾਪਤਾ ਹੋ ਗਏ ਤੇ 1584 ਨੂੰ ਸੱਟਾਂ ਫੇਟਾਂ ਲੱਗੀਆਂ। ਮੀਂਹ, ਢਿੱਗਾਂ ਡਿੱਗਣ ਤੇ ਅਸਮਾਨੀ ਬਿਜਲੀ ਕਰਕੇ 335 ਜ਼ਿਲ੍ਹੇ ਅਸਰਅੰਦਾਜ਼ ਹੋਏ। ਇਨ੍ਹਾਂ ਵਿਚੋਂ 40 ਮੱਧ ਪ੍ਰਦੇਸ਼, 30 ਅਸਾਮ, 27 ਯੂਪੀ, 12 ਹਿਮਾਚਲ ਤੇ ਸੱਤ ਜ਼ਿਲ੍ਹੇ ਉੱਤਰਾਖੰਡ ਦੇ ਸ਼ਾਮਲ ਹਨ।

# ਸੁਖਬੀਰ ਵੱਲੋਂ ਪੰਥ ਵਿਰੋਧੀ ਤਾਕਤਾਂ ਨੂੰ ਹਰਾਉਣ ਲਈ ਇਕਜੁੱਟ ਹੋਣ ਦਾ ਸੱਦਾ

**ਸੰਗਰੂਰ:** ਇਥੇ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਬਰਸੀ ਮੌਕੇ ਕਰਵਾਈ ਗਈ ਸ਼ਹੀਦੀ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸਿੱਖ ਸੰਸਥਾਵਾਂ ਅਤੇ ਸਿੱਖ ਰਵਾਇਤਾਂ ਨੂੰ ਬਦਨਾਮ ਕਰਨ ਦੀ ਸਾਜ਼ਿਸ਼ ਰਚਣ ਵਾਲੀਆਂ ਪੰਥ ਵਿਰੋਧੀ ਤਾਕਤਾਂ ਨੂੰ ਹਰਾਉਣ ਲਈ ਇਕਜੁੱਟ ਹੋ ਕੇ ਲੜਾਈ ਲੜਨ ਦਾ ਸੱਦਾ ਦਿੱਤਾ ਹੈ।



ਸੁਖਬੀਰ ਨੇ ਦੇਸ਼ ਵਿਚ ਧਰਮ ਦੇ ਨਾਂ 'ਤੇ ਵੰਡੀਆਂ ਪਾਉਣ ਦੀ ਸਿਆਸਤ 'ਤੇ ਚਿੰਤਾ ਪ੍ਰਗਟਾਈ। ਉਨ੍ਹਾਂ ਕਿਹਾ ਕਿ ਮਨੀਪੁਰ ਵਿਚ ਸ਼ਰਮਨਾਕ ਘਟਨਾਵਾਂ ਵਾਪਰੀਆਂ ਹਨ ਪਰ ਸਰਕਾਰਾਂ ਚੁੱਪ ਹਨ। 'ਆਪ' ਸਰਕਾਰ 'ਤੇ ਵਰ੍ਹਦਿਆਂ ਸੁਖਬੀਰ ਨੇ ਕਿਹਾ ਕਿ ਮੁੱਖ ਮੰਤਰੀ ਦਾਅਵਾ ਕਰਦੇ ਸਨ ਕਿ ਬੱਕਰੀ ਅਤੇ ਮੁਰਗੀ ਦਾ ਵੀ ਮੁਆਵਜ਼ਾ ਦਿੱਤਾ ਜਾਵੇਗਾ ਪਰ ਕਿਸਾਨਾਂ ਨੂੰ ਮੁਆਵਜ਼ਾ ਤਾਂ ਕੀ ਮਿਲਣਾ ਸੀ, ਹਾਲੇ ਤੱਕ ਗਿਰਦਾਵਰੀਆਂ ਵੀ ਨਹੀਂ ਹੋਈਆਂ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਪੰਜਾਬੀਆਂ ਦੀ ਨਹੀਂ ਸਗੋਂ ਦਿੱਲੀ ਵਾਲਿਆਂ ਦੀ ਸਰਕਾਰ ਚੱਲ ਰਹੀ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਮੈਡੀਕਲ ਕਾਲਜ ਮਸਤੂਆਣਾ ਸਾਹਿਬ ਦੇ ਮੁੱਦੇ 'ਤੇ ਕਿਹਾ ਕਿ ਗੁਰਦੁਆਰਾ ਅੰਗੀਠਾ ਸਾਹਿਬ ਵਾਲਿਆਂ ਨੂੰ ਜਾਇਦਾਦ ਵੇਚਣ ਦਾ ਕੋਈ ਅਧਿਕਾਰ ਨਹੀਂ ਹੈ। ਉਨ੍ਹਾਂ ਕਿਹਾ ਕਿ 25 ਏਕੜ ਦੀ ਰਜਿਸਟਰੀ ਕਰਵਾਉਣ ਵਾਲਿਆਂ ਖ਼ਿਲਾਫ਼ ਕੇਸ ਦਰਜ ਹੋਵੇਗਾ। ਉਨ੍ਹਾਂ ਕਿਹਾ ਕਿ ਸਰਕਾਰ ਚਾਹੇ ਤਾਂ ਇਕ ਮਿੰਟ 'ਚ ਜ਼ਮੀਨ ਐਕੁਆਇਰ ਕਰ ਸਕਦੀ ਹੈ। ਐਸ.ਜੀ.ਪੀ.ਸੀ. ਮਤਾ ਪਾਸ ਕਰ ਕੇ ਸਰਕਾਰ ਨੂੰ ਭੇਜ ਚੁੱਕੀ ਹੈ ਕਿ ਜ਼ਮੀਨ ਦੇਣ ਲਈ ਤਿਆਰ ਹਾਂ ਪਰ ਸ਼੍ਰੋਮਣੀ ਕਮੇਟੀ ਨੂੰ ਜਾਣਬੁੱਝ ਕੇ ਬਦਨਾਮ ਕੀਤਾ ਜਾ ਰਿਹਾ ਹੈ।

# ਨਰਮੇ ਉਤੇ ਗੁਲਾਬੀ ਸੁੰਡੀ ਦਾ ਹਮਲਾ

**ਮਾਨਸਾ:** ਮਾਲਵਾ ਪੱਟੀ ਵਿਚ ਬੀਟੀ ਕਾਟਨ ਉਤੇ ਹਰੇ ਤੇਲੇ ਅਤੇ ਚਿੱਟੀ ਮੱਖੀ ਦੇ ਹਮਲੇ ਤੋਂ ਬਾਅਦ ਗੁਲਾਬੀ ਸੁੰਡੀ ਦਾ ਹਮਲਾ ਹੋ ਗਿਆ ਹੈ। ਕਿਸਾਨ ਆਪਣੀ ਫਸਲ ਦੇ ਬਚਾਅ ਲਈ ਧੜਾਧੜ ਸਪਰੇਆਂ ਕਰਨ ਲੱਗੇ ਹਨ ਪਰ ਖੇਤੀਬਾੜੀ ਵਿਭਾਗ ਨੇ ਕਿਸਾਨਾਂ ਨੂੰ ਸਪਰੇਆਂ ਕਰਨ ਤੋਂ ਵਰਜਿਆ ਹੈ।



ਖੇਤੀ ਮਾਹਿਰਾਂ ਨੇ ਇਸ ਹਮਲੇ ਨੂੰ ਮਾਮੂਲੀ ਮੰਨਿਆ ਹੈ। ਖੇਤੀਬਾੜੀ ਵਿਭਾਗ ਨੇ ਇਸ ਦਾ ਨੋਟਿਸ ਲੈਂਦਿਆਂ ਨਰਮਾ ਪੱਟੀ ਦੇ ਜ਼ਿਲ੍ਹਿਆਂ ਵਿਚ ਅਧਿਕਾਰੀਆਂ ਦੀ ਤਾਇਨਾਤੀ ਕਰ ਦਿੱਤੀ ਹੈ। ਪੰਜਾਬ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਵੱਲੋਂ ਸ੍ਰੀ ਮੁਕਤਸਰ ਸਾਹਿਬ, ਬਠਿੰਡਾ, ਫਾਜ਼ਿਲਕਾ, ਅਤੇ ਮਾਨਸਾ ਜ਼ਿਲ੍ਹਿਆਂ ਵਿਚ ਚਾਰ ਸੀਨੀਅਰ ਅਧਿਕਾਰੀ ਤਾਇਨਾਤ ਕੀਤੇ ਗਏ ਹਨ। ਨਰਮਾ ਪੱਟੀ ਦੇ ਇਨ੍ਹਾਂ ਚਾਰ ਜ਼ਿਲ੍ਹਿਆਂ ਵਿਚ ਤਾਇਨਾਤ ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਦੀਆਂ ਸਨਿੱਚਰਵਾਰ ਤੇ ਐਤਵਾਰ ਸਮੇਤ ਛੁੱਟੀਆਂ ਇਸ ਮਹੀਨੇ ਦੇ ਅੰਤ ਤੱਕ ਰੱਦ ਕਰ ਦਿੱਤੀਆਂ ਗਈਆਂ ਹਨ। ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਚਾਰ ਸੀਨੀਅਰ ਅਧਿਕਾਰੀਆਂ ਨੂੰ 31 ਅਗਸਤ ਤੱਕ ਕਪਾਹ ਪੱਟੀ ਵਿੱਚ ਰਹਿਣ ਦੇ ਹੁਕਮ ਦਿੱਤੇ ਹਨ ਕਿਉਂਕਿ ਅਗਲੇ 15 ਦਿਨ ਕਪਾਹ ਦੀ ਫ਼ਸਲ ਲਈ ਬਹੁਤ ਅਹਿਮ ਹਨ। ਇਹ ਅਧਿਕਾਰੀ ਨਰਮੇ ਦੀ ਫ਼ਸਲ ਦਾ ਨਿਰੀਖਣ ਕਰਨ ਲਈ ਖੇਤਾਂ ਦਾ ਦੌਰਾ ਕਰਨਗੇ ਅਤੇ ਗੁਲਾਬੀ ਸੁੰਡੀ ਦੇ ਹਮਲੇ ਦੀ ਰੋਕਥਾਮ ਲਈ ਕਿਸਾਨਾਂ ਨੂੰ ਸਲਾਹ ਦੇਣ ਦੇ ਨਾਲ-ਨਾਲ ਫੀਲਡ ਵਿੱਚ ਤਾਇਨਾਤ ਅਧਿਕਾਰੀਆਂ ਤੇ ਕਰਮਚਾਰੀਆਂ ਦੇ ਕੰਮਕਾਜ ਦੀ ਨਿਗਰਾਨੀ ਵੀ ਕਰਨਗੇ।

ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਨੂੰ ਰੋਜ਼ਾਨਾ ਖੇਤਾਂ ਦਾ ਦੌਰਾ ਕਰਨ ਅਤੇ ਹੈੱਡਕੁਆਰਟਰ ਨੂੰ ਸਥਿਤੀ ਦੀ ਰਿਪੋਰਟ ਭੇਜਣ ਦੇ ਨਿਰਦੇਸ਼ ਵੀ ਦਿੱਤੇ ਹਨ। ਉਨ੍ਹਾਂ ਕਿਹਾ ਕਿ ਡਿਊਟੀ ਵਿਚ ਲਾਪਰਵਾਹੀ ਜਾਂ ਢਿੱਲ-ਮੱਠ ਕਰਨ ਵਾਲੇ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਕੀਟਨਾਸ਼ਕਾਂ ਦੀਆਂ ਦੁਕਾਨਾਂ ਅਤੇ ਨਿਰਮਾਣ ਯੂਨਿਟਾਂ ਦਾ ਦੌਰਾ ਕਰਨ। ਇਸ ਦੇ ਨਾਲ ਹੀ ਗੁਣਵੱਤਾ ਲਈ ਨਿਯਮਤ ਸੈਂਪਲ ਲੈਣ ਤੋਂ ਇਲਾਵਾ ਕਿਸਾਨਾਂ ਨੂੰ ਵੇਚੇ ਜਾ ਰਹੇ ਕੀਟਨਾਸ਼ਕਾਂ ਦੀ ਕੀਮਤ ਦੀ ਨਿਗਰਾਨੀ ਕਰਨ ਲਈ ਵੀ ਕਿਹਾ ਗਿਆ ਹੈ।

# ਲੱਦਾਖ ਹਾਦਸੇ 'ਚ ਪੰਜਾਬ ਦੇ ਦੋ ਜਵਾਨਾਂ ਦੀ ਮੌਤ

**ਕੋਟਕਪੂਰਾ:** ਜੰਮੂ ਕਸ਼ਮੀਰ ਦੇ ਲੱਦਾਖ ਵਿਚ ਫੌਜ ਦੀ ਗੱਡੀ ਨਾਲ ਵਾਪਰੇ ਹਾਦਸੇ ਵਿਚ ਸ਼ਹੀਦ ਹੋਏ ਜਵਾਨਾਂ ਵਿਚ ਪੰਜਾਬ ਦੇ ਵੀ ਦੋ ਜਵਾਨ ਸ਼ਾਮਲ ਸਨ। ਜਾਣਕਾਰੀ ਅਨੁਸਾਰ ਹਾਦਸੇ ਵਿਚ ਫਰੀਦਕੋਟ ਜ਼ਿਲ੍ਹੇ ਦੇ ਪਿੰਡ ਸਿਰਸੜੀ ਦਾ ਸੂਬੇਦਾਰ ਰਮੇਸ਼ ਲਾਲ (41) ਅਤੇ ਬਸੀ ਪਠਾਣਾਂ ਸਬ ਡਿਵੀਜ਼ਨ ਦੇ ਪਿੰਡ ਕਮਾਲੀ ਦਾ ਸਿਪਾਹੀ ਤਰਨਦੀਪ ਸਿੰਘ (22) ਸ਼ਹੀਦ ਹੋ ਗਿਆ। ਰਮੇਸ਼ ਲਾਲ ਰਾਫਟਿੰਗ ਦਾ ਚੰਗਾ ਖਿਡਾਰੀ ਸੀ। ਉਹ ਵਿਦੇਸ਼ਾਂ ਵਿਚ ਕਈ ਵਾਰ ਭਾਰਤ ਅਤੇ ਭਾਰਤੀ ਫੌਜ ਦੀ ਨੁਮਾਇੰਦਗੀ ਕਰ ਚੁੱਕਿਆ ਹੈ। ਉਸ ਦੇ ਜਹਾਨੋਂ ਤੁਰ ਜਾਣ ਨਾਲ ਫੌਜ ਨੂੰ ਦੋਹਰਾ ਘਾਟਾ ਪਿਆ ਹੈ। ਰਮੇਸ਼ ਦੇ ਵੱਡੇ ਭਰਾ ਕ੍ਰਿਸ਼ਨ ਕੁਮਾਰ ਮੁਤਾਬਕ ਰਮੇਸ਼ ਭਰਾਵਾਂ 'ਚੋਂ ਸਭ ਤੋਂ ਛੋਟਾ ਸੀ। ਉਹ ਤਕਰੀਬਨ 24 ਸਾਲ ਪਹਿਲਾਂ ਆਰਮੀ ਵਿਚ ਲਾਂਸ ਨਾਇਕ ਭਰਤੀ ਹੋਇਆ ਸੀ ਤੇ ਹੁਣ ਸੂਬੇਦਾਰ ਵਜੋਂ ਪਰਮੋਟ ਹੋ ਗਿਆ ਸੀ। ਮਹੀਨਾ ਪਹਿਲਾਂ ਹੀ ਉਸ ਨੂੰ ਲੇਹ ਤਬਦੀਲ ਕੀਤਾ ਗਿਆ ਸੀ। ਉਸ ਦੇ ਦੋ ਪੁੱਤਰ ਹਨ, ਜੋ ਆਰਮੀ ਸਕੂਲ ਰਿਸ਼ੀਕੇਸ਼ ਵਿਚ ਪੜ੍ਹਾਈ ਕਰ ਰਹੇ ਹਨ। ਪਰਿਵਾਰਕ ਮੈਂਬਰ ਸੁਖਪਾਲ ਸਿੰਘ ਨੇ ਕਿਹਾ ਕਿ ਪਰਿਵਾਰ ਵਿਚ ਸਿਰਫ ਰਮੇਸ਼ ਹੀ ਕਮਾਉਣ ਵਾਲਾ ਸੀ। ਉਨ੍ਹਾਂ ਸਰਕਾਰ ਤੋਂ ਰਮੇਸ਼ ਦੀ ਪਤਨੀ ਨੂੰ ਸਰਕਾਰੀ ਨੌਕਰੀ ਦੇਣ ਦੀ ਮੰਗ ਕੀਤੀ ਹੈ।



ਇਸੇ ਤਰ੍ਹਾਂ ਤਰਨਦੀਪ ਸਿੰਘ ਦੀ ਮੌਤ ਦੀ ਖਬਰ ਮਿਲਦੇ ਹੀ ਇਲਾਕੇ ਵਿਚ ਸੋਗ ਫੈਲ ਗਿਆ। ਪਿੰਡ ਅਤੇ ਇਲਾਕੇ ਦੇ ਲੋਕ ਤਰਨਦੀਪ ਸਿੰਘ ਦੇ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਪਹੁੰਚ ਰਹੇ ਹਨ। ਤਰਨਦੀਪ ਮਾਪਿਆਂ ਦਾ ਇਕਲੌਤਾ ਪੁੱਤਰ ਸੀ। ਤਰਨਦੀਪ ਸਿੰਘ ਦੇ ਪਿਤਾ ਕੇਵਲ ਸਿੰਘ ਨੇ ਦੱਸਿਆ ਕਿ ਤਰਨਦੀਪ ਬੀਤੇ ਜੂਨ ਮਹੀਨੇ ਵਿਚ ਇਕ ਮਹੀਨੇ ਦੀ ਛੁੱਟੀ ਕੱਟ ਕੇ ਡਿਊਟੀ 'ਤੇ ਗਿਆ ਸੀ।

# ਬਾਦਲ ਸਰਕਾਰ ਨੇ ਖਜ਼ਾਨਾ ਲੁੱਟਣ ਲਈ ਮਹਿੰਗੇ ਬਿਜਲੀ ਸਮਝੌਤੇ ਕੀਤੇ: ਕੰਗ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਨੇ ਸੌਰ ਊਰਜਾ ਦੀ ਖਰੀਦ ਲਈ ਅਕਾਲੀ-ਭਾਜਪਾ ਸਰਕਾਰ ਦੌਰਾਨ ਹੋਏ ਖਰੀਦ ਸੌਦਿਆਂ ਰਾਹੀਂ ਅਕਾਲੀਆਂ ਦੇ ਚਹੇਤਿਆਂ 'ਤੇ ਸਰਕਾਰੀ ਖ਼ਜ਼ਾਨੇ ਨੂੰ ਲੁੱਟਣ ਦੇ ਦੋਸ਼ ਲਾਏ ਹਨ। ਪਾਰਟੀ ਦੇ ਬੁਲਾਰੇ ਮਲਵਿੰਦਰ ਸਿੰਘ ਕੰਗ ਨੇ ਕਿਹਾ ਕਿ ਜੇਕਰ 'ਆਪ' ਸਰਕਾਰ ਸਾਲ 2023 ਵਿਚ ਸੂਰਜੀ ਬਿਜਲੀ ਦੀ ਖਰੀਦ ਲਈ 2.5 ਰੁਪਏ ਪ੍ਰਤੀ ਯੂਨਿਟ ਦੇ ਹਿਸਾਬ ਨਾਲ ਇਕਰਾਰਨਾਮਾ ਕਰ ਸਕਦੀ ਹੈ ਤਾਂ ਅਕਾਲੀ-ਭਾਜਪਾ ਸਰਕਾਰ ਦੇ ਸਮੇਂ 8 ਰੁਪਏ ਪ੍ਰਤੀ ਯੂਨਿਟ ਬਿਜਲੀ ਦੀ ਖਰੀਦ ਹੋਣ ਦਾ ਮਾਮਲਾ ਵੱਡੀ ਸਰਕਾਰੀ ਲੁੱਟ ਵੱਲ ਇਸ਼ਾਰਾ ਕਰਦਾ ਹੈ। ਸ੍ਰੀ ਕੰਗ ਨੇ ਕਿਹਾ ਕਿ ਬਾਦਲ ਸਰਕਾਰ ਨੇ ਨਿੱਜੀ ਕੰਪਨੀਆਂ ਨੂੰ ਫਾਇਦਾ ਪਹੁੰਚਾਉਣ ਲਈ ਮਹਿੰਗੇ ਬਿਜਲੀ ਸਮਝੌਤੇ ਕੀਤੇ ਅਤੇ ਪੰਜਾਬ ਦੇ ਖਜ਼ਾਨੇ ਨੂੰ ਅਰਬਾਂ ਰੁਪਏ ਦਾ ਚੂਨਾ ਲਾਇਆ। ਉਨ੍ਹਾਂ ਕਿਹਾ ਕਿ ਅਕਾਲੀ ਦਲ ਅਤੇ ਭਾਜਪਾ ਸਰਕਾਰ ਦੌਰਾਨ ਚੰਮ ਦੀਆਂ ਚਲਾਉਣ ਵਾਲੇ ਆਗੂ ਇਹ ਦੱਸਣ ਕਿ 2007-08 ਵਿਚ ਇੰਨੇ ਮਹਿੰਗੇ ਬਿਜਲੀ ਸਮਝੌਤੇ ਕਿਸ ਨੂੰ ਫਾਇਦਾ ਪਹੁੰਚਾਉਣ ਲਈ ਕੀਤੇ ਗਏ ਸਨ। ਕੰਗ ਨੇ ਪਿਛਲੀ ਕਾਂਗਰਸ ਸਰਕਾਰ ਉਤੇ ਵੀ ਮਹਿੰਗੇ ਰੇਟ 'ਤੇ ਬਿਜਲੀ ਖਰੀਦਣ ਦਾ ਦੋਸ਼ ਲਗਾਇਆ।

## ਸਰਕਾਰ ਨੇ ਪਿਆਜ ਦੀ ਬਰਾਮਦ 'ਤੇ 40 ਫੀਸਦੀ ਡਿਊਟੀ ਲਾਈ




**ਨਵੀਂ ਦਿੱਲੀ:** ਸਰਕਾਰ ਨੇ ਪਿਆਜ ਦੀਆਂ ਵਧ ਰਹੀਆਂ ਕੀਮਤਾਂ 'ਤੇ ਕਾਬੂ ਪਾਉਣ ਅਤੇ ਘਰੇਲੂ ਬਾਜ਼ਾਰ ਵਿਚ ਸਪਲਾਈ ਬਿਹਤਰ ਕਰਨ ਲਈ ਪਿਆਜ ਦੀ ਬਰਾਮਦ 'ਤੇ 40 ਫੀਸਦੀ ਡਿਊਟੀ ਲਗਾ ਦਿੱਤੀ ਹੈ। ਵਿੱਤ ਮੰਤਰਾਲੇ ਨੇ ਇਸ ਸਬੰਧੀ ਨੋਟੀਫਿਕੇਸ਼ਨ ਜਾਰੀ ਕੀਤਾ ਹੈ, ਜਿਸ ਤਹਿਤ 31 ਦਸੰਬਰ 2023 ਤੱਕ ਪਿਆਜ ਦੀ ਬਰਾਮਦ ਉਤੇ 40 ਫੀਸਦੀ ਡਿਊਟੀ ਲੱਗੇਗੀ। ਸਤੰਬਰ ਵਿਚ ਪਿਆਜ ਦੀਆਂ ਕੀਮਤਾਂ ਵਧਣ ਦੀਆਂ ਰਿਪੋਰਟਾਂ ਦੇ ਮੱਦੇਨਜ਼ਰ ਸਰਕਾਰ ਵੱਲੋਂ ਇਹ ਫੈਸਲਾ ਲਿਆ ਗਿਆ ਹੈ। ਇਸ ਤੋਂ ਪਹਿਲਾਂ 11 ਅਗਸਤ ਨੂੰ ਕੇਂਦਰ ਸਰਕਾਰ ਨੇ ਆਪਣੇ ਬਫਰ ਸਟਾਕ 'ਚੋਂ ਸਬਜ਼ੀਆਂ ਨੂੰ ਬਾਹਰ ਕੱਢਣਾ ਸ਼ੁਰੂ ਕਰ ਦਿੱਤਾ ਸੀ। ਕੇਂਦਰ ਸਰਕਾਰ ਨੇ ਪਹਿਲਾਂ ਫੈਸਲਾ ਕੀਤਾ ਸੀ ਕਿ ਉਹ 2023-24 ਦੇ ਸੀਜ਼ਨ ਵਿਚ 3 ਲੱਖ ਟਨ ਪਿਆਜ ਬਫਰ ਸਟਾਕ ਵਜੋਂ ਰੱਖੇਗੀ।

# ਹੇਮਕੁੰਟ ਸਾਹਿਬ ਜਾਣ ਵਾਲੇ ਸ਼ਰਧਾਲੂਆਂ ਦੀ ਗਿਣਤੀ ਘਟੀ

**ਅੰਮ੍ਰਿਤਸਰ:** ਪੰਜਾਬ ਸਮੇਤ ਉੱਤਰੀ ਭਾਰਤ ਵਿਚ ਹੜ੍ਹਾਂ ਵਾਲੀ ਸਥਿਤੀ ਕਾਰਨ ਉਤਰਾਖੰਡ ਵਿਚ ਚੱਲ ਰਹੀ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ ਅਤੇ ਚਾਰ ਧਾਮ ਦੀ ਯਾਤਰਾ ਪ੍ਰਭਾਵਿਤ ਹੋਈ ਹੈ। ਹੜ੍ਹਾਂ ਕਾਰਨ ਇਨ੍ਹਾਂ ਧਾਰਮਿਕ ਸਥਾਨਾਂ 'ਤੇ ਜਾਣ ਵਾਲੇ ਸ਼ਰਧਾਲੂਆਂ ਦੀ ਗਿਣਤੀ ਵਿਚ ਭਾਰੀ ਕਮੀ ਆਈ ਹੈ।

ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ 20 ਮਈ ਨੂੰ ਆਰੰਭ ਹੋਈ ਸੀ ਅਤੇ ਤਿੰਨ ਮਹੀਨਿਆਂ ਬਾਅਦ 20 ਅਗਸਤ ਤੱਕ ਲਗਭਗ 1.43 ਲੱਖ ਸ਼ਰਧਾਲੂਆਂ ਨੇ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੇ ਦਰਸ਼ਨ ਕੀਤੇ ਹਨ। ਬਰਸਾਤ ਤੋਂ ਪਹਿਲਾਂ ਵੱਡੀ ਗਿਣਤੀ ਸ਼ਰਧਾਲੂ ਇਥੇ ਜਾ ਰਹੇ ਸਨ ਪਰ ਪੰਜਾਬ ਅਤੇ ਉੱਤਰ ਭਾਰਤ ਵਿਚ ਆਏ ਹੜ੍ਹਾਂ ਕਾਰਨ ਸ਼ਰਧਾਲੂਆਂ ਦੀ ਗਿਣਤੀ ਕਾਫੀ ਘਟ ਗਈ ਹੈ।

ਇਸ ਵੇਲੇ ਰੋਜ਼ਾਨਾ ਔਸਤਨ 250 ਤੋਂ 300 ਸ਼ਰਧਾਲੂ ਹੀ ਜਾ ਰਹੇ ਹਨ ਜਦੋਂਕਿ ਇਸ ਤੋਂ ਪਹਿਲਾਂ ਰੋਜ਼ਾਨਾ ਔਸਤ 1500 ਤੱਕ ਸੀ। ਮਈ ਅਤੇ ਜੂਨ ਮਹੀਨੇ ਵਿਚ ਇਹ ਦਰ 3 ਹਜ਼ਾਰ ਸ਼ਰਧਾਲੂਆਂ ਤੱਕ ਵੀ ਰਹੀ ਹੈ। ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟਰੱਸਟ ਦੇ ਪ੍ਰਧਾਨ ਨਰਿੰਦਰਜੀਤ ਸਿੰਘ ਬਿੰਦਰਾ ਨੇ ਦੱਸਿਆ ਕਿ ਇਸ ਵੇਲੇ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਵਿਖੇ ਮੌਸਮ ਲਗਾਤਾਰ ਸਾਫ ਚੱਲ ਰਿਹਾ ਹੈ ਅਤੇ ਚਾਰੇ ਪਾਸੇ ਹਰਿਆਵਲ ਹੋ ਗਈ ਹੈ ਅਤੇ ਰੋਜ਼ਾਨਾ ਧੁੱਪ ਨਿਕਲ ਰਹੀ ਹੈ ਪਰ ਅੱਜ-ਕੱਲ੍ਹ ਯਾਤਰੀਆਂ ਦੀ ਗਿਣਤੀ ਵਿਚ ਕਮੀ ਆਈ ਹੈ। ਉਨ੍ਹਾਂ ਦੱਸਿਆ ਕਿ ਉੱਤਰੀ ਭਾਰਤ ਵਿਚ ਹੜ੍ਹਾਂ ਕਾਰਨ ਹੁਣ ਸ਼ਰਧਾਲੂਆਂ ਦੀ ਗਿਣਤੀ ਕਾਫੀ ਘਟ ਗਈ ਹੈ।



ਉਨ੍ਹਾਂ ਦੱਸਿਆ ਕਿ ਇਥੇ ਰੋਜ਼ਾਨਾ ਧੁੱਪ ਨਿਕਲਣ ਕਾਰਨ ਆਲੇ-ਦੁਆਲੇ ਜੰਮੀ ਬਰਫ ਪਿਘਲ ਚੁੱਕੀ ਹੈ। ਗੁਰਦੁਆਰੇ ਦੇ ਆਲੇ-ਦੁਆਲੇ 15000 ਫੁੱਟ ਦੀ ਉਚਾਈ 'ਤੇ ਕਈ ਤਰ੍ਹਾਂ ਦੇ ਫੁੱਲ ਖਿੜ ਗਏ ਹਨ। ਖਾਸ ਕਰਕੇ ਵਧੇਰੇ ਉਚਾਈ 'ਤੇ ਪੈਦਾ ਹੋਣ ਵਾਲਾ ਬ੍ਰਹਮਕੰਵਲ ਫੁੱਲ ਵੀ ਦਿਖਾਈ ਦੇਣ ਲੱਗ ਪਿਆ ਹੈ। ਇਸ ਵੇਲੇ ਇਥੇ ਕੁਦਰਤ ਦਾ ਮਨਮੋਹਕ ਰੂਪ ਬਣਿਆ ਹੋਇਆ ਹੈ ਤੇ ਉਤਰਾਖੰਡ ਵਿਚ ਰਸਤੇ ਵੀ ਸਾਫ ਹਨ। ਗੁਰਦੁਆਰਾ ਸ੍ਰੀ ਗੋਬਿੰਦ ਘਾਟ ਦੇ ਮੈਨੇਜਰ ਭਾਈ ਸੇਵਾ ਸਿੰਘ ਨੇ ਦੱਸਿਆ ਕਿ ਹੜ੍ਹਾਂ ਕਾਰਨ ਨਾ ਸਿਰਫ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਸਗੋਂ ਸਮੁੱਚੇ ਚਾਰ ਧਾਮ ਦੀ ਯਾਤਰਾ 'ਤੇ ਆਉਣ ਵਾਲੇ ਸ਼ਰਧਾਲੂਆਂ ਦੀ ਦਰ ਵਿਚ ਵੱਡੀ ਕਮੀ ਆਈ ਹੈ।

# ਹੜ੍ਹਾਂ ਦੇ ਪਾਣੀ ਨੇ ਇੱਕ ਵਾਰ ਰੋਕੀ ਜ਼ਿੰਦਗੀ ਦੀ ਰਫਤਾਰ

**ਚੰਡੀਗੜ੍ਹ:** ਪੰਜਾਬ ਦੇ ਕਈ ਜ਼ਿਲ੍ਹਿਆਂ ਵਿਚ ਇਕ ਵਾਰ ਮੁੜ ਹੜ੍ਹਾਂ ਦੇ ਪਾਣੀ ਨੇ ਲੋਕਾਂ ਦੀ ਜ਼ਿੰਦਗੀ ਦੀ ਰਫ਼ਤਾਰ ਰੋਕ ਦਿੱਤੀ ਹੈ। ਇਥੋਂ ਦੇ ਲੋਕਾਂ ਨੇ ਆਪਣਾ ਸਾਮਾਨ ਤੇ ਡੰਗਰ ਸੁਰੱਖਿਅਤ ਥਾਵਾਂ 'ਤੇ ਲਿਜਾਣੇ ਸ਼ੁਰੂ ਕਰ ਦਿੱਤੇ ਹਨ। ਸਰਹੱਦੀ ਜ਼ਿਲ੍ਹਿਆਂ ਵਿਚ ਕਈ ਢਾਣੀਆਂ ਪਾਣੀ ਦੀ ਮਾਰ ਝੱਲ ਰਹੀਆਂ ਹਨ। ਭਾਖੜਾ ਤੇ ਪੌਂਗ ਡੈਮ ਵਿਚੋਂ ਪਾਣੀ ਛੱਡੇ ਜਾਣ ਕਾਰਨ ਸਤਲੁਜ ਤੇ ਬਿਆਸ ਦਰਿਆਵਾਂ ਨੇ ਪੰਜਾਬ 'ਚ ਤਬਾਹੀ ਮਚਾ ਦਿੱਤੀ ਹੈ ਅਤੇ ਸੂਬੇ ਦੇ 8 ਜ਼ਿਲ੍ਹਿਆਂ ਦੇ 150 ਦੇ ਕਰੀਬ ਪਿੰਡ ਹੜ੍ਹਾਂ ਦੀ ਲਪੇਟ 'ਚ ਆ ਚੁੱਕੇ ਹਨ।

ਪ੍ਰਾਪਤ ਜਾਣਕਾਰੀ ਅਨੁਸਾਰ ਹੁਣ ਤੱਕ ਸੂਬੇ ਦੇ ਫਿਰੋਜ਼ਪੁਰ, ਫਾਜ਼ਿਲਕਾ, ਸ੍ਰੀ ਮੁਕਤਸਰ ਸਾਹਿਬ, ਰੋਪੜ, ਹੁਸ਼ਿਆਰਪੁਰ, ਨਵਾਂਸ਼ਹਿਰ ਤਰਨ ਤਾਰਨ, ਗੁਰਦਾਸਪੁਰ ਜ਼ਿਲ੍ਹਿਆਂ ਤੋਂ ਇਲਾਵਾ ਹੋਰ ਇਲਾਕੇ ਹੜ੍ਹਾਂ ਦੀ ਮਾਰ ਝੱਲ ਰਹੇ ਹਨ। ਇਨ੍ਹਾਂ ਜ਼ਿਲ੍ਹਿਆਂ 'ਚ ਵੱਡੀ ਗਿਣਤੀ 'ਚ ਲੋਕ ਬੇਘਰ ਹੋ ਚੁੱਕੇ ਹਨ। ਹਰੀਕੇ ਹੈੱਡ ਵਰਕਸ 'ਤੇ ਸਤਲੁਜ ਤੇ ਬਿਆਸ ਦਰਿਆ ਦਾ ਪਾਣੀ ਇਕੱਠਾ ਹੋਣ ਕਰਕੇ ਫਿਰੋਜ਼ਪੁਰ ਤੇ ਫਾਜ਼ਿਲਕਾ 'ਚ ਦਹਿਸ਼ਤ ਦਾ ਮਾਹੌਲ ਹੈ। ਜਿੱਥੇ ਪ੍ਰਸ਼ਾਸਨ ਵੱਲੋਂ ਇਲਾਕਾ ਵਾਸੀਆਂ ਦੇ ਸਹਿਯੋਗ ਨਾਲ ਬਚਾਅ ਕਾਰਜ ਕੀਤੇ ਜਾ ਰਹੇ ਹਨ। ਸੂਬੇ ਵਿਚ ਵਿਗੜਦੇ ਹਾਲਾਤ ਨੂੰ ਦੇਖਦੇ ਹੋਏ ਐਨ.ਡੀ.ਆਰ.ਐਫ. ਦੀਆਂ ਟੀਮਾਂ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਬਚਾਅ ਕਾਰਜਾਂ ਵਿਚ ਲੱਗੀਆਂ ਹੋਈਆਂ ਹਨ।



ਹਰੀਕੇ ਪੱਤਣ ਨੇੜਲੇ ਪਿੰਡ ਬਸਤੀ ਲਾਲ ਸਿੰਘ ਨੇੜੇ ਸਤਲੁਜ ਦਰਿਆ ਦੇ ਧੁੱਸੀ ਬੰਨ੍ਹ ਵਿਚ ਪਾੜ ਪੈ ਗਿਆ ਹੈ। ਇਸ ਨਾਲ ਪੱਟੀ ਹਲਕੇ ਦੇ ਦਰਜਨਾਂ ਪਿੰਡਾਂ ਵਿਚ ਪਾਣੀ ਦਾਖਲ ਹੋ ਗਿਆ ਹੈ। ਇਸੇ ਤਰ੍ਹਾਂ ਤਰਨ ਤਾਰਨ ਨੇੜੇ ਵੀ ਧੁੱਸੀ ਬੰਨ੍ਹ 'ਚ ਪਾੜ ਪੈ ਗਿਆ ਹੈ ਤੇ ਨੇੜਲੇ ਪਿੰਡਾਂ ਦੇ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਭੇਜਿਆ ਜਾ ਰਿਹਾ ਹੈ। ਇਸ ਨਾਲ ਹਜ਼ਾਰਾਂ ਏਕੜ ਫਸਲ ਦਾ ਵੀ ਨੁਕਸਾਨ ਹੋਇਆ ਹੈ। ਫਿਰੋਜ਼ਪੁਰ ਤੇ ਫਾਜ਼ਿਲਕਾ ਜ਼ਿਲ੍ਹੇ ਦੇ ਦਰਜਨਾਂ ਪਿੰਡ ਪਾਣੀ ਵਿਚ ਡੁੱਬੇ ਪਏ ਹਨ। ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਜਗਤਪੁਰ ਟਾਂਡਾ ਨੇੜੇ ਧੁੱਸੀ ਬੰਨ੍ਹ ਵਿਚ ਪਏ ਪਾੜ ਕਰਕੇ ਦਰਜਨਾਂ ਪਿੰਡ ਹੜ੍ਹ ਦੀ ਲਪੇਟ ਵਿਚ ਆ ਗਏ ਹਨ।

ਤਰਨ ਤਾਰਨ ਜ਼ਿਲ੍ਹੇ ਦੇ ਪਿੰਡ ਘੜੂੰਮ (ਹਰੀਕੇ) ਨੇੜੇ ਸਤਲੁਜ ਦਰਿਆ ਦੇ ਧੁੱਸੀ ਬੰਨ੍ਹ ਵਿਚ ਪਿਆ ਪਾੜ ਸਰਹੱਦੀ ਖੇਤਰ ਦੇ 39 ਪਿੰਡਾਂ ਲਈ ਤਬਾਹੀ ਦਾ ਕਾਰਨ ਬਣ ਰਿਹਾ ਹੈ। ਪ੍ਰਸ਼ਾਸਨ ਨੇ ਪਾੜ ਪੂਰਨ ਲਈ ਕਾਰ ਸੇਵਾ ਸੰਪਰਦਾ ਸਰਹਾਲੀ ਸਾਹਿਬ ਦੇ ਮੁੱਖ ਸੇਵਾਦਾਰ ਬਾਬਾ ਸੁੱਖਾ ਸਿੰਘ ਨੂੰ ਮਦਦ ਲਈ ਬੁਲਾਇਆ ਹੈ। ਸਰਕਾਰੀ ਸੂਤਰਾਂ ਅਨੁਸਾਰ ਦਰਿਆ ਕੰਢੇ ਵਸੇ ਘੜੂੰਮ ਤੋਂ ਇਲਾਵਾ ਕੋਟਬੁੱਢਾ, ਕੁੱਤੀਵਾਲਾ, ਸਭਰਾ, ਘੁੱਲੇਵਾਲਾ, ਭੂਰਾ ਹਥਾੜ, ਗਦਾਈਕੇ, ਜੱਲੋਕੇ, ਭਾਓਵਾਲ, ਤਲਵੰਡੀ ਸੋਭਾਸਿੰਘ, ਬਹਾਦਰ ਨਗਰ, ਜੋਧਸਿੰਘ ਵਾਲਾ, ਝੁੱਗੀਆਂ ਕਾਲੂ, ਬੂਹ ਸਮੇਤ ਕੁੱਲ 19 ਪਿੰਡਾਂ ਵਿਚ ਪਾਣੀ ਦਾਖਲ ਹੋ ਗਿਆ ਹੈ। ਹੜ੍ਹ ਪੀੜਤਾਂ ਵੱਲੋਂ ਆਪਣੇ ਘਰਾਂ ਦਾ ਸਾਮਾਨ ਘਰਾਂ ਦੀਆਂ ਛੱਤਾਂ 'ਤੇ ਰੱਖਿਆ ਜਾ ਰਿਹਾ ਹੈ। ਲੋਕ ਰਾਤ ਵੀ ਛੱਤਾਂ 'ਤੇ ਕੱਟਣ ਲਈ ਮਜਬੂਰ ਹਨ। ਲੋਕਾਂ ਦਾ ਕਹਿਣਾ ਹੈ ਕਿ ਪ੍ਰਸ਼ਾਸਨ ਵੱਲੋਂ ਉਨ੍ਹਾਂ ਦੀ ਕਿਸੇ ਤਰ੍ਹਾਂ ਵੀ ਮਦਦ ਨਹੀਂ ਕੀਤੀ ਜਾ ਰਹੀ।

## ਨੁਕਸਾਨ ਦੀ ਪੂਰਤੀ ਕੀਤੀ ਜਾਵੇਗੀ: ਭਗਵੰਤ ਮਾਨ

**ਮੁਕੇਰੀਆਂ:** ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਦੇ ਹੈਲੀਕਾਪਟਰ ਸਮੇਤ ਸਮੁੱਚੀ ਮਸ਼ੀਨਰੀ ਲੋਕਾਂ ਦੀ ਮਦਦ ਵਿਚ ਲੱਗੀ ਹੋਈ ਹੈ ਅਤੇ ਕਿਸਾਨਾਂ ਸਮੇਤ ਹਰ ਵਰਗ ਦੇ ਨੁਕਸਾਨ ਦਾ ਮੁਆਵਜ਼ਾ ਦਿੱਤਾ ਜਾਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਸੂਬੇ 'ਚ ਮੀਂਹ ਨਹੀਂ ਪਿਆ, ਪਰ ਹਿਮਾਚਲ ਪ੍ਰਦੇਸ਼ 'ਚ ਭਾਰੀ ਮੀਂਹ ਪੈਣ ਕਾਰਨ ਪੰਜਾਬ ਦੇ ਕਈ ਇਲਾਕਿਆਂ ਵਿਚ ਹੜ੍ਹ ਆਏ ਹਨ। ਉਹ ਹਿਮਾਚਲ ਪ੍ਰਦੇਸ਼ ਸਰਕਾਰ ਅਤੇ ਭਾਖੜਾ ਬਿਆਸ ਪ੍ਰਬੰਧਕੀ ਬੋਰਡ ਨਾਲ ਲਗਾਤਾਰ ਰਾਬਤਾ ਰੱਖ ਰਹੇ ਹਨ। ਉਨ੍ਹਾਂ ਕਿਹਾ ਕਿ ਤਸੱਲੀ ਦੀ ਗੱਲ ਹੈ ਕਿ ਪਾਣੀ ਦਾ ਪੱਧਰ ਪਹਿਲਾਂ ਨਾਲੋਂ ਘਟ ਰਿਹਾ ਹੈ। ਉਨ੍ਹਾਂ ਕਿਹਾ ਕਿ ਲੋਕਾਂ ਨੇ ਵੋਟਾਂ ਪਾ ਕੇ ਉਨ੍ਹਾਂ ਨੂੰ ਚੁਣਿਆ ਹੈ ਅਤੇ ਹੁਣ ਉਹ ਆਪਣੀ ਜ਼ਿੰਮੇਵਾਰੀ ਨਿਭਾਉਣਗੇ।

## ਮੁੱਖ ਮੰਤਰੀ ਨੂੰ ਲੋਕਾਂ ਦੀ ਕੋਈ ਫਿਕਰ ਨਹੀਂ: ਬਾਜਵਾ

**ਚੰਡੀਗੜ੍ਹ:** ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਮੁੱਖ ਮੰਤਰੀ ਭਗਵੰਤ ਮਾਨ ਦੀ ਤੁਲਨਾ ਰੋਮ ਦੇ ਸ਼ਾਸਕ ਨੀਰੋ ਨਾਲ ਕਰਦਿਆਂ ਕਿਹਾ ਕਿ ਜਦੋਂ ਰੋਮ ਸੜ ਰਿਹਾ ਸੀ ਤਾਂ ਨੀਰੋ ਬੰਸਰੀ ਵਜਾ ਰਿਹਾ ਸੀ। ਇਸੇ ਤਰ੍ਹਾਂ ਪੰਜਾਬ ਦੇ ਮੁੱਖ ਮੰਤਰੀ ਛੱਤੀਸਗੜ੍ਹ ਵਿਚ ਪਾਰਟੀ ਦੇ ਵਿਸਥਾਰ ਲਈ ਰੈਲੀ ਕਰ ਰਹੇ ਹਨ ਜਦੋਂਕਿ ਪੰਜਾਬ ਹੁਣ ਤੱਕ ਦੀ ਸਭ ਤੋਂ ਭਿਆਨਕ ਕੁਦਰਤੀ ਆਫਤ ਦਾ ਸਾਹਮਣਾ ਕਰ ਰਿਹਾ ਹੈ, ਉਨ੍ਹਾਂ ਨੂੰ ਪੰਜਾਬ ਦੇ ਲੋਕਾਂ ਦੀ ਕੋਈ ਫਿਕਰ ਨਹੀਂ। ਕਾਂਗਰਸੀ ਆਗੂ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਛੱਤੀਸਗੜ੍ਹ ਦਾ ਦੌਰਾ ਕਰ ਰਹੇ ਹਨ। ਇਸ ਦੇ ਨਾਲ ਹੀ ਪੰਜਾਬ ਵਿਚ ਆਮ ਆਦਮੀ ਪਾਰਟੀ ਪ੍ਰਸ਼ਾਸਨ ਵੱਲੋਂ ਕੀਤੇ ਗਏ ਨਾਕਾਫ਼ੀ ਪ੍ਰਬੰਧਾਂ ਕਾਰਨ ਹੜ੍ਹ ਪ੍ਰਭਾਵਿਤ ਇਲਾਕਿਆਂ 'ਚ ਲੋਕਾਂ ਨੂੰ ਭਾਰੀ ਪ੍ਰੇਸ਼ਾਨੀ ਝੱਲਣੀ ਪਈ।

## ਦੌਰਾ ਕਰਦਿਆਂ ਹਰਜੋਤ ਬੈਂਸ ਨੂੰ ਸੱਪ ਨੇ ਡੰਗਿਆ

**ਰੂਪਨਗਰ:** ਸਤਲੁਜ 'ਚ ਆਏ ਹੜ੍ਹ ਕਾਰਨ ਪ੍ਰਭਾਵਿਤ ਪਿੰਡਾਂ ਦਾ ਦੌਰਾ ਕਰਦਿਆਂ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੂੰ ਜ਼ਹਿਰੀਲੇ ਸੱਪ ਨੇ ਡੰਗ ਲਿਆ। ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ, ਉਚੇਰੀ ਸਿੱਖਿਆ ਅਤੇ ਸਕੂਲ ਸਿੱਖਿਆ ਬਾਰੇ ਕੈਬਨਿਟ ਮੰਤਰੀ ਬੈਂਸ ਨੇ ਆਪਣੇ ਸੋਸ਼ਲ ਮੀਡੀਆ ਹੈਂਡਲ 'ਤੇ ਖੁਦ ਸਾਂਝੀ ਕਰਦਿਆਂ ਦੱਸਿਆ ਕਿ 15 ਅਗਸਤ ਨੂੰ ਜਦੋਂ ਹਲਕੇ ਦੇ ਪਿੰਡਾਂ ਵਿਚ ਪਾਣੀ ਭਰਨ ਦੀ ਉਨ੍ਹਾਂ ਨੂੰ ਸੂਚਨਾ ਮਿਲੀ ਤਾਂ ਉਹ ਸਾਰੇ ਰੁਝੇਵੇਂ ਛੱਡ ਕੇ ਲੋਕਾਂ ਦੀ ਸੇਵਾ ਵਿਚ ਜੁੱਟ ਗਏ ਤੇ ਇਸੇ ਦੌਰਾਨ ਉਨ੍ਹਾਂ ਦੇ ਪੈਰ 'ਤੇ ਜ਼ਹਿਰੀਲੇ ਸੱਪ ਨੇ ਡੰਗ ਮਾਰ ਦਿੱਤਾ। ਉਨ੍ਹਾਂ ਕਿਹਾ ਕਿ ਲੋਕਾਂ ਦੇ ਆਸ਼ੀਰਵਾਦ, ਦੁਆਵਾਂ ਅਤੇ ਅਰਦਾਸਾਂ ਸਦਕਾ ਉਹ ਹੁਣ ਬਿਲਕੁਲ ਠੀਕ ਹਨ ਤੇ ਜ਼ਹਿਰ ਕਾਰਨ ਪੈਰ 'ਤੇ ਆਈ ਸੋਜ ਘਟ ਰਹੀ ਹੈ। ਉਨ੍ਹਾਂ ਦੱਸਿਆ ਕਿ ਸਾਰੇ ਡਾਕਟਰੀ ਟੈਸਟ ਅਤੇ ਰਿਪੋਰਟਾਂ ਵੀ ਹੁਣ ਨਾਰਮਲ ਆਏ ਹਨ।

# ਫੌਰੀ ਰਾਹਤ ਲਈ ਕਿਸਾਨਾਂ ਨੇ ਵਿਧਾਇਕਾਂ ਤੇ ਸੰਸਦ ਮੈਂਬਰਾਂ ਦੇ ਘਰ ਘੇਰੇ

**ਚੰਡੀਗੜ੍ਹ:** ਸੰਯੁਕਤ ਕਿਸਾਨ ਮੋਰਚੇ 'ਚ ਸ਼ਾਮਲ ਪੰਜਾਬ ਦੀਆਂ 32 ਕਿਸਾਨ ਜਥੇਬੰਦੀਆਂ ਨੇ ਭਾਜਪਾ ਅਤੇ ਆਮ ਆਦਮੀ ਪਾਰਟੀ ਦੇ ਪੰਜਾਬ ਨਾਲ ਸਬੰਧਤ ਮੰਤਰੀਆਂ, ਸੰਸਦ ਮੈਂਬਰਾਂ ਅਤੇ ਵਿਧਾਇਕਾਂ ਦੇ ਘਰਾਂ ਅਤੇ ਦਫ਼ਤਰਾਂ ਦਾ ਘਿਰਾਓ ਕਰ ਕੇ ਹੜ੍ਹਾਂ ਦੀ ਮਾਰ ਝੱਲ ਰਹੇ ਪੰਜਾਬ ਦੇ ਲੋਕਾਂ ਨੂੰ ਫੌਰੀ ਰਾਹਤ ਦੇਣ ਦੀ ਮੰਗ ਕੀਤੀ ਹੈ।

ਕਿਸਾਨ ਜਥੇਬੰਦੀਆਂ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਹੈ ਕਿ ਹੜ੍ਹਾਂ ਨਾਲ ਹੋਏ ਵਿਆਪਕ ਨੁਕਸਾਨ ਨੂੰ ਕੌਮੀ ਆਫਤ ਐਲਾਨ ਕੇ ਪੰਜਾਬ ਨੂੰ ਦਸ ਹਜ਼ਾਰ ਕਰੋੜ ਰੁਪਏ ਦਾ ਵਿਸ਼ੇਸ਼ ਰਾਹਤ ਪੈਕੇਜ ਦਿੱਤਾ ਜਾਵੇ। ਮੋਰਚੇ ਨੇ ਪੰਜਾਬ ਸਰਕਾਰ ਵੱਲੋਂ ਪੰਦਰਾਂ ਹਜ਼ਾਰ ਰੁਪਏ ਪ੍ਰਤੀ ਏਕੜ ਦੇ ਮੁਆਵਜ਼ੇ ਨੂੰ ਨਾਕਾਫੀ ਦੱਸਦੇ ਹੋਏ ਇਸ ਨੂੰ ਬਿਪਤਾ ਸਹਿ ਰਹੇ ਕਿਸਾਨਾਂ ਨਾਲ ਭੱਦਾ ਮਜ਼ਾਕ ਕਰਾਰ ਦਿੱਤਾ ਹੈ। ਮੋਰਚੇ ਦੇ ਬੁਲਾਰੇ ਨੇ ਇਕ ਬਿਆਨ ਰਾਹੀਂ ਦੱਸਿਆ ਕਿ ਸੰਯੁਕਤ ਕਿਸਾਨ



ਮੋਰਚੇ ਦੇ ਸੱਦੇ ਉਤੇ ਵੱਡੀ ਗਿਣਤੀ ਵਿਚ ਮੰਤਰੀਆਂ, ਵਿਧਾਇਕਾਂ ਅਤੇ ਸੰਸਦ ਮੈਂਬਰਾਂ ਨੂੰ ਚਿਤਾਵਨੀ ਪੱਤਰ ਦਿੰਦਿਆਂ ਕਿਹਾ ਗਿਆ ਹੈ ਕਿ ਹੜ੍ਹ ਇਕੱਲੀ ਕੁਦਰਤੀ ਕਰੋਪੀ ਹੀ ਨਹੀਂ ਬਲਕਿ ਮਾੜੇ ਪ੍ਰਬੰਧਾਂ ਵੱਲੋਂ ਖੜ੍ਹੀ ਕੀਤੀ ਗਈ ਆਫਤ ਵੀ ਹੈ। ਚਿਤਾਵਨੀ ਪੱਤਰ ਵਿਚ ਮੰਗ ਕੀਤੀ ਗਈ ਹੈ ਕਿ ਹੋਏ ਨੁਕਸਾਨ ਦਾ ਮੁਆਵਜ਼ਾ ਵੱਖ-ਵੱਖ ਸਲੈਬਾਂ ਬਣਾ ਕੇ ਦਿੱਤਾ ਜਾਵੇ ਜਿਨ੍ਹਾਂ ਕਿਸਾਨਾਂ ਦੀ ਪੂਰੀ ਫਸਲ ਬਰਬਾਦ ਹੋ ਗਈ ਤੇ ਅਗਲੀ ਫਸਲ ਦੀ ਬਿਜਾਈ 'ਤੇ ਵੀ ਸੰਕਟ ਮੰਡਰਾ ਰਿਹਾ ਹੈ, ਉਨ੍ਹਾਂ ਨੂੰ ਇਕ ਲੱਖ ਰੁਪਏ ਪ੍ਰਤੀ ਏਕੜ, ਇਕ ਫਸਲ ਦੀ ਪੈਦਾਵਾਰ ਨਾ ਹੋਣ ਦਾ 70,000 ਰੁਪਏ ਪ੍ਰਤੀ ਏਕੜ, ਪਾਣੀ ਉਤਰਨ ਮਗਰੋਂ ਮੁੜ ਫਸਲ ਬੀਜਣ ਵਾਲੇ ਕਿਸਾਨਾਂ ਨੂੰ 30 ਹਜ਼ਾਰ ਰੁਪਏ ਪ੍ਰਤੀ ਏਕੜ, ਪਰਿਵਾਰ ਦੇ ਮਰੇ ਜੀਅ ਦਾ 10 ਲੱਖ ਰੁਪਏ ਅਤੇ ਮਰੇ ਪਸ਼ੂ ਦਾ ਇਕ ਲੱਖ ਰੁਪਏ ਪ੍ਰਤੀ ਪਸ਼ੂ ਅਤੇ ਨੁਕਸਾਨੇ ਗਏ ਘਰਾਂ ਦਾ ਪੰਜ ਲੱਖ ਰੁਪਏ ਮੁਆਵਜ਼ਾ ਦੇਣ ਦੀ ਮੰਗ ਕੀਤੀ ਗਈ। ਚਿਤਾਵਨੀ ਪੱਤਰ 'ਚ ਮੰਗ ਕੀਤੀ ਗਈ ਹੈ ਕਿ ਪ੍ਰਭਾਵਿਤ ਕਿਸਾਨਾਂ-ਮਜ਼ਦੂਰਾਂ ਦੇ ਕਰਜ਼ਿਆਂ ਦੀਆਂ ਕਿਸ਼ਤਾਂ ਅੱਗੇ ਪਾਈਆਂ ਜਾਣ ਅਤੇ ਕਿਸ਼ਤਾਂ ਦਾ ਵਿਆਜ ਮੁਆਫ਼ ਕੀਤਾ ਜਾਵੇ ਜਾਂ ਸਰਕਾਰ ਖੁਦ ਭਰੇ।

# ਸ਼੍ਰੋਮਣੀ ਕਮੇਟੀ ਵੱਲੋਂ ਹੜ੍ਹ ਪੀੜਤਾਂ ਲਈ ਸਹਾਇਤਾ ਕੇਂਦਰ ਮੁੜ ਸਥਾਪਤ

**ਅੰਮ੍ਰਿਤਸਰ:** ਹਿਮਾਚਲ ਪ੍ਰਦੇਸ਼ ਵਿਚ ਲਗਾਤਾਰ ਪੈ ਰਹੇ ਭਾਰੀ ਮੀਂਹ ਮਗਰੋਂ ਡੈਮਾਂ ਵਿਚ ਪਾਣੀ ਛੱਡੇ ਜਾਣ ਕਾਰਨ ਪੰਜਾਬ ਦੇ ਕੁਝ ਜ਼ਿਲ੍ਹਿਆਂ ਵਿਚ ਮੁੜ ਹੜ੍ਹ ਆ ਗਏ ਹਨ, ਜਿਸ ਮਗਰੋਂ ਸ਼੍ਰੋਮਣੀ ਕਮੇਟੀ ਨੇ ਪੀੜਤਾਂ ਦੀ ਸਹਾਇਤਾ ਲਈ ਮੁੜ ਆਪਣੇ ਸਹਾਇਤਾ ਕੇਂਦਰ ਸਥਾਪਤ ਕੀਤੇ ਹਨ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਕੁਝ ਜ਼ਿਲ੍ਹਿਆਂ ਵਿਚ ਦੁਬਾਰਾ ਹੜ੍ਹ ਆਉਣ ਕਾਰਨ ਪ੍ਰਭਾਵਿਤ ਹੋਏ ਲੋਕਾਂ ਦੀ ਮਦਦ ਲਈ ਸ਼੍ਰੋਮਣੀ ਕਮੇਟੀ ਵੱਲੋਂ ਲੰਗਰ ਸਹਾਇਤਾ ਕੇਂਦਰ ਸਥਾਪਤ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਇਸ ਮੁਸ਼ਕਲ ਵੇਲੇ ਵਿਚ ਮਨੁੱਖਤਾ ਦੀ ਸੇਵਾ ਕਰਨਾ ਸ਼੍ਰੋਮਣੀ ਕਮੇਟੀ ਦਾ ਫਰਜ਼ ਹੈ ਅਤੇ ਗੁਰੂਆਂ ਦੇ ਦਰਸਾਏ ਮਾਰਗ 'ਤੇ ਚਲਦਿਆਂ ਸਿੱਖ ਸੰਸਥਾ ਲੋੜਵੰਦਾਂ ਲਈ ਨਿਰੰਤਰ ਕਾਰਜਸ਼ੀਲ ਹੈ।

ਉਨ੍ਹਾਂ ਕਿਹਾ ਕਿ ਬੀਤੇ ਦਿਨਾਂ ਦੌਰਾਨ ਹੜ੍ਹ ਦੀ ਮਾਰ ਹੇਠ ਆਏ ਇਲਾਕਿਆਂ ਵਿਚ ਸ਼੍ਰੋਮਣੀ ਕਮੇਟੀ ਵੱਲੋਂ ਪੀੜਤਾਂ ਲਈ ਰਿਹਾਇਸ਼, ਲੰਗਰ ਤੇ ਹੋਰ ਲੋੜੀਂਦੀਆਂ ਵਸਤਾਂ ਦੇ ਪ੍ਰਬੰਧ ਕੀਤੇ ਸਨ। ਇਸ ਦੇ ਨਾਲ-ਨਾਲ ਪਸ਼ੂਆਂ ਲਈ ਚਾਰੇ ਦਾ ਵੀ ਪ੍ਰਬੰਧ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਹੜ੍ਹ ਪੀੜਤਾਂ ਦੀ ਸਹੂਲਤ ਲਈ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਅਨੰਦਪੁਰ ਸਾਹਿਬ, ਗੁਰਦੁਆਰਾ ਸ੍ਰੀ ਬਾਰਠ ਸਾਹਿਬ ਪਠਾਨਕੋਟ, ਗੁਰਦੁਆਰਾ ਗਰਨਾ ਸਾਹਿਬ ਬੋਦਲ ਹੁਸ਼ਿਆਰਪੁਰ ਤੇ ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ ਬਾਬਾ ਬਕਾਲਾ ਸਾਹਿਬ ਵਿਚ ਕੇਂਦਰ ਸਥਾਪਤ ਕੀਤੇ ਗਏ ਹਨ, ਜਿਨ੍ਹਾਂ ਰਾਹੀਂ ਪੀੜਤਾਂ ਲਈ ਲੰਗਰ ਤੇ ਹੋਰ ਲੋੜੀਂਦੀਆਂ ਵਸਤਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਅਪੀਲ ਕੀਤੀ ਹੈ ਕਿ ਹੜ੍ਹ ਪ੍ਰਭਾਵਿਤ ਲੋਕ ਮਦਦ ਲਈ ਸਬੰਧਤ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧਕਾਂ ਨਾਲ ਸੰਪਰਕ ਕਰਨ।

# ਹੜ੍ਹਾਂ ਦੀ ਸਭ ਤੋਂ ਵੱਧ ਮਾਰ ਸਰਹੱਦੀ ਪਿੰਡਾਂ ਦੇ ਲੋਕਾਂ ਨੂੰ ਪਈ

**ਫਿਰੋਜ਼ਪੁਰ:** ਸਤਲੁਜ ਵਿਚ ਪਾਣੀ ਦਾ ਪੱਧਰ ਵਧਣ ਕਾਰਨ ਸਰਹੱਦੀ ਪਿੰਡਾਂ ਦੇ ਹਾਲਾਤ ਮੁੜ ਵਿਗੜ ਗਏ ਹਨ। ਇੱਥੇ ਹੁਸੈਨੀਵਾਲਾ ਬਾਰਡਰ ਨੇੜਲੇ ਪਿੰਡ ਹਜ਼ਾਰਾ ਸਿੰਘ ਵਾਲਾ ਵਿਚ ਕੁਝ ਸਾਲ ਪਹਿਲਾਂ ਬਣੇ ਪੁਲ ਨੇੜੇ ਪਾੜ ਪੈਣ ਕਾਰਨ ਲਾਂਘਾ ਬੰਦ ਹੋ ਗਿਆ, ਜਿਸ ਕਰਕੇ ਪੁਲ ਦੇ ਦੂਜੇ ਪਾਸੇ ਵੱਸਦੇ ਦੋ ਦਰਜਨ ਪਿੰਡਾਂ ਦੇ ਲੋਕ ਆਪਣੇ ਘਰਾਂ 'ਚ ਕੈਦ ਹੋ ਗਏ ਹਨ। ਇਨ੍ਹਾਂ ਲੋਕਾਂ ਦਾ ਸ਼ਹਿਰ ਨਾਲੋਂ ਸੰਪਰਕ ਟੁੱਟ ਗਿਆ ਹੈ। ਇਨ੍ਹਾਂ ਪਿੰਡਾਂ ਦੀ ਹਜ਼ਾਰਾਂ ਏਕੜ ਜ਼ਮੀਨ ਵਿਚ ਹੜ੍ਹ ਦਾ ਪਾਣੀ ਭਰ ਜਾਣ ਕਾਰਨ ਫਸਲਾਂ ਮੁੜ ਡੁੱਬ ਗਈਆਂ ਹਨ।



ਸਤਲੁਜ ਪਾਰਲੇ ਪਿੰਡ ਝੰਗੜ ਭੈਣੀ, ਰਾਮ ਸਿੰਘ ਵਾਲੀ ਭੈਣੀ ਮਾਤਮ ਨਗਰ, ਦੋਨਾ ਨਾਨਕਾ ਅਤੇ ਆਸ-ਪਾਸ ਦੇ ਪਿੰਡਾਂ ਵਿਚ ਹੜ੍ਹਾਂ ਨੇ ਤਬਾਹੀ ਮਚਾ ਦਿੱਤੀ ਹੈ। ਲੋਕ ਖਾਣ-ਪੀਣ ਤੋਂ ਵੀ ਵਾਂਝੇ ਹੋ ਗਏ ਹਨ। ਇਸੇ ਤਰ੍ਹਾਂ ਪਸ਼ੂਆਂ ਲਈ ਵੀ ਚਾਰੇ ਦਾ ਕੋਈ ਪ੍ਰਬੰਧ ਨਹੀਂ ਹੈ। ਹੜ੍ਹ ਪੀੜਤਾਂ ਨੇ ਆਪਣੀਆਂ ਫਸਲਾਂ ਦੇ ਹੋਏ ਨੁਕਸਾਨ ਲਈ ਮੁਆਵਜ਼ੇ ਅਤੇ ਪਸ਼ੂਆਂ ਲਈ ਚਾਰੇ ਦਾ ਪ੍ਰਬੰਧ ਕਰਨ ਦੀ ਮੰਗ ਕੀਤੀ ਹੈ। ਕੁਝ ਦਿਨ ਪਹਿਲਾਂ ਹੜ੍ਹ ਦਾ ਪਾਣੀ ਘਟਣ ਮਗਰੋਂ ਉਨ੍ਹਾਂ ਨੇ ਤੀਜੀ ਵਾਰ ਝੋਨੇ ਲਾਇਆ ਸੀ ਪਰ ਇਕ ਵਾਰ ਫਿਰ ਉਨ੍ਹਾਂ ਦੀਆਂ ਫਸਲਾਂ ਨੁਕਸਾਨੀਆਂ ਗਈਆਂ ਹਨ। ਹੜ੍ਹ ਪੀੜਤ ਕਿਸਾਨਾਂ ਨੇ ਕਿਹਾ ਕਿ ਉਹ ਪਹਿਲਾਂ ਵੀ ਫਸਲਾਂ 'ਤੇ ਕਾਫੀ ਖਰਚਾ ਕਰ ਚੁੱਕੇ ਹਨ ਪਰ ਉਨ੍ਹਾਂ ਦੇ ਪੱਲੇ ਕੁਝ ਨਹੀਂ ਪਿਆ।

ਸਤਲੁਜ ਤੇ ਬਿਆਸ ਦਰਿਆਵਾਂ ਨੇ ਸਰਹੱਦੀ ਜ਼ਿਲ੍ਹਿਆਂ ਫਿਰੋਜ਼ਪੁਰ ਤੇ ਫਾਜ਼ਿਲਕਾ ਵਿਚ ਵੱਡੀ ਤਬਾਹੀ ਮਚਾਈ ਹੈ। ਫਿਰੋਜ਼ਪੁਰ ਜ਼ਿਲ੍ਹਾ ਪ੍ਰਸ਼ਾਸਨ ਨੇ 26 ਅਗਸਤ ਤੱਕ ਸਕੂਲਾਂ ਵਿਚ ਛੁੱਟੀਆਂ ਐਲਾਨ ਦਿੱਤੀਆਂ ਹਨ। ਹੁਸ਼ਿਆਰਪੁਰ ਤੇ ਗੁਰਦਾਸਪੁਰ ਦੇ ਕਰੀਬ ਢਾਈ ਦਰਜਨ ਹੋਰ ਪਿੰਡਾਂ ਵਿਚ ਪਾਣੀ ਦਾਖਲ ਹੋ ਗਿਆ ਹੈ। ਇਸ ਵੇਲੇ ਪੰਜਾਬ ਦੇ ਅੱਠ ਜ਼ਿਲ੍ਹੇ ਹੜ੍ਹਾਂ ਤੋਂ ਮੁੜ ਪ੍ਰਭਾਵਿਤ ਹੋਏ ਹਨ। ਭਾਖੜਾ ਤੇ ਪੌਂਗ ਡੈਮਾਂ ਵਿਚੋਂ ਛੱਡੇ ਜਾ ਰਹੇ ਪਾਣੀ 'ਚ ਲਗਾਤਾਰ ਕਟੌਤੀ ਕੀਤੀ ਜਾਣ ਲੱਗੀ ਹੈ, ਪਰ ਪਹਿਲਾਂ ਛੱਡੇ ਪਾਣੀ ਦੀ ਤਬਾਹੀ ਰੁਕਣ ਦਾ ਨਾਮ ਨਹੀਂ ਲੈ ਰਹੀ ਹੈ। ਸਭ ਤੋਂ ਵੱਡਾ ਨੁਕਸਾਨ ਜ਼ਿਲ੍ਹਾ ਗੁਰਦਾਸਪੁਰ ਵਿਚ ਦੇਖਣ ਨੂੰ ਮਿਲਿਆ ਹੈ, ਜਿੱਥੇ ਲੋਕ ਘਰੋਂ ਬੇਘਰ ਹੋ ਗਏ ਹਨ ਅਤੇ ਫਸਲਾਂ ਵੀ ਪੂਰੀ ਤਰ੍ਹਾਂ ਤਬਾਹ ਹੋ ਗਈਆਂ ਹਨ।

ਹਰੀਕੇ ਹੈੱਡ ਵਰਕਸ ਤੋਂ ਪਾਣੀ ਅੱਗੇ ਪਾਕਿਸਤਾਨ ਨੂੰ ਛੱਡਿਆ ਜਾ ਰਿਹਾ ਹੈ। ਗੁਰਦਾਸਪੁਰ ਜ਼ਿਲ੍ਹੇ ਵਿਚ ਦੋ ਪੁਲ ਅਤੇ ਚਾਰ ਸੜਕਾਂ ਦਾ ਹੜ੍ਹਾਂ ਕਾਰਨ ਨੁਕਸਾਨ ਹੋ ਗਿਆ ਹੈ ਅਤੇ ਇਸ ਜ਼ਿਲ੍ਹੇ ਵਿਚ ਹੁਣ ਕਰੀਬ 100 ਪਿੰਡ ਹੜ੍ਹਾਂ ਦੀ ਮਾਰ ਹੇਠ ਹਨ। ਇਨ੍ਹਾਂ ਪਿੰਡਾਂ ਵਿਚ ਕਿਧਰੇ ਵੀ ਫਸਲਾਂ ਦਾ ਨਾਮੋ-ਨਿਸ਼ਾਨ ਨਹੀਂ ਬਚਿਆ ਹੈ। ਹੁਸ਼ਿਆਰਪੁਰ ਦੇ ਮੁਕੇਰੀਆਂ ਇਲਾਕੇ ਵਿਚ ਪਾਣੀ ਦੀ ਮਾਰ ਜਿਉਂ ਦੀ ਤਿਉਂ ਬਣੀ ਹੋਈ ਹੈ।

## ਲੋਕਾਂ ਦੀ ਮਦਦ ਲਈ ਫੌਜ ਨੇ ਸੰਭਾਲਿਆ ਮੋਰਚਾ

**ਫਿਰੋਜ਼ਪੁਰ:** ਸਤਲੁਜ ਤੇ ਬਿਆਸ ਦਰਿਆਵਾਂ ਨੇ ਸਰਹੱਦੀ ਜ਼ਿਲ੍ਹਿਆਂ ਫਿਰੋਜ਼ਪੁਰ ਤੇ ਫਾਜ਼ਿਲਕਾ 'ਚ ਤਬਾਹੀ ਮਚਾਈ ਹੈ। ਹੜ੍ਹ ਦੇ ਪਾਣੀ ਨੇ ਦੋਵਾਂ ਜ਼ਿਲ੍ਹਿਆਂ ਵਿਚ ਪਿੰਡਾਂ ਦੇ ਪਿੰਡ ਖਾਲੀ ਕਰ ਦਿੱਤੇ ਹਨ। ਭਾਰਤੀ ਸੈਨਾ ਅਤੇ ਐੱਨ.ਡੀ.ਆਰ.ਐੱਫ. ਦੀਆਂ ਟੀਮਾਂ ਲੋਕਾਂ ਨੂੰ ਸੁਰੱਖਿਅਤ ਟਿਕਾਣਿਆਂ 'ਤੇ ਲਿਜਾ ਰਹੀਆਂ ਹਨ। ਗੁਰਦਾਸਪੁਰ ਜ਼ਿਲ੍ਹੇ 'ਚ ਕਰੀਬ 30 ਪਸ਼ੂ ਮਾਰੇ ਗਏ। ਹੁਸ਼ਿਆਰਪੁਰ ਤੇ ਗੁਰਦਾਸਪੁਰ ਦੇ ਕਰੀਬ ਢਾਈ ਦਰਜਨ ਹੋਰ ਪਿੰਡਾਂ ਵਿਚ ਪਾਣੀ ਦਾਖਲ ਹੋ ਗਿਆ ਹੈ। ਪੰਜਾਬ 'ਚ ਮੀਂਹ ਤੋਂ ਬਚਾਅ ਹੈ ਪਰ ਪਹਾੜਾਂ ਦੇ ਪਾਣੀ ਨੇ ਹੀ ਮੈਦਾਨਾਂ 'ਚ ਤਰਥੱਲੀ ਮਚਾ ਰੱਖੀ ਹੈ।

ਪੰਜਾਬ ਟਾਈਮਜ਼

ਸ਼ਨਿਚਰਵਾਰ, 26 ਅਗਸਤ, 2023

# ਕੁਦਰਤੀ ਆਫਤਾਂ ਅਤੇ ਸਰਕਾਰਾਂ

ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿਚ ਹੜ੍ਹਾਂ ਕਾਰਨ ਹਾਲਾਤ ਫਿਕਰ ਵਾਲੇ ਹਨ। ਕਈ ਥਾਈਂ ਹੜ੍ਹ ਆਉਣ, ਦਰਿਆਵਾਂ ਵਿਚ ਪਾਣੀ ਵਧਣ ਅਤੇ ਬੰਨ੍ਹ ਟੁੱਟਣ ਕਾਰਨ ਹਜ਼ਾਰਾਂ ਲੋਕਾਂ ਨੂੰ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜਾਨੀ ਅਤੇ ਮਾਲੀ ਨੁਕਸਾਨ ਹੋਇਆ ਹੈ ਤੇ ਲੋਕ ਘਰੋਂ ਬੇਘਰ ਹੋਏ ਹਨ। ਇਨ੍ਹਾਂ ਮੁਸ਼ਕਿਲ ਸਮਿਆਂ ਵਿਚ ਲੋਕਾਂ ਵਿਚ ਇਕ-ਦੂਜੇ ਦਾ ਹੱਥ ਵਟਾਉਣ, ਇਕੱਠੇ ਹੋ ਕੇ ਕੰਮ ਕਰਨ ਅਤੇ ਪੀੜਤ ਵਿਅਕਤੀਆਂ ਨੂੰ ਸਹਾਰਾ ਦੇਣ ਦੀਆਂ ਮਿਸਾਲਾਂ ਸਾਹਮਣੇ ਆਈਆਂ ਹਨ। ਕਈ ਸੰਸਥਾਵਾਂ ਅਤੇ ਜਥੇਬੰਦੀਆਂ ਨੇ ਸੇਵਾ ਭਾਵ ਨਾਲ ਕੰਮ ਕੀਤਾ ਹੈ। ਇਸ ਪੱਖੋਂ ਪੰਜਾਬ ਅਤੇ ਪੰਜਾਬੀਆਂ 'ਤੇ ਮਾਣ ਕੀਤਾ ਜਾ ਸਕਦਾ ਹੈ ਕਿ ਇਹ ਸੰਕਟ ਸਮੇਂ ਹਰ ਕਿਸਮ ਦੇ ਵਿਤਕਰੇ ਨੂੰ ਲਾਂਭੇ ਰੱਖ ਕੇ ਲੋੜਵੰਦਾਂ ਦੀ ਸਹਾਇਤਾ ਲਈ ਇਕੱਠੇ ਹੋ ਜਾਂਦੇ ਹਨ। ਸਿੱਖ ਧਰਮ ਵਿਚ ਸੇਵਾ ਨੂੰ ਉਚਤਮ ਮੰਨਿਆ ਗਿਆ ਹੈ ਅਤੇ ਲੰਗਰ ਦੀ ਮਹਾਨ ਪਰੰਪਰਾ ਨੇ ਸਿੱਖਾਂ ਦਾ ਨਾਮ ਸਾਰੀ ਦੁਨੀਆ ਵਿਚ ਰੌਸ਼ਨ ਕੀਤਾ ਹੈ। ਦੂਜੇ ਬੰਨੇ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਇਸ ਗੱਲੋਂ ਤਿੱਖੀ ਨੁਕਤਾਚੀਨੀ ਹੋ ਰਹੀ ਹੈ ਕਿ ਉਹ ਸੰਕਟ ਦੇ ਦਿਨਾਂ ਦੌਰਾਨ ਪੰਜਾਬ ਛੱਡ ਕੇ ਛੱਤੀਸਗੜ੍ਹ ਵਿਚ ਆਪਣੀ ਪਾਰਟੀ ਲਈ ਚੋਣ ਪ੍ਰਚਾਰ ਕਰ ਰਿਹਾ ਹੈ। ਇਸ ਤੋਂ ਪਹਿਲਾਂ ਵੀ ਪੰਜਾਬ ਸਰਕਾਰ ਦੀ ਤਿੱਖੀ ਆਲੋਚਨਾ ਹੋਈ ਸੀ ਕਿ ਇਹ ਹੜ੍ਹਾਂ ਦੇ ਸੰਕਟ ਦੌਰਾਨ ਪੀੜਤ ਲੋਕਾਂ ਨੂੰ ਰਾਹਤ ਦੇਣ ਦੇ ਮਾਮਲੇ ਵਿਚ ਢਿੱਲੀ-ਮੱਠੀ ਹੀ ਚੱਲ ਰਹੀ ਹੈ।

ਹਿਮਾਚਲ ਪ੍ਰਦੇਸ਼ ਵਿਚ ਢਿੱਗਾਂ ਡਿੱਗਣ ਤੇ ਹੜ੍ਹਾਂ ਕਾਰਨ ਹੋਈ ਤਬਾਹੀ ਅਤੇ ਪੰਜਾਬ ਵਿਚ ਵੱਡੇ ਪੱਧਰ 'ਤੇ ਆਏ ਹੜ੍ਹਾਂ ਨੇ ਭਾਰਤ ਦੇ ਆਫ਼ਤ ਪ੍ਰਬੰਧਨ 'ਤੇ ਸਵਾਲੀਆ ਨਿਸ਼ਾਨ ਲਗਾਏ ਹਨ। ਇਹ ਉਹ ਗੰਭੀਰ ਮੁੱਦਾ ਹੈ ਜਿਸ ਬਾਰੇ ਕੇਂਦਰਅਤੇ ਸੂਬਾ ਸਰਕਾਰਾਂ ਨੂੰ ਗਹਿਰ-ਗੰਭੀਰ ਵਿਚਾਰ ਕਰਨ ਦੀ ਲੋੜ ਹੈ। ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਦਾ ਕਹਿਣਾ ਹੈ ਕਿ ਭਾਰੀ ਮੀਂਹਾਂ ਨੇ ਸੂਬੇ ਬੁਨਿਆਦੀ ਢਾਂਚੇ ਨੂੰ ਬਹੁਤ ਨੁਕਸਾਨ ਪਹੁੰਚਾਇਆ ਹੈ ਅਤੇ ਮੁੜ-ਉਸਾਰੀ ਨੂੰ ਇਕ ਸਾਲ ਲੱਗ ਜਾਵੇਗਾ। ਕਿਹਾ ਜਾ ਰਿਹਾ ਹੈ ਕਿ ਸੂਬੇ ਵਿਚ ਲਗਾਤਾਰ ਦੋ ਮਹੀਨਿਆਂ ਦੌਰਾਨ ਪੈ ਰਹੇ ਮੀਂਹਅਤੇ ਹੜ੍ਹਾਂ ਕਾਰਨ ਦਸ ਹਜ਼ਾਰ ਕਰੋੜ ਰੁਪਏ ਤੋਂ ਉਪਰ ਮਾਲੀ ਨੁਕਸਾਨ ਹੋਇਆ ਹੈ।ਅਸਲ ਵਿਚਪਿਛਲੇ ਸਾਲਾਂ ਦੌਰਾਨ ਮੌਸਮ ਦੀ ਸਿਖਰਲੀ ਭਿਆਨਕਤਾ ਵਾਲੇ ਹਾਲਾਤ ਦੇ ਵਾਰ-ਵਾਰ ਪੈਦਾ ਹੋਣ ਦੀ ਮੁੱਖ ਵਜ੍ਹਾ ਵਾਤਾਵਰਨ ਤਬਦੀਲੀ ਹੈ। ਹਿਮਾਚਲ ਪ੍ਰਦੇਸ਼ ਅਤੇ ਪੰਜਾਬ ਵਿਚ ਮਚੀ ਤਬਾਹੀ ਨੇ ਆਫ਼ਤ ਪ੍ਰਬੰਧਨ ਸਿਸਟਮ ਵਿਚਲੇ ਖੱਪਿਆਂ ਨੂੰ ਜ਼ਾਹਰ ਕੀਤਾ ਹੈ ਅਤੇ ਇਹ ਸਵਾਲ ਖੜ੍ਹਾ ਕੀਤਾ ਹੈ ਕਿ ਇਨ੍ਹਾਂ ਆਫਤਾਂ ਤੋਂ ਬਚਾਅ ਕਿਸ ਤਰ੍ਹਾਂ ਕੀਤਾ ਜਾ ਸਕਦਾ ਹੈ। ਹੁਣ ਤੱਕ ਜਿਹੜੀਆਂ ਰਿਪੋਰਟਾਂ ਸਾਹਮਣੇ ਆਈਆਂ ਹਨ, ਉਨ੍ਹਾਂ ਵਿਚ ਸਪਸ਼ਟ ਕਿਹਾ ਗਿਆ ਹੈ ਕਿ ਅਜਿਹੀਆਂ ਆਫਤਾਂ ਬੇਸ਼ੱਕ ਕੁਦਰਤ ਦੀ ਕਰੋਪੀ ਕਾਰਨ ਆਉਂਦੀਆਂ ਹਨ ਪਰ ਇਸ ਸਭ ਕਾਸੇ ਲਈ ਮੁੱਖ ਤੌਰ 'ਤੇ ਮਨੁੱਖ ਹੀ ਜ਼ਿੰਮੇਵਾਰ ਹੈ ਕਿਉਂਕਿ ਮਨੁੱਖ ਪੈਸੇ ਦੇ ਲਾਲਚ ਵਿਚ ਅਜਿਹੀਆਂ ਕਾਰਵਾਈਆਂ ਕਰ ਰਿਹਾ ਹੈ ਜਿਸ ਨਾਲ ਕੁਦਰਤ ਦਾ ਸੰਤੁਲਨ ਵੱਡੀ ਪੱਧਰ 'ਤੇ ਵਿਗੜ ਰਿਹਾ ਹੈ। ਵਿਦਵਾਨਾਂ ਦਾ ਆਖਣਾ ਹੈ ਕਿ ਇਸ ਵਕਤ ਵਿਕਾਸ ਦਾ ਜਿਹੜਾ ਮਾਡਲ ਚੱਲ ਰਿਹਾ ਹੈ, ਇਹ ਕੁਦਰਤੀ ਸਰੋਤਾਂ ਨੂੰ ਨਿਚੋੜ ਕੇ ਵੱਧ ਤੋਂ ਵੱਧ ਪੈਸੇ ਇਕੱਠੇ ਕਰਨ ਵਾਲਾ ਰਾਹ ਹੈ। ਇਸੇ ਲਾਲਚ ਅਧੀਨ ਕੁਦਰਤ ਨਾਲ ਖਿਲਵਾੜ ਕੀਤਾ ਜਾ ਰਿਹਾ ਹੈ। 2020 ਵਿਚ ਆਈ ਕੋਵਿਡ-19 (ਕਰੋਨਾ) ਮਹਾਮਾਰੀ ਨੂੰ ਵੀ ਵਿਦਵਾਨਾਂ ਨੇ ਮਨੁੱਖ ਵੱਲੋਂ ਕੁਦਰਤ ਨਾਲ ਕੀਤੇ ਖਿਲਵਾੜ ਨਾਲ ਜੋੜਿਆ ਸੀ ਅਤੇ ਜ਼ੋਰ ਦੇ ਕੇ ਆਖਿਆ ਸੀ ਕਿ ਇਹ ਅਸਲ ਵਿਚ ਕੁਦਰਤ ਦੀ ਮਨੁੱਖ ਨੂੰ ਚਿਤਾਵਨੀ ਹੈ। ਉਸ ਵਕਤ ਕੁਦਰਤ ਨੂੰ ਸੰਭਾਲਣ ਅਤੇ ਛੇੜ-ਛਾੜ ਨਾ ਕਰਨ ਬਾਰੇ ਗੱਲਾਂ ਚੱਲੀਆਂ ਸਨ ਪਰ ਸੰਕਟ ਟਲਣ ਤੋਂ ਬਾਅਦ ਕਾਰਪੋਰੇਟ ਜਗਤ ਮੁੜ ਕੁਦਰਤੀ ਸਰੋਤਾਂ ਨੂੰ ਲੁੱਟਣ ਦੇ ਰਾਹ ਪੈ ਗਿਆ। ਭਾਰਤ ਦਾ ਹਾਲ ਵੀ ਬਾਕੀ ਦੁਨੀਆ ਤੋਂ ਵੱਖਰਾ ਨਹੀਂ।

ਇਹ ਠੀਕ ਹੈ ਕਿ ਹਿਮਾਚਲ ਪ੍ਰਦੇਸ਼ ਵਿਚ ਇਸ ਵਾਰ ਬਹੁਤ ਜ਼ਿਆਦਾ ਮੀਂਹ ਪਏ ਹਨ। ਇਸ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਕੁਦਰਤੀ ਆਫ਼ਤਾਂ ਦੀ ਮਾਰ ਕਿਤੇ ਵੀ ਅਤੇ ਕਦੇ ਵੀ ਪੈ ਸਕਦੀ ਹੈ ਪਰ ਇਸ ਵਰਤਾਰੇ ਲਈ ਜ਼ਿੰਮੇਵਾਰ ਕਾਰਨਾਂ ਨੂੰ ਨਜ਼ਰਅੰਦਾਜ਼ ਕਰਨਾ ਤਬਾਹੀ ਦੇ ਰਾਹ ਪੈਣ ਦੇ ਬਰਾਬਰ ਹੈ। ਬੁਨਿਆਦੀ ਢਾਂਚੇ ਦੇ ਵੱਡੇ-ਵੱਡੇ ਪ੍ਰੋਜੈਕਟਾਂ ਨੂੰ ਖ਼ੁਸ਼ਹਾਲੀ ਦਾ ਪ੍ਰਤੀਕ ਬਣਾ ਕੇ ਪ੍ਰਚਾਰਿਆ ਜਾਂਦਾ ਹੈ ਪਰ ਤੱਥ ਦੱਸਦੇ ਹਨ ਕਿ ਗ਼ੈਰ-ਵਿਗਿਆਨਕ ਢੰਗ ਨਾਲ ਕੀਤੀਆਂ ਉਸਾਰੀਆਂ ਹੀ ਤਬਾਹੀ ਦਾ ਕਾਰਨਬਣਦੀਆਂ ਹਨ। ਪਹਾੜਾਂ ਦੀ ਅੰਨ੍ਹੇਵਾਹ ਕੱਟ-ਵੱਢ, ਮਿੱਟੀ ਦੀ ਕਮਜ਼ੋਰੀ, ਮਲਬਾ ਨਦੀਆਂ ਵਿਚ ਸੁੱਟਣਾ, ਬੇਰੋਕ ਨਾਜਾਇਜ਼ ਖਣਨ ਆਦਿਕਾਰਨ ਮਨੁੱਖ ਖੁਦ ਤਬਾਹੀ ਸਹੇੜ ਰਿਹਾ ਹੈ। ਜ਼ਾਹਿਰ ਹੈ ਕਿ ਮਨੁੱਖੀ ਲਾਲਚ 'ਤੇ ਆਧਾਰਿਤ ਕਾਰਵਾਈਆਂ ਨੂੰ ਲਗਾਤਾਰ ਪਹਿਲ ਦਿੱਤੀ ਜਾ ਰਹੀ ਹੈ। ਇਸ ਮਾਮਲੇ ਵਿਚ ਕੇਂਦਰ ਸਰਕਾਰ ਅਤੇ ਵੱਖ-ਵੱਖ ਸੂਬਾ ਸਰਕਾਰਾਂ ਦਾ ਰੋਲ ਵੀ ਨਾਂਹਪੱਖੀ ਹੀ ਸਾਹਮਣੇ ਆਇਆ ਹੈ। ਹੁਣ ਤਾਂ ਸਗੋਂ ਕੇਂਦਰ ਸਰਕਾਰ ਅਜਿਹਾ ਕਾਨੂੰਨ ਵੀ ਲੈ ਆਈ ਹੈ ਜਿਸ ਤਹਿਤ ਕੁਦਰਤੀ ਸਾਧਨਾਂ ਨੂੰ ਪਹਿਲਾਂ ਨਾਲੋਂ ਵੀ ਬੇਫਿਕਰ ਢੰਗ ਨਾਲ ਵਰਤਣ ਲਈ ਰਾਹ ਖੁੱਲ੍ਹ ਜਾਵੇਗਾ। ਇਸ ਕਰ ਕੇ ਹੁਣ ਹੀ ਵੇਲਾ ਹੈ ਕਿ ਆਪ ਆਪਣੀ ਮਦਦ ਕਰਨ ਦੇ ਨਾਲ-ਨਾਲ ਆਪਣਾ ਮੂੰਹ ਸਰਕਾਰਾਂ ਵੱਲ ਵੀ ਘੁਮਾਇਆ ਜਾਵੇ ਤਾਂ ਕਿ ਇਨ੍ਹਾਂ ਨੂੰ ਸੁਚੇਤ ਕੀਤਾ ਜਾ ਸਕੇ ਅਤੇ ਜਿੰਨਾ ਵੀ ਸੰਭਵ ਹੋ ਸਕੇ, ਮਾਰੂ ਨੀਤੀਆਂ ਤੋਂ ਪਿਛਾਂਹ ਮੋੜਿਆ ਜਾਵੇ। ਨਹੀਂ ਤਾਂ ਉਹ ਦਿਨ ਦੂਰ ਨਹੀਂ ਜਦੋਂ ਸਾਡੇ ਲਈ ਕੁਦਰਤ ਦੀ ਮਾਰ ਤੋਂ ਬਚਣ ਦਾ ਕੋਈ ਹੀਲਾ ਬਾਕੀ ਨਹੀਂ ਬਚੇਗਾ। ਵਾਤਾਵਰਨ ਨਾਲ ਜੁੜੇ ਲੋਕ ਅਤੇ ਸੰਸਥਾਵਾਂ ਚਿਰਾਂ ਤੋਂ ਇਸ ਬਾਰੇ ਖ਼ਬਰਦਾਰ ਕਰ ਰਹੀਆਂ ਹਨ ਪਰ ਮਨੁੱਖ ਨੇ ਇਨ੍ਹਾਂ ਦੀ ਗੱਲ ਢੰਗ ਨਾਲ ਸੁਣੀ ਨਹੀਂ ਹੈ। ਇਸ ਲਈ ਹੁਣ ਇਨ੍ਹਾਂ ਸੰਸਥਾਵਾਂ ਅਤੇ ਆਗੂਆਂ ਨੂੰ ਇਕ ਕਦਮ ਹੋਰ ਅੱਗੇ ਵਧ ਕੇ ਸਰਕਾਰਾਂ ਖਿਲਾਫ ਤਿੱਖੀ ਲਾਮਬੰਦੀ ਵਿੱਢਣੀ ਚਾਹੀਦੀ ਹੈ। ਇਸ ਸੂਰਤ ਵਿਚ ਹੀ ਸੰਸਾਰ ਦਾ ਭਵਿੱਖ ਸੁਰੱਖਿਅਤ ਹੋ ਸਕਦਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਪੰਜਾਬ ਲਈ ਹੱਲਾ ਸ਼ੇਰੀ

ਥੱਲੇ ਲਾ ਰੱਖ ਦਿੱਤਾ ਸੌੜੀਆਂ ਸਿਆਸਤਾਂ ਨੇ, ਸੂਰਮਾ ਹੀ ਜਾਣੋ ਜਿਹੜਾ ਫੇਰ ਵੀ ਨੀ ਹਾਰਿਆ।
ਰੌਲਿਆਂ ਤੋਂ ਬਾਅਦ ਵੀ ਚੁਰਾਸੀ ਘੱਲੂ ਘਾਰੇ ਝੱਲੇ,
ਕਿਹੜਾ ਕਲੀ ਕਾਲ ਜਿਹੜਾ ਇਹਨੇ ਨੀ ਸਹਾਰਿਆ।
ਕੇਂਦਰ ਦੀ ਕਾਣੀ ਅੱਖ ਦੇਖੇ ਨਾ ਦਰਦ ਇਹਦੇ, ਜਿਵੇਂ ਮਤਰੇਈ ਪਹਿਲੇ ਪੁੱਤਾਂ ਨੂੰ ਵਿਸਾਰਿਆ।
ਜੀਣਾ ਹੈ ਮੜਕ ਨਾਲ ਝੁਕਣਾ ਨਾ ਕਿਸੇ ਅੱਗੇ, ਗੁਰਾਂ ਦੀ ਅਸੀਸ ਤੈਨੂੰ ਨਾਬਰੀ ਦੁਲਾਰਿਆ।
ਦੱਸੇ ਇਤਿਹਾਸ ਪਹਿਲੇ ਬਿਪਤਾ ਸਮੇਂ ਵੀ ਏਹੋ, ਆਪਣੇ ਕਾਜਾਂ ਨੂੰ ਸਦਾ ਹੱਥੀਂ ਤੈਂ ਸਵਾਰਿਆ।
ਨਸ਼ਾ-ਖੋਰੀ ਨਾਲ ਪਹਿਲੋਂ ਝੰਬਿਆ ਪੰਜਾਬ ਪਿਆ, ਕੁਦਰਤ ਕ੍ਰੋਪੀ ਉੱਤੋਂ ਹੜ੍ਹਾਂ ਨੇ ਹੈ ਮਾਰਿਆ।

# ਲਾਲ ਕਿਲ੍ਹੇ ਦੀ ਫਸੀਲ ਤੋਂ ਮੋਦੀ ਦੇ ਭਾਸ਼ਣ ਦੇ ਮਾਇਨੇ

*ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਪਹਿਲਾਂ ਸੰਸਦ ਵਿਚ ਅਤੇ ਫਿਰ ਲਾਲ ਕਿਲ੍ਹੇ ਤੋਂ ਦਿੱਤੇ ਭਾਸ਼ਣ ਨੇ ਸਾਫ ਕਰ ਦਿੱਤਾ ਹੈ ਕਿ ਮੋਦੀ ਲਈ ਹੁਣ ਭਾਸ਼ਣ ਦੇਣ ਦਾ ਮਤਲਬ ਵੋਟਾਂ ਮੰਗਣਾ ਹੈ। ਇਹ ਦਾਅਵਾ ਵੀ ਕੀਤਾ ਗਿਆ ਕਿ ਅਗਲੇ ਸਾਲ ਉਹ ਇੱਥੋਂ ਹੀ ਆਪਣਾ 11ਵਾਂ ਭਾਸ਼ਣ ਦੇਣਗੇ। ਭਾਸ਼ਣ ਵਿਚ ਉਨ੍ਹਾਂ ਤਿੰਨ ਬੁਰਾਈਆਂ ਗਿਣਾਈਆਂ- ਭ੍ਰਿਸ਼ਟਾਚਾਰ, ਪਰਿਵਾਰਵਾਦ ਤੇ ਤੁਸ਼ਟੀਕਰਨ ਪਰ ਇਨ੍ਹਾਂ ਮਾਮਲਿਆਂ ਵਿਚ ਭਾਜਪਾ ਦੀ ਸਿਆਸਤ ਕਿੰਨੀ ਕੁ ਸਾਫ ਸੁਥਰੀ ਹੈ, ਇਸ ਬਾਰੇ ਚਰਚਾ ਸਾਡੇ ਕਾਲਮਨਵੀਸ ਨਵਕਿਰਨ ਸਿੰਘ ਪੱਤੀ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ।*

ਐਤਕੀਂ 15 ਅਗਸਤ ਨੂੰ ਭਾਰਤ ਦੇ 77ਵੇਂ ਸੁਤੰਤਰਤਾ ਦਿਵਸ ਮੌਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਲਾਲ ਕਿਲ੍ਹੇ ਤੋਂ ਆਪਣੇ ਦੂਜੇ ਕਾਰਜਕਾਲ ਦਾ ਆਖਰੀ ਭਾਸ਼ਣ ਸੀ। ਲਾਲ ਕਿਲ੍ਹਾ ਸੱਤਾ ਦਾ ਅਜਿਹਾ 'ਬਿੰਦੂ' ਹੈ ਜਿੱਥੋਂ ਦੇਸ਼ ਦੀ ਸੱਤਾ 'ਤੇ ਬਿਰਾਜਮਾਨ ਸ਼ਾਸਕ ਇਸ ਵਿਸ਼ੇਸ਼ ਦਿਨ ਆਪਣੇ ਵਿਚਾਰ ਪ੍ਰਗਟ ਕਰਦਿਆਂ ਦੇਸ਼ ਨੂੰ ਅੱਗੇ ਲਿਜਾਣ ਦਾ ਦਾਅਵਾ ਕਰਦਾ ਹੈ। ਹੁਣ ਤੱਕ ਜ਼ਿਆਦਾਤਰ ਪ੍ਰਧਾਨ ਮੰਤਰੀ ਇਸ ਦਿਨ ਲਿਖੇ ਹੋਏ ਰਵਾਇਤੀ ਭਾਸ਼ਣ ਹੀ ਪੜ੍ਹਦੇ ਆਏ ਹਨ ਪਰ ਲਾਲ ਕਿਲ੍ਹੇ ਤੋਂ ਮੋਦੀ ਨੇ ਆਪਣਾ ਇਹ ਦਸਵਾਂ ਭਾਸ਼ਣ ਕੁਝ ਮਹੀਨਿਆਂ ਬਾਅਦ ਹੋਣ ਵਾਲੀਆਂ ਲੋਕ ਸਭਾ ਚੋਣਾਂ ਨੂੰ ਕੇਂਦਰਿਤ ਕਰ ਕੇ ਦਿੱਤਾ। ਨਾਲ ਹੀ ਉਨ੍ਹਾਂ ਦਾਅਵਾ ਠੋਕ ਦਿੱਤਾ ਕਿ ਉਹ ਅਗਲੇ ਸਾਲ ਵੀ ਇੱਥੋਂ ਹੀ ਆਪਣਾ 11ਵਾਂ ਭਾਸ਼ਣ ਦੇਣਗੇ। ਪਿਛਲੇ ਦਿਨੀਂ ਸੰਸਦ ਵਿਚ ਅਤੇ ਹੁਣ ਲਾਲ ਕਿਲ੍ਹੇ ਤੋਂ ਦਿੱਤਾ ਭਾਸ਼ਣ ਸੁਣ ਕੇ ਪ੍ਰਤੀਤ ਹੁੰਦਾ




ਨਵਕਿਰਨ ਸਿੰਘ ਪੱਤੀ
ਈਮੇਲ: n4navkiran@gmail.com

ਹੈ ਕਿ ਮੋਦੀ ਲਈ ਹੁਣ ਭਾਸ਼ਣ ਦੇਣ ਦਾ ਇੱਕੋ-ਇੱਕ ਮਤਲਬ ਵੋਟਾਂ ਮੰਗਣਾ ਹੈ। ਉਨ੍ਹਾਂ ਦੇ ਲਹਿਜੇ ਅਤੇ ਬੋਲੇ ਗਏ ਹਰ ਸ਼ਬਦ ਵਿਚੋਂ ਚੋਣ ਰਾਜਨੀਤੀ ਅਤੇ ਫੋਕੇ ਦਾਅਵਿਆਂ ਦੀ ਸਾਫ ਝਲਕ ਪੈ ਰਹੀ ਸੀ। ਮੋਦੀ ਜੀ ਨੇ ਆਪਣਾ ਭਾਸ਼ਣ ਭ੍ਰਿਸ਼ਟਾਚਾਰ, ਪਰਿਵਾਰਵਾਦ ਅਤੇ ਤੁਸ਼ਟੀਕਰਨ ਨੂੰ ਦੇਸ਼ ਦੀ ਸਭ ਤੋਂ ਵੱਡੀ ਬੁਰਾਈ ਦੱਸਦਿਆਂ ਇਸ 'ਤੇ ਕੇਂਦਰਿਤ ਕੀਤਾ ਪਰ ਇਨ੍ਹਾਂ ਤਿੰਨਾਂ ਮਾਮਲਿਆਂ ਵਿਚ ਭਾਜਪਾ ਦੀ ਖੁਦ ਦੀ ਰਾਜਨੀਤੀ ਕਿੰਨੀ ਕੁ ਸਾਫ ਸੁਥਰੀ ਹੈ, ਇਸ 'ਤੇ ਝਾਤ ਮਾਰਦੇ ਹਾਂ।

ਪਰਿਵਾਰਵਾਦ 'ਤੇ ਟਿੱਪਣੀ ਕਰਨ ਲਈ ਮੋਦੀ ਨੇ ਆਪਣਾ ਭਾਸ਼ਣ 'ਭੈਣੋ ਭਰਾਵੋ' ਜਾਂ 'ਪਿਆਰੇ ਦੇਸ਼ ਵਾਸੀਓ' ਕਹਿ ਕੇ ਸ਼ੁਰੂ ਕਰਨ ਦੀ ਥਾਂ ਵਿਸ਼ੇਸ਼ ਸ਼ਬਦ 'ਪਰਿਵਾਰ ਜਨ' ਵਰਤ ਕੇ ਸ਼ੁਰੂ ਕੀਤਾ। ਉਨ੍ਹਾਂ ਕਿਹਾ ਕਿ 'ਦੇਸ਼ ਦੇ ਲੋਕਤੰਤਰ ਵਿਚ ਇੱਕ ਬਿਮਾਰੀ ਹੈ ਪਰਿਵਾਰਵਾਦੀ ਪਾਰਟੀ ਅਤੇ ਉਨ੍ਹਾਂ ਦਾ ਇੱਕ ਹੀ ਮੰਤਰ ਹੈ- ਪਰਿਵਾਰ ਲਈ, ਪਰਿਵਾਰ ਦੁਆਰਾ।' ਇਸ ਵਿਚ ਕੋਈ ਦੋ ਰਾਵਾਂ ਨਹੀਂ ਕਿ ਰਾਜਨੀਤੀ ਪਰਿਵਾਰਵਾਦ ਤੋਂ ਨਿਰਲੇਪ ਹੋਣੀ ਚਾਹੀਦੀ ਹੈ। ਕਾਂਗਰਸ ਵਰਗੀਆਂ ਰਵਾਇਤੀ ਪਾਰਟੀਆਂ ਨੇ ਪਰਿਵਾਰਵਾਦ ਦੀ ਰਾਜਨੀਤੀ ਕਰਦਿਆਂ ਲੋਕ ਹਿੱਤ ਅੱਖੋਂ ਪਰੋਖੇ ਕੀਤੇ ਹਨ ਪਰ ਜੇ ਭਾਜਪਾ ਲੀਡਰਸ਼ਿਪ 'ਤੇ ਨਜ਼ਰ ਮਾਰੀਏ ਤਾਂ ਜ਼ਾਹਿਰ ਹੁੰਦਾ ਹੈ ਕਿ ਭਾਜਪਾ ਪਰਿਵਾਰਵਾਦ ਵਿਚ ਬੁਰੀ ਤਰ੍ਹਾਂ ਗ੍ਰਸੀ ਹੋਈ ਹੈ। ਭਾਜਪਾ ਦੇ ਪ੍ਰਧਾਨ ਰਹਿ ਚੁੱਕੇ ਅਤੇ ਹੁਣ ਰੱਖਿਆ ਮੰਤਰੀ ਰਾਜਨਾਥ ਸਿੰਘ ਦਾ ਪੁੱਤਰ ਪੰਕਜ ਸਿੰਘ ਨੋਇਡਾ ਤੋਂ ਵਿਧਾਇਕ ਹੈ, ਉਹ ਆਪਣੇ ਪਿਉ ਦੀ ਥਾਂ ਲੈਣ ਲਈ ਕਾਹਲਾ ਨਜ਼ਰ ਆ ਰਿਹਾ ਹੈ। ਕੇਂਦਰ ਵਿਚ ਨੌਜਵਾਨ ਮੰਤਰੀ ਵਜੋਂ ਮਸ਼ਹੂਰ ਅਨੁਰਾਗ ਠਾਕੁਰ ਹਿਮਾਚਲ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਪ੍ਰੇਮ ਕੁਮਾਰ ਧੂਮਲ ਦਾ ਮੁੰਡਾ ਹੈ। ਕਿਸਾਨ ਅੰਦੋਲਨ ਸਮੇਂ ਚਰਚਾ ਵਿਚ ਰਹੇ ਵਣਜ ਮੰਤਰੀ ਪਿਊਸ਼ ਗੋਇਲ ਦਾ ਪਿਤਾ ਵੇਦ ਪ੍ਰਕਾਸ਼ ਗੋਇਲ ਵਾਜਪਾਈ ਸਰਕਾਰ ਵਿਚ ਮੰਤਰੀ ਸੀ ਤੇ ਉਸ ਦੀ ਮਾਂ ਚੰਦਰਕਾਂਤਾ ਗੋਇਲ ਤਿੰਨ ਵਾਰ ਐਮ.ਐਲ.ਏ. ਰਹੀ ਹੈ। ਕੇਂਦਰੀ ਮੰਤਰੀ ਧਰਮੇਂਦਰ ਪ੍ਰਧਾਨ ਦੇ ਪਿਤਾ ਦਵੇਂਦਰ ਪ੍ਰਧਾਨ ਵੀ ਵਾਜਪਾਈ ਸਰਕਾਰ ਵਿਚ ਮੰਤਰੀ ਸਨ। ਰਾਜਸਥਾਨ ਦੀ ਸਾਬਕਾ ਮੁੱਖ ਮੰਤਰੀ ਵਸੁੰਧਰਾ ਰਾਜੇ ਦਾ ਪੁੱਤਰ ਦੁਸ਼ਿਅੰਤ ਸਿੰਘ ਕਈ ਵਾਰ ਸੰਸਦ ਦੀਆਂ ਪੌੜੀਆਂ ਚੜ੍ਹ ਚੁੱਕਾ ਹੈ। ਕੇਂਦਰ ਵਿਚ ਨੌਜਵਾਨ ਮੰਤਰੀ ਅਨੂ ਪ੍ਰਿਆ ਪਟੇਲ ਵੀ ਤਾਂ ਸੋਨੇ ਲਾਲ ਪਟੇਲ ਦੀ ਧੀ ਹੈ। ਕੇਂਦਰੀ ਮੰਤਰੀ ਕਿਰਨ ਰਿਜਿਜੂ ਦੇ ਪਿਤਾ ਰਿਂਚਿਨ ਖੇਰੂ ਅਰੁਣਾਚਲ ਪ੍ਰਦੇਸ਼ ਵਿਧਾਨ ਸਭਾ ਦੇ ਪਹਿਲੇ ਪ੍ਰੋਟੈਮ ਸਪੀਕਰ ਸਨ। ਅਗਲੀ ਗੱਲ, ਇਹ ਜ਼ਰੂਰੀ ਨਹੀਂ ਕਿ ਰਾਜਨੀਤਕ ਲੀਡਰ ਦਾ ਮੁੰਡਾ ਜੇ ਮੰਤਰੀ, ਵਿਧਾਇਕ ਬਣੇ ਸਿਰਫ ਉਹੀ ਪਰਿਵਾਰਵਾਦ ਹੁੰਦਾ ਹੈ ਬਲਕਿ ਜੇ ਰਾਜਨੀਤਕ ਲੀਡਰ ਆਪਣੇ ਰੁਤਬੇ ਦਾ ਫਾਇਦਾ ਉਠਾ ਕੇ ਪੁੱਤ ਦੇ ਬਿਜ਼ਨਸ ਨੂੰ ਲਾਹਾ ਪਹੁੰਚਾ ਰਿਹਾ ਹੈ ਤਾਂ ਉਹ ਵੀ ਪਰਿਵਾਰਵਾਦ ਹੀ ਹੈ। ਮੋਦੀ ਸਰਕਾਰ ਵਿਚ ਦੂਜੇ ਨੰਬਰ ਦੇ ਤਾਕਤਵਰ ਮੰਤਰੀ ਅਮਿਤ ਸ਼ਾਹ ਦਾ ਪੁੱਤਰ ਜੈ ਸ਼ਾਹ ਬੀ.ਸੀ.ਸੀ.ਆਈ. ਵਿਚ ਅੱਗੇ ਦੀ ਅੱਗੇ ਜਾ ਰਿਹਾ ਹੈ।

ਜਦੋਂ ਵਿਰੋਧੀ ਪਾਰਟੀਆਂ ਵਿਚ ਸੰਨ੍ਹ ਮਾਰ



ਕੇ ਕੋਈ ਲੀਡਰ ਭਾਜਪਾ ਵਿਚ ਸ਼ਾਮਲ ਕੀਤਾ ਜਾਂਦਾ ਹੈ ਤਾਂ ਪਰਿਵਾਰਵਾਦ ਅਤੇ ਭ੍ਰਿਸ਼ਟਾਚਾਰ ਵਰਗੇ ਸ਼ਬਦ ਮੋਦੀ ਦੀ ਡਿਕਸ਼ਨਰੀ ਵਿਚੋਂ ਗਾਇਬ ਹੋ ਜਾਂਦੇ ਹਨ। ਕਾਂਗਰਸ ਛੱਡ ਕੇ ਭਾਜਪਾ ਵਿਚ ਸ਼ਾਮਲ ਹੋਏ ਜਯੋਤਿਰਾਦਿੱਤਿਆ ਸਿੰਧੀਆ ਨੂੰ ਮੋਦੀ ਕੈਬਨਿਟ ਵਿਚ ਸ਼ਾਮਲ ਕਰ ਲਿਆ ਗਿਆ ਪਰ ਸ਼ਾਇਦ ਭੁੱਲ ਗਏ ਕਿ ਉਸ ਦਾ ਪਿਤਾ ਮਾਧਵ ਸਿੰਧੀਆ ਵੀ ਤਾਂ ਕਾਂਗਰਸ ਸਰਕਾਰ ਵਿਚ ਮੰਤਰੀ ਸੀ। ਭਾਜਪਾ ਦੀ ਮਿਹਰਬਾਨੀ ਨਾਲ ਮਹਾਰਾਸ਼ਟਰ ਦੇ ਮੁੱਖ ਮੰਤਰੀ ਬਣੇ ਏਕਨਾਥ ਸ਼ਿੰਦੇ ਦਾ ਪੁੱਤਰ ਵੀ ਤਾਂ ਲੋਕ ਸਭਾ ਮੈਂਬਰ ਹੈ। ਅਜੀਤ ਪਵਾਰ ਨੂੰ ਭਾਜਪਾ ਨੇ ਸਹਿ ਦਿੱਤੀ, ਉਹ ਵੀ ਤਾਂ ਪਰਿਵਾਰਵਾਦ ਵਿਚੋਂ ਹੀ ਨਿਕਲਿਆ ਹੈ। ਭਾਜਪਾ ਦੇ ਸਭ ਤੋਂ ਨੇੜੇ ਮੰਨੇ ਜਾਂਦੇ ਚਿਰਾਗ ਪਾਸਵਾਨ ਦੀ ਤਾਂ ਯੋਗਤਾ ਹੀ ਇਹ ਹੈ ਕਿ ਉਹ ਰਾਮਵਿਲਾਸ ਪਾਸਵਾਨ ਦਾ ਪੁੱਤਰ ਹੈ। ਸਾਬਕਾ ਪ੍ਰਧਾਨ ਮੰਤਰੀ ਚੰਦਰ ਸ਼ੇਖਰ ਦੇ ਪੁੱਤਰ ਨੀਰਜ ਸ਼ੇਖਰ ਨੂੰ ਭਾਜਪਾ ਵਿਚ ਲਿਆਉਣ ਸਮੇਂ ਇਹ ਨਹੀਂ ਕਿਹਾ ਗਿਆ ਕਿ ਭਾਜਪਾ ਪਰਿਵਾਰਵਾਦ ਦੀ ਰਾਜਨੀਤੀ ਨਹੀਂ ਕਰਦੀ। ਹੋਰ ਤਾਂ ਹੋਰ, ਭਾਜਪਾ ਵੱਲੋਂ ਪੰਜਾਬ ਦੇ ਪ੍ਰਧਾਨ ਬਣਾਏ ਸੁਨੀਲ ਜਾਖੜ ਵੀ ਪਰਿਵਾਰਵਾਦ ਦੀ ਦੇਣ ਹਨ। ਪ੍ਰਕਾਸ਼ ਸਿੰਘ ਬਾਦਲ ਨੇ ਪੂਰੀ ਪਾਰਟੀ ਨੂੰ ਪਰਿਵਾਰਵਾਦ ਦੀ ਭੇਟ ਚਾੜ੍ਹ ਦਿੱਤਾ ਪਰ ਮੋਦੀ ਸਮੇਤ ਭਾਜਪਾ ਲੀਡਰ ਉਨ੍ਹਾਂ ਨੂੰ ਫਿਰ ਵੀ ਆਪਣੇ ਮਾਰਗ ਦਰਸ਼ਕ ਕਹਿੰਦੇ ਰਹੇ।

ਮੋਦੀ ਨੇ ਭਾਸ਼ਣ ਵਿਚ ਦੂਜਾ ਮੁੱਦਾ ਭ੍ਰਿਸ਼ਟਾਚਾਰ ਦਾ ਕੇਂਦਰਿਤ ਕੀਤਾ। ਕਰਨਾ ਬਣਦਾ ਵੀ ਸੀ ਕਿਉਂਕਿ 'ਨਾ ਖਾਊਂਗਾ, ਨਾ ਖਾਨੇ ਦੂੰਗਾ' ਦਾ ਹੋਕਾ ਦੇ ਕੇ ਸੱਤਾ ਹਾਸਲ ਕਰਨ ਵਾਲੇ ਇਸ ਸ਼ਖਸ ਦੇ ਕਾਰਜਕਾਲ ਦੌਰਾਨ ਅਮੀਰ ਹੋਰ ਵੱਧ ਅਮੀਰ ਹੋਏ ਹਨ ਤੇ ਗਰੀਬ ਹੋਰ ਵੱਧ ਗਰੀਬ। ਅਸਲ ਵਿਚ ਆਮ ਆਦਮੀ ਲਈ ਭ੍ਰਿਸ਼ਟਾਚਾਰ ਦਾ ਮਤਲਬ ਸਰਕਾਰੀ ਅਧਿਕਾਰੀ ਵੱਲੋਂ ਮੰਗੀ ਰਿਸ਼ਵਤ ਹੁੰਦਾ ਹੈ ਪਰ ਭਾਜਪਾ ਨੂੰ ਕਾਰਪੋਰੇਟ ਘਰਾਣਿਆਂ ਤੋਂ ਮਿਲ ਰਿਹਾ ਕਰੋੜਾਂ ਦਾ 'ਪਾਰਟੀ ਫੰਡ' ਤੇ ਉਸ ਬਦਲੇ ਕਾਰਪੋਰੇਟ ਘਰਾਣਿਆਂ ਨੂੰ ਦਿੱਤੀਆਂ ਜਾ ਰਹੀਆਂ ਛੋਟਾਂ ਸੰਸਥਾਈ ਭ੍ਰਿਸ਼ਟਾਚਾਰ ਹੈ ਜੋ ਸਭ ਤੋਂ ਖਤਰਨਾਕ ਹੈ। ਇਸੇ ਕਰ ਕੇ ਮੋਦੀ ਸਰਕਾਰ ਨੇ ਹਿੰਡਨਬਰਗ ਰਿਸਰਚ ਦੀ ਰਿਪੋਰਟ 'ਤੇ ਜਾਂਚ ਨਹੀਂ ਕਰਵਾਈ। ਅਜਿਹੀਆਂ ਦਰਜਨਾਂ ਉਦਾਹਰਨਾਂ ਹਨ ਕਿ ਭਾਜਪਾ ਜਿਨ੍ਹਾਂ ਨੂੰ ਭ੍ਰਿਸ਼ਟਾਚਾਰੀ ਕਹਿੰਦੀ ਸੀ, ਉਨ੍ਹਾਂ ਨੂੰ ਪਾਰਟੀ ਵਿਚ ਸ਼ਾਮਲ ਕਰ ਲਿਆ। ਭਾਜਪਾ ਦੀ ਹਾਲਤ ਇਹ ਹੈ ਕਿ ਜਦ ਤੱਕ ਏਕਨਾਥ ਸ਼ਿੰਦੇ, ਅਜੀਤ ਪਵਾਰ ਵਰਗੇ ਆਪਣੀਆਂ ਪਾਰਟੀਆਂ ਵਿਚ ਰਹੇ, ਤਦ ਤੱਕ ਉਨ੍ਹਾਂ ਵਿਚ ਨੁਕਸ ਸਨ; ਹੁਣ ਜਦ ਉਹ ਭਾਜਪਾ ਨਾਲ ਸਾਂਝ-ਭਿਆਲੀ ਵਿਚ ਹਨ ਤਾਂ ਉਹ ਦੁੱਧ ਧੋਤੇ ਹੋ ਗਏ।

ਮੋਦੀ ਦੀ ਇਸ ਗੱਲ ਵਿਚ ਕੋਈ ਦੋ ਰਾਵਾਂ ਨਹੀਂ ਕਿ 'ਘੁਣ ਵਾਂਗ ਭ੍ਰਿਸ਼ਟਾਚਾਰ ਨੇ ਦੇਸ਼ ਦੇ ਪੂਰੇ ਸਿਸਟਮ ਅਤੇ ਇਸ ਦੀਆਂ ਸਮਰੱਥਾਵਾਂ ਨੂੰ ਪੂਰੀ ਤਰ੍ਹਾਂ ਖੋਖਲਾ ਕਰ ਛੱਡਿਆ ਹੈ' ਪਰ ਸਵਾਲ ਇਹ ਹੈ ਕਿ ਉਨ੍ਹਾਂ ਦੇ ਸੱਤਾ ਵਿਚ ਹੁੰਦਿਆਂ ਇਸ ਸਭ ਲਈ ਜ਼ਿੰਮੇਵਾਰ ਕੌਣ ਹੈ? ਕੈਗ ਦੀ ਰਿਪੋਰਟ ਆਈ ਕਿ ਦਵਾਰਕਾ ਐਕਸਪ੍ਰੈੱਸ ਵੇਅ 'ਤੇ ਪ੍ਰਤੀ ਕਿਲੋਮੀਟਰ 250.77 ਕਰੋੜ ਰੁਪਏ ਲਾਗਤ ਦੱਸੀ ਜਾ ਰਹੀ ਹੈ ਜੋ ਤਜਵੀਜ਼ਤ 18.20 ਕਰੋੜ ਪ੍ਰਤੀ ਕਿਲੋਮੀਟਰ ਦੀ ਮੁਕਾਬਲੇ ਕਈ ਗੁਣਾ ਜ਼ਿਆਦਾ ਹੈ। ਭਾਰਤ ਮਾਲਾ ਪ੍ਰੋਜੈਕਟ ਅਤੇ ਆਯੁਸ਼ਮਾਨ ਭਾਰਤ ਵਿਚੋਂ ਵੀ ਭ੍ਰਿਸ਼ਟਾਚਾਰ ਦੀ ਬੋਅ ਆ ਰਹੀ ਹੈ।

ਭਾਜਪਾ ਦੀਆਂ ਸੂਬਾ ਸਰਕਾਰਾਂ ਗਲ-ਗਲ ਤੱਕ ਭ੍ਰਿਸ਼ਟਾਚਾਰ ਨਾਲ ਡੁੱਬੀਆਂ ਹੋਈਆਂ ਹਨ ਤੇ ਮੋਦੀ ਭ੍ਰਿਸ਼ਟਾਚਾਰ ਖਿਲਾਫ ਭਾਸ਼ਣ ਦੇ ਰਹੇ ਹਨ। ਹਕੀਕਤ ਇਹ ਹੈ ਕਿ ਆਰਥਿਕ ਵਿਕਾਸ ਦਾ ਜੋ ਮਾਡਲ ਭਾਜਪਾ ਲਾਗੂ ਕਰ ਰਹੀ ਹੈ, ਉਹ ਅਮੀਰਾਂ ਦੇ ਪੱਖ ਵਿਚ ਹੈ ਤੇ ਉਸ ਨਾਲ ਸਿਖਰਲੇ ਅਮੀਰਾਂ ਦੀ ਦੌਲਤ ਵਿਚ ਅਪਾਰ ਵਾਧਾ ਹੋਇਆ ਹੈ ਤੇ ਗਰੀਬਾਂ ਦੀ ਆਮਦਨ ਘਟੀ ਹੈ।

ਜਦ ਦੇਸ਼ ਦੀ ਵਸੋਂ ਦਾ ਅਹਿਮ ਹਿੱਸਾ ਮੁਫਤ ਆਟਾ, ਦਾਲ ਲੈਣ ਤੱਕ ਦਾ ਮੁਥਾਜ ਹੋਵੇ ਤਾਂ ਸਰਕਾਰ ਦਾ ਇਹ ਕਹਿਣਾ ਕਿ ਕਰੋੜਾਂ ਲੋਕ ਗਰੀਬੀ ਰੇਖਾ ਤੋਂ ਬਾਹਰ ਆ ਕੇ 'ਨਵੀਂ ਮੱਧ ਵਰਗੀ ਜਮਾਤ' ਵਿਚ ਦਾਖਲ ਹੋਏ ਹਨ, ਬਿਲਕੁੱਲ ਖੋਖਲਾ ਹੈ। ਮੋਦੀ ਨੇ ਭਾਰਤ ਨੂੰ 2047 ਤੱਕ ਵਿਕਸਤ ਦੇਸ਼ ਬਣਾਉਣ ਦੀ ਗੱਲ ਤਾਂ ਕੀਤੀ ਪਰ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਜਾਂ ਸਵਿੱਸ ਬੈਂਕ ਵਿਚੋਂ ਪੈਸਾ ਲਿਆਉਣ ਜਾਂ ਬੇਰੁਜ਼ਗਾਰੀ ਖਤਮ ਕਰਨ ਦੇ ਪੁਰਾਣੇ ਵਾਅਦਿਆਂ ਦਾ ਜ਼ਿਕਰ ਤੱਕ ਨਹੀਂ ਕੀਤਾ। ਪ੍ਰਧਾਨ ਮੰਤਰੀ ਨੇ ਕਿਹਾ ਕਿ ਲੋਕਾਂ ਨੂੰ 'ਮੋਦੀ ਕੀ ਗਾਰੰਟੀ' ਹੈ ਕਿ ਦੇਸ਼ ਅਗਲੇ ਪੰਜ ਸਾਲਾਂ ਵਿਚ ਵਿਸ਼ਵ ਦਾ ਤੀਜਾ ਸਭ ਤੋਂ ਵੱਡਾ ਅਰਥਚਾਰਾ ਬਣ ਜਾਵੇਗਾ ਪਰ ਕੀ ਉਹ ਇਹ ਦਾਅਵਾ ਕਰ ਸਕਦੇ ਹਨ ਕਿ ਪੰਜ ਸਾਲ ਬਾਅਦ ਸਰਕਾਰ ਨੂੰ ਮੁਫਤ ਅਨਾਜ ਵੰਡਣ ਦੀ ਲੋੜ ਨਹੀਂ ਰਹੇਗੀ, ਲੋਕ ਆਤਮ-ਨਿਰਭਰ ਹੋ ਜਾਣਗੇ।

ਤੁਸ਼ਟੀਕਰਨ ਦੀ ਗੱਲ ਕਰ ਕੇ ਪ੍ਰਧਾਨ ਮੰਤਰੀ ਨੇ ਦੇਸ਼ ਦੀਆਂ ਘੱਟ ਗਿਣਤੀਆਂ ਖਾਸਕਰ ਮੁਸਲਿਮ ਭਾਈਚਾਰੇ 'ਤੇ ਸਿੱਧਾ ਨਿਸ਼ਾਨਾ ਸਾਧਿਆ ਹੈ। ਲਾਲ ਕਿਲ੍ਹੇ ਤੋਂ ਮਹਿਜ਼ ਕੁਝ ਕਿਲੋਮੀਟਰ ਦੂਰ ਹਰਿਆਣਾ ਦੇ ਨੂਹ ਵਿਚ ਕੁਝ ਦਿਨ ਪਹਿਲਾਂ ਜੋ ਹੋਇਆ, ਉਸ 'ਤੇ ਮੋਦੀ ਚੁੱਪ ਰਹੇ ਤੇ ਉੱਤਰ ਪੂਰਬੀ ਸੂਬੇ ਮਨੀਪੁਰ ਵਿਚ ਜੋ ਹੋ ਰਿਹਾ ਹੈ, ਉਸ 'ਤੇ ਸੀਮਤ ਸ਼ਬਦਾਂ ਵਿਚ ਪਰਦਾ ਪਾਉਣ ਦੀ ਕੋਸ਼ਿਸ਼ ਕੀਤੀ। ਕੇਂਦਰੀ ਮੰਤਰੀ ਮੰਡਲ ਵਿਚ ਇੱਕ ਵੀ ਮੁਸਲਿਮ ਮੰਤਰੀ ਨਹੀਂ; ਤੇ ਅਜੇ ਤੁਸ਼ਟੀਕਰਨ ਘੱਟ ਗਿਣਤੀ ਦਾ ਹੋ ਰਿਹਾ ਹੈ? ਹਕੀਕਤ ਇਹ ਹੈ ਕਿ ਜਦ ਤੋਂ ਭਾਜਪਾ ਨੇ ਸੱਤਾ ਸੰਭਾਲੀ ਹੈ, ਧਾਰਮਿਕ ਘੱਟ ਗਿਣਤੀਆਂ, ਦਲਿਤਾਂ, ਆਦਿਵਾਸੀਆਂ ਖਿਲਾਫ ਹਮਲੇ ਤੇਜ਼ ਹੋਏ ਹਨ। ਆਰ.ਐਸ.ਐਸ. ਅਤੇ ਭਾਜਪਾ ਵੱਲੋਂ ਬਹੁਗਿਣਤੀ ਦੀ ਸਿਆਸਤ ਕਰਦਿਆਂ ਧਾਰਮਿਕ ਘੱਟ ਗਿਣਤੀਆਂ ਨੂੰ ਨੁੱਕਰੇ ਲਾਇਆ ਜਾ ਰਿਹਾ ਹੈ। ਅਸਲ ਵਿਚ ਭਾਜਪਾ ਆਪਣੇ ਹਿਸਾਬ ਨਾਲ ਘੱਟ ਗਿਣਤੀਆਂ ਵਿਰੁੱਧ ਸਿਰਜਦੀ ਹੈ ਤੇ ਫਿਰ ਉਸ ਨੂੰ ਲਾਗੂ ਕਰਦੀ ਹੈ। ਸੋ, 2024 ਦੀ ਲੋਕ ਸਭਾ ਚੋਣ ਤੋਂ ਪਹਿਲਾਂ ਭਾਜਪਾ ਨੂੰ ਪਿਛਲੇ ਵਾਅਦਿਆਂ/ਦਾਅਵਿਆਂ 'ਤੇ ਸਵਾਲ ਕਰਨ ਦੀ ਲੋੜ ਹੈ।

# ਨਵੇਂ ਰੂਪ 'ਚ ਲਿਆਂਦਾ ਜਾ ਰਿਹਾ ਰਾਜਧ੍ਰੋਹ ਕਾਨੂੰਨ

***ਮੋਦੀ ਸਰਕਾਰ ਵੱਲੋਂ ਅਪਰਾਧਿਕ ਅਤੇ ਫੌਜਦਾਰੀ ਕਾਨੂੰਨਾਂ ਦੀ ਥਾਂ ਲਿਆਂਦੇ ਤਿੰਨ ਬਿੱਲਾਂ (ਭਾਰਤੀ ਨਿਆਏ ਸੰਹਿਤਾ ਬਿੱਲ, ਭਾਰਤੀ ਨਾਗਰਿਕ ਸੁਰੱਕਸ਼ਾ ਸੰਹਿਤਾ ਬਿੱਲ ਤੇ ਭਾਰਤੀ ਸਾਖਸ਼ੀਆ ਬਿੱਲ) ਤੋਂ ਇਸ ਦੀ ਮਨਸ਼ਾ ਜ਼ਾਹਿਰ ਹੋ ਗਈ ਹੈ। ਇਨ੍ਹਾਂ ਬਿੱਲਾਂ ਦੇ ਪਾਸ ਹੋਣ ਤੋਂ ਬਾਅਦ ਇਹ ਕਿਸ ਤਰ੍ਹਾਂ ਅਵਾਮ ਲਈ ਕਾਲੇ ਕਾਨੂੰਨ ਬਣ ਜਾਣਗੇ, ਇਸ ਬਾਰੇ ਚਰਚਾ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਆਪਣੇ ਇਸ ਲੇਖ ਵਿਚ ਵਿਸਥਾਰ ਸਹਿਤ ਕੀਤੀ ਹੈ।***

ਆਰ.ਐੱਸ.ਐੱਸ.-ਭਾਜਪਾ ਸਰਕਾਰ ਨੇ ਸੰਸਦ ਦੇ ਮੌਨਸੂਨ ਸੈਸ਼ਨ ਦੇ ਅਖ਼ੀਰਲੇ ਦਿਨ 11 ਅਗਸਤ ਨੂੰ ਤਿੰਨ ਬਿੱਲ ਪੇਸ਼ ਕਰ ਕੇ ਜਾਬਰ ਕਾਨੂੰਨੀ ਢਾਂਚੇ ਨੂੰ ਹੋਰ ਬੇਕਿਰਕ ਬਣਾਉਣ ਦੇ ਫਾਸ਼ੀਵਾਦੀ ਮਨਸ਼ੇ ਸਾਫ਼ ਜ਼ਾਹਿਰ ਕਰ ਦਿੱਤੇ। ਇੰਡੀਅਨ ਪੀਨਲ ਕੋਡ-1860, ਕ੍ਰਿਮੀਨਲ ਪ੍ਰੋਸੀਜ਼ਰ ਕੋਡ-1898 ਅਤੇ ਇੰਡੀਅਨ ਐਵੀਡੈਂਸ ਐਕਟ-1872 ਨੂੰ ਬਦਲਣ ਲਈ ਕ੍ਰਮਵਾਰ ਭਾਰਤੀ ਨਿਆਏ ਸੰਹਿਤਾ ਬਿੱਲ-2023, ਭਾਰਤੀ ਨਾਗਰਿਕ ਸੁਰੱਕਸ਼ਾ ਸੰਹਿਤਾ ਬਿੱਲ-2023 ਅਤੇ ਭਾਰਤੀ ਸਾਖਸ਼ੀਆ ਬਿੱਲ-2023 ਪੇਸ਼ ਕੀਤੇ ਗਏ। ਇਹ ਬਿੱਲ ਨਜ਼ਰਸਾਨੀ ਲਈ ਗ੍ਰਹਿ ਮਾਮਲਿਆਂ ਦੀ ਸਥਾਈ ਕਮੇਟੀ ਨੂੰ ਸੌਂਪੇ ਗਏ ਹਨ ਜੋ ਇਨ੍ਹਾਂ ਬਿੱਲਾਂ 'ਚ ਘਾਟੇ-ਵਾਧੇ ਕਰ ਕੇ ਇਨ੍ਹਾਂ ਨੂੰ ਪਾਸ ਕਰਨ ਦੀ ਸਿਫ਼ਾਰਸ਼ ਕਰੇਗੀ ਅਤੇ ਆਉਣ ਵਾਲੇ ਸਰਦ-ਰੁੱਤ ਸੈਸ਼ਨ ਵਿਚ ਬਹੁਗਿਣਤੀ ਦੇ ਜ਼ੋਰ ਇਨ੍ਹਾਂ ਨੂੰ ਕਾਨੂੰਨੀ ਦਰਜਾ ਦੇ ਦਿੱਤਾ ਜਾਵੇਗਾ।

ਭਾਰਤੀ ਹੁਕਮਰਾਨਾਂ ਵੱਲੋਂ ਅੰਗਰੇਜ਼ ਬਸਤੀਵਾਦੀ ਰਾਜ ਦੀਆਂ ਬਣਾਈਆਂ ਰਾਜਧ੍ਰੋਹ ਵਰਗੀਆਂ ਕਾਨੂੰਨੀ ਵਿਵਸਥਾਵਾਂ ਦੀ ਥੋਕ ਪੈਮਾਨੇ 'ਤੇ ਵਰਤੋਂ ਅਸਹਿਮਤ ਤੇ ਆਲੋਚਕ ਆਵਾਜ਼ਾਂ ਨੂੰ

**ਬੂਟਾ ਸਿੰਘ ਮਹਿਮੂਦਪੁਰ**
ਫੋਨ: +91-94634-74342

ਦਬਾਉਣ ਲਈ ਕੀਤੀ ਜਾਂਦੀ ਰਹੀ ਹੈ। ਇਸ ਦੀ ਸਭ ਤੋਂ ਵਧੇਰੇ ਬੇਕਿਰਕ ਵਰਤੋਂ ਤਾਂ ਮੌਜੂਦਾ ਸਰਕਾਰ ਕਰ ਰਹੀ ਹੈ ਜਿਸ ਕਰ ਕੇ ਅੰਗਰੇਜ਼ੀ ਰਾਜ ਦੇ ਜਾਬਰ ਕਾਨੂੰਨ ਖ਼ਤਮ ਕਰਨ ਦੀ ਮੰਗ ਲਗਾਤਾਰ ਉੱਠਦੀ ਰਹੀ ਹੈ। ਭਗਵੇ ਰਾਜ ਵਿਚ ਤਾਂ ਮੋਦੀ ਜਾਂ ਯੋਗੀ ਦੀ ਆਲੋਚਨਾ ਕਰਨ ਵਾਲੀ ਮਾਮੂਲੀ ਪੋਸਟ ਸ਼ੇਅਰ ਕਰਨ 'ਤੇ ਹੀ ਰਾਜਧ੍ਰੋਹ (124-ਏ) ਤਹਿਤ ਕੇਸ ਦਰਜ ਕਰਨਾ ਇਸ ਕਦਰ ਆਮ ਹੋ ਗਿਆ ਕਿ ਪਿਛਲੇ ਸਾਲ ਮਈ 'ਚ ਸੁਪਰੀਮ ਕੋਰਟ ਨੂੰ ਵੀ ਇਸ ਦਾ ਨੋਟਿਸ ਲੈਣਾ ਪਿਆ ਅਤੇ ਇਸ ਦਾ ਰਿਵਿਊ ਕਰਨ ਦਾ ਹੁਕਮ ਦੇਣਾ ਪਿਆ। ਇਸ ਦੇ ਬਾਵਜੂਦ ਪਿਛਲੇ ਦਿਨੀਂ 22ਵੇਂ ਲਾਅ ਕਮਿਸ਼ਨ ਨੇ ਨਾਲ ਇਹ ਸਿਫ਼ਾਰਸ਼ ਕਰ ਦਿੱਤੀ ਕਿ 124-ਏ ਭਾਰਤ ਵਿਚ ਦਹਿਸ਼ਤਵਾਦ ਦਾ ਮੁਕਾਬਲਾ ਕਰਨ ਦੀ 'ਰਵਾਇਤੀ ਸਜ਼ਾ ਵਿਧੀ' ਹੈ ਅਤੇ ਇਹ ਵਿਵਸਥਾ ਬਣੀ ਰਹਿਣੀ ਚਾਹੀਦੀ ਹੈ। ਉਂਝ, ਲਾਅ ਕਮਿਸ਼ਨ ਦੀ ਇਹ ਟਿੱਪਣੀ ਦਿਲਚਸਪ ਹੈ ਕਿ ਜਦੋਂ ਪੂਰਾ ਆਈ.ਪੀ.ਸੀ. ਹੀ 'ਬਰਤਾਨਵੀ ਵਿਰਾਸਤ' ਹੈ ਤਾਂ ਸਿਰਫ਼ 124-ਏ ਦੀ ਗੱਲ ਕਿਉਂ ਕੀਤੀ ਜਾ ਰਹੀ ਹੈ।

ਲਾਰਡ ਮੈਕਾਲੇ ਦਾ ਬਣਾਇਆ ਆਈ.ਪੀ.ਸੀ. 1862 'ਚ ਲਾਗੂ ਹੋ ਗਿਆ ਸੀ। 1857 ਦਾ ਗ਼ਦਰ ਦਬਾਉਣ ਦੇ ਬਾਵਜੂਦ ਅੰਗਰੇਜ਼ਾਂ ਨੂੰ ਭਾਰਤੀ ਲੋਕਾਂ, ਖ਼ਾਸ ਕਰ ਕੇ ਜਾਗਰੂਕ ਹਿੱਸਿਆਂ ਦੀ ਆਜ਼ਾਦੀ ਲਈ ਹੱਕ-ਜਤਾਈ ਨੂੰ ਦਬਾਉਣ ਲਈ ਖ਼ਾਸ ਕਾਨੂੰਨੀ ਵਿਵਸਥਾ ਦੀ ਜ਼ਰੂਰਤ ਮਹਿਸੂਸ ਹੋ ਰਹੀ ਸੀ। ਇਸੇ ਵਿਚੋਂ 1870 ਵਿਚ ਰਾਜਧ੍ਰੋਹ ਵਾਲਾ ਹਿੱਸਾ ਜੋੜਿਆ ਗਿਆ। 1898 'ਚ ਇਸ ਦਾ ਘੇਰਾ ਹੋਰ ਮੋਕਲਾ ਕਰ ਲਿਆ ਅਤੇ ਇਸ ਨੂੰ ਭਾਰਤੀਆਂ ਖਿਲਾਫ ਵਰਤਿਆ। ਨਹਿਰੂ ਨੇ 1951 'ਚ ਸੰਸਦ ਅੰਦਰ ਕਿਹਾ ਸੀ ਕਿ ਇਹ ਉਹ 'ਘਿਨਾਉਣਾ ਤੇ ਅਤਿ ਇਤਰਾਜ਼ਯੋਗ ਕਾਨੂੰਨ ਹੈ ਜਿਸ ਤੋਂ ਜਿੰਨੀ ਛੇਤੀ ਹੋ ਸਕੇ, ਖਹਿੜਾ ਛੁਡਾ ਲੈਣਾ ਚਾਹੀਦਾ ਹੈ ਪਰ ਨਹਿਰੂ ਅਤੇ ਬਾਅਦ ਦੀਆਂ ਸਰਕਾਰਾਂ ਨੇ ਇਸ ਕਾਨੂੰਨ ਨੂੰ ਨਾ ਸਿਰਫ਼ ਬਰਕਰਾਰ ਰੱਖਿਆ ਸਗੋਂ ਨਵੇਂ-ਨਵੇਂ ਕਾਲੇ ਕਾਨੂੰਨ ਬਣਾ ਕੇ ਆਲੋਚਕ ਆਵਾਜ਼ਾਂ ਨੂੰ ਦਬਾਉਣ ਉੱਪਰ ਭਾਰਤੀ ਹੁਕਮਰਾਨ ਜਮਾਤ ਦੀ ਟੇਕ ਦਿਨੋ-ਦਿਨ ਵਧਦੀ ਗਈ।

1951 'ਚ ਹੀ ਪੰਜਾਬ ਹਾਈਕੋਰਟ ਨੇ ਤਾਰਾ ਸਿੰਘ ਗੋਪੀ ਬਨਾਮ ਸਟੇਟ ਕੇਸ 'ਚ 124-ਏ ਨੂੰ ਗ਼ੈਰ-ਸੰਵਿਧਾਨਕ ਕਰਾਰ ਦੇ ਦਿੱਤਾ ਸੀ ਪਰ ਸੁਪਰੀਮ ਕੋਰਟ ਨੇ ਕੇਦਾਰਨਾਥ ਸਿੰਘ ਕੇਸ (1962) 'ਚ ਇਸ ਨੂੰ ਵਾਜਬ ਠਹਿਰਾਇਆ, ਨਾਲ ਹੀ ਇਸ ਦੀ ਵਰਤੋਂ ਦਾ ਘੇਰਾ ਸੀਮਤ ਕਰਨ ਉੱਪਰ ਜ਼ੋਰ ਦਿੱਤਾ। ਅਗਲੇ ਦਹਾਕਿਆਂ 'ਚ ਜਦੋਂ ਭਾਰਤੀ ਹਾਕਮਾਂ ਵੱਲੋਂ ਇਸ ਨੂੰ ਸਰਕਾਰ ਦੇ ਜਾਇਜ਼ ਵਿਰੋਧ ਨੂੰ ਕੁਚਲਣ ਦਾ ਰਾਜਨੀਤਕ ਹਥਿਆਰ ਬਣਾ ਕੇ ਵਾਰ-ਵਾਰ ਵਰਤਿਆ ਤਾਂ ਸੁਪਰੀਮ ਕੋਰਟ ਜਾਂ ਤਾਂ ਮੂਕ ਦਰਸ਼ਕ ਬਣ ਗਈ ਜਾਂ ਕਿਸੇ ਕਿਸੇ ਕੇਸ ਵਿਚ ਇਸ ਦੀ ਬੇਕਿਰਕ ਵਰਤੋਂ ਵਿਰੁੱਧ ਐਸੇ 'ਮਾਰਗ ਦਰਸ਼ਕ' ਨਿਰਦੇਸ਼ ਦਿੰਦੀ ਰਹੀ ਜਿਨ੍ਹਾਂ ਦੀ ਤੱਤਕਾਲੀ ਸਰਕਾਰਾਂ ਨੇ ਭੋਰਾ ਪ੍ਰਵਾਹ ਨਹੀਂ ਕੀਤੀ।

ਬਸਤੀਵਾਦ ਵਿਰੋਧੀ ਲਫ਼ਾਜ਼ੀ ਦੌਰਾਨ ਸੰਸਦ ਵਿਚ ਉਪਰੋਕਤ ਬਿੱਲ ਪੇਸ਼ ਕਰਦਿਆਂ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਦਾਅਵਾ ਕੀਤਾ, "ਇਹ ਤਿੰਨ ਕਾਨੂੰਨ ਬਰਤਾਨਵੀ ਰਾਜ ਨੂੰ ਮਜ਼ਬੂਤ ਤੇ ਸੁਰੱਖਿਅਤ ਬਣਾਉਣ ਲਈ ਬਣਾਏ ਗਏ ਸਨ, ਇਨ੍ਹਾਂ ਦਾ ਮਨੋਰਥ ਸਜ਼ਾ ਦੇਣਾ ਸੀ, ਨਿਆਂ ਦੇਣਾ ਨਹੀਂ। ਅਸੀਂ ਇਨ੍ਹਾਂ ਦੋਹਾਂ ਮੂਲ ਪੱਖਾਂ ਨੂੰ ਬਦਲ ਰਹੇ ਹਾਂ।" ਇਸ ਬਿਆਨ ਵਿਚ ਰੱਤੀ ਭਰ ਵੀ ਇਮਾਨਦਾਰੀ ਨਹੀਂ। ਇਹ ਉਸੇ ਤਰ੍ਹਾਂ ਦਾ ਮਹਾਂ ਝੂਠ ਹੈ ਜਿਵੇਂ ਕੁਝ ਮਹੀਨੇ ਪਹਿਲਾਂ ਸੰਸਦ 'ਚ ਅਤੇ ਮੋਦੀ ਦੀ ਅਮਰੀਕਾ ਫੇਰੀ ਮੌਕੇ ਪੱਤਰਕਾਰ ਦੇ ਸਵਾਲ ਦਾ ਜਵਾਬ ਦਿੰਦੇ ਹੋਏ ਬੋਲਿਆ ਗਿਆ ਸੀ ਕਿ 'ਇੱਥੇ ਜਮਹੂਰੀਅਤ ਹੈ ਤੇ ਸਭ ਨੂੰ ਬੋਲਣ ਦਾ ਹੱਕ ਹੈ।' ਪਹਿਲੀ ਗੱਲ ਤਾਂ ਇਹ ਕਿ ਇਨ੍ਹਾਂ ਦੇ ਰਾਜ ਵਿਚ ਮਨੁੱਖੀ ਹੱਕਾਂ ਦੇ ਕਾਰਕੁਨਾਂ, ਪੱਤਰਕਾਰਾਂ ਅਤੇ ਬੁੱਧੀਜੀਵੀਆਂ ਦੀ ਜ਼ੁਬਾਨਬੰਦੀ ਲਈ 'ਰਾਜਧ੍ਰੋਹ' ਨੂੰ ਹਥਿਆਰ ਬਣਾ ਕੇ ਵਰਤਿਆ ਜਾ ਰਿਹਾ ਹੈ। ਦੂਜਾ, ਸਿਰਫ਼ 124-ਏ ਰੱਦ ਕਰਨ ਦਾ ਸਵਾਲ ਨਹੀਂ; ਬੇਸ਼ੁਮਾਰ ਐਸੀਆਂ ਕਾਨੂੰਨੀ ਧਾਰਾਵਾਂ ਹਨ ਜੋ ਲੋਕਾਂ ਦੀਆਂ ਜਮਹੂਰੀ ਰੀਝਾਂ ਤੇ ਚੰਗੀ ਜ਼ਿੰਦਗੀ ਦੇ ਸੁਪਨੇ ਕੁਚਲ ਰਹੀਆਂ ਹਨ।




ਜਿੱਥੋਂ ਤੱਕ ਜਾਬਰ ਬਸਤੀਵਾਦੀ ਕਾਨੂੰਨੀ ਵਿਵਸਥਾਵਾਂ ਨੂੰ ਬਦਲਣ ਦੀ ਜ਼ਰੂਰਤ ਦੀ ਗੱਲ ਹੈ, ਇਹ ਦਲੀਲ ਤਾਂ ਸੰਘ ਬ੍ਰਿਗੇਡ ਸਿਰਫ਼ ਤੇ ਸਿਰਫ਼ ਅਵਾਮ ਦੀਆਂ ਭਾਵਨਾਵਾਂ ਨੂੰ ਵਰਤਣ ਅਤੇ ਇਨ੍ਹਾਂ ਨੂੰ ਨਵੇਂ ਰੂਪ 'ਚ ਪਾਸ ਕਰਾਉਣ ਲਈ ਹੀ ਦੇ ਰਿਹਾ ਹੈ। ਉਨ੍ਹਾਂ ਦੇ ਮਨਸ਼ੇ ਤਾਂ ਬਦਲਾਉ ਦੇ ਬਹਾਨੇ ਇਨ੍ਹਾਂ ਕਾਨੂੰਨੀ ਵਿਵਸਥਾਵਾਂ ਨੂੰ ਹੋਰ ਬੇਕਿਰਕ ਬਣਾਉਣ ਦੇ ਹਨ। ਉਨ੍ਹਾਂ ਨੇ ਤਾਂ ਇਨ੍ਹਾਂ ਬਿੱਲਾਂ ਨੂੰ ਆਪਣੇ 'ਹਿੰਦੀ, ਹਿੰਦੂ, ਹਿੰਦੁਸਤਾਨ' ਦੇ ਫਿਰਕੂ ਪ੍ਰੋਜੈਕਟ ਦਾ ਹਥਿਆਰ ਬਣਾਉਣ ਤੋਂ ਵੀ ਗੁਰੇਜ਼ ਨਹੀਂ ਕੀਤਾ ਜਿਵੇਂ ਬਿੱਲਾਂ ਦੇ ਹਿੰਦੀ/ਸੰਸਕ੍ਰਿਤ ਨਾਵਾਂ ਤੋਂ ਸਪਸ਼ਟ ਹੈ। ਇਹ ਪਹਿਲੀ ਵਾਰ ਹੈ ਕਿ ਸੰਸਦ ਵਿਚ ਬਿੱਲ ਹਿੰਦੀ ਭਾਸ਼ਾ ਵਿਚ ਪੇਸ਼ ਕੀਤੇ ਗਏ ਜਦਕਿ ਦੇਸ਼ ਦੇ ਬਹੁਤ ਸਾਰੇ ਰਾਜਾਂ ਦੇ ਲੋਕ ਹਿੰਦੀ ਨੂੰ ਰਾਜ ਭਾਸ਼ਾ ਵਜੋਂ ਥੋਪਣ ਦਾ ਡੱਟ ਕੇ ਵਿਰੋਧ ਕਰ ਰਹੇ ਹਨ।

ਭਾਰਤੀ ਨਿਆਏ ਸੰਹਿਤਾ ਬਿੱਲ ਜੋ ਆਈ.ਪੀ.ਸੀ. ਦੀ ਥਾਂ ਲਵੇਗਾ, ਵਿਚ ਹੁਣ 356 ਸੈਕਸ਼ਨ ਹੋਣਗੇ; ਪਹਿਲਾਂ 511 ਸੈਕਸ਼ਨ ਸਨ; 175 ਸੈਕਸ਼ਨ ਸੋਧੇ ਗਏ ਹਨ, ਅੱਠ ਨਵੇਂ ਜੋੜੇ ਹਨ ਅਤੇ 22 ਰੱਦ ਕੀਤੇ ਗਏ ਹਨ। ਭਾਰਤੀ ਨਾਗਰਿਕ ਸੁਰੱਕਸ਼ਾ ਸੰਹਿਤਾ ਬਿੱਲ ਜੋ ਹੁਣ ਸੀ.ਆਰ.ਪੀ.ਸੀ. ਦੀ ਥਾਂ ਲਵੇਗਾ, ਵਿਚ 533 ਸੈਕਸ਼ਨ ਹੋਣਗੇ; 160 ਸੈਕਸ਼ਨ ਬਦਲੇ ਗਏ ਹਨ, 9 ਨਵੇਂ ਜੋੜੇ ਹਨ ਅਤੇ 9 ਰੱਦ ਕੀਤੇ ਗਏ ਹਨ। ਇੰਡੀਅਨ ਐਵੀਡੈਂਸ ਐਕਟ ਦੀ ਥਾਂ ਲੈਣ ਵਾਲੇ ਭਾਰਤੀ ਸਾਖਸ਼ੀਆ ਬਿੱਲ ਵਿਚ 170 ਸੈਕਸ਼ਨ ਹੋਣਗੇ, ਪਹਿਲਾਂ 167 ਸਨ; 23 ਸੈਕਸ਼ਨ ਬਦਲੇ ਗਏ ਹਨ, ਇਕ ਨਵਾਂ ਜੋੜਿਆ ਗਿਆ ਹੈ ਅਤੇ ਪੰਜ ਸੈਕਸ਼ਨ ਰੱਦ ਕੀਤੇ ਹਨ।

'ਪ੍ਰੋਜੈਕਟ 39ਏ' ਸਮੂਹ ਜਿਸ ਦੀ ਪ੍ਰੇਰਨਾ ਭਾਰਤੀ ਸੰਵਿਧਾਨ ਦੀ ਧਾਰਾ 39ਏ ਹੈ ਅਤੇ ਜਿਸ ਦਾ ਨਾਅਰਾ 'ਬਰਾਬਰ ਨਿਆਂ, ਬਰਾਬਰ ਮੌਕੇ ਹੈ' ਦੀ ਟੀਮ ਨੇ ਨੈਸ਼ਨਲ ਲਾਅ ਯੂਨੀਵਰਸਿਟੀ, ਦਿੱਲੀ ਦੇ ਚਾਰ ਵਿਦਿਆਰਥੀਆਂ ਨਾਲ ਮਿਲ ਕੇ ਇਨ੍ਹਾਂ ਬਿੱਲਾਂ ਦਾ ਪੁਰਾਣੀ ਸੰਵਿਧਾਨਕ ਵਿਵਸਥਾ ਨਾਲ ਤੁਲਨਾਤਮਕ ਅਧਿਐਨ ਕੀਤਾ ਹੈ। ਇਸ ਦੇ ਕੁਝ ਮੁੱਖ ਨੁਕਤੇ ਸੰਖੇਪ 'ਚ ਸਾਂਝੇ ਕੀਤੇ ਜਾ ਰਹੇ ਹਨ:

ਤੁਲਨਾਤਮਕ ਅਧਿਐਨ ਤੋਂ ਪਤਾ ਲੱਗਦਾ ਹੈ ਕਿ 'ਬਸਤੀਵਾਦੀ ਬੋਝ' ਲਾਹੁਣ ਦੇ ਭਗਵੇ ਦਾਅਵੇ ਨਿਰਾ ਝੂਠ ਹਨ। ਤਿੰਨਾਂ ਹੀ ਬਿੱਲਾਂ ਦੇ ਜ਼ਿਆਦਾਤਰ ਸੈਕਸ਼ਨ ਹੂ-ਬ-ਹੂ ਪੁਰਾਣੇ ਕਾਨੂੰਨਾਂ ਵਾਲੇ ਹਨ। ਜੋ ਤਬਦੀਲੀਆਂ ਅਤੇ ਵਾਧੇ ਕੀਤੇ ਹਨ, ਉਹ ਲੋਕਾਂ ਦੇ ਹਿਤਾਂ ਅਤੇ ਜਮਹੂਰੀ ਹੱਕਾਂ ਦੇ ਨਜ਼ਰੀਏ ਤੋਂ ਬੇਹੱਦ ਖ਼ਤਰਨਾਕ ਹਨ। ਪਹਿਲਾਂ ਵਾਂਗ ਇਨ੍ਹਾਂ ਬਿੱਲਾਂ ਵਿਚ ਵੀ ਸੰਗੀਨ ਜੁਰਮ ਸਪਸ਼ਟ ਪਰਿਭਾਸ਼ਤ ਨਹੀਂ ਕੀਤੇ ਗਏ। ਇਨ੍ਹਾਂ ਨੂੰ ਜਾਣ-ਬੁੱਝ ਕੇ ਗੋਲ-ਮੋਲ ਤੇ ਅਸਪਸ਼ਟ ਰੱਖਿਆ ਗਿਆ ਹੈ ਕਿ ਕਿਸੇ ਵੀ 'ਅਣਚਾਹੇ' ਵਿਅਕਤੀ ਨੂੰ ਜੇਲ੍ਹ ਵਿਚ ਸੁੱਟਣ ਲਈ ਸਰਕਾਰ ਕਿਸੇ ਵੀ ਸਰਗਰਮੀ ਨੂੰ ਬਹਾਨਾ ਬਣਾ ਸਕਦੀ ਹੈ। ਪੇਸ਼ ਇੰਝ ਕੀਤਾ ਹੈ ਕਿ ਰਾਜਧ੍ਰੋਹ ਕਾਨੂੰਨ ਰੱਦ ਕੀਤਾ ਜਾ ਰਿਹਾ ਹੈ; ਹਕੀਕਤ ਇਹ ਹੈ ਕਿ ਸਿਰਫ਼ ਰਾਜਧ੍ਰੋਹ ਸ਼ਬਦ ਹਟਾਇਆ ਹੈ; ਇਸ ਦੇ ਤੱਤ ਨੂੰ ਨਵੇਂ ਸ਼ਬਦਾਂ ਦਾ ਮੁਲੰਮਾ ਚਾੜ੍ਹ ਦਿੱਤਾ ਹੈ।

ਸੈਕਸ਼ਨ 150 ਵਿਚ ਭਾਰਤ ਦੀ 'ਪ੍ਰਭੂਸੱਤਾ, ਏਕਤਾ ਤੇ ਅਖੰਡਤਾ' ਲਈ ਖ਼ਤਰਾ ਬਣਨ ਵਾਲੀਆਂ ਕਾਰਵਾਈਆਂ ਬਾਰੇ ਜੋ ਕਾਨੂੰਨੀ ਵਿਵਸਥਾ ਹੈ, ਉਹ ਰਾਜਧ੍ਰੋਹ ਤੋਂ ਵੀ ਜ਼ਿਆਦਾ ਜਾਬਰ ਹੈ। ਲਾਅ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਅਨੁਸਾਰ ਇਸ ਜੁਰਮ ਦੀ ਘੱਟੋ-ਘੱਟ ਸਜ਼ਾ 3 ਸਾਲ ਤੋਂ ਵਧਾ 7 ਸਾਲ ਕਰ ਦਿੱਤੀ ਹੈ। ਪਰਿਭਾਸ਼ਤ ਸਿਰਫ਼ ਐਨਾ ਕੁ ਕੀਤਾ ਹੈ ਕਿ "ਵੱਖਵਾਦੀ ਸਰਗਰਮੀ, ਹਥਿਆਰਬੰਦ ਬਗ਼ਾਵਤ, ਭੰਨਤੋੜੂ ਸਰਗਰਮੀ ਜਾਂ ਅਜਿਹੀ ਸਰਗਰਮੀ ਜੋ ਭਾਰਤ ਦੀ 'ਪ੍ਰਭੂਸੱਤਾ, ਏਕਤਾ ਤੇ ਅਖੰਡਤਾ' ਲਈ ਖ਼ਤਰਾ ਬਣਦੀ ਹੋਵੇ" ਵਿਚ ਸ਼ਾਮਿਲ ਹੋਣਾ ਜਾਂ ਉਸ ਲਈ ਉਕਸਾਉਣਾ ਜੁਰਮ ਹੈ ਜਿਸ ਲਈ ਸੱਤ ਸਾਲ ਦੀ ਕੈਦ ਜਾਂ ਉਮਰਕੈਦ ਦੀ ਸਜ਼ਾ ਹੋਵੇਗੀ। ਉਪਰੋਕਤ ਕਾਰਵਾਈਆਂ ਲਈ ਉਕਸਾਉਣ ਦਾ ਘੇਰਾ ਐਨਾ ਮੋਕਲਾ ਹੈ ਕਿ ਐਸੀ ਕਿਸੇ ਸਰਗਰਮੀ ਦੌਰਾਨ ਕਿਸੇ ਵਿਅਕਤੀ ਦੀ ਸਰੀਰਕ ਤੌਰ 'ਤੇ ਮੌਜੂਦਗੀ ਨੂੰ ਹੀ ਨਹੀਂ ਸਗੋਂ ਆਨਲਾਈਨ ਲਿਖਣ ਜਾਂ ਸਿਰਫ਼ ਆਰਥਿਕ ਸਹਾਇਤਾ ਕਰਨ ਵਾਲੇ ਨੂੰ ਵੀ ਸਰਗਰਮੀ ਲਈ ਉਕਸਾਉਣ 'ਚ ਸ਼ਾਮਿਲ ਮੰਨਿਆ ਜਾ ਸਕੇਗਾ। ਵੱਖਵਾਦ ਜਾਂ ਹਥਿਆਰਬੰਦ ਬਗ਼ਾਵਤ ਤੋਂ ਇਲਾਵਾ ਹੋਰ ਕਿਸ ਸਰਗਰਮੀ ਨੂੰ 'ਪ੍ਰਭੂਸੱਤਾ, ਏਕਤਾ ਤੇ ਅਖੰਡਤਾ' ਲਈ ਖ਼ਤਰਾ ਬਣਨ ਵਾਲੀ ਅਤੇ ਕਿਸ ਨੂੰ ਭੰਨਤੋੜ ਦੀ ਕਾਰਵਾਈ ਮੰਨਿਆ ਜਾਵੇਗਾ, ਇਹ ਤੈਅ ਕਰਨ ਦਾ ਕੰਮ ਹਕੂਮਤ ਅਤੇ ਪੁਲਿਸ/ਜਾਂਚ ਏਜੰਸੀਆਂ ਦੀ ਮਨ ਮਰਜ਼ੀ ਜਾਂ ਜੱਜਾਂ ਦੇ ਵਿਵੇਕ ਉੱਪਰ ਖੁੱਲ੍ਹਾ ਛੱਡ ਦਿੱਤਾ ਗਿਆ ਹੈ। ਪੁਲਿਸ, ਜਾਂਚ ਏਜੰਸੀਆਂ ਸਮੇਤ ਰਾਜ ਦੀਆਂ ਵੱਖ-ਵੱਖ ਸੰਸਥਾਵਾਂ ਵਿਚ ਸੰਘ ਬ੍ਰਿਗੇਡ ਦੀ ਐਨੀ ਡੂੰਘੀ ਘੁਸਪੈਠ ਹੈ ਕਿ 'ਰਾਜਧ੍ਰੋਹ' ਦਾ ਕੇਸ ਕਿਸ ਵਿਰੁੱਧ ਦਰਜ ਕਰਨਾ ਹੈ ਤੇ ਕਿਸ ਵਿਰੁੱਧ ਦਰਜ ਨਹੀਂ ਕਰਨਾ, ਇਹ ਉਨ੍ਹਾਂ ਦੇ ਹੁਕਮਾਂ 'ਤੇ ਹੁੰਦਾ ਹੈ। ਬਜਰੰਗ ਦਲ ਜਾਂ ਹੋਰ ਹਿੰਦੂਤਵ ਗਰੁੱਪਾਂ ਦੇ ਆਗੂ ਥਾਣਿਆਂ 'ਚ ਜਾ ਕੇ ਪੁਲਿਸ ਅਧਿਕਾਰੀਆਂ ਨੂੰ ਹੁਕਮ ਦਿੰਦੇ ਹਨ ਕਿ ਫਲਾਣੀ ਸੋਸ਼ਲ ਮੀਡੀਆ ਪੋਸਟ ਜਾਂ ਕ੍ਰਿਕਟ ਮੈਚ ਵਿਚ ਪਾਕਿਸਤਾਨ ਦੀ ਟੀਮ ਦੀ ਤਾਰੀਫ਼ ਜਾਂ ਕਲਾਸ ਰੂਮ 'ਚ ਲੈਕਚਰ ਵਿਚ ਕਹੀ ਫਲਾਣੀ ਗੱਲ ਦੇ ਆਧਾਰ 'ਤੇ ਰਾਜਧ੍ਰੋਹ ਤੇ ਫਲਾਣੀ ਫਲਾਣੀ ਧਾਰਾ ਲਾ ਕੇ ਕੇਸ ਦਰਜ ਕਰੋ। ਇਹੀ 'ਪ੍ਰਭੂਸੱਤਾ, ਏਕਤਾ ਤੇ ਅਖੰਡਤਾ' ਨੂੰ ਖ਼ਤਰੇ ਦੇ ਨਾਂ ਹੇਠ ਹੋਵੇਗਾ।

ਭਾਰਤੀ ਨਿਆਏ ਸੰਹਿਤਾ ਬਿੱਲ ਦੀ ਧਾਰਾ 111 'ਚ ਪਹਿਲੀ ਵਾਰ ਦਹਿਸ਼ਤਵਾਦੀ ਸਰਗਰਮੀ ਦੀ ਪਰਿਭਾਸ਼ਾ ਜੋੜ ਦਿੱਤੀ ਗਈ ਹੈ। ਇਹ ਕਾਨੂੰਨੀ ਵਿਵਸਥਾ ਐਨੀ ਮੋਕਲੀ ਹੈ ਕਿ ਇਸ ਨੂੰ ਲੋਕਾਂ ਦੇ ਖਾੜਕੂ ਘੋਲਾਂ, ਰੈਲੀਆਂ, ਇਕੱਠਾਂ ਨੂੰ ਕੁਚਲਣ ਅਤੇ ਅੰਦੋਲਨਕਾਰੀਆਂ ਤੇ ਆਗੂ ਵਿਅਕਤੀਆਂ ਨੂੰ ਦਹਿਸ਼ਤਵਾਦੀ ਕਰਾਰ ਦੇ ਕੇ ਉਮਰ ਕੈਦ ਤਹਿਤ ਜੇਲ੍ਹਾਂ ਵਿਚ ਡੱਕਣ ਲਈ ਬਹੁਤ ਸੌਖਿਆਂ ਹੀ ਵਰਤਿਆ ਜਾ ਸਕਦਾ ਹੈ। ਜਿਵੇਂ ਹੁਣੇ ਜਿਹੇ ਨਿਆਮਗਿਰੀ (ਉੜੀਸਾ) ਦੇ ਕਾਰਪੋਰੇਟ ਪ੍ਰੋਜੈਕਟਾਂ ਵਿਰੋਧੀ ਆਦਿਵਾਸੀ ਸੰਘਰਸ਼ ਨੂੰ ਦਬਾਉਣ ਲਈ ਪੂਰੇ ਪਿੰਡ ਉੱਪਰ ਯੂ.ਏ.ਪੀ.ਏ. ਲਗਾ ਕੇ ਕੀਤਾ ਗਿਆ ਹੈ। ਇਸ ਬਿੱਲ ਰਾਹੀਂ ਦਹਿਸ਼ਤਵਾਦੀ ਵਿਅਕਤੀ (ਸਰਕਾਰ ਜਾਂ ਪੁਲਿਸ ਅਨਸਾਰ) ਦੀ ਕਿਸੇ ਵੀ ਰੂਪ 'ਚ ਕਥਿਤ ਦਹਿਸ਼ਤਵਾਦੀ ਸਰਗਰਮੀ ਨਾਲ ਸਬੰਧਿਤ ਜਾਇਦਾਦ ਨੂੰ ਜ਼ਬਤ ਕਰਨ ਦਾ ਅਧਿਕਾਰ ਵੀ ਰਾਜ ਨੂੰ ਦੇ ਦਿੱਤਾ ਗਿਆ ਹੈ। ਦਰਅਸਲ, ਇਹ ਬੇਹੱਦ ਬਦਨਾਮ ਕਾਲੇ ਕਾਨੂੰਨ ਯੂ.ਏ.ਪੀ.ਏ. ਦਾ ਹੀ ਬਦਲਿਆ ਰੂਪ ਹੈ। ਇਸ ਨੂੰ ਕਾਨੂੰਨਾਂ ਦਾ ਹਿੱਸਾ ਬਣਾ ਲੈਣ ਤੋਂ ਬਾਅਦ ਹਕੂਮਤ ਨੂੰ ਯੂ.ਏ.ਪੀ.ਏ. ਵਰਗੇ ਕਾਨੂੰਨ ਲਾਗੂ ਕਰਨ ਦੀ ਜ਼ਰੂਰਤ ਨਹੀਂ ਪਵੇਗੀ। ਪਿਛਲੇ ਸਾਲ ਅਪਰਾਧਿਕ ਦੰਡ ਪ੍ਰਕਿਰਿਆ (ਸ਼ਨਾਖ਼ਤ) ਕਾਨੂੰਨ ਪਹਿਲਾਂ ਹੀ ਬਣਾ ਲਿਆ ਸੀ। ਇਹ ਕਾਨੂੰਨ ਪੁਲਿਸ ਅਤੇ ਜਾਂਚ ਏਜੰਸੀਆਂ ਨੂੰ ਨਾ ਸਿਰਫ਼ ਦੋਸ਼ੀਆਂ ਸਗੋਂ ਮਹਿਜ਼ ਗ੍ਰਿਫ਼ਤਾਰ ਕੀਤੇ ਵਿਅਕਤੀਆਂ (ਜਿਨ੍ਹਾਂ ਨੇ ਅਜੇ ਦੋਸ਼ੀ ਜਾਂ ਨਿਰਦੋਸ਼ ਸਾਬਤ ਹੋਣਾ ਹੈ) ਦਾ ਬਾਇਓਮੈਟਰਿਕ ਅਤੇ ਵਿਹਾਰਕ ਡੇਟਾ (ਜਿਵੇਂ ਫਿੰਗਰ ਪ੍ਰਿੰਟ, ਰੈਟਿਨਾ ਸਕੈਨ, ਲਿਖਾਈ, ਦਸਤਖ਼ਤ ਅਤੇ ਹੋਰ ਭੌਤਿਕ ਜਾਂ ਜੈਵਿਕ ਸੈਂਪਲ ਆਦਿ) ਲੈਣ ਦਾ ਅਧਿਕਾਰ ਦਿੰਦਾ ਹੈ ਅਤੇ ਇਸ ਡੇਟਾ ਨੂੰ 75 ਸਾਲਾਂ ਤੱਕ ਸੰਗ੍ਰਹਿ ਕਰ ਕੇ ਰੱਖਿਆ ਜਾ ਸਕਦਾ ਹੈ, ਸਬੰਧਿਤ ਵਿਅਕਤੀਆਂ ਵਿਰੁੱਧ ਮਨਮਰਜ਼ੀ ਨਾਲ ਵਰਤਿਆ ਜਾ ਸਕਦਾ ਹੈ।

ਨਾਗਰਿਕ ਸੁਰੱਕਸ਼ਾ ਸੰਹਿਤਾ ਨਿਰਪੱਖ ਸੁਣਾਈ ਤੋਂ ਬਿਨਾ ਸਜ਼ਾ ਨਾ ਦੇਣ ਦੇ ਕੁਦਰਤੀ ਨਿਆਂ ਦੇ ਸਿਧਾਂਤ ਦਾ ਨਿਖੇਧ ਹੈ। ਇਹ ਦੋਸ਼ੀ ਦੀ ਗ਼ੈਰ-ਹਾਜ਼ਰੀ ਦੇ ਬਾਵਜੂਦ ਮੁਕੱਦਮੇ ਦੀ ਮੁਕੰਮਲ ਕਾਰਵਾਈ ਚਲਾਉਣ ਅਤੇ ਪੂਰੀ ਕਰਨ ਦੀ ਵਿਵਸਥਾ ਹੈ ਜੋ ਯੂ.ਏ.ਪੀ.ਏ. ਤੋਂ ਲਈ ਗਈ ਹੈ। ਇਸ ਵਿਚ ਸਮੁੱਚੇ ਮੁਕੱਦਮੇ ਦੇ ਅਮਲ ਨੂੰ ਆਨਲਾਈਨ (ਵੀਡੀਓ ਕਾਨਫਰੰਸਿੰਗ) ਜ਼ਰੀਏ ਚਲਾਉਣ ਦਾ ਬਦਲ ਵੀ ਜੋੜ ਲਿਆ ਗਿਆ ਹੈ ਜਿਸ ਵਿਚ ਗਵਾਹੀਆਂ ਦਾ ਅਮਲ ਵੀ ਸ਼ਾਮਿਲ ਹੈ। ਇਕ ਹੋਰ ਖ਼ਤਰਨਾਕ ਵਿਵਸਥਾ ਪੁਲਿਸ ਹਿਰਾਸਤ ਦੀ ਸਮਾਂ ਸੀਮਾ ਵਧਾਉਣਾ ਹੈ। ਜੱਗ ਜ਼ਾਹਿਰ ਹੈ ਕਿ ਪੁਲਿਸ ਹਿਰਾਸਤ ਦੌਰਾਨ ਮੁਲਜ਼ਮ ਨੂੰ ਤਸੀਹੇ ਦੇ ਕੇ ਜੁਰਮ ਦਾ ਇਕਬਾਲ ਕਰਾਇਆ ਜਾਂਦਾ ਹੈ ਜਾਂ ਸਾਦੇ ਕਾਗਜ਼ਾਂ ਉੱਪਰ ਦਸਤਖ਼ਤ ਕਰਵਾ ਲਏ ਜਾਂਦੇ ਹਨ ਜਿਨ੍ਹਾਂ ਉੱਪਰ ਪੁਲਿਸ ਕੁਝ ਵੀ ਲਿਖ ਸਕਦੀ ਹੈ। ਹੁਣ ਤੱਕ ਪੁਲਿਸ ਹਿਰਾਸਤ ਦੀ ਸਮਾਂ ਸੀਮਾ 15 ਦਿਨ ਸੀ ਜਿਸ ਨੂੰ ਹੁਣ ਜੁਰਮ ਮੁਤਾਬਿਕ 60 ਤੋਂ 90 ਦਿਨ ਤੱਕ ਵਧਾਉਣ ਦੀ ਵਿਵਸਥਾ ਕਰ ਦਿੱਤੀ ਹੈ। ਇਹ ਨਾਗਰਿਕ ਦੀ ਸੁਰੱਖਿਆ ਕਰਨ ਦੀ ਬਜਾਇ ਯੂ.ਏ.ਪੀ.ਏ. ਵਰਗੇ ਕਾਨੂੰਨਾਂ ਦੀ ਤਰਜ਼ 'ਤੇ ਪੁਲਿਸ ਦੀ ਹਿਰਾਸਤ ਵਿਚ ਨਾਗਰਿਕਾਂ ਨੂੰ ਹੋਰ ਅਸੁਰੱਖਿਅਤ ਬਣਾਉਂਦੀ ਹੈ ਅਤੇ ਪੁਲਿਸ ਨੂੰ ਹੋਰ ਜ਼ਿਆਦਾ ਮਨਮਾਨੀਆਂ ਦੀ ਖੁੱਲ੍ਹ ਦਿੰਦੀ ਹੈ।


ਨਾਗਰਿਕ ਸੁਰੱਕਸ਼ਾ ਸੰਹਿਤਾ ਵਿਚਲੀਆਂ ਹੋਰ ਤਜਵੀਜ਼ਾਂ ਵੀ ਇਹੀ ਪ੍ਰਭਾਵ ਦਿੰਦੀਆਂ ਹਨ ਜਿਵੇਂ ਮਹਿਜ਼ ਸਮਾਂ ਸੀਮਾ ਤੈਅ ਕਰਨ ਨਾਲ ਹੀ ਨਿਆਂ ਪ੍ਰਕਿਰਿਆ 'ਚ ਬਹੁਤ ਵੱਡੀ ਤਬਦੀਲੀ ਹੋ ਜਾਵੇਗੀ। ਮੌਜੂਦਾ ਸੀ.ਆਰ.ਪੀ.ਸੀ. ਵਿਚ ਵੀ ਹਵਾਲਾਤੀ ਦੇ ਰੂਪ 'ਚ ਦੋਸ਼ੀ ਨੂੰ ਜੇਲ੍ਹ ਵਿਚ ਰੱਖਣ ਦੀ ਸਮਾਂ ਸੀਮਾ ਤੈਅ ਹੈ ਜੋ ਵੱਧ ਤੋਂ ਵੱਧ 60 ਦਿਨ ਤੋਂ 90 ਦਿਨ ਹੈ ਜਿਸ ਤੋਂ ਬਾਅਦ ਉਸ ਨੂੰ ਜ਼ਮਾਨਤ ਦਾ ਹੱਕ ਮਿਲ ਜਾਂਦਾ ਹੈ। ਇਸ ਦੇ ਬਾਵਜੂਦ ਅਦਾਲਤੀ ਪ੍ਰਕਿਰਿਆ ਦੇ ਹਾਲਾਤ ਇਹ ਹਨ ਕਿ ਜੇਲ੍ਹਾਂ ਵਿਚ ਬੰਦ ਕੁਲ ਕੈਦੀਆਂ ਵਿਚੋਂ 77% ਵਿਚਾਰ-ਅਧੀਨ ਕੈਦੀ ਹਨ। ਉਹ ਕਈ ਕਈ ਸਾਲਾਂ ਤੋਂ ਸਿਰਫ਼ ਇਸੇ ਕਰ ਕੇ ਜੇਲ੍ਹਾਂ ਵਿਚ ਬੰਦ ਹਨ ਕਿ ਨਿਆਂ ਪ੍ਰਕਿਰਿਆ ਉਨ੍ਹਾਂ ਉੱਪਰ ਲਗਾਏ ਦੋਸ਼ਾਂ ਬਾਬਤ ਕੋਈ ਫ਼ੈਸਲਾ ਨਹੀਂ ਕਰ ਸਕੀ। ਬਹੁਤ ਸਾਰੇ ਵਿਚਾਰ-ਅਧੀਨ ਕੈਦੀਆਂ ਨੂੰ ਅਦਾਲਤਾਂ 10-10, 20-20 ਸਾਲ ਤੱਕ ਬਿਨਾ ਜ਼ਮਾਨਤ ਜੇਲ੍ਹ ਵਿਚ ਰੱਖਣ ਤੋਂ ਬਾਅਦ ਬੇਕਸੂਰ ਕਰਾਰ ਦੇ ਕੇ ਰਿਹਾਅ ਕਰ ਦਿੰਦੀਆਂ ਹਨ। ਕਾਨੂੰਨੀ ਪੈਰਵੀ ਲਈ ਜ਼ਰੂਰੀ ਆਰਥਿਕ ਵਸੀਲਿਆਂ ਦੀ ਅਣਹੋਂਦ 'ਚ ਨਿਤਾਣੇ ਤੇ ਗ਼ਰੀਬ ਲੋਕ ਬੇਕਸੂਰ ਹੀ ਜੇਲ੍ਹਾਂ ਵਿਚ ਸੜ ਰਹੇ ਹਨ ਅਤੇ ਧਨਾਢ ਪੈਸੇ ਤੇ ਰਾਜਸੀ ਰਸੂਖ਼ ਦੇ ਜ਼ੋਰ ਸੰਗੀਨ ਜੁਰਮਾਂ ਦੇ ਬਾਵਜੂਦ ਰਿਹਾਅ ਹੋ ਜਾਂਦੇ ਹਨ। ਨਿਆਂ ਪ੍ਰਣਾਲੀ ਵਿਚ ਮੂਲ ਢਾਂਚਾਗਤ ਤਬਦੀਲੀਆਂ ਤੋਂ ਬਿਨਾ ਅਜਿਹੇ 'ਸੁਧਾਰ' ਕੁਦਰਤੀ ਨਿਆਂ ਨਹੀਂ ਦਿਵਾ ਸਕਦੇ। ਜਦੋਂ ਹੁਕਮਰਾਨ ਧਿਰ ਦੀ ਨੀਅਤ ਹੀ ਖੋਟੀ ਹੋਵੇ, ਉਸ ਹਾਲਤ ਵਿਚ ਤਾਂ ਅਜਿਹੇ 'ਸੁਧਾਰਾਂ' ਦੀ ਮਨਸ਼ਾ ਹੀ ਸਵਾਲਾਂ ਦੇ ਘੇਰੇ 'ਚ ਹੈ।

ਨਿਆਂ ਸੰਹਿਤਾ ਵਿਚ ਹਜੂਮੀ ਹਿੰਸਾ, ਨਫ਼ਰਤ ਦੇ ਆਧਾਰ 'ਤੇ ਕੀਤੇ ਗਏ ਜੁਰਮ ਵੀ ਜੋੜੇ ਗਏ ਹਨ। ਇਹ ਸਿਰਫ਼ ਆਰ.ਐੱਸ.ਐੱਸ.-ਭਾਜਪਾ ਦੇ ਰਾਜ ਵਿਚ ਘੱਟਗਿਣਤੀਆਂ ਅਤੇ ਹਾਸ਼ੀਏ 'ਤੇ ਧੱਕੇ ਹਿੱਸਿਆਂ ਵਿਰੁੱਧ ਵਧ ਰਹੇ ਘਿਨਾਉਣੇ ਜੁਰਮਾਂ ਵਿਰੁੱਧ ਕੁਲ ਆਲਮ 'ਚ ਉੱਠ ਰਹੀ ਆਵਾਜ਼ ਦੇ ਦਬਾਅ ਹੇਠ ਰਚਿਆ ਨਾਟਕ ਹੈ। ਇਸ ਦੀ ਇਕ ਵਜ੍ਹਾ ਸੁਪਰੀਮ ਕੋਰਟ ਵਿਚ ਐਸੇ ਕਾਨੂੰਨ ਬਣਾਉਣ ਦਾ ਦਬਾਅ ਵੀ ਹੋ ਸਕਦਾ ਹੈ। ਉਂਝ, ਹਕੀਕਤ ਇਹ ਹੈ ਕਿ ਇਹ ਖ਼ਾਸ ਤਰ੍ਹਾਂ ਦੀ ਹਿੰਸਾ ਹੁਕਮਰਾਨ ਆਰ.ਐੱਸ.ਐੱਸ.-ਭਾਜਪਾ ਵੱਲੋਂ ਆਪਣੇ ਰਾਜਨੀਤਕ ਏਜੰਡੇ ਤਹਿਤ ਗਿਣ-ਮਿੱਥ ਕੇ ਅਤੇ ਰਾਜਸੀ ਤੇ ਰਾਜਕੀ ਪੁਸ਼ਤਪਨਾਹੀ ਨਾਲ ਕਰਵਾਈ ਜਾ ਰਹੀ ਹੈ। ਜੇ ਹੁਕਮਰਾਨ ਧਿਰ ਚਾਹੇ ਤਾਂ ਇਹ ਤੁਰੰਤ ਬੰਦ ਹੋ ਸਕਦੀ ਹੈ, ਇਸ ਲਈ ਕਿਸੇ ਕਾਨੂੰਨ ਦੀ ਜ਼ਰੂਰਤ ਨਹੀਂ। ਜਿੱਥੋਂ ਤੱਕ 'ਧੋਖੇਬਾਜ਼ ਤਰੀਕਿਆਂ' ਅਰਥਾਤ ਪਛਾਣ ਲੁਕੋ ਕੇ ਸਰੀਰਕ ਸਬੰਧ ਬਣਾਉਣ ਬਾਰੇ ਸ਼ਾਮਿਲ ਕੀਤੀ ਕਾਨੂੰਨੀ ਵਿਵਸਥਾ ਦਾ ਸਵਾਲ ਹੈ, ਇਹ 'ਲਵ ਜਹਾਦ' ਦੇ ਫਾਸ਼ੀਵਾਦੀ ਹਮਲੇ ਨੂੰ ਤੇਜ਼ ਕਰਨ ਅਤੇ ਧਰਮਾਂ ਤੋਂ ਉੱਪਰ ਉੱਠ ਕੇ ਵਿਆਹ ਕਰਾਉਣ ਵਾਲਿਆਂ, ਖ਼ਾਸ ਕਰ ਕੇ ਘੱਟਗਿਣਤੀ ਲੋਕਾਂ ਨੂੰ ਕਾਨੂੰਨੀ ਰੂਪ 'ਚ ਸਤਾਉਣ ਦੇ ਭਗਵੇ ਕਾਨੂੰਨੀ ਸੰਦ ਤੋਂ ਸਿਵਾਇ ਹੋਰ ਕੁਝ ਨਹੀਂ ਹੈ।

ਇਸੇ ਤਰ੍ਹਾਂ 'ਜਥੇਬੰਦ ਜੁਰਮ', 'ਨੀਮ-ਜਥੇਬੰਦ ਜੁਰਮ', ਜਾਤ-ਨਸਲ-ਲਿੰਗ-ਭਾਸ਼ਾ-ਵਿਅਕਤੀਗਤ ਅਕੀਦੇ ਦੇ ਆਧਾਰ 'ਤੇ 'ਵਿਅਕਤੀਆਂ ਦੇ ਸਮੂਹ ਵਲੋਂ ਕਤਲ' ਆਦਿ ਲਈ ਵਿਸ਼ੇਸ਼ ਸਜ਼ਾਵਾਂ ਜੋੜੀਆਂ ਗਈਆਂ ਹਨ। 'ਨਾਬਾਲਗ ਨਾਲ ਸਮੂਹਿਕ ਜਬਰ ਜਨਾਹ ਮਾਮਲੇ 'ਚ ਮੌਤ ਦੀ ਸਜ਼ਾ' ਦੇਣ ਲਈ ਨਾਬਾਲਗ ਦੀ ਉਮਰ ਵੀ 12 ਸਾਲ ਤੋਂ ਘੱਟ ਤੋਂ ਵਧਾ ਕੇ 18 ਸਾਲ ਤੋਂ ਘੱਟ ਕਰ ਦਿੱਤੀ ਹੈ। ਕੁਲ ਮਿਲਾ ਕੇ ਜੁਰਮਾਂ ਦੀ ਜੜ੍ਹ ਨਾ-ਬਰਾਬਰੀ ਤੇ ਬੇਇਨਸਾਫ਼ੀ ਵਾਲੇ ਸਮਾਜੀ ਹਾਲਾਤ ਅਤੇ ਪਿਛਾਂਹਖਿੱਚੂ ਮਾਨਸਿਕਤਾ ਨੂੰ ਦੂਰ ਕਰਨ ਲਈ ਗੰਭੀਰ ਵਿਚਾਰ-ਚਰਚਾ ਕਰਨ ਦੀ ਬਜਾਇ ਅਤੇ ਅਸਲ ਕਾਰਨਾਂ ਨੂੰ ਮੁਖ਼ਾਤਿਬ ਹੋਣ ਦੀ ਬਜਾਇ ਹੁਕਮਰਾਨ ਧਿਰ ਦੀ ਕਾਨੂੰਨੀ ਰੱਦੋ-ਬਦਲ ਦੀ ਧੁੱਸ ਸਖ਼ਤ ਕਾਨੂੰਨਾਂ, ਸਖ਼ਤ ਸਜ਼ਾਵਾਂ ਉੱਪਰ ਕੇਂਦਰਤ ਹੈ। ਇਹ ਧੁੱਸ ਵੱਖ-ਵੱਖ ਸਖ਼ਤ ਕਾਨੂੰਨਾਂ ਦੇ ਮਾਮਲੇ 'ਚ ਪਹਿਲਾਂ ਹੀ ਵਾਰ-ਵਾਰ ਗ਼ਲਤ ਸਾਬਤ ਹੋ ਚੁੱਕੀ ਹੈ। ਇਸ ਕਵਾਇਦ ਨੂੰ ਕੋਈ ਵੀ ਰੂਪ ਦਿੱਤਾ ਜਾਵੇ, ਇਸ ਦਾ ਅਸਲ ਮਨੋਰਥ ਨਿਤਾਣੇ ਅਤੇ ਪਹਿਲਾਂ ਹੀ ਹਾਸ਼ੀਏ 'ਤੇ ਧੱਕੇ ਹਿੱਸਿਆਂ ਨੂੰ ਜਾਬਰ ਕਾਨੂੰਨੀ ਢਾਂਚੇ ਰਾਹੀਂ ਹੋਰ ਵੀ ਨਿਤਾਣੇ ਅਤੇ ਬੇਵੱਸ ਬਣਾਉਣ ਤੋਂ ਸਿਵਾਇ ਹੋਰ ਕੁਝ ਨਹੀਂ। ਫਾਸ਼ੀਵਾਦੀ ਹੁਕਮਰਾਨ ਲਫ਼ਾਜ਼ੀ ਰਾਹੀਂ ਆਪਣੇ ਅਸਲ ਮਨਸ਼ਿਆਂ ਨੂੰ ਲੁਕੋਣ ਦੀ ਕੋਸ਼ਿਸ਼ ਕਰ ਰਹੇ ਹਨ। ਇਸ ਜਾਬਰ ਕਾਨੂੰਨੀ ਕਵਾਇਦ ਵਿਰੁੱਧ ਜ਼ੋਰਦਾਰ ਲੋਕ ਰਾਇ ਖੜ੍ਹੀ ਕਰਨੀ ਜ਼ਰੂਰੀ ਹੈ।

# ਹਨੇਰੇ ਰਾਹ

**ਚਰਚਿਤ ਕਹਾਣੀਕਾਰ ਹਰਪ੍ਰੀਤ ਸੇਖਾ (ਕੈਨੇਡਾ) ਦਾ ਪਲੇਠਾ ਨਾਵਲ 'ਹਨੇਰੇ ਰਾਹ' ਟਰੱਕਿੰਗ ਸਨਅਤ ਨਾਲ ਜੁੜੀਆਂ ਹਕੀਕਤਾਂ ਦੇ ਰੂ-ਬ-ਰੂ ਕਰਵਾਉਂਦਾ ਹੈ। ਬਤੌਰ ਲਿਖਾਰੀ ਉਹਦੀ ਅੱਖ ਉਹ ਹਨੇਰੇ ਖੂੰਜੇ ਵੀ ਫਰੋਲ ਲੈਂਦੀ ਹੈ ਜਿਹੜੇ ਆਮ ਕਰ ਕੇ ਅੱਖਾਂ ਤੋਂ ਓਹਲੇ ਰਹਿ ਜਾਂਦੇ ਹਨ। ਉਸ ਦੀ ਮਾਨਵਤਾਵਾਦੀ ਅਤੇ ਯਥਾਰਥਵਾਦੀ ਪਹੁੰਚ ਉਸ ਦੀਆਂ ਰਚਨਾਵਾਂ ਲਈ ਸੋਨੇ 'ਤੇ ਸੁਹਾਗੇ ਵਾਲਾ ਕੰਮ ਕਰਦੀ ਹੈ। 'ਹਨੇਰੇ ਰਾਹ' ਅਸਲ ਵਿਚ ਮੁਸੀਬਤਾਂ ਝਾਗਦੇ ਮਨੁੱਖ ਦੇ ਰਾਹ ਰੁਸ਼ਨਾਉਣ ਵੱਲ ਵਧਾਏ ਕਦਮ ਹਨ।**




## ਕਾਂਡ ਛੇ – ਭਾਗ ਇੱਕ

## ਤੁਸੀਂ ਪੜ੍ਹ ਚੁੱਕੇ ਹੋ...

***ਕੈਨੇਡਾ ਵਿਚ ਇੱਕ ਹਾਦਸੇ ਦੌਰਾਨ ਗੁਰਸੀਰ ਸਿੰਘ ਦੇ ਭਣੋਈਏ ਦੀ ਮੌਤ ਹੋ ਜਾਂਦੀ ਹੈ। ਆਪਣੇ ਟੱਬਰ ਦੀ ਸਲਾਹ ਅਤੇ ਹੋਰ ਗਿਣਤੀਆਂ-ਮਿਣਤੀਆਂ ਤੋਂ ਬਾਅਦ ਉਹ ਭਣੋਈਏ ਦੇ ਸਸਕਾਰ ਮੌਕੇ ਕੈਨੇਡਾ ਪੁੱਜ ਜਾਂਦਾ ਹੈ। ਇਸੇ ਤਰ੍ਹਾਂ ਇਕ ਹੋਰ ਨੌਜਵਾਨ ਕਰਨਵੀਰ ਦੀ ਕਹਾਣੀ ਹੈ ਜੋ ਸਪੇਨ ਤੋਂ ਕੈਨੇਡਾ ਪੁੱਜਿਆ ਹੈ। ਕੈਨੇਡਾ ਵਿਚ ਆਪਣੇ ਪੈਰ ਲਾਉਣ ਲਈ ਜਗਸੀਰ ਅਤੇ ਕਰਨਵੀਰ ਦੀ ਜੱਦੋ-ਜਹਿਦ ਸ਼ੁਰੂ ਹੋ ਜਾਂਦੀ ਹੈ। ਕਰਨਵੀਰ ਨੂੰ ਟਰੱਕ ਦਾ ਲਾਇਸੈਂਸ ਲੈਣ ਲਈ ਜੋ ਜਫਰ ਪਾਲਣੇ ਪੈ ਰਹੇ ਹਨ, ਉਹ ਆਪਣੀ ਕਹਾਣੀ ਆਪ ਹੈ। ਟਰੱਕ ਸਨਅਤ ਵਿਚ ਪੈਰ-ਪੈਰ 'ਤੇ ਧੱਕਾ ਅਤੇ ਸ਼ੋਸ਼ਣ। ਹੁਣ ਪੜ੍ਹੋ ਇਸ ਤੋਂ ਅਗਾਂਹ...***

ਕਰਨਵੀਰ

ਝਾਂਜਰ ਵਿਆਹ ਭਵਨ ਮੂਹਰੇ ਪਹੁੰਚ ਕੇ ਕਰਨਵੀਰ ਨੇ ਆਪਣੇ ਫੋਨ ਦੇ ਫੇਸਬੁੱਕ ਮੈਸੰਜਰ ਉੱਤੇ ਜੀਤੀ ਨੂੰ ਸੁਨੇਹਾ ਭੇਜਿਆ, "ਝਾਂਜਰ ਪੈਲੇਸ ਤਾਂ ਖਾਲੀ ਪਿਆ ਲਗਦਾ ਏ?"



"ਵੇਟ ਯਾਰ, ਐਨੀ ਕਾਹਲੀ ਨਾ ਮਚਾ।" ਝੱਟ ਜੀਤੀ ਦਾ ਸੁਨੇਹਾ ਆ ਗਿਆ।

ਕਰਨਵੀਰ ਹਾਲੇ ਸੋਚ ਹੀ ਰਿਹਾ ਸੀ ਕਿ ਅੱਗੋਂ ਕੀ ਲਿਖੇ, ਜੀਤੀ ਦਾ

**ਹਰਪ੍ਰੀਤ ਸੇਖਾ**
**ਫੋਨ: +1-778-231-1189**

ਇਕ ਹੋਰ ਸੁਨੇਹਾ ਆ ਗਿਆ, "ਹਾਲੇ ਤਾਂ ਬੱਸ 'ਚ ਬੈਠੀ ਹਾਂ, ਦਸ ਮਿੰਟ ਹੋਰ ਲੱਗਣਗੇ।"

"ਮੈਂ ਗੇਟ ਮੂਹਰੇ ਵੇਟ ਕਰਾਂਗਾ।" ਲਿਖ ਕੇ ਕਰਨਵੀਰ ਭਵਨ ਦੇ ਅੰਦਰ ਚਲਾ ਗਿਆ। ਭਵਨ ਦੀ ਵਿਸ਼ਾਲ ਲਾਬੀ ਨੂੰ ਨਿਹਾਰਦਿਆਂ ਉਸ ਦੀਆਂ ਅੱਖਾਂ ਟੱਡੀਆਂ ਰਹਿ ਗਈਆਂ। ਕੁਝ ਪਲ ਉਹ ਉੱਪਰਲੀ ਮੰਜ਼ਲ ਵੱਲ ਜਾਂਦੀਆਂ ਵ਼ਲੇਵੇਂਦਾਰ ਪੌੜੀਆਂ ਵੱਲ ਦੇਖਦਾ ਰਿਹਾ, ਫਿਰ ਇਕ ਕੰਧ ਨਾ਼ਲ ਲੱਗੇ ਸ਼ੀਸ਼ੇ ਮੂਹਰੇ ਜਾ ਖੜ੍ਹਿਆ। ਆਪਣੇ ਕੇਸਾਂ ਨੂੰ ਥਾਂ ਸਿਰ ਕਰਨ ਲੱਗਾ। ਇਸ ਤਰ੍ਹਾਂ ਕਰਦਿਆਂ ਉਸ ਨੂੰ ਰੁਪਿੰਦਰ ਭਾਬੀ ਦੇ ਬੋਲ ਯਾਦ ਆ ਗਏ। ਘਰੋਂ ਨਿਕ਼ਲਣ ਤੋਂ ਪਹਿਲਾਂ ਕਰਨਵੀਰ ਨੂੰ ਸ਼ੀਸ਼ੇ ਮੂਹਰੇ ਖੜ੍ਹਾ ਦੇਖ ਕੇ ਭਾਬੀ ਬੋਲੀ ਸੀ, "ਲੱਗਦੈ ਦੇਵਰ ਜੀ, ਮੇਰੀ ਦਰਾਣੀ ਲੱਭਣ ਚੱਲੇ ਨੇ ਕਿ ਪਹਿਲਾਂ ਹੀ ਲੱਭੀ ਹੋਈ ਐ?"

ਕਰਨਵੀਰ ਕਹਿਣਾ ਚਾਹੁੰਦਾ ਸੀ, 'ਤੁਸੀਂ ਤਾਂ ਲੱਭ ਕੇ ਦਿੰਦੇ ਨਹੀਂ, ਆਪ ਹੀ ਲੱਭਣੀ ਸੀ' ਪਰ ਉਸ ਨੇ ਇਹ ਕਿਹਾ ਨਹੀਂ ਸਗੋਂ ਕਿਹਾ, "ਕਰਲੋ ਮਖੌਲ। ਬਹਿਰੇ ਦਾ ਕੰਮ ਕਰਨ ਚੱਲਿਆ ਵਾਂ।"

"ਮਨ ਨੀ ਲੱਗਦੀ ਗੱਲ। ਐਨਾ ਸਜ ਸੰਵਰ ਕੇ?"

"ਮੈਂ ਸੋਹਣਾ ਈ ਐਨਾ ਵਾਂ ਕਿ ਥੋੜ੍ਹਾ ਜਿਹਾ ਤਿਆਰ ਹੋਣ ਨਾ਼ਲ ਈ ਸਜਿਆ-ਫਬਿਆ ਲੱਗਣ ਲੱਗ ਜਾਨਾ ਵਾਂ।" ਆਖ ਕੇ ਕਰਨਵੀਰ ਆਪ ਹੀ ਹੱਸ ਪਿਆ।

"ਹਾਂ, ਇਹ ਗੱਲ ਤਾਂ ਮੰਨਣ ਵਾਲੀ ਐ।" ਆਖਦੀ ਭਾਬੀ ਵੀ ਹੱਸ ਪਈ।

ਭਵਨ ਦੇ ਸ਼ੀਸ਼ੇ 'ਚ ਦੇਖਦਿਆਂ ਕਰਨਵੀਰ ਨੇ ਸੋਚਿਆ, 'ਜੇ ਜੀਤੀ ਵੀ ਮੰਨ ਜਾਵੇ, ਫੇਰ ਬਣੇ ਗੱਲ!'

ਜੀਤੀ ਨੂੰ ਕਰਨਵੀਰ ਨੇ ਪਹਿਲੀ ਵਾਰ ਮਿਲਣਾ ਸੀ। ਉਸ ਨਾ਼ਲ ਫੋਨ ਰਾਹੀਂ ਤਾਂ ਗੱਲ ਅਕਸਰ ਹੋ ਜਾਂਦੀ ਸੀ ਪਰ ਮਿਲਣ ਦਾ ਮੌਕਾ ਨਹੀਂ ਸੀ ਮਿਲਿਆ। ਜੀਤੀ ਜਾਂ ਤਾਂ ਕੰਮ 'ਤੇ ਹੁੰਦੀ ਜਾਂ ਕਾਲਜ। ਪਿਛਲੇ ਹਫ਼ਤੇ ਜੀਤੀ ਨੇ ਆਪ ਹੀ ਪੁੱਛਿਆ ਸੀ, "ਤੂੰ ਵੀਕਐਂਡ 'ਤੇ ਕੀ ਕਰਦਾ ਹੁੰਨੈ?"

"ਕੁਝ ਨਹੀਂ।"

"ਮੈਂ ਸੈਟਰਡੇਅ ਸ਼ਾਮ ਨੂੰ ਮੈਰਿਜ ਪੈਲੇਸ 'ਚ ਕੰਮ ਕਰਦੀ ਆਂ। ਜੇ ਤੂੰ ਕੰਮ ਕਰਨੈ ਤਾਂ ਮੈਂ ਪੁੱਛ ਲਵਾਂਗੀ। ਨਾ਼ਲੇ ਮਿਲ ਲਵਾਂਗੇ।"

"ਰੱਖ ਲੈਣਗੇ? ਤੈਨੂੰ ਪਤਾ ਈ ਏ ਕਿ ਮੇਰੇ ਕੋਲ ਵਰਕ ਪਰਮਿਟ ਤਾਂ ਹੈ ਨਹੀਂ।"

"ਹਾਂ, ਮੈਂ ਵੀ ਓਥੇ ਕੈਸ਼ 'ਤੇ ਹੀ ਕੰਮ ਕਰਦੀ ਆਂ। ਓਨ੍ਹਾਂ ਨੂੰ ਲੋੜ ਐ।"

"ਠੀਕ ਏ।"

"ਕਰ ਲਵੇਂਗਾ ਸਰਵਿੰਗ ਦਾ ਕੰਮ?"

"ਹਾਂ-ਹਾਂ। ਪਹਿਲਾਂ-ਪਹਿਲਾਂ ਸਪੇਨ 'ਚ ਕਰਦਾ ਰਿਹਾ ਵਾਂ।"

ਕਰਨਵੀਰ ਨੂੰ ਕੰਮ ਨਾਲੋਂ ਜੀਤੀ ਨੂੰ ਮਿਲਣ ਦਾ ਵੱਧ ਚਾਅ ਸੀ। ਜਦੋਂ ਦਾ ਉਸ ਨੂੰ ਪਤਾ ਲੱਗਾ ਸੀ ਕਿ ਕੈਨੇਡਾ ਵਿਚ ਸਟੂਡੈਂਟ ਵੀਜ਼ੇ 'ਤੇ ਆਈ ਕੁੜੀ ਨਾ਼ਲ ਵਿਆਹ ਕਰਵਾ ਕੇ ਵੀ ਉਸ ਨੂੰ ਓਪਨ ਵਰਕ ਪਰਮਿਟ ਮਿਲ ਸਕਦਾ ਸੀ, ਉਸ ਨੇ



ਫੇਸਬੁੱਕ 'ਤੇ ਬਹੁਤ ਸਾਰੀਆਂ ਇਸ ਤਰ੍ਹਾਂ ਦੀਆਂ ਕੁੜੀਆਂ ਨੂੰ 'ਫ੍ਰੈਂਡ ਰਿਕੁਐਸਟਾਂ' ਭੇਜੀਆਂ ਸਨ। ਕਈਆਂ ਨੇ ਉਸ ਦੀ 'ਰਿਕੁਐਸਟ' ਪ੍ਰਵਾਨ ਕਰ ਲਈ ਸੀ ਪਰ ਸਿਰਫ ਜੀਤੀ ਹੀ ਸੀ ਜਿਸ ਨਾ਼ਲ ਉਸ ਦੀ ਦੋਸਤੀ ਹੋਈ ਸੀ; ਤੇ ਉਸ ਦੋਸਤ ਨੂੰ ਮਿਲਣ ਦੀ ਬੇਸਬਰੀ ਕਾਰਨ ਹੀ ਉਹ ਝਾਂਜਰ ਭਵਨ ਦੀ ਲਾਬੀ ਵਿਚ ਖੜ੍ਹਾ ਸੀ।

'ਕੀ ਜੀਤੀ ਨੂੰ ਪਛਾਣ ਲਵਾਂਗਾ?' ਕਰਨਵੀਰ ਅੰਦਰ ਪ੍ਰਸ਼ਨ ਉੱਠਿਆ। ਉਸ ਨੇ ਆਪਣੇ ਫੋਨ ਦੇ ਫੇਸਬੁੱਕ ਐਪ 'ਤੇ ਜੀਤੀ ਦੀ 'ਪ੍ਰੋਫਾਈਲ ਫੋਟੋ' ਵੱਲ ਮੁੜ ਦੇਖਿਆ। ਉਹ ਕੁਝ ਪਲ ਫੋਟੋ ਨੂੰ ਨਿਹਾਰਦਾ ਰਿਹਾ। ਇਸ ਫੋਟੋ ਨੂੰ ਉਸ ਨੇ ਪਤਾ ਨਹੀਂ ਕਿੰਨੇ ਵਾਰ ਪਹਿਲਾਂ ਵੀ ਦੇਖਿਆ ਸੀ। ਇਹ ਸ਼ਕਲ ਭਾਵੇਂ ਉਸ ਦੇ ਚੇਤਿਆਂ ਵਿਚ ਉੱਕਰ ਗਈ ਸੀ, ਫਿਰ ਵੀ ਵਾਰ-ਵਾਰ ਉਸ ਦੀ ਫੋਟੋ ਦੇਖਣਾ, ਜਿਵੇਂ ਉਸ ਲਈ ਕੋਈ ਨਸ਼ਾ ਹੋਵੇ। ਕਰਨਵੀਰ ਨੂੰ ਆਪਣੀ ਫੇਸਬੁੱਕ ਦੀ ਪ੍ਰੋਫਾਈਲ ਫੋਟੋ ਦਾ ਖਿਆਲ ਆ ਗਿਆ। ਉਹ ਪੰਜ ਸਾਲ ਪੁਰਾਣੀ ਸੀ।

'ਕੀ ਜੀਤੀ ਮੈਨੂੰ ਪਛਾਣ ਲਵੇਗੀ?' ਉਸ ਦੇ ਚਿੱਤ 'ਚ ਆਈ। 'ਦੇਖਦੇ ਵਾਂ ਪਛਾਣਦੀ ਏ ਕਿ ਨਹੀਂ?' ਇਹ ਸੋਚ ਕੇ ਕਰਨਵੀਰ ਲਾਬੀ ਵਿਚ ਹੀ ਖੜ੍ਹਾ ਰਿਹਾ, ਦਰਵਾਜ਼ੇ ਮੂਹਰੇ ਨਹੀਂ ਗਿਆ ਜਿੱਥੇ ਉਸ ਨੇ ਮਿਲਣ ਦਾ ਵਾਅਦਾ ਕੀਤਾ ਸੀ। ਉਹ ਸ਼ੀਸ਼ੇ ਦੇ ਦਰਵਾਜ਼ੇ ਰਾਹੀਂ ਬਾਹਰ ਵੱਲ ਦੇਖਦਾ ਰਿਹਾ। ਅੰਦਰੋਂ ਦੇਖਿਆਂ, ਬਾਹਰ ਸਭ ਕੁਝ ਦਿਸਦਾ ਸੀ ਪਰ ਬਾਹਰੋਂ ਅੰਦਰ ਕੁਝ ਨਹੀਂ ਸੀ ਦਿਸਦਾ। ਕਰਨਵੀਰ ਨੂੰ ਦੋ ਕੁੜੀਆਂ ਭਵਨ ਵੱਲ ਆਉਂਦੀਆਂ ਦਿਸੀਆਂ। ਉਸ ਨੇ ਜੀਤੀ ਨੂੰ ਝੱਟ ਪਛਾਣ ਲਿਆ। ਪ੍ਰੋਫਾਈਲ ਫੋਟੋ 'ਤੇ ਉਸ ਦਾ ਚਿਹਰਾ ਹੀ ਦਿਸਦਾ ਸੀ, ਉਸ ਦੇ ਕੱਦ-ਕਾਠ ਬਾਰੇ ਨਹੀਂ ਸੀ ਪਤਾ ਲਗਦਾ। ਕਰਨਵੀਰ ਨੂੰ ਇਹ ਆਪਣੇ ਚਿਤਵੇ ਹੋਏ ਵਰਗਾ ਹੀ ਲੱਗਾ। ਪੰਜ ਫੁੱਟ ਛੇ ਇੰਚ ਦੇ ਕਰੀਬ ਕੱਦ, ਦਰਮਿਆਨੀ ਕਾਠੀ ਜਿਹੜੀ ਪਹਿਨੇ ਹੋਏ ਕੋਟ ਕਾਰਨ ਦਰਮਿਆਨੇ ਤੋਂ ਵੱਧ ਲਗਦੀ ਸੀ। ਕਰਨਵੀਰ ਆਪਣੇ ਫੋਨ ਵਿਚ ਰੁੱਝੇ ਹੋਣ ਦਾ ਨਾਟਕ ਕਰਨ ਲੱਗਾ। ਉਸ ਨੇ ਕਨੱਖੀਆਂ ਰਾਹੀਂ ਦੇਖਿਆ ਕਿ ਜੀਤੀ ਦਰਵਾਜ਼ੇ ਮੂਹਰੇ ਖੜ੍ਹੀ ਏਧਰ-ਓਧਰ ਦੇਖ ਰਹੀ ਸੀ। ਫਿਰ ਉਹ ਆਪਣੇ ਫੋਨ 'ਤੇ ਉਂਗਲਾਂ ਚਲਾਉਣ ਲੱਗੀ। ਕਰਨਵੀਰ ਨੂੰ ਉਸ ਦਾ ਸੁਨੇਹਾ ਮਿਲ ਗਿਆ। ਉਸ ਨੇ ਲਿਖਿਆ ਸੀ, "ਕਿੱਥੇ ਐਂ ਯਾਰ?"

"ਤੁਹਾਡੀ ਉਡੀਕ 'ਚ ਖੜ੍ਹੇ ਹਾਂ।" ਕਰਨਵੀਰ ਨੇ ਜਵਾਬ ਲਿਖ ਦਿੱਤਾ ਤੇ ਫਿਰ ਕਨੱਖੀਆਂ ਰਾਹੀਂ ਦੇਖਿਆ। ਜੀਤੀ ਫਿਰ ਏਧਰ-ਓਧਰ ਦੇਖਣ ਲੱਗੀ ਸੀ। ਫਿਰ ਉਸ ਨੇ ਦਰਵਾਜ਼ਾ ਖੋਲ੍ਹਿਆ। ਕਰਨਵੀਰ ਨੇ ਛੇਤੀ ਨਾ਼ਲ ਧੌਣ ਫੋਨ ਦੀ ਸਕਰੀਨ 'ਤੇ ਹੋਰ ਵੀ ਝੁਕਾ ਲਈ। ਅੰਦਰ ਆ ਕੇ ਜੀਤੀ ਨੇ ਕੁਝ ਪਲ ਕਰਨਵੀਰ ਵੱਲ ਦੇਖਿਆ, ਫਿਰ ਉਸ ਵੱਲ ਤੁਰ ਪਈ। ਕਰਨਵੀਰ ਘੁੱਟ-ਵੱਟ ਕੇ ਆਪਣਾ ਹਾਸਾ ਰੋਕਦਾ ਰਿਹਾ ਪਰ ਜੀਤੀ ਦੇ ਨੇੜੇ ਆਉਣ ਤਕ ਉਸ ਤੋਂ ਹੋਰ ਨਾਟਕ ਨਾ ਹੋਇਆ। ਉਸ ਨੇ ਆਪਣਾ ਚਿਹਰਾ ਉਤਾਂਹ ਕੀਤਾ ਤੇ ਹੱਸ ਪਿਆ।

ਜੀਤੀ ਨੇ ਉਸ ਵੱਲ ਮੁੱਕੀ ਵੱਟੀ ਤੇ ਬੋਲੀ, "ਤੈਨੂੰ ਲਗਦਾ ਸੀ ਕਿ ਮੈਨੂੰ ਸਿਆਣ ਨਹੀਂ ਆਉਣੀ?" ਉਹ ਅੱਖਾਂ ਗੱਡ ਕੇ ਕਰਨਵੀਰ ਵੱਲ ਦੇਖਦੀ ਰਹੀ। ਕਰਨਵੀਰ ਦਾ ਜੀਅ ਕੀਤਾ ਕਿ ਪੁੱਛੇ, 'ਕਿਉਂ ਪਾਸ ਹਾਂ?' ਪਰ ਉਹ ਜਕ ਗਿਆ। ਜੀਤੀ ਦੀਆਂ ਅੱਖਾਂ ਦੀ ਚਮਕ ਤੇ ਬੁੱਲ੍ਹਾਂ ਦੀ ਮੁਸਕਾਨ ਦੇਖ ਕੇ ਉਸ ਨੂੰ ਝਾਂਜਰ ਭਵਨ ਮਹਿਕ ਪਿਆ ਲੱਗਾ। ਉਹ ਜੀਤੀ ਦੇ ਨਾ਼ਲ ਭਵਨ ਦੀ ਰਸੋਈ ਵੱਲ ਚੱਲ ਪਿਆ।

ਜੀਤੀ ਉਸ ਨੂੰ ਰਸੋਈ ਦੇ ਇਕ ਕੋਨੇ 'ਤੇ ਬਣੀ ਅਲਮਾਰੀ ਕੋਲ ਲੈ ਗਈ ਤੇ ਆਪਣਾ ਕੋਟ ਟੰਗਦਿਆਂ ਬੋਲੀ, "ਦੋ ਵੱਜ ਗਏ ਆ। ਆ ਜਾ, ਛੇਤੀ ਕਰ ਤੈਨੂੰ ਸੁਪਰਵਾਈਜ਼ਰ ਨਾ਼ਲ ਮਿਲਾਵਾਂ। ਉਹ ਟਾਈਮ ਦੀ ਬਹੁਤ ਸਟਰੈਕਟ ਐ।" ਕਰਨਵੀਰ ਨੇ ਜੀਤੀ ਵੱਲ ਦੇਖਿਆ। ਕੋਟ ਲਾਹੁਣ ਤੋਂ ਬਾਅਦ ਹਲਕੇ ਹਰੇ ਰੰਗ ਦੀ ਟੀ-ਸ਼ਰਟ ਵਿਚ ਉਹ ਉਸ ਨੂੰ ਹੋਰ ਵੀ ਸੋਹਣੀ ਲੱਗੀ। ਉਸ ਦਾ ਜੀਅ ਕੀਤਾ ਕਿ ਕਹੇ, 'ਗੋਲੀ ਮਾਰ ਕੰਮ ਨੂੰ, ਚੱਲ ਕਿਤੇ ਬੈਠ ਕੇ ਇਕ-ਦੂਜੇ ਵੱਲ ਦੇਖਦੇ ਰਹੀਏ' ਪਰ ਉਸ ਨੇ ਇਹ ਕਿਹਾ ਨਹੀਂ। ਆਪਣੀ ਜੈਕਟ ਲਾਹ ਕੇ ਉਸ ਨੇ ਜੀਤੀ ਦੇ ਕੋਟ ਨਾ਼ਲ ਟੰਗ ਦਿੱਤੀ ਅਤੇ ਦੋਨਾਂ ਨੂੰ ਆਪਸ ਵਿਚ ਖਹਿੰਦਿਆਂ ਦੇਖ ਉਸ ਦੇ ਚਿਹਰੇ 'ਤੇ ਮੁਸਕਾਨ ਆ ਗਈ। ਜੀਤੀ ਨੇ ਉਸ ਵੱਲ ਦੇਖਿਆ ਤੇ ਪੁੱਛਿਆ, "ਕੀ ਲੱਭ ਗਿਆ ਜਿਹੜਾ ਐਨਾ ਖੁਸ਼ ਐਂ?" ਕਰਨਵੀਰ ਤੋਂ "ਤੂੰ" ਆਖ ਨਹੀਂ ਹੋਇਆ। ਇਸ ਦੀ ਥਾਂ ਉਸ ਨੇ ਕਿਹਾ, "ਚੱਲ, ਸੁਪਰਵਾਈਜ਼ਰ ਨੂੰ ਮਿਲੀਏ।"

ਕਰਨਵੀਰ ਨੂੰ ਜੀਤੀ ਆਪਣੀ ਸੁਪਰਵਾਈਜ਼ਰ ਦਿਲਰੀਤ ਕੋਲ ਲੈ ਗਈ। ਉਸ ਕੋਲ ਦੋ ਕੁੜੀਆਂ ਤੇ ਇਕ ਮੁੰਡਾ ਹੋਰ ਖੜ੍ਹੇ ਸਨ। ਕਰਨਵੀਰ ਨੂੰ ਉਹ ਵੀ ਜੀਤੀ ਦੇ ਹਾਣ ਦੇ ਹੀ ਉਨੀ-ਵੀਹ ਸਾਲਾਂ ਦੇ ਲੱਗੇ। ਦਿਲਰੀਤ ਉਸ ਨੂੰ ਪੱਚੀ ਕੁ ਸਾਲਾਂ ਦੀ, ਆਪਣੀ ਹਾਨਣ ਲੱਗੀ। ਜੀਤੀ ਦੀ ਸਾਥਣ ਵੀ ਉਨ੍ਹਾਂ ਵਿਚ ਆਣ ਖੜ੍ਹੀ ਜਿਹੜੀ ਭਵਨ ਵਿਚ ਵੜਦਿਆਂ ਹੀ ਵਾਸ਼ਰੂਮਾਂ ਵੱਲ ਚਲੀ ਗਈ ਸੀ। ਦਿਲਰੀਤ ਦੱਸ ਰਹੀ ਸੀ, "ਆਪਾਂ ਇਕ ਸੌ ਪੱਚੀ ਟੇਬਲ ਲਾਉਣੇ ਆਂ। ਅੱਠ-ਅੱਠ ਕੁਰਸੀਆਂ ਇਕ ਟੇਬਲ ਦੁਆਲੇ। ਫੇਰ ਉੱਪਰ ਟੇਬਲ ਕਲਾਥ ਵਿਛਾਉਣੇ ਆਂ। ਫੇਰ ਟੇਬਲਾਂ ਦੀ ਡੈਕੋਰੇਸ਼ਨ ਕਰਨੀ ਐ। ਛੇ ਵਜੇ ਤੋਂ ਪਹਿਲਾਂ-ਪਹਿਲਾਂ ਆਪਾਂ ਇਹ ਸਾਰਾ ਡੰਨ ਕਰਨੈ। ਓ ਕੇ। ਨਾਓ ਲੈਟਸ ਮੂਵ ਔਨ ਗਾਇਜ਼।" ਜਦ ਉਹ ਬੋਲ ਹਟੀ, ਜੀਤੀ ਨੇ ਉਸ ਦੀ ਕਰਨਵੀਰ ਨਾ਼ਲ ਜਾਣ-ਪਛਾਣ ਕਰਾਉਂਦਿਆਂ ਕਿਹਾ, "ਇਹ ਮੇਰਾ ਫ੍ਰੈਂਡ, ਕਰਨਵੀਰ ਆ ਜਿਸ ਲਈ ਮੈਂ ਕੰਮ ਬਾਰੇ ਤੁਹਾਡੇ ਤੋਂ ਪੁੱਛਿਆ ਸੀ।"

ਦਿਲਰੀਤ ਨੇ ਕਰਨਵੀਰ ਵੱਲ ਦੇਖਿਆ। ਉਹ ਮੁਸਕਰਾ ਪਿਆ। ਦਿਲਰੀਤ ਕੁਝ ਪਲ ਉਸ ਦੇ ਚਿਹਰੇ ਵੱਲ ਦੇਖਦੀ ਰਹੀ। ਸ਼ਾਇਦ ਉਸ ਨੂੰ ਕਰਨਵੀਰ ਦੀ ਮੁਸਕਰਾਹਟ ਭਾਅ ਗਈ ਸੀ। ਉਸ ਨੇ ਸੰਭਲ ਕੇ ਪੁੱਛਿਆ, "ਪਹਿਲਾਂ ਕੰਮ ਕੀਤੈ ਕਿਸੇ ਬੈਂਕੁਇਟ ਹਾਲ 'ਚ?"

"ਰੈਸਟੋਰੈਂਟ 'ਚ ਕੀਤਾ ਏ।"

"ਠੀਕ ਐ।" ਫਿਰ ਉਹ ਜੀਤੀ ਵੱਲ ਦੇਖਦੀ ਬੋਲੀ, "ਜੀਤੀ, ਆਰ ਯੂ ਗੋਨਾ ਟੇਕ ਯੁਅਰ ਫ੍ਰੈਂਡ ਅੰਡਰ ਯੂਅਰ ਵਿੰਗਜ਼? ਔਰ ਯੂ ਵਾਂਟ ਮੀ ਟੂ? - ਜੀਤੀ, ਤੂੰ ਆਪਣੇ ਦੋਸਤ ਦੀ ਨਿਗਰਾਨੀ ਰੱਖੇਂਗੀ, ਜਾਂ ਮੈਂ ਰੱਖਾਂ?"

"ਸ਼ਿਓਰ, ਆਈ ਵੈੱਲ ਟੇਕ ਕੇਅਰ।" ਜੀਤੀ ਨੇ ਜਵਾਬ ਦਿੱਤਾ। ਕਰਨਵੀਰ ਖਿੜ ਗਿਆ। ਗੋਲ ਮੇਜ਼ ਰੋੜ੍ਹ ਕੇ ਹਾਲ ਵਿਚ ਥਾਂ ਪੁਰ ਥਾਂ ਲਾਉਂਦਿਆਂ ਕਰਨਵੀਰ ਜਿਵੇਂ ਉੱਡ ਰਿਹਾ ਹੋਵੇ। ਜੀਤੀ ਦੇ ਨਾ਼ਲ-ਨਾ਼ਲ ਕੰਮ ਕਰਵਾਉਂਦਿਆਂ ਉਸ ਨੂੰ ਪਤਾ ਹੀ ਨਾ ਲੱਗਾ ਕਿ ਕਦੋਂ ਪੌਣੇ ਛੇ ਵੱਜ ਗਏ ਸਨ। ਸਮੇਂ ਦਾ ਤਾਂ ਉਸ ਨੂੰ ਉਦੋਂ ਪਤਾ ਲੱਗਾ ਜਦੋਂ ਦਿਲਰੀਤ ਨੇ ਤਾੜੀ ਮਾਰ ਕੇ ਕਿਹਾ ਸੀ, "ਵੈੱਲ ਡੰਨ, ਗਾਇਜ਼। ਹੁਣ ਬ੍ਰੇਕ ਲੈ ਲਵੋ।" ਉਨ੍ਹਾਂ ਨੇ ਕੰਮ ਨਬੇੜ ਦਿੱਤਾ ਸੀ। ਉਹ ਰਸੋਈ ਵਿਚ ਜਾ ਕੇ ਪਕੌੜਿਆਂ ਨਾ਼ਲ ਚਾਹ ਪੀਣ ਲੱਗੇ। ਇਹ ਹਲਵਾਈ ਨੇ ਉਨ੍ਹਾਂ ਲਈ ਹੀ ਤਾਜ਼ੇ ਗਰਮ ਕੀਤੇ ਸਨ। ਉਨ੍ਹਾਂ ਦੇ ਚਾਹ ਪੀਂਦਿਆਂ ਹੀ ਇਕ-ਇਕ, ਦੋ-ਦੋ ਕਰ ਕੇ ਦਸ-ਗਿਆਰਾਂ ਮੁੰਡੇ-ਕੁੜੀਆਂ ਹੋਰ ਆ ਗਏ ਸਨ। ਕਰਨਵੀਰ ਨੇ ਉਨ੍ਹਾਂ ਵੱਲ ਸੈਨਤ ਕਰਦਿਆਂ ਪੁੱਛਿਆ, "ਇਹ ਜਿਹੜੇ ਹੁਣ ਆਏ ਨੇ, ਇਹ?"

"ਇਹ ਛੇ ਤੋਂ ਬਾਰਾਂ ਤਕ ਕੰਮ ਕਰਨਗੇ। ਇਹ ਸਾਰੇ ਏਨ੍ਹਾਂ ਦੇ ਰੈਗੂਲਰ ਘੰਟਿਆਂ 'ਤੇ ਕੰਮ ਕਰਦੇ ਆ। ਹਾਲ ਵਾਲਿਆਂ ਦੇ ਝਾਂਜਰ ਰੈਸਟੋਰੈਂਟ ਵਿਚ ਕੰਮ ਕਰਦੇ ਆ। ਆਪਾਂ ਹੀ ਛੇ ਜਾਣੇ ਦਿਹਾੜੀ 'ਤੇ ਹਾਂ।" ਜੀਤੀ ਨੇ ਦੱਸਿਆ।

"ਦਿਹਾੜੀਏ ਆਖ।" ਆਖ ਕੇ ਕਰਨਵੀਰ ਹੱਸਿਆ।

"ਤੇਰਾ ਹਾਸਾ ਦੇਖਦੀ ਆਂ ਚਾਹ ਤੋਂ ਬਾਅਦ ਕਿੱਧਰ ਜਾਂਦੈ!"

"ਕਿਉਂ, ਚਾਹ ਤੋਂ ਬਾਅਦ ਕੀ ਏ?"

"ਤੈਨੂੰ ਆਪ ਹੀ ਪਤਾ ਲੱਗ ਜਾਣੈ। ਔਖੀ ਜੌਬ ਤਾਂ ਹੁਣ ਸ਼ੁਰੂ ਹੋਣੀ ਐ।" ਆਖਦੀ ਜੀਤੀ ਉੱਠ ਖਲੋਤੀ। ਕਰਨਵੀਰ ਵੀ ਖੜ੍ਹਾ ਹੋ ਗਿਆ।

ਜੀਤੀ ਬੋਲੀ, "ਮੈਂ ਕੱਪੜੇ ਬਦਲ ਆਵਾਂ।" ਕਰਨਵੀਰ ਨੇ ਆਪਣੇ ਕੱਪੜਿਆਂ ਵੱਲ ਨਜ਼ਰ ਮਾਰੀ। ਉਸ ਦੇ ਕੁਝ ਪੁੱਛਣ ਤੋਂ ਪਹਿਲਾਂ ਹੀ ਜੀਤੀ ਨੇ ਕਿਹਾ, "ਤੂੰ ਤਾਂ ਪਹਿਲਾਂ ਹੀ ਯੂਨੀਫੌਰਮ ਪਾ ਕੇ ਆਇਐਂ।" ਇਹ ਆਖ ਕੇ ਜੀਤੀ ਤੁਰ ਪਈ। ਜਦੋਂ ਉਹ ਵਾਪਸ ਆਈ, ਉਸ ਦੇ ਵੀ ਕਰਨਵੀਰ ਵਰਗੀ ਹੀ ਕਾਲੇ ਰੰਗ ਦੀ ਪੈਂਟ ਤੇ ਚਿੱਟੀ ਕਮੀਜ਼ ਪਾਈ ਹੋਈ ਸੀ। ਕਰਨਵੀਰ ਨੇ ਬਾਕੀ ਵਰਤਾਵਿਆਂ ਵੱਲ ਨਜ਼ਰ ਮਾਰੀ। ਸਾਰਿਆਂ ਨੇ ਹੀ ਇਨ੍ਹਾਂ ਰੰਗਾਂ ਦੇ ਕੱਪੜੇ ਪਾਏ ਹੋਏ ਸਨ। ਕਰਨਵੀਰ ਨੇ ਢੁਕਵੇਂ ਰੰਗ ਦੇ ਕੱਪੜੇ ਪਹਿਨਣ ਲਈ ਆਪਣੇ ਆਪ ਨੂੰ ਸ਼ਾਬਾਸ਼ ਦਿੱਤੀ।

ਹਾਲ ਵਿਚ ਮਹਿਮਾਨ ਆਉਣੇ ਸ਼ੁਰੂ ਹੋ ਗਏ। ਕਰਨਵੀਰ ਮੇਜ਼ਾਂ 'ਤੇ ਪਕੌੜੇ ਵਰਤਾਉਣ ਲੱਗਾ। ਹਾਲੇ ਉਹ ਦੂਜੇ ਗੇੜੇ ਹੀ ਪਕੌੜੇ ਲੈ ਕੇ ਆਇਆ ਸੀ ਕਿ ਮੇਜ਼ 'ਤੇ ਪਲੇਟ ਰੱਖਦੇ ਨੂੰ ਇਕ ਔਰਤ ਨੇ ਪੁੱਛਿਆ, "ਪੁੱਤ, ਇੰਡੀਆ ਤੋਂ ਸਟੂਡੈਂਟ ਆਇਐਂ?"

ਕਰਨਵੀਰ ਨੂੰ ਆਪਣੀ ਸ਼ੇਵ ਕੀਤੀ ਦਾੜ੍ਹੀ ਦਾ ਮੁੱਲ ਪੈ ਗਿਆ ਲੱਗਾ। ਪਹਿਲਾਂ ਉਹ ਦਾੜ੍ਹੀ ਕਤਰਦਾ ਸੀ। ਉਸ ਨੇ ਜਵਾਬ ਦਿੱਤਾ, "ਹਾਂ ਜੀ।" ਉਸ ਨੇ ਹਾਲੇ ਉੱਥੋਂ ਪਿੱਠ ਕੀਤੀ ਹੀ ਸੀ ਕਿ ਉਸ ਦੇ ਕੰਨੀਂ ਉਸੇ ਔਰਤ ਦੀ ਆਵਾਜ਼ ਪਈ, ਉਹ ਨਾ਼ਲ ਬੈਠੇ ਨੂੰ ਆਖ ਰਹੀ ਸੀ, "ਏਨ੍ਹੇ ਇੰਡੀਆ 'ਚ ਆਪਣੇ ਹੱਥੀਂ ਗਿਲਾਸ ਚੁੱਕ ਕੇ ਪਾਣੀ ਨੀ ਪੀਤਾ ਹੋਣਾ ਤੇ ਐਥੇ ਦੇਖ ਲਾ, ਜਿਹੋ-ਜਿਹਾ ਮਰਜ਼ੀ ਕੰਮ ਹੋਵੇ।" ਕਰਨਵੀਰ ਦੇ ਦਿਮਾਗ਼ ਵਿਚ ਝੱਟ ਜੀਤੀ ਦੇ ਬੋਲ ਆ ਗਏ ਕਿ ਔਖੀ ਜੌਬ ਤਾਂ ਹੁਣ ਸ਼ੁਰੂ ਹੋਣੀ ਆ। ਵਾਪਸ ਮੁੜਦੇ ਨੂੰ ਮਿਲੀ ਜੀਤੀ ਨੂੰ ਉਸ ਕਿਹਾ, "ਲੱਗ ਗਿਆ ਏ ਪਤਾ।"

"ਕੀ?"

"ਜਿਹੜਾ ਤੂੰ ਕਹਿੰਦੀ ਸੀ ਕਿ ਆਪੇ ਪਤਾ ਲੱਗ ਜਾਏਗਾ।"

"ਕਿਉਂ ਕਿਸੇ ਨੇ ਪਿਛਲਾ ਪਿੰਡ ਪੁੱਛ ਲਿਆ?"

"ਨਹੀਂ ਪੁੱਛਿਆ ਤਾਂ ਨਹੀਂ ਪਰ ਲਗਦਾ ਏ ਕਿ ਪੁੱਛੇਗਾ ਜ਼ਰੂਰ ਕੋਈ।"

"ਬਸ ਆਪਣਿਆਂ ਦੀ ਪਾਰਟੀ 'ਚ ਇਹੀ ਡਰ ਰਹਿੰਦੈ ਕਿ ਕੋਈ ਜਾਣ-ਪਛਾਣ ਵਾ਼ਲਾ ਨਾ ਮਿਲ ਜਾਵੇ। ਜਦੋਂ ਕਿਸੇ ਹੋਰ ਕਮਿਊਨਿਟੀ ਦੀ ਪਾਰਟੀ ਹੁੰਦੀ ਐ, ਉਦੋਂ ਬਿਨਾਂ ਝਿਜਕ ਕੰਮ ਕਰਦੇ ਰਹੀਦੈ।" ਆਖਦੀ ਹੋਈ ਜੀਤੀ ਚਾਹ ਵਰਤਾਉਣ ਚਲੀ ਗਈ; ਤੇ ਫਿਰ ਅਗਲੇ ਗੇੜੇ ਆਏ ਕਰਨਵੀਰ ਨੂੰ ਕਹਿੰਦੀ, "ਕਰਨ ਯਾਰ, ਤੂੰ ਐਧਰਲੇ ਟੇਬਲ ਕਵਰ ਕਰ। ਮੈਂ ਤੇਰੇ ਆਲੇ ਪਾਸੇ ਕਵਰ ਕਰਦੀ ਆਂ।"

"ਠੀਕ ਏ। ਜਿਵੇਂ ਕਹੇਂ।"

"ਆਪਣੇ ਬੰਦਿਆਂ ਨੂੰ ਪਤਾ ਨਹੀਂ ਕੀ ਮਿਲਦੈ, ਅਗਲੇ ਨੂੰ ਹੇਠ ਤੋਂ ਉੱਤੇ ਤਕ ਸਕੈਨ ਕਰ ਛੱਡਣਗੇ।" ਜੀਤੀ ਨੇ ਨੀਵੀਂ ਆਵਾਜ਼ 'ਚ ਕਿਹਾ। ਕਰਨਵੀਰ ਨੇ ਉਸ ਪਾਸੇ ਦੇਖਿਆ ਜਿੱਧਰੋਂ ਜੀਤੀ ਆਈ ਸੀ।

"ਔਧਰ ਬਾਰ ਤੋਂ ਸੱਜੇ ਪਾਸੇ ਵਾਲੇ ਟੇਬਲ 'ਤੇ ਬੈਠਾ ਇਕ ਸਟੂਪਿਡ ਜਿਹਾ। ਟਿਕਟਿਕੀ ਲਾ ਕੇ ਦੇਖੀ ਜਾਂਦੈ। ਮੈਨੂੰ ਬੜਾ ਔਖਾ ਲਗਦੈ ਇਸ ਤਰ੍ਹਾਂ ਪਰ ਤੂੰ ਵੀ ਇਸ ਤਰ੍ਹਾਂ ਡਾਇਰੈਕਟ ਨਾ ਵੇਖ ਓਦਰ।" ਜੀਤੀ ਨੇ ਕਿਹਾ।

"ਲੈ ਤੂੰ ਆਹ ਪਕੌੜੇ ਲੈ ਜਾ ਕੰਧ ਨਾ਼ਲ ਲੱਗਵੇਂ ਤੇਰਾਂ ਨੰਬਰ ਟੇਬਲ 'ਤੇ। ਮੈਂ ਤੇਰੇ ਵਾਲੇ ਟੇਬਲ ਕਵਰ ਕਰਦਾ ਵਾਂ।" ਆਖਦੇ ਕਰਨਵੀਰ

*(ਬਾਕੀ ਸਫਾ 21 'ਤੇ)*

# ਗੁਰਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ ਰੋਜ਼ਬਰਗ ਵਿਖੇ ਨਿਸ਼ਾਨ ਸਾਹਿਬ ਦੀ ਸੇਵਾ ਕਰਵਾਈ

**ਸੈਕਰਾਮੈਂਟੋ:** ਨਵੇਂ ਉਸਾਰੀ ਅਧੀਨ ਚੱਲ ਰਹੇ ਸ੍ਰੀ ਗੁਰੂ ਨਾਨਕ ਦੇਵ ਜੀ ਗੁਰਦੁਆਰਾ ਸਾਹਿਬ ਗਰੀਨ ਡਿਸਟ੍ਰਿਕਟ ਰੋਜ਼ਬਰਗ ਸ਼ਹਿਰ ਓਰੇਗਨ ਵਿਖੇ ਸਾਧ ਸੰਗਤ ਵਲੋਂ ਪਹਿਲੇ ਨਵੇਂ ਨਿਸ਼ਾਨ ਸਾਹਿਬ ਦੀ ਸੇਵਾ ਅਤੇ ਚੜ੍ਹਾਉਣ ਦੀ ਰਸਮ ਕੀਤੀ ਗਈ। ਇਸ ਮੌਕੇ ਗੁਰਦੁਆਰਾ ਸਾਹਿਬ ਵਿਖੇ ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਪਾਏ ਗਏ, ਸਮੂਹ ਸੰਗਤਾਂ ਨੇ ਕੀਰਤਨ ਦਾ ਵੀ ਅਨੰਦ ਮਾਣਿਆ ਅਤੇ ਗੁਰੂ ਕਾ ਅਟੁੱਟ ਲੰਗਰ ਵਰਤਾਇਆ ਗਿਆ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਮੁੱਖ ਗ੍ਰੰਥੀ ਹਰਵਿੰਦਰ ਸਿੰਘ ਨੇ ਸਮੂਹ ਸੰਗਤਾਂ ਨੂੰ ਗੁਰੂ ਵਾਲੇ ਬਣੋ ਅਤੇ ਅੰਮ੍ਰਿਤਧਾਰੀ ਸਿੰਘ ਸਜੋ। ਉਨ੍ਹਾਂ ਨੇ ਕਿਹਾ ਕਿ ਬੱਚਿਆਂ ਨੂੰ ਗੁਰਬਾਣੀ ਨਾਲ ਜੋੜਨ ਲਈ ਗੁਰਦੁਆਰਾ ਸਾਹਿਬ ਲਿਆਉਣ ਦੀ ਪ੍ਰੇਰਨਾ ਕੀਤੀ। ਇਸ ਮੌਕੇ ਕਮੇਟੀ ਮੈਂਬਰ ਮਨਜੀਤ ਸਿੰਘ ਸੰਧੂ ਹੀਉਂ, ਗੁਰਦਿਆਲ ਸਿੰਘ ਮੱਲੀ ਅੱਟਾ, ਸੁਖਵਿੰਦਰ ਸਿੰਘ ਮੋਰਾਂਵਾਲੀ, ਰਵਿੰਦਰ ਸਿੰਘ ਲੱਕੀ ਦਿੱਲੀ, ਗੁਰਜੀਤ ਸਿੰਘ ਮੋਰਾਂਵਾਲੀ, ਹਰਜੀਤ ਸਿੰਘ ਵੱਡਾ ਘਰ, ਰਾਜਿੰਦਰ ਸਿੰਘ, ਪਰਮਜੀਤ ਕੌਰ ਸੰਧੂ ਹੀਉਂ, ਹਾਜ਼ਰ ਸਨ। ਮੈਂਬਰਾਂ ਤੋਂ ਇਲਾਵਾ ਕਿਰਪਾਲ ਸਿੰਘ ਝੱਲੀ ਹੀਉਂ, ਜਸਕਰਨ ਸਿੰਘ ਸੰਧੂ, ਬਲਕਰਨ ਸਿੰਘ ਸੰਧੂ, ਜਗਜੀਤ ਸਿੰਘ ਮੋਰਾਂਵਾਲੀ, ਰਣਜੀਤ ਸਿੰਘ ਸ਼੍ਰੀਗੰਗਾਨਗਰ, ਅਤੇ ਸਮੂਹ ਸੰਗਤਾਂ ਹਾਜ਼ਰ ਸਨ।


T B F
THE BAINS FIRM




Personal Injury and Wrongful Death Attorneys

Case Results*

$10 MILLION
Motorcycle vs. Truck Collision


$8 MILLION
Wrongful Death

$5.25 MILLION
Traumatic Brain Injury

$1.1 MILLION
Burn Injury

$1.1 MILLION
Pedestrian vs. Motor Vehicle Collision

*Past Performance Not a Guarantee of Future Results



WILLIAM E. WEISS
Of Counsel

Offices in San Francisco and Union City

No Fees Unless Recovery for Your Injuries is Made
CONTACT US AT:
Phone: (510) 474-0028 • E-mail: info@thebainsfirm.com
www.thebainsfirm.com



ਤੁਹਾਡੀ ਸੇਵਾ ਵਿਚ ਹਰ ਸਮੇਂ ਹਾਜ਼ਰ !

CALIFORNIA
IMMIGRATION SERVICES INC.
Registered & Bonded

* FAMILY IMMIGRATION
* GREEN CARD PETITION
* CITIZENSHIP
* BUSINESS/VISITOR VISA
* RELIGIOUS VISA
* VARIOUS IMMIGRATION SERVICES

* ਫੈਮਿਲੀ ਇੰਮੀਗਰੇਸ਼ਨ
* ਗਰੀਨ ਕਾਰਡ ਪਟੀਸ਼ਨ
* ਸਿਟੀਜ਼ਨਸ਼ਿਪ
* ਬਿਜ਼ਨਸ ਵੀਜ਼ਾ/ ਵਿਜ਼ਿਟਰ ਵੀਜ਼ਾ
* ਰਿਲੀਜੀਅਸ ਵੀਜ਼ਾ
* ਕਈ ਹੋਰ ਇੰਮੀਗਰੇਸ਼ਨ ਸੇਵਾਵਾਂ




ROSY (Kanwal) KAUR
Immigration Consultant
408-422-8585
510-573-3666

Address:
Fremont Office:
4127 Bay Street, Unit 5, Fremont CA, 94538
Tracy Office:
1660 W Linne Rd. Unit J24, Tracy CA, 95377
Website: www.caials.com e-mail: rosy@caials.com
ਤੁਸੀਂ ਸਾਡੇ ਨਾਲ ਪੰਜਾਬੀ ਵਿਚ ਵੀ ਗੱਲ ਕਰ ਸਕਦੇ ਹੋ।



Homeopathicvibes
Harminder Singh Gill
Homeopathic Consultant and Practitioner



D.H.M.S; B.C.I.H
(Ex Homeopathic Medical officer Punjab Govt.)
Now we have two locations:
940 E. El Camino Real, Sunnyvale, CA 94087
39039 Paseo Padre Pkwy, Suite# 209 (upstairs), Fremont, CA 94538
We also do Virtual appointments for long distance patients.
Ph: (408) 737-7100
www.homeopathicvibes.com
We sell and ship homeopathic remedies through out North America.



ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

ਪਿਛਲੇ 15 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY
ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ
DPF Cleaning ਅਤੇ Baking
ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Grand Opening
Special Price for Truck Wash

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.982.9996
FAX: 209.982.9997
www.globalmultiservices.com info@globalmultiservices.com

REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211

REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

# ਵਿਪਸਾਅ ਵਲੋਂ ਸ਼ਾਇਰ ਸੁਰਿੰਦਰ ਸੀਰਤ ਨਾਲ ਰੂ-ਬ-ਰੂ

## ਰਾਜਵੰਤ ਰਾਜ, ਦਵਿੰਦਰ ਗੌਤਮ ਅਤੇ ਨਛੱਤਰ ਭੋਗਲ ਦਾ ਸਨਮਾਨ

ਨਿਵਾਰਕ (ਕੈਲੀਫ਼ੋਰਨੀਆ): ਵਿਪਸਾਅ ਵਲੋਂ ਬੀਤੇ ਐਤਵਾਰ ਮਹਿਰਾਨ ਰੈਸਟੋਰੈਂਟ ਵਿਚ ਖ਼ੂਬਸੂਰਤ ਸਾਹਿਤਕ ਸਮਾਗਮ ਕਰਵਾਇਆ ਗਿਆ, ਜਿਸਦੇ ਪਹਿਲੇ ਸੈਸ਼ਨ ਦੀ ਸ਼ੁਰੂਆਤ ਕਰਦੇ ਹੋਏ ਜਨਰਲ ਸਕੱਤਰ ਜਗਜੀਤ ਨੌਸ਼ਹਿਰਵੀ ਨੇ



ਵਿਪਸਾਅ ਦੇ ਪ੍ਰਧਾਨ ਕੁਲਵਿੰਦਰ ਨੂੰ ਆਏ ਮਹਿਮਾਨਾਂ ਨੂੰ ਜੀ ਆਇਆਂ ਕਹਿਣ ਲਈ ਸੱਦਾ ਦਿੱਤਾ। ਕੁਲਵਿੰਦਰ, ਸੁਖਵਿੰਦਰ ਕੰਬੋਜ, ਡਾ. ਗੁਰਪ੍ਰੀਤ ਧੁੱਗਾ ਅਤੇ ਸ਼ਾਇਰਾ ਸੁਰਜੀਤ ਸਖੀ ਨੇ



ਸੁਰਿੰਦਰ ਸੀਰਤ ਨੂੰ ਫ਼ੁੱਲਾਂ ਦਾ ਗੁਲਦਸਤਾ ਦੇ ਕੇ ਨਿਵਾਜ਼ਿਆ। ਇਸ ਮਹਿਫ਼ਲ ਦੇ ਪ੍ਰਧਾਨਗੀ ਮੰਡਲ ਵਿਚ ਕੈਨੇਡਾ ਤੋਂ ਪਹੁੰਚੇ ਰਾਜਵੰਤ ਰਾਜ, ਦਵਿੰਦਰ ਗੌਤਮ, ਯੂ.ਕੇ ਤੋਂ ਨਛੱਤਰ ਭੋਗਲ ਅਤੇ ਕੁਲਵਿੰਦਰ ਸੁਸ਼ੋਭਿਤ ਹੋਏ। ਸੁਖਦੇਵ ਸਾਹਿਲ ਨੇ ਸੁਰਿੰਦਰ ਸੀਰਤ ਦੀ ਗ਼ਜ਼ਲ ਦਾ ਗਾਇਨ ਕਰ ਕੇ ਮਹਿਫ਼ਲ ਦੀ ਸ਼ੁਰੂਆਤ ਕੀਤੀ। ਸੀਰਤ ਨੇ ਕਿਹਾ ਇਹ ਗ਼ਜ਼ਲ ਮਰਹੂਮ ਰੇਸ਼ਮ ਸਿੱਧੂ ਦੀ ਮਨਪਸੰਦ ਸੀ। ਉਨ੍ਹਾਂ ਵਿਪਸਾਅ ਦਾ ਉਨ੍ਹਾਂ ਦੇ ਰੂ-ਬ-ਰੂ ਲਈ ਧੰਨਵਾਦ ਕੀਤਾ।

ਆਪਣੇ ਰੂ-ਬ-ਰੂ ਦੌਰਾਨ ਸੀਰਤ ਨੇ ਆਪਣੀਆਂ ਕਵਿਤਾਵਾਂ ਅਤੇ ਸ਼ੇਅਰਾਂ ਦੇ ਹਵਾਲੇ ਦਿੰਦਿਆਂ ਆਪਣੇ ਸਾਹਿਤਕ ਸਫ਼ਰ ਦਾ ਤੁਆਰਫ਼ ਸਰੋਤਿਆਂ ਨਾਲ ਕਰਾਇਆ। 'ਕੁਝ ਇਵੇਂ ਜਾਂਦਾ ਏ ਗੁਆਚ' ਕਵਿਤਾ ਰਾਹੀਂ ਉਨ੍ਹਾਂ ਕਸ਼ਮੀਰ ਵਾਦੀ ਵਿਚ ਵੱਸਦੇ ਆਪਣੇ ਪਿੰਡ ਵਿਚ ਗੁਜ਼ਾਰੇ ਬਚਪਨ ਅਤੇ ਜਵਾਨੀ ਦੇ ਦਿਨਾਂ ਨਾਲ ਸਾਂਝ ਪਵਾਈ। ਕਵਿਤਾ ਵਿਚ ਪਿੰਡ ਦਾ ਦ੍ਰਿਸ਼ ਏਨੇ ਭਾਵੁਕ ਸ਼ਬਦਾਂ ਅਤੇ ਬਿੰਬਾਂ ਵਿਚ ਰਚਿਆ ਕਿ ਦਰਸ਼ਕਾਂ ਦਾ ਮਨ ਟੁੰਬਿਆ ਗਿਆ ਅਤੇ ਉਨ੍ਹਾਂ ਨੇ ਪਿੰਡ "ਸੈਦੋਵਾਲ' ਦੇ ਦਰਸ਼ਨ ਕਰਵਾ ਦਿੱਤੇ। ਉਨ੍ਹਾਂ ਕਿਹਾ, 'ਮੈਨੂੰ ਬਚਪਨ ਤੋਂ ਹੀ ਲਿਖਣ ਅਤੇ ਗਾਉਣ ਦਾ ਸ਼ੌਕ ਸੀ। ਪਿੰਡ ਦੇ ਲੋਕ ਮੇਰੇ ਕੋਲੋਂ ਸ਼ਬਦ ਸੁਣਨ ਲਈ ਉਡੀਕਦੇ ਰਹਿੰਦੇ ਸੀ। ਕਾਲਜ ਵਿਚ ਬੀ.ਐੱਸ.ਸੀ ਕਰਨ ਤੋਂ ਬਾਅਦ ਜੰਮੂ ਯੂਨੀਵਰਸਿਟੀ ਵਿਚ ਫਿਜ਼ਿਕਸ ਦੀ ਐੱਮ.ਐੱਸ.ਸੀ ਕਰਨ ਦੌਰਾਨ ਮੈਂ ਪੰਜਾਬੀ ਵਿਭਾਗ ਵਿਚ ਆਉਣ ਜਾਣ ਲੱਗਾ। ਉੱਥੇ ਕਰਤਾਰ ਸਿੰਘ ਸੂਰੀ ਅਤੇ ਯੂਨੀਵਰਸਿਟੀ ਵਿਚਲੇ ਹੋਰ ਸਾਹਿਤਕਾਰਾਂ ਨਾਲ ਮੁਲਾਕਾਤ ਹੋਈ। ਇਹ ਦਾਇਰਾ ਹੋਰ ਪਸਰਿਆ ਅਤੇ ਏਥੇ ਹੀ ਮੇਰੀ ਪਹਿਚਾਣ ਡਾ. ਅਤਰ ਸਿੰਘ ਅਤੇ ਡਾ. ਤਿਵਾੜੀ ਅਤੇ ਸ਼ਾਇਰਾ ਸੁਰਜੀਤ ਸਖੀ ਨਾਲ ਹੋਈ। ਇਨ੍ਹਾਂ ਸ਼ੁਰੂਆਤੀ ਦਿਨਾਂ ਵਿਚ ਮਿਲੇ ਉਤਸ਼ਾਹ ਅਤੇ ਪਿਆਰ ਨੇ ਪੰਜਾਬੀ ਵਿਚ ਲਿਖਣ ਲਈ ਮੇਰਾ ਮਨ ਪੱਕਾ ਕਰ ਦਿੱਤਾ।' 1992 ਵਿਚ ਅਸਿਸਟੈਂਟ ਪ੍ਰੋਫੈਸਰ ਦੀ ਨੌਕਰੀ ਤੋਂ ਅਸਤੀਫ਼ਾ ਦੇ ਕਿ ਉਹ ਅਮਰੀਕਾ ਆ ਗਏ। ਏਥੋਂ ਦੇ ਪੰਜਾਬੀ ਲੇਖਕਾਂ ਨੂੰ ਇਕੱਠੇ ਕਰ ਕੇ ਸਾਹਿਤ ਸਭਾ ਦਾ ਗਠਨ ਕਰਨ ਦੇ ਯਤਨ ਕੀਤੇ ਅਤੇ ਬਾਅਦ ਵਿਚ ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਬਣਨ ਵੇਲੇ ਵੀ ਇਸਦੇ ਮੁੱਢਲੇ ਅਤੇ ਮੋਢੀ ਮੈਂਬਰ ਰਹੇ ਹਨ। ਉਨ੍ਹਾਂ ਦੀਆਂ ਪੰਜਾਬੀ ਗ਼ਜ਼ਲ ਅਤੇ ਕਵਿਤਾ ਦੀਆਂ 6 ਕਿਤਾਬਾਂ ਛਪੀਆਂ ਹਨ। ਇਕ ਨਾਵਲ ਵੀ ਲਿਖਿਆ ਹੈ। ਉਨ੍ਹਾਂ ਕਿਹਾ ਕਿ ਉਹ ਆਪਣੇ ਸਾਹਿਤਕ ਅਤੇ ਨਿੱਜੀ ਜੀਵਨ ਤੋਂ ਪੂਰੀ ਤਰ੍ਹਾਂ ਸੰਤੁਸ਼ਟ ਹਨ।

ਰਾਤ ਦੀ ਓਟ 'ਚ ਹੁੰਦਾ ਏ ਤੇਰਾ ਚੀਰ ਹਰਨ
ਜਾਗਦੇ ਰਹਿਣਾ ਤੇ ਹੋਰਾਂ ਨੂੰ ਜਗਾ ਕੇ ਰੱਖਣਾ।
ਇਹ ਨਗਰ ਮੇਰਾ ਨਾ ਜ਼ਮੀਂ ਮੇਰੀ
ਨਾ ਹੀ ਮੇਰਾ ਕੋਈ ਅਕਾਸ਼ ਹੈ।
ਮੈਂ ਕਿਸ ਅਦਿੱਸ ਵਿਚ ਭਟਕ ਰਿਹਾਂ
ਮੈਨੂੰ ਆਪਣੇ ਘਰ ਦੀ ਤਲਾਸ਼ ਹੈ।

ਸੁਖਵਿੰਦਰ ਕੰਬੋਜ ਨੇ ਕਿਹਾ ਕਿ ਸੀਰਤ ਦੀ ਗ਼ਜ਼ਲਾਂ ਦੀ ਪੁਸਤਕ ਕੁਰੂਕਸ਼ੇਤਰ ਯੂਨੀਵਰਸਿਟੀ ਵਿਚ ਪੜ੍ਹਾਈ ਜਾ ਰਹੀ ਹੈ। ਜਗਜੀਤ ਨੇ ਕਿਹਾ ਕਿ ਕੈਲੀਫ਼ੋਰਨੀਆ ਵਿਚ ਨਵੇਂ ਲੇਖਕਾਂ ਨੂੰ ਪੰਜਾਬੀ ਸਾਹਿਤਕਾਰਾਂ ਨਾਲ ਜੋੜਣ ਵਿਚ ਸੀਰਤ ਨੇ ਅਹਿਮ ਭੂਮਿਕਾ ਨਿਭਾਈ ਹੈ। ਸਮਾਗਮ ਵਿਚ ਉਨ੍ਹਾਂ ਦੀ ਪਤਨੀ ਹਰਮਿੰਦਰ ਕੌਰ ਆਹਲੂਵਾਲੀਆ ਅਤੇ ਬੇਟੀਆਂ ਹਰਜਸਲੀਨ, ਜੀਨੂੰ ਅਤੇ ਦੋਹਤਰੀ ਰਾਣੀਆਂ ਵੀ ਹਾਜ਼ਰ ਸਨ।

ਇਸ ਮੌਕੇ ਚਾਰ ਕਿਤਾਬਾਂ - ਕੈਨੇਡਾ ਵਾਸੀ ਸ਼ਾਇਰਾ ਬਿੰਦੂ ਦਲਵੀਰ ਕੌਰ ਦੀ ਸ਼ਾਇਰੀ "ਹਰਫ਼ ਇਲਾਹੀ", ਕੈਨੇਡਾ ਵਾਸੀ ਗ਼ਜ਼ਲਕਾਰ ਪਾਲ ਢਿਲੋਂ ਦਾ ਗ਼ਜ਼ਲ ਸੰਗ੍ਰਹਿ 'ਸੁਪਨੇ ਵਾਲੀਆਂ ਅੱਖਾਂ', ਫਰਿਜ਼ਨੋ ਵਾਸੀ ਅਸ਼ਰਫ਼ ਗਿੱਲ ਦੀ ਕਿਤਾਬ "ਪੰਜਾਬੀ ਗ਼ਜ਼ਲਾਂ ਦੀ ਚੋਣਵੀਂ ਕਿਤਾਬ" ਅਤੇ ਪੰਜਾਬ ਤੋਂ ਮਹੰਤ ਹਰਪਾਲ ਦਾਸ ਦੀ "ਲਫ਼ਜ਼ਾਂ ਦੀ ਲੋਅ' , ਅਵਤਾਰ ਗੋਂਦਾਰਾ, ਸੰਤੋਖ ਸਿੰਘ ਮਿਨਹਾਸ, ਗੁਰਪ੍ਰੀਤ ਧੁੱਗਾ, ਅਸ਼ੋਕ ਭੌਰਾ, ਬੀਬੀ ਸੁਰਜੀਤ ਕੌਰ, ਹਰਪ੍ਰੀਤ ਕੌਰ ਧੂਤ, ਅਮਰਜੀਤ ਪੰਨੂ, ਜੋਤੀ ਸਿੰਘ ਨੇ ਲੋਕ ਅਰਪਣ ਕੀਤੀਆਂ।

ਦੂਜੇ ਸੈਸ਼ਨ ਵਿਚ ਪ੍ਰਧਾਨਗੀ ਮੰਡਲ 'ਚ ਦਵਿੰਦਰ ਗੌਤਮ, ਨਛੱਤਰ ਸਿੰਘ ਭੋਗਲ, ਹਰਪ੍ਰੀਤ ਕੌਰ ਧੂਤ, ਰਾਜਵੰਤ ਰਾਜ ਨੂੰ ਸ਼ਾਮਲ ਕੀਤਾ ਗਿਆ। ਇਸ ਸੈਸ਼ਨ ਵਿਚ ਕੈਨੇਡਾ ਵਾਸੀ ਲੇਖਕ ਰਾਜਵੰਤ ਨੂੰ ਸਟੇਜ 'ਤੇ ਸੱਦਾ ਦਿੰਦਿਆਂ ਜਗਜੀਤ ਨੌਸ਼ਹਿਰਵੀ ਨੇ ਕਿਹਾ ਕਿ ਰਾਜ ਪੰਜਾਬੀ ਗ਼ਜ਼ਲ ਦਾ ਸਹਿਜ, ਸੰਜੀਦਾ ਅਤੇ ਪੁਖ਼ਤਾ ਸ਼ਾਇਰ ਹੈ। ਰਾਜਵੰਤ ਨੇ ਕਿਹਾ ਕਿ ਉਸ ਨੇ ਕੈਨੇਡਾ ਵਿਚ 25 ਕੁ ਸਾਲ ਪਹਿਲਾਂ ਸਭਾਵਾਂ ਵਿਚ ਸ਼ਿਰਕਤ ਕਰਨ ਤੋਂ ਬਾਅਦ ਲਿਖਣਾ ਸ਼ੁਰੂ ਕੀਤਾ ਸੀ। ਉਨ੍ਹਾਂ ਨੇ ਆਪਣੀਆਂ ਕਈ ਗ਼ਜ਼ਲਾਂ ਸੁਣਾ ਕੇ ਸਰੋਤਿਆਂ ਦੀ ਦਾਦ ਵਸੂਲੀ।

ਪੰਜਾਬੀ ਗ਼ਜ਼ਲ ਦੇ ਸੁਰੀਲੇ ਗਾਇਕ ਸੁਖਦੇਵ ਸਾਹਿਲ ਨੇ ਰਾਜ ਦੀ ਇੱਕ ਗ਼ਜ਼ਲ ਸੁਣਾਈ:

ਨਜ਼ਾਰਾ ਹੀ ਸੀ ਕੁਝ ਐਸਾ ਕਿ ਸਾਰੇ ਦੇਖਦੇ ਰਹਿ ਗਏ
ਮੈਂ ਮੱਥਾ ਚੁੰਮਿਆ ਚੰਨ ਦਾ ਸਿਤਾਰੇ ਦੇਖਦੇ ਰਹਿ ਗਏ।

ਅਗਲੀ ਮੁਲਾਕਾਤ ਗ਼ਜ਼ਲ ਮੰਚ ਸਰੀ ਦੇ ਸਿਰਕੱਢ ਮੈਂਬਰ ਅਤੇ ਗ਼ਜ਼ਲਕਾਰ ਦਵਿੰਦਰ ਗੌਤਮ ਨਾਲ ਸੀ। ਗੌਤਮ ਦਾ ਗ਼ਜ਼ਲ ਸੰਗ੍ਰਹਿ 'ਸੁਪਨੇ ਸੌਣ ਨਾ ਦਿੰਦੇ' ਕੁਝ ਚਿਰ ਪਹਿਲਾਂ ਹੀ ਆਇਆ ਹੈ ਪਰ ਸ਼ਾਇਰ ਵਜੋਂ ਉਸਦੀ ਚੰਗੀ ਪਹਿਚਾਣ ਪਹਿਲਾਂ ਹੀ ਬਣ ਚੁੱਕੀ ਹੈ।




ਸਿਪਾਹੀ ਹਾਂ ਮੈਂ ਕਿਥੋਂ ਦਾ, ਤੇ ਮੇਰਾ ਕੌਣ ਹੈ ਦੁਸ਼ਮਣ।
ਸਮੁੰਦਰ ਪਾਰ ਲੜਨੇ ਨੂੰ, ਮੈਂ ਕਿਹੜੀ ਜੰਗ ਆਇਆ ਹਾਂ।
ਇਹੋ ਮੇਰੀ ਉਦਾਸੀ ਹੈ, ਇਹ ਮੇਰਾ ਬੋਧ ਤੇ ਦਰਸ਼ਨ,



ਨਵੇਂ ਯੁਗ ਦਾ ਮੈਂ ਗੋਤਮ ਹਾਂ, ਕਿ ਪਤਨੀ ਸੰਗ ਆਇਆ ਹਾਂ।

ਬਰਮਿੰਘਮ ਤੋਂ ਪਹੁੰਚੇ ਕਵੀ ਨਛੱਤਰ ਭੋਗਲ ਨੇ ਦੱਸਿਆ ਕਿ ਉਹ ਬਾਈ-ਤੇਈ ਸਾਲ ਦੀ ਉਮਰ ਵਿਚ ਇੰਡੀਆ ਤੋਂ ਇੰਗਲੈਂਡ ਆ ਗਏ ਸਨ। ਮੁੱਖ ਤੌਰ 'ਤੇ ਗੀਤ ਅਤੇ ਛੰਦਬੱਧ ਕਵਿਤਾਵਾਂ ਲਿਖੀਆਂ ਹਨ। ਅੱਜ ਦੀ ਮਿਲਣੀ ਮੇਰੇ ਲਈ ਹੱਜ ਦੇ ਬਰਾਬਰ ਹੈ। ਕਵਿਤਾਵਾਂ ਸੁਣਾਉਣ ਤੋਂ ਪਹਿਲਾਂ ਉਨ੍ਹਾਂ ਸਰੋਤਿਆਂ ਨੂੰ ਸ਼ਰਾਰਤੀ ਲਹਿਜ਼ੇ 'ਚ ਕਿਹਾ ਕਿ ਮੇਰੀ ਕਵਿਤਾ ਲੰਮੀ ਹੁੰਦੀ ਹੈ। ਉਨ੍ਹਾਂ ਆਪਣੀਆਂ ਤਿੰਨ ਕਵਿਤਾਵਾਂ ਸਰੋਤਿਆਂ ਨੂੰ ਸੁਣਾਈਆਂ ਜੋ ਬਹੁਤ ਸਲਾਹੀਆਂ ਗਈਆਂ।

ਸੁਖਦੇਵ ਸਾਹਿਲ ਨੇ ਉਨ੍ਹਾਂ ਦੀ ਨਜ਼ਮ
"ਸੁੱਖਾਂ ਵਿੱਚ ਘਨੇਰੇ ਸਾਥੀ
ਦੁੱਖ ਵਿੱਚ ਟਾਵਾਂ-ਟਾਵਾਂ।" ਦਾ ਗਾਇਨ ਕੀਤਾ।

ਵਿਪਸਾਅ ਮੈਂਬਰਾਂ ਵਲੋਂ ਤਿੰਨਾਂ ਆਏ ਮਹਿਮਾਨ ਲੇਖਕਾਂ ਦਾ ਲੋਈਆਂ ਦੇ ਕੇ ਸਨਮਾਨ ਕੀਤਾ ਗਿਆ। ਕੁਲਵਿੰਦਰ ਨੇ ਹਾਜ਼ਰ ਮਹਿਮਾਨਾਂ, ਲੇਖਕਾਂ ਅਤੇ ਸਰੋਤਿਆਂ ਦਾ ਧੰਨਵਾਦ ਕੀਤਾ।

ਕਵੀ ਦਰਬਾਰ ਵਿਚ ਹਰਭਜਨ ਢਿੱਲੋਂ, ਪ੍ਰਿੰਸੀਪਲ ਹਜ਼ੂਰਾ ਸਿੰਘ, ਐਸ਼ ਕੁਮ ਐਸ਼, ਚਰਨਜੀਤ ਸਿੰਘ ਪੰਨੂੰ, ਗਗਨਦੀਪ ਮਾਹਲ, ਸੰਤੋਖ ਸਿੰਘ ਮਿਨਹਾਸ, ਹਰਜਿੰਦਰ ਕੰਗ, ਅਵਤਾਰ ਗੋਂਦਾਰਾ, ਜੋਤੀ ਸਿੰਘ, ਨੰਨੂ ਸਹੋਤਾ, ਮਨਦੀਪ ਗੋਰਾ, ਰਮਨ, ਮਹਿੰਦਰ ਸਿੰਘ ਸੰਘੇੜਾ, ਬੀਬੀ ਸੁਰਜੀਤ ਕੌਰ, ਹਰਪ੍ਰੀਤ ਕੌਰ ਧੂਤ, ਮੁਕੇਸ਼ ਕੁਮਾਰ, ਸੁਰਜੀਤ ਸਖੀ, ਕੁਲਵਿੰਦਰ, ਲਾਜ ਨੀਲਮ ਸੈਣੀ, ਸੁਖਵਿੰਦਰ ਕੰਬੋਜ, ਅਤੇ ਜਗਜੀਤ ਨੌਸ਼ਹਿਰਵੀ ਨੇ ਆਪਣੀਆਂ ਰਚਨਾਵਾਂ ਸਾਂਝੀਆਂ ਕੀਤੀਆਂ। ਤਤਿੰਦਰ ਕੌਰ ਨੇ ਕਹਾਣੀ ਪੇਸ਼ ਕੀਤੀ। ਹੋਰਨਾਂ ਤੋਂ ਇਲਾਵਾ ਪ੍ਰੋ. ਸੁਖਦੇਵ ਸਿੰਘ, ਸੁਰਿੰਦਰ ਸਿੰਘ ਧਨੋਆ, ਪ੍ਰੋ. ਬਲਜਿੰਦਰ ਸਿੰਘ ਸਵੈਚ, ਸਰਬਜੀਤ ਕੌਰ ਚੀਮਾ, ਮਨਜੀਤ ਪਲੇਹੀ, ਦਰਸ਼ ਢਿਲੋਂ ਸਮਾਗਮ ਵਿੱਚ ਸ਼ਾਮਲ ਹੋਏ। ਸਮੁੱਚੇ ਪ੍ਰੋਗਰਾਮ ਦਾ ਸੰਚਾਲਨ ਜਗਜੀਤ ਨੌਸ਼ਹਿਰਵੀ ਨੇ ਬਾਖ਼ੂਬੀ ਨਿਭਾਇਆ।


*ਜਗਜੀਤ ਨੌਸ਼ਹਿਰਵੀ ਅਤੇ*
*ਲਾਜ ਨੀਲਮ ਸੈਣੀ (ਸਕੱਤਰ)*
*ਵਿਸ਼ਵ ਪੰਜਾਬੀ ਸਾਹਿਤ ਅਕਾਦਮੀ, ਕੈਲੀਫ਼ੋਰਨੀਆ*
*510-676-1565*

## ਡਾ. ਪਿਆਰੇ ਲਾਲ ਗਰਗ ਨਾਲ 'ਪੰਜਾਬ, ਸਿਆਸਤ ਅਤੇ ਪੰਜਾਬੀਅਤ' ਬਾਰੇ ਵਿਚਾਰ ਚਰਚਾ

**ਫਰਿਜ਼ਨੋ (ਕੁਲਵੰਤ ਧਾਲੀਆਂ/ਨੀਟਾ ਮਾਛੀਕੇ):** ਪੰਜਾਬ ਅਤੇ ਪੰਜਾਬੀਅਤ ਨਾਲ ਮੋਹ ਰੱਖਣ ਵਾਲੇ, ਬਹੁ-ਪੱਖੀ ਸ਼ਖ਼ਸੀਅਤ ਅਤੇ ਉੱਘੇ ਵਿਦਵਾਨ ਡਾ. ਪਿਆਰੇ ਲਾਲ ਗਰਗ ਅਮਰੀਕਾ ਫੇਰੀ 'ਤੇ ਆਏ ਹੋਏ ਸਨ, ਜਿਨ੍ਹਾਂ ਨੇ ਕੈਲੀਫੋਰਨੀਆ ਦੇ ਵੱਖ-ਵੱਖ ਸ਼ਹਿਰਾਂ ਵਿਚ ਭਾਈਚਾਰੇ ਦੇ ਲੋਕਾਂ ਨਾਲ ਮੀਟਿੰਗਾਂ ਕੀਤੀਆਂ। ਇਸੇ ਲੜੀ ਅਧੀਨ ਸਿੱਖ ਕੌਂਸਲ ਆਫ ਸੈਂਟਰਲ ਕੈਲੀਫੋਰਨੀਆ ਦੁਆਰਾ ਬੀਤੇ ਦਿਨੀਂ ਸਮੂਹ ਮੈਂਬਰਾਂ ਦੇ ਸਹਿਯੋਗ ਨਾਲ ਉਨ੍ਹਾਂ ਨੂੰ ਫਰਿਜ਼ਨੋ ਦੇ ਤੰਦੂਰੀ ਨਾਈਟ ਰੈਸਟੋਰੈਂਟ ਵਿਚ ਦੁਪਹਿਰ ਦੇ ਖਾਣੇ 'ਤੇ ਬੁਲਾਇਆ ਗਿਆ, ਜਿੱਥੇ ਕੌਂਸਲ ਦੇ ਆਗੂ ਸੁਖਦੇਵ ਸਿੰਘ ਚੀਮਾ ਨੇ ਸਭ ਨੂੰ ਜੀ ਆਇਆਂ ਕਿਹਾ। ਇਸ ਤੋਂ ਬਾਅਦ ਸਭ ਦੀ ਜਾਣ-ਪਛਾਣ ਨਾਲ ਵਿਚਾਰ ਚਰਚਾ ਸ਼ੁਰੂ ਹੋਈ।

ਹਾਜ਼ਰ ਮੈਂਬਰਾਂ ਨੇ ਡਾ. ਪਿਆਰੇ ਲਾਲ ਗਰਗ ਨਾਲ ਭਾਈਚਾਰਕ, ਸਮਾਜਿਕ, ਧਾਰਮਿਕ ਅਤੇ ਰਾਜਨੀਤਕ ਵਿਸ਼ਿਆਂ 'ਤੇ ਵਿਚਾਰਾਂ ਦੀ ਸਾਂਝ ਪਾਈ। ਉਨ੍ਹਾਂ ਸਿੱਖ ਕੌਂਸਲ ਆਫ ਕੈਲੀਫੋਰਨੀਆ ਦੇ ਸਮੂਹ ਮੈਂਬਰਾਂ ਦੇ ਸਵਾਲਾਂ ਦੇ ਜਵਾਬ ਦਿੱਤੇ ਅਤੇ ਵੱਖ-ਵੱਖ ਹਾਲਾਤ ਬਾਰੇ ਵੀ ਵਿਚਾਰ ਚਰਚਾ ਹੋਈ, ਜਿਸ ਵਿਚ ਭਾਰਤ ਦੀ ਆਜ਼ਾਦੀ ਅਤੇ ਉੱਥੋਂ ਦੇ ਲੋਕ, ਮੌਜੂਦਾ ਸਰਕਾਰਾਂ ਦੇ ਕਾਰ-ਵਿਹਾਰ, ਲੋਕਾਂ ਦੀ ਤ੍ਰਾਸਦੀ ਆਦਿਕ ਵਿਸ਼ੇ ਸ਼ਾਮਲ ਸਨ।

ਇਸ ਖਾਣੇ ਦੀ ਇਕੱਤਰਤਾ ਅਤੇ ਖੁੱਲ੍ਹੀ ਵਿਚਾਰ ਚਰਚਾ ਕਰਨ ਲਈ ਡਾ. ਪਿਆਰੇ ਲਾਲ ਗਰਗ ਨੇ ਸਿੱਖ ਕੌਂਸਲ ਆਫ ਸੈਂਟਰਲ ਕੈਲੀਫੋਰਨੀਆ ਦਾ ਧੰਨਵਾਦ ਕੀਤਾ। ਡਾ. ਗਰਗ ਦਾ ਧੰਨਵਾਦ ਕਰਨ ਵਾਲੇ ਬੁਲਾਰਿਆਂ ਵਿਚ ਸੁਖਦੇਵ ਸਿੰਘ ਚੀਮਾ, ਚਰਨਜੀਤ ਸਿੰਘ ਬਾਠ, ਪਰਮਪਾਲ ਸਿੰਘ ਆਦਿ ਸ਼ਾਮਲ ਸਨ। ਸਿੱਖ ਕੌਂਸਲ ਦੇ ਬਾਕੀ ਮੈਂਬਰਾਂ ਵਿਚ ਰਾਜਵਿੰਦਰ ਸਿੰਘ ਬਰਾੜ, ਗੁਰਜੰਟ ਸਿੰਘ ਗਿੱਲ, ਗੁਰਬਚਨ ਸਿੰਘ, ਭਰਪੂਰ ਸਿੰਘ ਧਾਲੀਵਾਲ, ਪਿਸ਼ੌਰਾ ਸਿੰਘ ਢਿੱਲੋਂ, ਚਰਨਜੀਤ ਸਿੰਘ ਸਹੋਤਾ, ਲਖਵਿੰਦਰ ਸਿੰਘ ਬਰਾੜ, ਹਰਜਿੰਦਰ ਸਿੰਘ ਢਿੱਲੋਂ, ਡਾ. ਹਰਚਰਨ ਸਿੰਘ ਚੰਨ, ਡਾ. ਅਜੀਤ ਸਿੰਘ ਖਹਿਰਾ, ਕੈਪਟਨ ਹਰਦੇਵ ਸਿੰਘ ਗਿੱਲ, ਗੁਰਦੇਵ ਸਿੰਘ ਮੁਹਾਰ, ਸਤਵਿੰਦਰ ਸਿੰਘ ਬਲਗਨ, ਕੁਲਵੰਤ ਉੱਭੀ, ਸਰਵਨ ਕੁਮਾਰ ਵਾਸਲ ਆਦਿ ਸ਼ਾਮਲ ਹਨ।





# ਅਮੋਲਕ ਸਿੰਘ ਗਾਖਲ ਵਲੋਂ ਗੁਰਦੁਆਰਾ ਸੈਨ ਹੋਜ਼ੇ ਦੀ ਪ੍ਰਬੰਧਕ ਕਮੇਟੀ ਨਾਲ ਕਬੱਡੀ ਵਰਲਡ ਕੱਪ ਸਬੰਧੀ ਮੁਲਾਕਾਤ

**ਸੈਨਹੋਜ਼ੇ (ਬਿਊਰੋ)**: ਉੱਘੇ ਕਬੱਡੀ ਪ੍ਰਮੋਟਰ, ਯੂਨਾਈਟਡ ਸਪੋਰਟਸ ਕਲੱਬ ਦੇ ਸਰਪ੍ਰਸਤ ਅਤੇ ਗਾਖਲ ਗਰੁੱਪ ਦੇ ਚੇਅਰਮੈਨ ਸ. ਅਮੋਲਕ ਸਿੰਘ ਗਾਖਲ ਬੀਤੇ

**** 17 ਸਤੰਬਰ 2023 ਨੂੰ ਯੂਨੀਅਨ ਸਿਟੀ ਦੇ ਲੋਗਨ ਹਾਈ ਸਕੂਲ 'ਚ ਹੋਵੇਗਾ ਵਰਲਡ ਕਬੱਡੀ ਕੱਪ***

ਦਿਨੀਂ ਗੁਰਦੁਆਰਾ ਸਾਹਿਬ ਸੈਨ ਹੋਜ਼ੇ ਵਿਖੇ ਨਤਮਸਤਕ ਹੋਏ।

ਇਸ ਮੌਕੇ ਉਨ੍ਹਾਂ ਨੇ ਗੁਰਦੁਆਰਾ ਸਾਹਿਬ ਦੀ ਕਮੇਟੀ ਨਾਲ 17 ਸਤੰਬਰ 2023 ਦਿਨ ਐਤਵਾਰ ਨੂੰ ਯੂਨੀਅਨ ਸਿਟੀ ਦੇ ਲੋਗਨ ਹਾਈ ਸਕੂਲ 'ਚ ਕਰਵਾਏ ਜਾ ਰਹੇ




ਵਰਲਡ ਕਬੱਡੀ ਕੱਪ ਸਬੰਧੀ ਵਿਚਾਰ ਵਟਾਂਦਰਾ ਕੀਤਾ। ਇਸ ਮੌਕੇ ਕਮੇਟੀ ਦੇ ਪ੍ਰਧਾਨ ਬੌਬ ਢਿੱਲੋਂ ਅਤੇ ਅਹੁਦੇਦਾਰਾਂ ਨੇ ਜਿੱਥੇ ਟੂਰਨਾਮੈਂਟ ਲਈ ਆਰਥਿਕ ਸਹਿਯੋਗ ਦਿੱਤਾ ਉੱਥੇ ਸਮੂਹ ਸੰਗਤ ਨੂੰ ਇਸ ਕਬੱਡੀ ਖੇਡ ਮੇਲੇ ਵਿਚ ਸ਼ਾਮਿਲ ਹੋਣ ਦੀ ਅਪੀਲ ਵੀ ਕੀਤੀ।

ਬੌਬ ਢਿੱਲੋਂ ਨੇ ਦੱਸਿਆ ਕਿ ਗੁਰਦੁਆਰਾ ਸਾਹਿਬ ਵਲੋਂ ਪਹਿਲਾਂ ਦੀ ਤਰ੍ਹਾਂ ਸੰਗਤ ਦੇ ਸਹਿਯੋਗ ਨਾਲ ਇਸ ਖੇਡ ਮੇਲੇ ਵਿਚ ਗੁਰੂ ਕੇ ਲੰਗਰਾਂ ਦਾ ਯੋਗਦਾਨ ਵੀ ਪਾਇਆ ਜਾਵੇਗਾ। ਅਮੋਲਕ ਸਿੰਘ ਗਾਖਲ ਨੇ ਸਮੂਹ ਪ੍ਰਬੰਧਕ ਕਮੇਟੀ ਅਤੇ ਸੰਗਤ ਦਾ ਧੰਨਵਾਦ ਕੀਤਾ ਅਤੇ ਟੂਰਨਾਮੈਂਟ ਦੀ ਕਾਮਯਾਬੀ ਲਈ ਅਕਾਲ ਪੁਰਖ ਅੱਗੇ ਅਰਦਾਸ ਵੀ ਕੀਤੀ। ਉਨ੍ਹਾਂ ਨੇ ਸੰਗਤ ਨੂੰ ਹੁੰਮ ਹੁਮਾ ਕੇ ਮੇਲੇ ਵਿਚ ਪੁੱਜਣ ਦੀ ਅਪੀਲ ਕੀਤੀ।

# ਕਬੱਡੀ ਕੱਪ 'ਚ ਕੈਲੀਫੋਰਨੀਆ ਕਬੱਡੀ ਫੈੱਡਰੇਸ਼ਨ ਆਫ ਯੂ.ਐੱਸ.ਏ ਦਾ ਹੋਵੇਗਾ ਵਿਸ਼ੇਸ਼ ਸਹਿਯੋਗ: ਗਾਖਲ

**ਵਾਟਸਨਵਿੱਲ (ਬਿਊਰੋ):** ਉੱਘੇ ਕਬੱਡੀ ਪ੍ਰਮੋਟਰ ਅਤੇ ਯੂਨਾਈਟਡ ਸਪੋਰਟਸ ਕਲੱਬ ਦੇ ਸਰਪ੍ਰਸਤ ਤੇ ਗਾਖਲ ਗਰੁੱਪ ਦੇ ਚੇਅਰਮੈਨ ਸ. ਅਮੋਲਕ ਸਿੰਘ ਗਾਖਲ ਨੇ ਕਿਹਾ





*ਅਮੋਲਕ ਸਿੰਘ ਗਾਖਲ* — *ਸੁਰਿੰਦਰ ਸਿੰਘ ਅਟਵਾਲ* — *ਤੀਰਥ ਸਿੰਘ ਗਾਖਲ*

ਕਿ ਅੱਜ ਸੰਗਤਾਂ ਨਾਲ ਇਹ ਖਬਰ ਸਾਂਝੀ ਕਰਨ ਦੀ ਖੁਸ਼ੀ ਲੈ ਰਿਹਾ ਹਾਂ ਕਿ ਯੂਨਾਈਟਡ ਸਪੋਰਟਸ ਕਲੱਬ ਅਤੇ ਗਾਖਲ ਗਰੁੱਪ ਵਲੋਂ 17 ਸਤੰਬਰ, 2023 ਦਿਨ ਐਤਵਾਰ ਨੂੰ ਯੂਨੀਅਨ ਸਿਟੀ ਵਿਚ ਕਰਵਾਏ ਜਾ ਰਹੇ 16ਵੇਂ ਵਿਸ਼ਵ ਕਬੱਡੀ ਕੱਪ ਵਿਚ ਹੁਣ ਕੈਲੀਫੋਰਨੀਆ ਕਬੱਡੀ ਫੈੱਡਰੇਸ਼ਨ ਆਫ ਯੂ.ਐੱਸ.ਏ ਦਾ ਵੀ ਵਿਸ਼ੇਸ਼ ਸਹਿਯੋਗ ਹੋਵੇਗਾ।

ਫੈੱਡਰੇਸ਼ਨ ਦੇ ਪ੍ਰਧਾਨ ਸੁਰਿੰਦਰ ਸਿੰਘ ਅਟਵਾਲ ਅਤੇ ਟੈਕਨੀਕਲ ਆਫੀਸ਼ੀਅਲ ਤੀਰਥ ਸਿੰਘ ਗਾਖਲ ਨੇ ਦੱਸਿਆ ਕਿ ਯੂਨੀਅਨ ਸਿਟੀ ਵਿਸ਼ਵ ਕਬੱਡੀ ਕੱਪ ਵਿਚ ਖੇਡਣ ਵਾਲੇ ਦੁਨੀਆ ਦੇ ਸਾਰੇ ਸੁਪਰ ਸਟਾਰ ਬਾਅਦ ਵਿਚ ਬੇਕਰਸਫੀਲਡ, ਮਡੈਸਟੋ ਅਤੇ ਸੈਕਰਾਮੈਂਟੋ ਕਬੱਡੀ ਕੱਪਾਂ ਵਿਚ ਵੀ ਖੇਡ ਦਰਸ਼ਕਾਂ ਦਾ ਮਨੋਰੰਜਨ ਕਰਨਗੇ। ਸੁਰਿੰਦਰ ਸਿੰਘ ਅਟਵਾਲ ਨੇ ਖੇਡ ਦਰਸ਼ਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਇਹ ਉਨ੍ਹਾਂ ਦਾ ਆਪਣਾ ਖੇਡ ਮੇਲਾ ਹੈ, ਸਵੇਰੇ ਠੀਕ 10:00 ਵਜੇ ਸਰਬੱਤ ਦੇ ਭਲੇ ਦੀ ਅਰਦਾਸ ਨਾਲ ਮੁਕਾਬਲੇ ਸ਼ੁਰੂ ਹੋ ਜਾਣਗੇ ਅਤੇ ਸਮੇਂ ਨਾਲ ਹੀ ਸਮਾਪਤ ਹੋਣਗੇ। ਮੱਖਣ ਸਿੰਘ ਬੈਂਸ ਚੇਅਰਮੈਨ, ਇਕਬਾਲ ਸਿੰਘ ਗਾਖਲ ਵਾਈਸ ਚੇਅਰਮੈਨ ਅਤੇ ਜੁਗਰਾਜ ਸਿੰਘ ਸਹੋਤਾ ਪ੍ਰਧਾਨ ਨੇ ਸਮੂਹ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਸਮੇਂ ਸਿਰ ਟੂਰਨਾਮੈਂਟ ਵਿਚ ਪਹੁੰਚ ਕੇ ਖੇਡ ਕਬੱਡੀ ਦਾ ਅਨੰਦ ਮਾਣਨ।


ਵਿਸ਼ਵ ਪੰਜਾਬੀ ਸਾਹਿਤ ਅਕਾਦਮੀ
(ਬੇਅ ਏਰੀਆ-ਕੈਲੀਫ਼ੋਰਨੀਆ)

22ਵੀਂ ਅੰਤਰ ਰਾਸ਼ਟਰੀ ਦੋ ਰੋਜ਼ਾ ਕਾਨਫ਼ਰੰਸ

ਮਿਤੀ: 28-29 ਅਕਤੂਬਰ, 2023
ਸਮਾਂ ਤੇ ਸਥਾਨ ਜਲਦੀ ਨਿਸ਼ਚਤ ਕੀਤਾ ਜਾਵੇਗਾ

ਇਸ ਕਾਨਫ਼ਰੰਸ ਵਿਚ ਇੰਡੀਆ, ਕੈਨੇਡਾ, ਆਸਟਰੇਲੀਆ ਤੋਂ ਇਲਾਵਾ ਅਮਰੀਕਾ ਤੋਂ ਵਿਦਵਾਨ ਅਤੇ ਲੇਖਕ ਸ਼ਾਮਲ ਹੋਣਗੇ।

ਜਾਰੀ ਕਰਤਾ:
ਕੁਲਵਿੰਦਰ (ਪ੍ਰਧਾਨ) 510-367-2090
ਜਗਜੀਤ (ਜਨਰਲ ਸਕੱਤਰ)-510-676-1565



One stop shop for all your taxi needs

The Friendly Group Ltd.
Chelsea Taxi Brokers

*All types of insurance*
** Medallion transfers*
** Accident claims*
** Taxi Stand Facility available*

Ph: 212-947-9833, 212-695-0601

We are here at your service to sell and buy or insure medallions and we are in business to help our Punjabi Community since last 40 years.

*Ask us about Purchase or new buyer and financing.




*40 ਸਾਲਾਂ ਤੋਂ ਭਾਈਚਾਰੇ ਦੀ ਸੇਵਾ ਵਿਚ*

*ਟੈਕਸੀ ਮਡਾਲੀਅਨ ਖਰੀਦਣ, ਵੇਚਣ ਜਾਂ ਲੀਜ਼ 'ਤੇ ਲੈਣ ਜਾਂ ਦੇਣ ਲਈ ਸਾਡਾ ਸੂਝਵਾਨ ਤੇ ਸੁਹਿਰਦ ਸਟਾਫ਼ ਤੁਹਾਨੂੰ ਵਾਜਬ ਕੀਮਤਾਂ ਦਿਵਾਉਣ ਲਈ ਹਰ ਯਤਨ ਕਰੇਗਾ।*

# ਬਦਨਸੀਬਾਂ ਦੀ ਦਰਦ ਕਹਾਣੀ

## ਕਲਾ ਪਰਿਕਰਮਾ

ਇਹ ਕਹਾਣੀ ਦਿੱਲੀ ਦੇ ਇਕ ਸਿੱਖ ਪ੍ਰੋਫੈਸਰ ਨੇ ਕੁਝ ਵਰ੍ਹੇ ਪਹਿਲਾਂ ਮੈਨੂੰ ਸੁਣਾਈ। ਚੀਨੀ ਮਾਮਲਿਆਂ ਦਾ ਚੰਗਾ ਜਾਣਕਾਰ ਹੋਣ ਦੇ ਨਾਤੇ ਉਹ ਅਕਸਰ ਚੀਨ ਜਾਂਦਾ ਰਹਿੰਦਾ ਸੀ। ਪਹਿਲੀ ਫੇਰੀ 2004 ਵਿਚ ਹੋਈ। ਪੰਦਰਾਂ ਦਿਨਾਂ ਦੀ ਇਸ ਫੇਰੀ ਦੌਰਾਨ ਉਹ ਸੱਤ ਕੁ ਦਿਨ ਦੱਖਣ ਪੂਰਬੀ ਚੀਨ ਦੇ ਤਿੰਨ ਸ਼ਹਿਰਾਂ ਵਿਚ ਰਿਹਾ। ਫਿਰ ਪੇਈਚਿੰਗ ਪਹੁੰਚ ਗਿਆ। ਉਥੇ ਉਸ ਦਾ ਕਿਆਮ ਛੇ ਦਿਨਾਂ ਦਾ ਸੀ। ਪਹਿਲੇ ਹਫ਼ਤੇ ਦੌਰਾਨ ਚੀਨੀ ਖਾਧ-ਖੁਰਾਕ ਦੇ ਵੱਖ-ਵੱਖ ਰੂਪ ਖਾ ਕੇ ਉਹ ਏਨਾ ਕੁ ਅੱਕ ਗਿਆ ਸੀ ਕਿ ਮਨ ਦਾਲ-ਫੁਲਕੇ ਲਈ ਤਰਸਣ ਲੱਗਾ। ਇਹ ਖੁਸ਼ਕਿਸਮਤੀ ਹੀ ਸੀ ਕਿ ਪੇਈਚਿੰਗ ਵਿਚ ਜਿਸ ਹੋਟਲ 'ਚ ਉਹ ਰੁਕਿਆ, ਉਸ ਦੇ ਐਨ ਸਾਹਮਣੇ ਸੜਕ ਪਾਰ ਫੁੱਟਪਾਥ 'ਤੇ ਨਾਨਬਾਈ ਦਾ ਠੇਲ੍ਹਾ ਸੀ। ਗਰਮ-ਗਰਮ ਨਾਨ ਲਹਿੰਦੇ ਦੇਖ ਕੇ ਉਹ ਵੀ ਉਥੇ ਪੁੱਜ ਗਿਆ। ਉਦੋਂ ਉਸ ਨੂੰ



**ਸੁਰਿੰਦਰ ਸਿੰਘ ਤੇਜ**
ਫੋਨ: +91-98555-01488

ਮੰਦਾਰਿਨ ਦੇ ਗਿਣੇ-ਚੁਣੇ ਸ਼ਬਦ ਹੀ ਆਉਂਦੇ ਸਨ। ਜਦੋਂ ਉਹ ਵੀ ਕੰਮ ਨਾ ਆਏ ਤਾਂ ਠੇਲ੍ਹੇ ਵਾਲਾ ਉਸ ਦੀ ਮੁਸ਼ਕਿਲ ਤਾੜ ਗਿਆ, ਬੋਲਿਆ: "ਇੰਦੂਸਤਾਨੀ?" ਫਿਰ ਉਸ ਨੇ ਚੀਨੀਨੁਮਾ ਫ਼ਾਰਸੀ ਦੇ ਕੁਝ ਸ਼ਬਦ ਬੋਲੇ ਜਿਨ੍ਹਾਂ ਵਿਚੋਂ 'ਖ਼ਤਾਈ', 'ਖ਼ਸਤਾ' ਤੇ 'ਕੀਮਾ' ਪ੍ਰੋਫੈਸਰ ਦੇ ਸਮਝ ਆਏ। ਏਨੇ 'ਚ ਉਸ ਨੇ ਗਰਮਾ-ਗਰਮ ਨਾਨ ਪ੍ਰੋਫੈਸਰ ਅੱਗੇ ਪਰੋਸ ਦਿੱਤਾ। ਸੁੱਕੇ ਮੇਵਿਆਂ, ਸਬਜ਼ੀਆਂ ਤੇ ਕੀਮੇ ਦੇ ਮਿਸ਼ਰਨ ਵਾਲਾ ਨਾਨ ਖਾ ਕੇ ਪ੍ਰੋਫੈਸਰ ਨਿਹਾਲ ਹੋ ਗਿਆ। ਉਸ ਨੇ ਰਾਤ ਵਾਸਤੇ ਵੀ ਇਕ ਪੈਕ ਕਰਵਾ ਲਿਆ। ਇਹੋ ਸਿਲਸਿਲਾ ਅਗਲੇ ਤਿੰਨ ਦਿਨ ਚਲਦਾ ਰਿਹਾ। ਵਾਰਤਾਲਾਪ ਤਾਂ ਬਹੁਤੀ ਸੰਭਵ ਨਹੀਂ ਸੀ ਪਰ ਠੇਲ੍ਹੇਵਾਲੇ ਨੇ ਏਨਾ ਕੁ ਦੱਸ ਦਿੱਤਾ ਕਿ ਉਹ ਮੂਲ ਚੀਨੀ ਨਹੀਂ, ਊਈਗਰ ਹੈ। ਇਸੇ ਤਰ੍ਹਾਂ ਹੋਟਲ ਦੀ ਅੰਗਰੇਜ਼ੀ ਜਾਣਦੀ ਇਕ ਰਿਸੈਪਸ਼ਨਿਸਟ ਨੇ ਇਹ ਜਾਣਕਾਰੀ ਦਿੱਤੀ ਕਿ ਊਈਗਰ ਲੋਕ ਸਰਕਾਰੀ ਕੰਮਾਂ-ਕਾਜਾਂ ਲਈ ਪੇਈਚਿੰਗ ਆਉਂਦੇ ਰਹਿੰਦੇ ਹਨ, ਉਨ੍ਹਾਂ ਦੀ ਸਹੂਲਤ ਵਾਸਤੇ ਕੁਝ ਠੇਲ੍ਹੇ ਵਾਲਿਆਂ ਨੂੰ ਪਰਮਿਟ ਮਿਲੇ ਹੋਏ ਹਨ। ਪੰਜਵੇਂ ਦਿਨ ਉਹ ਠੇਲ੍ਹਾ ਉੱਥੇ ਨਹੀਂ ਸੀ। ਛੇਵੇਂ ਦਿਨ ਵੀ ਉਹ ਗਾਇਬ ਸੀ। ਪ੍ਰੋਫੈਸਰ ਨੇ ਦੁਭਾਸ਼ੀਆ ਕੁੜੀ ਨੂੰ ਇਸ 'ਗ਼ੈਰ-ਹਾਜ਼ਰੀ' ਦਾ ਪਤਾ ਲਾਉਣ ਲਈ ਕਿਹਾ ਤਾਂ ਉਸ ਦਾ ਜਵਾਬ ਸੀ: "ਸਭ ਤੇਰੇ ਕਰ ਕੇ ਵਾਪਰਿਆ। ਸਰਕਾਰ ਨਹੀਂ ਚਾਹੁੰਦੀ ਕਿ ਕੋਈ ਊਈਗਰ ਕਿਸੇ ਭਾਰਤੀ ਨਾਲ ਗੱਲਬਾਤ ਕਰੇ। ... ਤੇਰੇ ਜਾਣ ਬਾਅਦ ਠੇਲ੍ਹਾ ਵਾਪਸ ਆ ਜਾਏਗਾ।" ਚਾਰ ਵਰ੍ਹੇ ਬਾਅਦ ਪ੍ਰੋਫੈਸਰ ਫਿਰ ਪੇਈਚਿੰਗ ਦੇ ਉਸੇ ਹੋਟਲ ਵਿਚ ਠਹਿਰਿਆ। ਉਦੋਂ ਠੇਲ੍ਹਾ ਉੱਥੇ ਨਹੀਂ ਸੀ। ਰਿਸੈਪਸ਼ਨਿਸਟ ਨੇ ਸੰਕੇਤ ਦੇ ਦਿੱਤਾ ਕਿ ਠੇਲ੍ਹਾ ਪਰਤੇਗਾ ਜ਼ਰੂਰ ਪਰ 'ਭਾਰਤੀ ਮਹਿਮਾਨ' ਦੇ ਪੇਈਚਿੰਗ ਛੱਡਣ ਤੋਂ ਬਾਅਦ।

ਪ੍ਰੋਫੈਸਰ ਦੀ ਸੁਣਾਈ ਕਹਾਣੀ 'ਤੇ ਉਦੋਂ ਬਹੁਤਾ ਯਕੀਨ ਨਹੀਂ ਸੀ ਆਇਆ ਪਰ ਹੁਣ ਊਈਗਰ ਕਵੀ ਤਾਹਿਰ ਹਮੂਤ ਇਜ਼ਗਿਲ ਦੀ ਕਿਤਾਬ 'ਵੇਟਿੰਗ ਟੂ ਬੀ ਅਰੈਸਟਿਡ ਐਟ ਨਾਈਟ' (ਰਾਤ ਵੇਲੇ ਗ੍ਰਿਫ਼ਤਾਰੀ ਦੀ ਉਡੀਕ) ਪੜ੍ਹਦਿਆਂ ਪ੍ਰੋਫੈਸਰ ਦੀ ਸੁਣਾਈ ਦ੍ਰਿਸ਼ਾਵਲੀ ਸੱਚੀ-ਸੁੱਚੀ ਜਾਪਦੀ ਹੈ। ਇਜ਼ਗਿਲ ਨੇ ਆਪਣੇ ਸੰਸਮਰਣ, ਊਈਗਰ ਭਾਸ਼ਾ ਵਿਚ ਲਿਖੇ ਜੋ ਤੁਰਕੀ ਜ਼ੁਬਾਨ ਦੀ ਹੀ ਇਕ ਸ਼ਾਖ਼ ਹੈ। ਇਨ੍ਹਾਂ ਦਾ ਅੰਗਰੇਜ਼ੀ ਅਨੁਵਾਦ ਜੋਸ਼ੂਆ ਫਰੀਮੈਨ ਨੇ ਕੀਤਾ ਜੋ ਤਾਇ-ਪੈ ਯੂਨੀਵਰਸਿਟੀ (ਤਾਇਵਾਨ) ਵਿਚ ਊਈਗਰ ਤੇ ਹੋਰ ਚੀਨੀ ਖੇਤਰੀ ਜ਼ੁਬਾਨਾਂ ਦਾ ਪ੍ਰੋਫੈਸਰ ਹੈ। ਇਜ਼ਗਿਲ ਇਸ ਸਮੇਂ ਅਮਰੀਕਾ ਵਿਚ ਜਲਾਵਤਨੀ ਭੋਗ ਰਿਹਾ ਹੈ। ਉਸ ਦੀ ਰੂਹ ਵਤਨ ਪਰਤਣ ਲਈ ਬੇਜ਼ਾਰ ਹੈ ਪਰ ਉਸ ਨੂੰ ਇਹ ਵੀ ਪਤਾ ਹੈ ਕਿ ਚੀਨ, ਉਸ ਨੂੰ ਬਰਦਾਸ਼ਤ ਨਹੀਂ ਕਰੇਗਾ। ਕਿਤਾਬ, ਚੀਨ ਵਿਚ ਊਈਗਰਾਂ ਦੀ ਨਸਲਕੁਸ਼ੀ ਦੀ ਦਾਸਤਾਨ ਵੀ ਹੈ ਅਤੇ ਵਤਨ ਨਾਲ ਜੁੜੀਆਂ ਮੋਹ-ਭਿੱਜੀਆਂ ਯਾਦਾਂ ਦਾ ਖੁਲਾਸਾ ਵੀ। ਇਸ ਦੀ ਸੁਰ ਬਹੁਤ ਸੰਜਮੀ ਹੈ; ਰੌਂਗਟੇ ਖੜ੍ਹੇ ਕਰਨ ਵਾਲੀਆਂ ਘਟਨਾਵਾਂ ਦੇ ਵਰਨਣ ਸਮੇਂ ਵੀ। ਭੂਮਿਕਾ ਵਿਚ ਇਜ਼ਗਿਲ ਸਪੱਸ਼ਟ ਕਰਦਾ ਹੈ ਕਿ ਉਸ ਦਾ ਮਨਸ਼ਾ ਚੀਨ ਖਿਲਾਫ਼ ਕੂੜ-ਪ੍ਰਚਾਰ ਕਰਨਾ ਨਹੀਂ; ਉਹ ਤਾਂ ਊਈਗਰ ਕੌਮ ਦੇ ਸੰਤਾਪ ਵੱਲ ਦੁਨੀਆਂ ਦਾ ਧਿਆਨ ਖਿੱਚਣਾ ਚਾਹੁੰਦਾ ਹੈ। ਚੀਨ ਉਸ ਦਾ ਮੁਲਕ ਹੈ। ਪਿਛਲੀਆਂ ਚਾਰ ਸਦੀਆਂ ਤੋਂ ਊਈਗਰ, ਚੀਨੀ ਸਮਾਜ ਦਾ ਹਿੱਸਾ ਹਨ। ਉਨ੍ਹਾਂ ਨੂੰ ਸਮੇਂ-ਸਮੇਂ ਮਾਣ-ਸਤਿਕਾਰ ਵੀ ਮਿਲਦਾ ਰਿਹਾ ਹੈ ਪਰ ਹੁਣ ਉਨ੍ਹਾਂ ਨੂੰ ਸ਼ਨਾਖ਼ਤ, ਸਰਜ਼ਮੀਂ ਤੇ ਤਹਿਜ਼ੀਬ ਤੋਂ ਮਹਿਰੂਮ ਕਰਨ ਦੀ ਜੋ ਮੁਹਿੰਮ ਚੱਲ ਰਹੀ ਹੈ, ਉਹ ਬਰਦਾਸ਼ਤ ਤੋਂ ਬਾਹਰ ਹੈ। ਕਿਤਾਬ ਇਸੇ ਅਸਲੀਅਤ ਨੂੰ ਰੇਖਾਂਕਿਤ ਕਰਦੀ ਹੈ।


ਕਿਤਾਬ 2009 ਵਿਚ ਵਾਪਰੀਆਂ ਘਟਨਾਵਾਂ ਤੋਂ ਸ਼ੁਰੂ ਹੁੰਦੀ ਹੈ। ਇਜ਼ਗਿਲ ਉਦੋਂ ਚੀਨ ਦੇ ਉੱਤਰ ਪੱਛਮੀ ਸਿਨਚਿਆਂਗ ਖ਼ੁਦਮੁਖਤਾਰ ਖਿੱਤੇ ਦੇ ਸ਼ਹਿਰ ਉਰੂਮਕੀ (ਚੀਨੀ ਉਚਾਰਨ ਉਰੂਮਚੀ) ਵਿਚ ਰਹਿੰਦਾ ਸੀ। ਸਿਨਚਿਆਂਗ ਖਿੱਤਾ ਤੇ ਉਸ ਦੇ ਆਸ-ਪਾਸ ਦਾ ਇਲਾਕਾ 1950ਵਿਆਂ ਤਕ ਚੀਨੀ ਤੁਰਕਿਸਤਾਨ ਵਜੋਂਜਾਣਿਆ ਜਾਂਦਾ ਸੀ। ਉਰੂਮਕੀ ਬੜਾ ਵਸਿਆ-ਰਸਿਆ ਸ਼ਹਿਰ ਹੈ। ਪੰਜਾਹ ਲੱਖਦੀ ਵੱਸੋਂ ਅਤੇ ਮਹਾਂਨਗਰੀ ਸ਼ਾਨਾਂ-ਸਹੂਲਤਾਂ ਵਾਲਾ। ਸਿਨਚਿਆਂਗ ਖਿੱਤਾ ਊਈਗ਼ਰਾਂ ਦੀ ਜੱਦੀ ਧਰਤੀ ਹੈ। ਉਨ੍ਹਾਂ ਦੀ ਪੂਰੀ ਨਸਲ ਹੀ ਲਗਪਗ ਸੁੰਨੀ ਮੁਸਲਮਾਨ ਹੈ। ਦੋ ਦਹਾਈਆਂ ਪਹਿਲਾਂ ਤਕ ਉਨ੍ਹਾਂ ਦਾ ਸਿਨਚਿਆਂਗ ਖਿੱਤੇ ਵਿਚ ਪੂਰਨ ਬਹੁਮਤ ਸੀ, ਹੁਣ ਇਹ ਅਨੁਪਾਤ 40% 'ਤੇ ਆ ਚੁੱਕਾ ਹੈ। ਚੀਨੀ ਹਕੂਮਤ ਹਰ ਪਾਸੇ ਹਾਨ ਚੀਨੀਆਂ (ਮੂਲ ਚੀਨੀਆਂ) ਨੂੰ ਵੱਡੀ ਗਿਣਤੀ ਵਿਚ ਵਸਾ ਰਹੀ ਹੈ। ਵਿਰੋਧ ਕਰਨ ਵਾਲਿਆਂ ਨੂੰ ਦਹਿਸ਼ਤਗਰਦ ਜਾਂ ਵੱਖਵਾਦੀ ਕਰਾਰ ਦਿੱਤਾ ਜਾ ਰਿਹਾ ਹੈ। ਘੱਟਗਿਣਤੀ ਫਿਰਕਿਆਂ ਵਿਚੋਂ ਸਭ ਤੋਂ ਵੱਧ ਸਖ਼ਤੀ ਊਈਗਰਾਂ 'ਤੇ ਹੈ; ਪੰਜ ਨਮਾਜ਼ੀਆਂ ਨੂੰ ਤਾਂ ਉਚੇਚੇ ਤੌਰ 'ਤੇ ਨਿਸ਼ਾਨਾ ਬਣਾਇਆ ਜਾਂਦਾ ਰਿਹਾ ਹੈ।

ਇਜ਼ਗਿਲ 2009 ਵਿਚ 40 ਵਰ੍ਹਿਆਂ ਦਾ ਸੀ; ਪੇਸ਼ੇ ਵਜੋਂ ਫਿਲਮਸਾਜ਼, ਹੁਨਰ ਵੱਲੋਂ ਕਵੀ ਤੇ ਗੀਤਕਾਰ। ਦੋਵਾਂ ਕਿੱਤਿਆਂ 'ਚੋਂ ਹੁੰਦੀ ਕਮਾਈ ਬੀਵੀ ਤੇ ਦੋ ਬੱਚੀਆਂ ਵਾਲੇ ਪਰਿਵਾਰ ਦਾ ਗੁਜ਼ਾਰਾ ਵਧੀਆ ਚਲਾ ਰਹੀ ਸੀ। ਘਰ ਵੀ ਆਪਣਾ ਸੀ। ਉਸ ਦੇ ਆਪਣੇ ਸ਼ਬਦਾਂ 'ਚ "ਜ਼ਿੰਦਗੀ ਸੱਚਮੁੱਚ ਹੀ ਗੁਲਜ਼ਾਰ ਸੀ।" ਜੁਲਾਈ 2009 ਵਿਚ ਹਾਲਾਤ ਪਲਟਣੇ ਸ਼ੁਰੂ ਹੋ ਗਏ। ਊਈਗਰਾਂ ਤੇ ਹਾਨ-ਚੀਨੀਆਂ ਦਾ ਖਿਚਾਅ ਦੰਗਿਆਂ ਦਾ ਰੂਪ ਧਾਰ ਗਿਆ। 200 ਜਾਨਾਂ ਚਲੀਆਂ ਗਈਆਂ। ਸਰਕਾਰ ਨੂੰ ਊਈਗਰਾਂ 'ਤੇ ਕਹਿਰ ਢਾਹੁਣ ਦਾ ਬਹਾਨਾ ਮਿਲ ਗਿਆ। ਇਜ਼ਗਿਲ, ਚੀਨ ਸਰਕਾਰ ਦਾ ਕੱਟੜ ਨਿੰਦਕ ਨਹੀਂ ਸੀ। ਜੋ ਉਸ ਨੂੰ ਚੰਗਾ ਨਹੀਂ ਸੀ ਲੱਗਦਾ, ਉਸ ਦੀ ਮੁਖ਼ਾਲਫ਼ਤ ਕਰਨ ਲਈ ਉਹ ਅਕਸਰ ਤਨਜ਼ ਦਾ ਸਹਾਰਾ ਲੈਂਦਾ ਸੀ। ਅਜਿਹੀ ਬੌਧਿਕਤਾ, ਕਮਿਊਨਿਸਟ ਪਾਰਟੀ ਨੂੰ ਰਾਸ ਨਹੀਂ ਸੀ ਆ ਰਹੀ। ਉਸ ਉਪਰ ਵਾਰ ਅਸਿੱਧੇ ਤੌਰ 'ਤੇ ਕੀਤਾ ਗਿਆ। ਉਸ ਦਾ ਰਿਕਾਰਡ ਵਰਤ ਕੇ। ਦਰਅਸਲ, 1996 ਵਿਚ ਉਸ ਨੇ ਤੁਰਕੀ ਪੜ੍ਹਨ ਜਾਣ ਵਾਸਤੇ ਕਿਰਗਿਜ਼-ਚੀਨ ਸਰਹੱਦ ਗ਼ੈਰ-ਕਾਨੂੰਨੀ ਢੰਗ ਨਾਲ ਪਾਰ ਕਰਨ ਦੀ ਕੋਸ਼ਿਸ਼ ਕੀਤੀ ਸੀ। ਕੋਸ਼ਿਸ਼ ਨਾਕਾਮ ਰਹੀ। ਉਹ ਫੜਿਆ ਗਿਆ। ਜੱਜ ਕੁਝ ਚੰਗਾ ਨਿਕਲਿਆ। ਸਰਹੱਦੀ ਰਾਖਿਆਂ ਨੇ ਉਸ 'ਤੇ "ਇਤਰਾਜ਼ਯੋਗ ਸਮੱਗਰੀ ਮੁਲਕ ਤੋਂ ਬਾਹਰ ਲਿਜਾਣ" ਦਾ ਇਲਜ਼ਾਮ ਲਾਇਆ ਪਰ ਜੱਜ ਨੇ ਇਹ ਇਲਜ਼ਾਮ ਨਜ਼ਰਅੰਦਾਜ਼ ਕੀਤਾ। ਉਸ ਨੂੰ ਸੱਤ ਦਿਨਾਂ ਦੀ ਕੈਦ ਦੀ ਸਜ਼ਾ ਸੁਣਾਈ, ਕੱਟੜਵਾਦੀ ਇਸਲਾਮ ਤੋਂ ਦੂਰ ਰਹਿਣ ਦੀ ਨਸੀਹਤ ਕੀਤੀ ਅਤੇ ਪੜ੍ਹਾਈ ਲਈ ਤੁਰਕੀ ਦੀ ਥਾਂ ਸ਼ੰਘਾਈ ਜਾਣ ਦਾ ਮਸ਼ਵਰਾ ਆਪਣੇ ਫ਼ੈਸਲੇ ਦਾ ਹਿੱਸਾ ਬਣਾਇਆ। ਕਮਿਊਨਿਸਟ ਪਾਰਟੀ ਨੇ 1996 ਵਾਲੇ ਫ਼ੈਸਲੇ ਦੇ ਸ਼ੰਘਾਈ ਵਾਲੇ ਹਿੱਸੇ ਨੂੰ ਉਸ ਖਿਲਾਫ਼ ਨਵੇਂ ਕੇਸ ਦਾ ਆਧਾਰ ਬਣਾਇਆ। ਇਲਜ਼ਾਮ ਲਾਇਆ ਗਿਆ ਕਿ ਉਹ ਪੜ੍ਹਨ ਲਈ ਸ਼ੰਘਾਈ ਨਹੀਂ ਗਿਆ ਅਤੇ ਇਸ ਤਰ੍ਹਾਂ ਜੱਜ ਦੇ ਹੁਕਮਾਂ ਦੀ 'ਅਵੱਗਿਆ' ਕੀਤੀ।

ਇਜ਼ਗਿਲ ਨੂੰ ਨਜ਼ਰਬੰਦ ਕਰਨ ਦੀ ਤਿਆਰੀ ਚੱਲ ਰਹੀ ਸੀ ਪਰ ਇਕ ਤੱਥ ਨਾਸਾਜ਼ਗਾਰ ਹਾਲਾਤ ਨੂੰ ਵੀ ਸਾਜ਼ਗਾਰ ਬਣਾ ਗਿਆ। ਦੰਗਿਆਂ ਤੋਂ ਦੋ ਰਾਤ ਪਹਿਲਾਂ ਉਹਨੇ ਘਰੇ ਊਈਗਰ ਕਵੀਆਂ ਦੀ ਮਹਿਫਲ ਸਜਾਈ। ਮਹਿਫਲ ਲਈ ਉਹਨੇ 'ਬੈਬਾਇਜੀਊ' ਸ਼ਰਾਬ ਮੰਗਵਾਈ ਸੀ। ਇਸ ਚੀਨੀ ਸ਼ਰਾਬ ਨੂੰ ਊਈਗਰ ਹਰਾਮ ਮੰਨਦੇ ਹਨ ਪਰ ਇਜ਼ਗਿਲ ਦਾ ਕਦਮ ਇਹ ਪ੍ਰਭਾਵ ਦੇ ਗਿਆ ਕਿ ਉਹ ਕੱਟੜਵਾਦੀ ਨਹੀਂ। ਨਜ਼ਰਬੰਦੀ ਟਲ ਗਈ ਪਰ 2016 'ਚ ਊਈਗਰਾਂ ਖਿਲਾਫ਼ ਚੱਲੀ ਦਮਨ ਮੁਹਿੰਮ ਦੌਰਾਨ ਇਜ਼ਗਿਲ ਦਾ ਬਚਾਅ ਮੁਸ਼ਕਿਲ ਹੋ ਗਿਆ। ਮੁਹਿੰਮ ਦੌਰਾਨ ਬੌਧਿਕ ਹਸਤੀਆਂ ਨੂੰ ਖ਼ਾਸ ਨਿਸ਼ਾਨਾ ਬਣਾਇਆ ਗਿਆ। ਊਈਗਰਾਂ ਦੇ ਖਾਣ-ਪਹਿਨਣ 'ਤੇ ਬੰਦਸ਼ਾਂ ਲੱਗੀਆਂ, ਉਨ੍ਹਾਂ ਦੀ ਮਜ਼ਹਬੀ ਆਜ਼ਾਦੀ ਵਿਚ ਭਾਰੀ ਕਟੌਤੀ ਕੀਤੀ ਗਈ, ਉਨ੍ਹਾਂ ਨੂੰ ਚੀਨੀ ਮਾਣ-ਮਰਿਆਦਾ ਸਿਖਾਉਣ ਵਾਸਤੇ ਸਕੂਲਾਂ ਤੇ ਸਟੇਡੀਅਮਾਂ ਨੂੰ 'ਅਧਿਐਨ ਕੇਂਦਰਾਂ' (ਅਸਲ 'ਚ ਨਜ਼ਰਬੰਦੀ ਕੇਂਦਰਾਂ) ਵਿਚ ਬਦਲ ਦਿੱਤਾ ਗਿਆ। ਜਨਵਰੀ 2017 ਵਿਚ ਇਜ਼ਗਿਲ ਤੇ ਉਸ ਦੀ ਪਤਨੀ ਮਰਹਬਾ ਨੂੰ ਥਾਣੇ ਹਾਜ਼ਰ ਹੋਣ ਅਤੇ ਬਾਇਓਮੀਟਰਿਕ ਵੇਰਵੇ ਰਿਕਾਰਡ ਕਰਵਾਉਣ ਦਾ ਹੁਕਮ ਹੋਇਆ। ਉੱਥੇ ਦੋਵਾਂ ਨੇ ਦਰਜਨਾਂ ਊਈਗਰਾਂ ਨੂੰ ਤਸੀਹੇ ਝੱਲਦੇ ਦੇਖਿਆ। ਦੋਵਾਂ ਦੀ ਇਕੋ ਰਾਇ ਬਣੀ ਕਿ 'ਅੱਧੀ ਰਾਤ ਵੇਲੇ ਦਰਵਾਜ਼ੇ 'ਤੇ ਦਸਤਕ' ਵਾਲਾ ਵੇਲਾ ਹੁਣ ਦੂਰ ਨਹੀਂ, ਇਸ ਲਈ ਚੀਨ ਛੱਡਣ ਵਿਚ ਹੀ ਭਲਾ ਹੈ। ਵੱਡੀ ਬੇਟੀ ਦੀ ਮਿਰਗੀ ਦੇ ਇਲਾਜ ਲਈ ਕਿਰਗਿਜ਼ ਰਾਜਧਾਨੀ ਬਿਸ਼ਕੇਕ ਜਾਣ ਵਾਸਤੇ ਕਾਗ਼ਜ਼ਾਤ ਉਨ੍ਹਾਂ ਨੇ ਮੋਟੀ ਰਿਸ਼ਵਤ ਦੇ ਕੇ ਤਿਆਰ ਕਰਵਾਏ। ਇਜਾਜ਼ਤ ਹਾਸਿਲ ਕਰਨ ਵੇਲੇ ਕਈ ਹਲਫ਼ਨਾਮੇ ਉਨ੍ਹਾਂ ਨੂੰ ਦਾਖ਼ਲ ਕਰਨੇ ਪਏ।

ਕਿਤਾਬ ਦੀ ਖ਼ੂਬੀ ਇਹ ਹੈ ਕਿ ਇਜ਼ਗਿਲ ਦੀ ਲੇਖਣੀ ਦਾ ਮਿਜ਼ਾਜ ਕਿਤੇ ਵੀ ਤੁਰਸ਼ ਨਹੀਂ। ਉਸ ਦੀ ਸ਼ੈਲੀ ਵਿਚ ਕਾਵਿਮਈ ਸ਼ਾਇਸਤਗੀ ਹੈ। ਇਸੇ ਲਈ ਉਸ ਦੀ ਲੇਖਣੀ, ਰੂਹ ਵਿਚ ਉਤਰਦੀ ਚਲੀ ਜਾਂਦੀ ਹੈ। ਊਈਗਰਾਂ 'ਤੇ ਢਾਹੇ ਜਾ ਰਹੇ ਸਿਤਮਾਂ, ਬਲਾਤਕਾਰਾਂ, ਜਬਰੀ ਨਸਬੰਦੀਆਂ ਆਦਿ ਦਾ ਬਿਆਨ ਕਰਨ ਵੇਲੇ ਵੀ ਉਹ ਆਪਣੇ ਰੋਹ ਨੂੰ ਕਾਬੂ ਵਿਚ ਰੱਖਦਾ ਹੈ, ਬਦਜ਼ੁਬਾਨ ਨਹੀਂ ਹੁੰਦਾ। ਇਹੋ ਤਵਾਜ਼ਨ ਇਸ ਕਿਤਾਬ ਦੀ ਸ਼ਾਨ ਹੈ।






*ਊਈਗਰ ਕਵੀ ਤਾਹਿਰ ਹਮੂਤ ਇਜ਼ਗਿਲ ਅਤੇ (ਹੇਠਾਂ) ਉਸ ਦੀ ਕਿਤਾਬ 'ਵੇਟਿੰਗ ਟੂ ਬੀ ਅਰੈਸਟਿਡ ਐਟ ਨਾਈਟ' ਦਾ ਮੁਖੜਾ।*

---

# ਆਖ ਤਸਵੀਰਾਂ ਬੋਲਦੀਆਂ


*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 2 ਸਤੰਬਰ 2023 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-601



ਗਈ ਜਵਾਨੀ ਆਇਆ ਬੁਢਾਪਾ, ਪਰ੍ਹੇ ਹੋ ਆਪਣੇ ਬਹਿ ਗਏ,
ਢਿੱਡ ਨੂੰ ਝੁਲਕਾ ਪਾਉਣਾ ਔਖਾ, ਆਪੇ ਹੱਥ ਜਾਲਣੇ ਪੈ ਗਏ।
ਲੱਕੜ ਡਾਹ ਕੇ ਚੁੱਲ੍ਹਾ ਹੈ ਤਾਇਆ, ਥੱਪ ਲਾਏ ਲੇਹੜ ਦੋ ਮੋਟੇ,
ਇੱਕ ਤਵੇ ਦੇ ਉੱਪਰ ਹੈ ਪਾਇਆ, ਦੂਜਾ ਹੈ 'ਗਿਆਰੀ ਗੋਹਟੇ।

## ਕੈਪਸ਼ਨ ਮੁਕਾਬਲਾ-599



ਦੋ ਵਕਤਾਂ ਦੀ ਰੋਟੀ ਖਾਤਰ,
ਭੱਜ ਭੱਜ ਉਮਰ ਗੁਜ਼ਾਰੀ,
ਆਣ ਬੁਢਾਪੇ ਪਏ ਸਿਆਪੇ,
ਬੱਸ ਪੱਲੇ ਬਚੀ ਖੁਆਰੀ।
ਬੇਵਸੀ ਲਾਚਾਰੀ ਅੱਜ ਦੇਖੋ,
ਬਣਦੈ ਨਾ ਕੋਈ ਸਹਾਰਾ,
ਸਕੇ ਸੰਬੰਧੀ ਸਾਥ ਛੱਡ ਗਏ,
ਮਜ਼ਦੂਰੀ ਕਰੇ ਬਿਚਾਰਾ।
***-ਸੇਵਾ ਸਿੰਘ 'ਨੂਰਪੁਰੀ'***

---

ਬਿਰਧ ਅਵਸਥਾ ਜਾਨ ਇਕੱਲੀ,
ਰਹੀ ਨਾ ਕੋਈ ਲੱਲੀ-ਛੱਲੀ
ਇਕੱਲਾ ਬੈਠ ਕਰਮਾਂ ਨੂੰ ਰੋਵੇ,
ਦਿਲ ਦੇ ਦੁਖ ਹੰਝੂਆਂ ਨਾਲ ਧੋਵੇ।
ਪੱਥਰਾਂ ਉੱਤੇ ਰੁਲੇ ਬੁਢਾਪਾ,
ਨਿੱਤ ਪਿਆਰਹਿ ਦਾ ਨਵਾਂ ਸਿਆਪਾ।
ਉਮਰ ਵਿਹਾ ਗਈ ਪਈ ਨਾ ਪੂਰੀ,
ਕਰਨੀ ਪੈਂਦੀ ਨਿੱਤ ਮਜ਼ਦੂਰੀ।
ਨਿੱਤ ਦਾ ਇਕ ਦਿਨ ਮੁੱਕੇ ਸਿਆਪਾ,
ਪ੍ਰਮਾਤਮਾ ਦੇ ਘਰ ਹੋ ਜਾਏ ਵਾਸਾ।
***-ਮਾਸਟਰ ਪ੍ਰੀਤਮ ਸਿੰਘ ਲੰਮੇ***
***ਫੋਨ: 1-925-325-2486***

---

ਪੱਥਰ ਕੁੱਖੋਂ ਜਨਮ ਲਿਆ ਮੈਂ,
ਪੱਥਰਾਂ ਲਾਡ ਲਡਾਇਆ।
ਜੋਬਨ ਰੁੱਤੇ ਇਸ਼ਕ ਜਦ ਕੀਤਾ
ਪੱਥਰਾਂ ਸੰਗ ਨਿਭਾਇਆ।
ਡਿੱਗਦੀ ਉਮਰੇ ਨੀਰ ਜਦ ਵਗਦਾ,
ਪੱਥਰਾਂ ਦੁੱਖ ਵੰਡਾਇਆ।
ਭਲਕੇ ਪੱਥਰਾਂ ਕਬਰ ਬਣ ਜਾਣਾ
ਅੱਜ ਸਿਰਤਾਜ ਬਣਾਇਆ।
***-ਹਰਜੋਤ ਕੌਰ ਮਹੇਸ਼ਪੁਰਾ***
***ਫੋਨ: 734-883-6704***

---

ਪਿਛਲੇ ਪਹਿਰੇ ਰਹੇ ਇਕੱਲੇ
ਪੇਸ਼ ਕੋਈ ਨਾ ਜਾਵੇ।
ਖਾਲੀ ਪੇਟ ਤਾਂ ਚੀਕਾਂ ਮਾਰੇ
ਕੌਣ ਉਹਨੂੰ ਸਮਝਾਵੇ।
ਹੱਥੀਂ ਛਾਲੇ, ਕਣ ਅੱਖਾਂ ਵਿਚ
ਚਿੱਤ ਰੋ ਰੋ ਕੇ ਕੁਰਲਾਵੇ।
ਕਹਿੰਦੇ ਦੇਸ਼ ਮਹਾਨ ਹੋ ਗਿਆ।
ਸਾਨੂੰ ਤਾਂ ਨਜ਼ਰ ਨਾ ਆਵੇ।
***-ਜਗਮੀਤ ਸਿੰਘ ਪੰਧੇਰ***
***ਫੋਨ: 98783-37222***

---

ਹੰਝੂ ਕੇਰਿਆਂ ਕੁਝ ਨਹੀਂ ਮਿਲਣਾ ਪਿਆਰੇ
ਹੈ ਵੀ ਸੀ ਕੱਚਾ ਢਾਰਾ
ਦੂਜਾ ਉਮਰ, ਬੁਢਾਪਾ।
ਪਿਆ ਜਦ ਪਿੱਟ ਸਿਆਪਾ
ਢਹਿ ਢੇਰੀ ਹੋ ਮਲਬਾ ਦਿਸਿਆ
ਮੂੰਹ ਮੋੜ ਗਏ ਸਭ ਸਾਕ-ਸਬੰਧੀ।
ਪਹੁੰਚ ਹੈ ਜਿਸ ਦੀ ਸਰਕਾਰੇ-ਦਰਬਾਰੇ।
ਲੈ ਜਾਂਦੇ ਕੁਝ ਧੇਲਾ ਟਕਾ
ਆਵਾਜ਼ ਉਠਾਇਆਂ ਕੁਝ ਰਲਣਗੇ ਹੋਰ
ਬਿਨ ਰੋਇਆਂ ਤਾਂ ਮਾਂ ਵੀ ਦੁੱਧ ਨਹੀਂ ਦਿੰਦੀ।
***-ਦਰਸ਼ਨ ਪਾਲ ਦੋਸਾਂਝ।***

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:
ਫੋਨ: 847-359-0746


VAPOR MAVEN PRESENTS
SAT 23 SEP
NORTHWEST ARKANSAS
PUNJABI Concert
PERFORMANCES BY :
MISS POOJA • JAZZY B
FOOD & DRINK INCLUDED W/ ENTRY
1579 E LAKE RD, ELM SPRINGS, AR - WWW.NWAPCC.COM
ENTRY PACKAGES
SILVER
ADULT: $150 CHILD: $100
(GENERAL SEATING)
GOLD
ADULT: $200 CHILD: $140
(TABLE SEATING)
TICKETS INCLUDE:
DINNER & APPETIZER
(OVER 20 FOOD ITEMS)
UNLIMITED DRINKS
(OPEN BAR)
HENNA ART BOOTH
(HENNA TATTOOS & FACE PAINTING)
PHOTO BOOTH
(PHOTO BOOTH FROM OZARK PIX)
BHANGRA SHOW
(DANCES BY BHANGRA EMPIRE)
LOCAL TALENT
(PERFORMANCES BY LOCAL TALENT)
PHOTOGRAPHER
(ENTIRE EVENT COVERED)
OUTDOOR BAR
(ACCESS TO OUTDOOR AREA)
Buy Tickets and see details at www.nwapcc.com
Contact Hermin Thind for VIP Options | 479-409-2293
Scan Here

# ਪਿਕਾਸੋ: ਕਲਾ ਰਾਹੀਂ ਫਾਸ਼ੀਵਾਦੀ ਨੂੰ ਵੰਗਾਰ

***ਸੰਸਾਰ ਪ੍ਰਸਿੱਧ ਚਿੱਤਰਕਾਰ ਪਾਬਲੋ ਪਿਕਾਸੋ (25 ਅਕਤੂਬਰ 1881-8 ਅਪਰੈਲ 1973) ਦਾ ਜਨਮ ਮੈਲਾਗਾ (ਸਪੇਨ) ਵਿਚ ਹੋਇਆ। ਉਸ ਦਾ ਪਿਤਾ ਰੁਈਜ਼ ਬਲਾਸਕੋ ਚਿੱਤਰਕਾਰ ਅਤੇ ਕਲਾ ਅਧਿਆਪਕ ਸਨ। ਪਾਬਲੋ ਅੰਦਰਲੀ ਚਿੱਤਰਕਲਾ ਪ੍ਰਤਿਭਾ ਦੀ ਖੋਜ ਅਤੇ ਵਿਕਾਸ ਵਿਚ ਉਸ ਦੇ ਪਿਤਾ ਦਾ ਵੱਡਾ ਯੋਗਦਾਨ ਹੈ। ਬਹੁਤ ਛੋਟੀ ਉਮਰ ਵਿਚ ਉਸ ਦੀਆਂ ਰਚਨਾਵਾਂ ਸਪੈਨਿਸ਼ ਮੈਗਜ਼ੀਨ 'ਆਰਤੇ ਖੋਵਿਨ' (ਨੌਜਵਾਨ ਪ੍ਰਤਿਭਾ) ਵਿਚ ਛਪਣੀਆਂ ਸ਼ੁਰੂ ਹੋ ਗਈਆਂ ਸਨ। ਇਸ ਲੇਖ ਵਿਚ ਕੈਨੇਡਾ ਵੱਸਦੇ ਮਨਦੀਪ ਨੇ ਇਸ ਕਲਾਕਾਰ ਦੇ ਜੀਵਨ ਅਤੇ ਕਲਾ ਬਾਰੇ ਨਿਵੇਕਲੀਆਂ ਗੱਲਾਂ ਕੀਤੀਆਂ ਹਨ।***

ਕਲਾ ਨਿੱਤ ਦਿਹਾੜੀ ਸਾਡੀ ਆਤਮਾ 'ਤੇ ਪੈ ਰਹੇ ਘੱਟੇ ਨੂੰ ਸਾਫ਼ ਕਰਦੀ ਰਹਿੰਦੀ ਹੈ। -ਪਿਕਾਸੋ

2019 ਵਿਚ ਆਪਣੀ ਯੂਰਪ ਯਾਤਰਾ ਦੌਰਾਨ ਜਰਮਨੀ ਵਿਚ ਮਹਾਨ ਫਿਲਾਸਫਰ ਕਾਰਲ ਮਾਰਕਸ ਦੇ ਘਰ ਅਤੇ ਸਪੇਨ ਦੇ ਪ੍ਰਸਿੱਧ ਚਿੱਤਰਕਾਰ ਪਾਬਲੋ ਪਿਕਾਸੋ ਦੇ ਅਜਾਇਬ ਘਰ (ਮੂਸੀਓ ਪਿਕਾਸੋ) ਜਾਣ ਦੀ ਬੜੀ ਉਤਸੁਕਤਾ ਸੀ। ਬਾਰਸੀਲੋਨਾ ਦੇ ਪੁਰਾਣੇ ਮੁਹੱਲੇ ਵਿਚ ਪਾਬਲੋ ਪਿਕਾਸੋ ਦੇ ਅਜਾਇਬ ਘਰ ਜਾਣ ਤੋਂ ਪਹਿਲਾਂ ਉਸ ਪ੍ਰਤੀ ਮੇਰੀ ਉਤਸੁਕਤਾ ਦਾ ਸ੍ਰੋਤ ਉਸ ਦੀ ਸੰਸਾਰ ਪ੍ਰਸਿੱਧ ਕਲਾਕ੍ਰਿਤ 'ਗੁਏਰਨਿਕਾ' ਹੀ ਸੀ ਪਰ ਉਸ ਦੇ ਦੇਸ਼, ਉਸ ਘਰ, ਗਲੀਆਂ ਜਿੱਥੇ ਉਸ ਨੇ ਆਪਣੇ ਜੀਵਨ ਦਾ ਮੁੱਢਲਾ ਸਮਾਂ ਗੁਜ਼ਾਰਿਆ, ਜਾ ਕੇ ਪਿਕਾਸੋ ਬਾਰੇ ਮੇਰੇ ਵਿਚਾਰ ਤੇ ਸੰਕਲਪ ਹੋਰ ਵੱਧ ਸਪਸ਼ਟ ਹੋ ਗਏ। ਉਸ ਦੇ ਸਮੁੱਚੇ ਵਿਵਾਦਿਤ ਜੀਵਨ ਅਤੇ ਚਿੱਤਰਕਲਾ ਦੇ ਅਨੇਕਾਂ ਪਸਾਰ ਹਨ। ਇਹ ਉਸ ਦੀ ਕਲਾ ਦੀ ਤਾਕਤ ਹੀ ਸੀ ਕਿ ਬੌਧਿਕ ਹਲਕਿਆਂ ਅਤੇ ਆਮ ਲੋਕਾਂ 'ਚ ਉਸ ਦੀ ਕਲਾ ਪ੍ਰਤੀ ਚੋਖੀ ਦਿਲਚਸਪੀ ਰਹੀ ਅਤੇ ਨਾਜ਼ੀ ਤੇ ਫਾਸ਼ੀ ਤਾਕਤਾਂ ਅੰਦਰ ਉਸ ਦੀ ਕਲਾ ਦਾ ਖ਼ੌਫ਼ ਸਦਾ ਬਣਿਆ ਰਿਹਾ।



ਬਚਪਨ ਵਿਚ ਜਦੋਂ ਪੈਨਸਿਲ ਪਾਬਲੋ

**ਮਨਦੀਪ**
**ਫੋਨ: +1-438-924-2052**

ਦੀਆਂ ਉਂਗਲਾਂ ਦੀ ਪਕੜ 'ਚ ਆਉਣ ਲੱਗੀ, ਉਹ ਉਦੋਂ ਤੋਂ ਹੀ ਸਫ਼ੇਦ ਕਾਗਜ਼ਾਂ 'ਤੇ ਰੰਗਦਾਰ ਝਰੀਟਾਂ ਵਾਹੁਣ ਲੱਗ ਗਿਆ ਸੀ। ਕੈਨਵਸ ਉੱਤੇ ਪਹਿਲੀ ਤਸਵੀਰ ਉਸ ਨੇ ਨੌਂ ਸਾਲ ਦੀ ਉਮਰ ਵਿਚ ਬਣਾਈ ਸੀ। ਉਸ ਦੇ ਪਿਤਾ ਘੱਟ ਤਨਖ਼ਾਹ 'ਤੇ ਕਿਸੇ ਸਥਾਨਕ ਸਕੂਲ ਵਿਚ ਆਰਟ ਐਂਡ ਕਰਾਫਟ ਦੇ ਅਧਿਆਪਕ ਸਨ ਜੋ ਉਸ ਸਮੇਂ ਆਪਣੇ ਪਰਿਵਾਰ ਦਾ ਪੇਟ ਪਾਲਣ ਲਈ ਤਸਵੀਰਾਂ ਵੇਚ ਕੇ ਗੁਜ਼ਾਰਾ ਕਰਦੇ ਸਨ। ਰੋਜ਼ੀ-ਰੋਟੀ ਦੇ ਇਸ ਛੋਟੇ ਜਿਹੇ 'ਕਾਰੋਬਾਰ' 'ਚ ਬਚਪਨ ਵਿਚ ਜਾਨਵਰਾਂ ਦੀਆਂ ਤਸਵੀਰਾਂ ਬਣਾ ਕੇ ਵੇਚਣ ਲਈ ਬਾਲ ਪਾਬਲੋ ਵੀ ਆਪਣੇ ਪਿਤਾ ਦਾ ਹੱਥ ਵਟਾਉਂਦਾ। ਛੋਟੀ ਉਮਰ ਵਿਚ ਹੀ ਪਾਬਲੋ ਦੇ ਨੰਨ੍ਹੇ ਹੱਥ ਕੈਨਵਸ ਉੱਤੇ ਪ੍ਰਤੀਕਾਂ ਅਤੇ ਅਰਥਾਂ ਦੇ ਨਕਸ਼ ਉਘਾੜਨ ਲੱਗ ਗਏ ਸਨ। ਹੌਲੀ-ਹੌਲੀ ਉਸ ਦੇ ਬਾਲ ਉਮਰ ਦੇ ਬੇਮੁਹਾਰੇ, ਨਿਰਾਰਥਕ, ਖਿਆਲੀ ਤੇ ਅੰਤਰੀਵੀ ਮਿੱਥ, ਅਰਥ ਭਰਪੂਰ ਕਲਾਤਮਿਕ ਗੁਣ ਗ੍ਰਹਿਣ ਕਰਨ ਲੱਗੇ। ਗਿਆਰਾਂ ਸਾਲ ਦੀ ਉਮਰ 'ਚ ਪਾਬਲੋ ਗਲੀਆਂ 'ਚ ਆਪਣੀਆਂ ਬਣਾਈਆਂ ਤਸਵੀਰਾਂ ਦੀ ਪ੍ਰਦਰਸ਼ਨੀ ਲਗਾਉਣ ਲੱਗਿਆ ਅਤੇ ਤੇਰਾਂ ਸਾਲਾਂ ਦੀ ਉਮਰ ਵਿਚ ਉਸ ਦੇ ਪਿਤਾ ਨੇ ਸਖ਼ਤ ਮਿਹਨਤ ਦੀ ਨਸੀਹਤ ਦੇ ਨਾਲ-ਨਾਲ ਆਪਣੇ ਰੰਗ ਅਤੇ ਬੁਰਸ਼ ਸਦਾ ਲਈ ਪਾਬਲੋ ਨੂੰ ਸੌਂਪ ਦਿੱਤੇ। ਪਾਬਲੋ ਪਿਕਾਸੋ ਚਿੱਤਰਕਾਰ ਦੇ ਨਾਲ-ਨਾਲ ਮੂਰਤੀਕਾਰ, ਪ੍ਰਿੰਟ ਮੇਕਰ, ਲੇਖਕ, ਕਵੀ, ਸਟੇਜ ਡਿਜ਼ਾਈਨਰ ਅਤੇ ਨਾਟਕਕਾਰ ਵੀ ਸੀ। ਵੀਹਵੀਂ ਸਦੀ ਦੇ ਸਭ ਤੋਂ ਪ੍ਰਭਾਵਸ਼ਾਲੀ ਕਲਾਕਾਰਾਂ ਵਿਚੋਂ ਜਾਣੇ ਜਾਂਦੇ ਪਾਬਲੋ ਨੇ ਕਿਊਬਿਸਟ ਲਹਿਰ, ਮੂਰਤੀ ਉਸਾਰੀ, ਕੋਲਾਜ ਦੀ ਸਹਿ-ਖੋਜ ਅਤੇ ਵੱਖ-ਵੱਖ ਕਿਸਮ ਦੀਆਂ ਸ਼ੈਲੀਆਂ ਦੇ ਵਿਕਾਸ ਅਤੇ ਖੋਜ ਵਿਚ ਵਿਸ਼ੇਸ਼ ਯੋਗਦਾਨ ਪਾਇਆ। ਸਪੈਨਿਸ਼ ਘਰੇਲੂ ਯੁੱਧ ਦੌਰਾਨ ਜਰਮਨ ਅਤੇ ਇਤਾਲਵੀ ਹਵਾਈ ਫ਼ੌਜਾਂ ਦੁਆਰਾ ਗੁਏਰਨਿਕਾ ਕਸਬੇ ਉੱਤੇ ਬੰਬਾਰੀ ਕਾਰਨ ਹੋਈ ਤਬਾਹੀ ਸਬੰਧੀ ਬਣਾਇਆ ਚਿੱਤਰ ਉਸ ਦੀ ਸ਼ਾਹਕਾਰ ਕਲਾਕ੍ਰਿਤ ਹੈ। ਇਹ ਵੱਡ-ਆਕਾਰੀ ਪੇਂਟਿੰਗ ਅੱਜ ਵੀ ਉਸ ਦੇ ਨਾਮ 'ਤੇ ਬਣੇ ਅਜਾਇਬ ਘਰ 'ਚ ਸਭ ਤੋਂ ਵੱਧ ਖਿੱਚ ਦਾ ਕੇਂਦਰ ਬਣੀ ਹੋਈ ਹੈ।

ਅਸਲ ਵਿਚ 'ਗੁਏਰਨਿਕਾ' ਨਾਮੀ ਸੰਸਾਰ ਪ੍ਰਸਿੱਧ ਇਤਿਹਾਸਕ ਪੇਂਟਿੰਗ ਨਾਮਵਰ ਸਪੈਨਿਸ਼ ਚਿੱਤਰਕਾਰ ਪਾਬਲੋ ਪਿਕਾਸੋ ਦੁਆਰਾ ਬਣਾਈ ਆਧੁਨਿਕ ਚਿੱਤਰ ਕਲਾ ਦਾ ਉੱਤਮ ਨਮੂਨਾ ਅਤੇ ਫਾਸ਼ੀਵਾਦ ਵਿਰੁੱਧ ਜ਼ਬਰਦਸਤ ਸਿਆਸੀ ਬਿਆਨ ਹੈ। ਇਹ ਕਲਾ ਦਾ ਐਸਾ ਨਮੂਨਾ ਹੈ ਜੋ ਇਨਸਾਫ਼ਪਸੰਦਾਂ ਨੂੰ ਹਲੂਣਦਾ, ਪ੍ਰੇਸ਼ਾਨ ਕਰਦਾ ਅਤੇ ਉਨ੍ਹਾਂ ਨੂੰ ਹਰ ਬਰਬਰਤਾ ਖਿਲਾਫ਼ ਉੱਠ ਖੜ੍ਹੇ ਹੋਣ ਲਈ ਪ੍ਰੇਰਦਾ ਹੈ; ਇੱਕ ਐਸੀ ਕਲਾ ਜੋ ਮਨੁੱਖਤਾ ਨੂੰ ਸਿਆਸੀ ਅਪਰਾਧ, ਨਿਹੱਕੀ ਜੰਗ ਅਤੇ ਮੌਤ ਦੇ ਮਲਬੇ ਵਿਚ ਤਬਦੀਲ ਕਰਨ ਵਾਲੀਆਂ ਤਾਕਤਾਂ ਖਿਲਾਫ਼ ਸ਼ਾਨ ਨਾਲ ਉੱਠ ਖੜ੍ਹੇ ਹੋਣ ਦਾ ਸੰਸਾਰ ਪੱਧਰੀ ਸੁਨੇਹਾ ਦਿੰਦੀ ਹੈ।



***ਚਿੱਤਰਕਾਰ ਪਾਬਲੋ ਪਿਕਾਸੋ ਦੁਆਰਾ ਬਣਾਇਆ ਸੰਸਾਰ ਪ੍ਰਸਿੱਧ ਇਤਿਹਾਸਕ ਚਿੱਤਰ 'ਗੁਏਰਨਿਕਾ' ਜੋ ਚਿੱਤਰਕਲਾ ਦਾ ਉੱਤਮ ਨਮੂਨਾ ਅਤੇ ਫਾਸ਼ੀਵਾਦ ਵਿਰੁੱਧ ਜ਼ਬਰਦਸਤ ਸਿਆਸੀ ਬਿਆਨ ਹੈ।***

1936 ਵਿਚ ਸਪੇਨ ਦੇ ਡੈਮੋਕਰੇਟਿਕ ਰਿਪਬਲੀਕਨਾਂ (ਕਮਿਊਨਿਸਟ, ਅਰਾਜਕਤਾਵਾਦੀ, ਸਮਾਜਵਾਦੀ ਆਦਿ ਦਾ ਸਾਂਝਾ ਫਰੰਟ) ਅਤੇ ਸਪੇਨ ਦੇ ਫਾਸ਼ੀਵਾਦੀ ਜਨਰਲ ਫਰਾਂਸਿਸਕੋ ਫਰੈਂਕੋ ਦੀ ਅਗਵਾਈ ਵਾਲੀ ਫ਼ੌਜ ਵਿਚਕਾਰ ਘਰੇਲੂ ਜੰਗ ਛਿੜ ਗਈ ਸੀ। 26 ਅਪਰੈਲ 1937 ਨੂੰ ਫਰੈਂਕੋ ਦੇ ਹੱਕ 'ਚ ਹਿਟਲਰ ਦੇ ਸ਼ਕਤੀਸ਼ਾਲੀ ਜਰਮਨ ਹਵਾਈ ਜਹਾਜ਼ਾਂ ਅਤੇ ਇਟਲੀ ਦੀਆਂ ਫਾਸ਼ੀ ਤਾਕਤਾਂ ਨੇ ਉੱਤਰੀ ਸਪੇਨ 'ਚ ਸਥਿਤ ਬਾਸਕ ਦੇ ਗੁਏਰਨਿਕਾ ਕਸਬੇ ਨੂੰ ਬੰਬਾਂ ਨਾਲ ਤਬਾਹ ਕਰ ਦਿੱਤਾ। ਇਸ ਕਸਬੇ ਦੀ ਇੱਕ-ਤਿਹਾਈ ਆਬਾਦੀ ਇਸ ਭਿਆਨਕ ਬੰਬਾਰੀ ਵਿਚ ਮਾਰੀ ਗਈ ਜਿਸ ਵਿਚ ਜ਼ਿਆਦਾ ਗਿਣਤੀ ਔਰਤਾਂ ਅਤੇ ਬੱਚਿਆਂ ਦੀ ਸੀ।

ਇਸ ਭਿਆਨਕ ਕਤਲੇਆਮ ਨੇ ਪਾਬਲੋ ਪਿਕਾਸੋ ਨੂੰ ਰੋਹ ਨਾਲ ਬੇਚੈਨ ਕਰ ਦਿੱਤਾ। ਇਸ ਫਾਸ਼ੀਵਾਦੀ ਹਮਲੇ ਖਿਲਾਫ਼ ਉਸ ਨੇ 'ਗੁਏਰਨਿਕਾ' ਨਾਮੀ ਚਿੱਤਰ ਬਣਾਇਆ ਜੋ ਸੰਸਾਰ ਭਰ ਵਿਚ ਫਾਸ਼ੀਵਾਦੀ ਬਰਬਰਤਾ ਦੇ ਵਿਰੋਧ ਦਾ ਚਿੰਨ੍ਹ ਬਣ ਕੇ ਉੱਭਰਿਆ।

ਇਸ ਚਿੱਤਰ ਵਿਚ ਖੱਬੇ ਪਾਸੇ ਵੱਡੀਆਂ ਅੱਖਾਂ ਵਾਲਾ ਬਲਦ, ਉਦਾਸ ਔਰਤ ਉੱਤੇ ਖੜ੍ਹਾ ਹੈ ਜਿਸ ਨੇ ਮਰੇ ਹੋਏ ਬੱਚੇ ਨੂੰ ਆਪਣੀਆਂ ਬਾਹਾਂ ਵਿਚ ਫੜਿਆ ਹੋਇਆ ਹੈ। ਘੋੜਾ ਤੜਫ਼ਦਾ ਹੋਇਆ ਡਿੱਗਿਆ ਪਿਆ ਹੈ। ਘੋੜੇ ਦੇ ਹੇਠਾਂ ਮੁਰਦਾ ਅਤੇ ਵੱਢਿਆ-ਟੁੱਕਿਆ ਸਿਪਾਹੀ ਪਿਆ ਹੈ। ਉਸ ਦੀ ਕੱਟੀ ਹੋਈ ਸੱਜੀ ਬਾਂਹ ਦਾ ਹੱਥ ਟੁੱਟਦੀ ਤਲਵਾਰ ਨੂੰ ਫੜ ਲੈਂਦਾ ਹੈ ਜਿਸ ਤੋਂ ਫੁੱਲ ਉੱਗਦਾ ਹੈ, ਤੇ ਔਰਤ ਦੇ ਹੱਥ ਵਿਚ ਬਲਦੀ ਮਸ਼ਾਲ ਹੈ ਜੋ ਮਸੀਹ ਦੀ ਸ਼ਹਾਦਤ ਦਾ ਪ੍ਰਤੀਕ ਹੈ। ਖੰਜਰ, ਘੋੜਾ ਅਤੇ ਬਲਦ ਦੇ ਖਾਸ ਮਤਲਬ ਹਨ। ਸਪੈਨਿਸ਼ ਸੱਭਿਆਚਾਰ ਵਿਚ ਘੋੜਾ ਅਤੇ ਬੈਲ ਮੁੱਖ ਪਾਤਰ ਹਨ ਜੋ ਬੁਰਾਈ ਅਤੇ ਚੰਗਿਆਈ ਦੇ ਪ੍ਰਤੀਕ ਹਨ। ਇੱਥੇ ਬੈਲ ਦੇ ਰੂਪ ਵਿਚ ਜਨਰਲ ਫਰੈਂਕੋ ਅਤੇ ਘੋੜੇ ਨੂੰ ਗੁਏਰਨਿਕਾ ਦੇ ਨਿਰਦੋਸ਼ ਲੋਕਾਂ ਦੇ ਪ੍ਰਤੀਕ ਵਜੋਂ ਵਿਖਾਇਆ ਗਿਆ ਹੈ। ਉਂਝ ਚਿੱਤਰ ਦੇਖਣ ਵਾਲੀ ਹਰ ਅੱਖ ਦੇ ਆਪੋ-ਆਪਣੇ ਕਿਆਸ, ਅਰਥ ਤੇ ਦ੍ਰਿਸ਼ਟੀਕੋਣ ਹਨ। ਸੱਜੇ ਪਾਸੇ ਇੱਕ ਹੋਰ ਔਰਤ ਹੈ ਜਿਸ ਦੇ ਹੱਥ ਦਹਿਸ਼ਤ ਨਾਲ ਉੱਠੇ ਹੋਏ ਹਨ, ਦੁਖੀ ਔਰਤ ਦਾ ਮੂੰਹ ਖੁੱਲ੍ਹਾ ਹੈ ਅਤੇ ਸਿਰ ਪਿੱਛੇ ਨੂੰ ਡਿੱਗਿਆ ਹੋਇਆ। ਉਸ ਦਾ ਸੱਜਾ ਹੱਥ ਹਵਾਈ ਜਹਾਜ਼ ਦੀ ਸ਼ਕਲ ਸੁਝਾਉਂਦਾ ਹੈ। ਮਨੁੱਖੀ ਖੋਪੜੀ ਘੋੜੇ ਦੇ ਸਰੀਰ ਨੂੰ ਢੱਕ ਲੈਂਦੀ ਹੈ। ਘੋੜੇ ਦੀ ਛਾਤੀ ਦੇ ਅੰਦਰ ਸਿੰਗ ਦਿਖਾਈ ਦਿੰਦਾ ਹੈ। ਬਲਦ ਦੀ ਪੂਛ ਅੱਗ ਦੀ ਲਾਟ ਦੀ ਤਸਵੀਰ ਬਣਾਉਂਦੀ ਹੈ ਜਿਸ ਤੋਂ ਧੂੰਆਂ ਉੱਠਦਾ ਹੈ।

ਕੁੱਲ ਮਿਲਾ ਕੇ ਇਹ ਚਿੱਤਰ ਫਾਸ਼ੀਵਾਦੀ ਹਮਲੇ ਦੀ ਮਾਰ ਹੇਠ ਆਏ ਗੁਏਰਨਿਕਾ ਕਸਬੇ ਦੇ ਨਿਰਦੋਸ਼ ਲੋਕਾਂ ਦੇ ਜਾਨ-ਮਾਲ-ਸੱਭਿਆਚਾਰ ਦੀ ਤਬਾਹੀ ਅਤੇ ਦਰਦ ਦੀ ਪੇਸ਼ਕਾਰੀ ਕਰਦਾ ਹੈ ਜੋ ਅੱਜ ਆਲਮੀ ਪੱਧਰ 'ਤੇ ਨਿਹੱਕੀ ਜੰਗ ਵਿਰੁੱਧ ਬਿਗਲ ਦਾ ਚਿੰਨ੍ਹ ਬਣ ਚੁੱਕਾ ਹੈ। ਇਹ ਚਿੱਤਰ ਫਾਸ਼ੀਵਾਦ ਖਿਲਾਫ਼ ਲਿਖੇ ਗਏ ਲੱਖਾਂ ਸ਼ਬਦਾਂ ਅਤੇ ਭਾਸ਼ਣਾਂ ਜਿੰਨਾ ਹੀ ਸ਼ਕਤੀਸ਼ਾਲੀ ਕਲਾ ਸ਼ਾਸਤਰ ਹੈ। ਉਸ ਨੇ ਇਹ ਚਿੱਤਰ 1937 ਵਿਚ ਬਣਾਇਆ ਸੀ। ਇਹੀ ਲੋਕ ਪੱਖੀ ਕਲਾ ਦੀ ਤਾਕਤ ਹੈ ਜੋ ਮਨੁੱਖਤਾ ਦੇ ਦਰਦ ਨੂੰ ਬਿਆਨਦੀ ਹੈ।

ਇਸ ਮਗਰੋਂ ਦੂਜੀ ਆਲਮੀ ਜੰਗ ਸਮੇਂ ਪਿਕਾਸੋ ਨਾਜ਼ੀ ਕਬਜ਼ੇ ਵਾਲੇ ਪੈਰਿਸ ਵਿਚ ਰਹਿ ਰਿਹਾ ਸੀ ਤਾਂ ਇੱਕ ਨਾਜ਼ੀ ਅਫ਼ਸਰ ਉਸ ਦੇ ਅਪਾਰਟਮੈਂਟ ਵਿਚ ਆਇਆ। ਉਸ ਨੇ 'ਗੁਏਰਨਿਕਾ' ਵੱਲ ਇਸ਼ਾਰਾ ਕਰਦਿਆਂ ਪੁੱਛਿਆ, "ਇਹ ਤੁਸੀਂ ਬਣਾਇਆ ਹੈ?"

ਪਿਕਾਸੋ ਨੇ ਜਵਾਬ ਦਿੱਤਾ, "ਨਹੀਂ, ਇਹ ਤੁਸੀਂ ਬਣਾਈ ਹੈ।"

ਇਹ ਚਿੱਤਰ ਅੱਜ ਵੀ ਸੰਸਾਰ ਚੌਧਰ ਲਈ ਜੰਗ ਅਤੇ ਤਬਾਹੀ ਮਚਾ ਰਹੀਆਂ ਤਾਕਤਾਂ ਲਈ ਚੁਣੌਤੀ ਅਤੇ ਇਨਸਾਫ਼ਪਸੰਦ ਲੋਕਾਂ ਲਈ ਫਾਸ਼ੀਵਾਦ ਅਤੇ ਪੂੰਜੀਵਾਦ ਖਿਲਾਫ਼ ਸੰਘਰਸ਼ ਦਾ ਪ੍ਰਤੀਕ ਬਣਿਆ ਹੋਇਆ ਹੈ। ਇਸ ਦੀ ਇੱਕ ਤਾਜ਼ਾ ਮਿਸਾਲ ਹੈ। 28-30 ਜੂਨ 2022 ਨੂੰ ਪਾਬਲੋ ਦੀ ਜਨਮ ਭੂਮੀ ਸਪੇਨ ਦੇ ਸ਼ਹਿਰ ਮੈਡਰਿਡ ਵਿਚ ਨਾਟੋ ਸੰਮੇਲਨ ਦੌਰਾਨ ਨਾਟੋ ਆਗੂਆਂ ਵੱਲੋਂ ਪਿਕਾਸੋ ਦੀ ਜੰਗ ਵਿਰੋਧੀ ਕਲਾਕ੍ਰਿਤ 'ਗੁਏਰਨਿਕਾ' ਅੱਗੇ ਫੋਟੋ ਖਿਚਵਾਉਣ ਦੇ ਵਿਰੋਧ ਵਿਚ ਪੇਰੂਵੀਅਨ ਚਿੱਤਰਕਾਰ ਦੇਨੀਏਲਾ ਔਰਤਿਸ ਨੇ ਸਖ਼ਤ ਲਿਖਤੀ ਇਤਰਾਜ਼ ਜ਼ਾਹਿਰ ਕੀਤਾ ਅਤੇ ਅਜਾਇਬ ਘਰ ਨੂੰ ਨਾਟੋ ਦੁਆਰਾ ਸਾਮਰਾਜੀ ਜੰਗ ਦਾ ਮੰਚ ਬਣਾਉਣ ਦੇ ਵਿਰੋਧ ਵਿਚ ਆਪਣੀਆਂ ਅੱਠ ਕਲਾਕ੍ਰਿਤਾਂ ਮਿਊਜ਼ੀਅਮ ਵਿਚੋਂ ਹਟਾ ਲਈਆਂ। ਉਸ ਨੇ ਕਿਹਾ ਕਿ ਪੱਛਮੀ ਸਾਮਰਾਜੀ ਕਾਤਲਾਂ ਦਾ ਗਰੋਹ ਹਨ ਅਤੇ ਇਹ ਸੰਸਾਰ ਨੂੰ ਜੰਗ ਦੀ ਅੱਗ ਵਿਚ ਝੋਕ ਰਹੇ ਹਨ; ਤੇ 'ਗੁਏਰਨਿਕਾ' ਅੱਗੇ ਤਸਵੀਰਾਂ ਖਿਚਵਾ ਕੇ ਉਹ ਪਿਕਾਸੋ ਦੀ ਜੰਗ ਵਿਰੋਧੀ ਸੰਸਾਰ ਪ੍ਰਸਿੱਧ ਕਲਾਕ੍ਰਿਤ ਨੂੰ ਅਪਮਾਨਿਤ ਕਰ ਰਹੇ ਹਨ।

ਪਿਕਾਸੋ ਆਪਣੀ ਮਾਤਭੂਮੀ 'ਤੇ ਰਹਿੰਦਿਆਂ ਸਪੇਨ ਦੇ ਤਾਨਾਸ਼ਾਹ ਜਨਰਲ ਫਰਾਂਸਿਸਕੋ ਫਰੈਂਕੋ ਦੀਆਂ ਫਾਸ਼ੀਵਾਦੀ ਕਾਰਵਾਈਆਂ ਦਾ ਵਿਰੋਧੀ ਰਿਹਾ ਅਤੇ ਉਲਟਾ ਫਾਸ਼ੀਵਾਦੀ ਹਕੂਮਤ ਉਸ ਦੀ ਕਲਾ ਤੋਂ ਤ੍ਰਹਿੰਦੀ ਰਹੀ। ਉਸ ਨੇ ਸਪੇਨ ਤੋਂ ਜਲਾਵਤਨੀ ਮਗਰੋਂ ਆਪਣੀ ਜ਼ਿੰਦਗੀ ਦੇ ਜ਼ਿਆਦਾਤਰ ਵਰ੍ਹੇ ਫਰਾਂਸ ਵਿਚ ਹੀ ਗੁਜ਼ਾਰੇ। ਇੱਥੇ ਉਹ ਫਰਾਂਸ ਦੀ ਕਮਿਊਨਿਸਟ ਪਾਰਟੀ ਨਾਲ ਜੁੜਿਆ ਰਿਹਾ। ਦੂਜੀ ਆਲਮੀ ਜੰਗ ਸਮੇਂ ਨਾਜ਼ੀ ਫ਼ੌਜ ਵੱਲੋਂ ਉਸ ਦੀ ਕਲਾ ਦੀਆਂ ਜਨਤਕ ਪ੍ਰਦਰਸ਼ਨੀਆਂ ਨੂੰ ਜਬਰੀ ਰੋਕ ਦਿੱਤਾ ਗਿਆ ਸੀ ਪਰ ਕੁਝ ਬਾਗ਼ੀ ਗਰੁੱਪਾਂ ਵੱਲੋਂ ਪਿਕਾਸੋ ਨੂੰ ਪਨਾਹ ਦੇ ਨਾਲ-ਨਾਲ ਚਿੱਤਰਕਾਰੀ ਲਈ ਜ਼ਰੂਰੀ ਸਮੱਗਰੀ ਮੁਹੱਈਆ ਕਰਵਾਈ ਜਾਂਦੀ ਰਹੀ। 1944 ਵਿਚ ਫਰੈਂਚ ਕਮਿਊਨਿਸਟ ਪਾਰਟੀ ਦੀ ਮੈਂਬਰਸ਼ਿਪ ਹਾਸਲ ਕਰਨ ਤੋਂ ਬਾਅਦ ਉਸ ਨੇ ਫਰੈਂਚ ਅਖ਼ਬਾਰ ਵਿਚ ਲਿਖਿਆ- 'ਕਮਿਊਨਿਸਟ ਪਾਰਟੀ ਦੀ ਮੈਂਬਰਸ਼ਿਪ ਲੈਣੀ ਮੇਰੀ ਪੂਰੀ ਜ਼ਿੰਦਗੀ ਤੇ ਸਮੁੱਚੇ ਕਲਾ ਕੰਮ ਦਾ ਤਾਰਕਿਕ ਸਿੱਟਾ ਹੈ। ਐਨੇ ਸਾਲਾਂ ਦੇ ਭਿਆਨਕ ਜਬਰ ਨੇ ਮੈਨੂੰ ਸਿਖਾ ਦਿੱਤਾ ਹੈ ਕਿ ਮੈਨੂੰ ਇਸ ਜ਼ੁਲਮ ਖਿਲਾਫ਼ ਜ਼ਰੂਰ ਲੜਨਾ ਚਾਹੀਦਾ ਹੈ, ਮਹਿਜ਼ ਕਲਾ ਰਾਹੀਂ ਹੀ ਨਹੀਂ ਬਲਕਿ ਤਨੋ-ਮਨੋ।'



***ਚਿੱਤਰਕਾਰ ਪਾਬਲੋ ਪਿਕਾਸੋ।***

ਸਪੇਨ ਦੇ ਸ਼ਹਿਰ ਬਾਰਸੀਲੋਨਾ ਵਿਚ ਬਣੇ ਵੱਡ-ਆਕਾਰੀ ਅਜਾਇਬ ਘਰ ਵਿਚ ਇਹ ਚਿੱਤਰ ਅੱਜ ਵੀ ਵਿਸ਼ਵ ਭਰ ਦੇ ਸੈਲਾਨੀਆਂ ਲਈ ਖਿੱਚ ਦਾ ਕੇਂਦਰ ਬਣੇ ਹੋਏ ਹਨ। ਇਸ ਤੋਂ ਬਿਨਾ ਦਰਜਨਾਂ ਹੋਰ ਚਿੱਤਰ, ਸਕੈੱਚ, ਮੂਰਤੀਆਂ, ਤਾਂਬੇ ਅਤੇ ਚੀਨੀ ਦੇ ਬਰਤਨਾਂ ਉੱਤੇ ਕੀਤੀ ਬਾਕਮਾਲ ਚਿੱਤਰਕਾਰੀ, ਖੋਜ ਪੇਪਰ ਅਤੇ ਪੁਸਤਕਾਂ ਅਜਾਇਬ ਘਰ ਦਾ ਸ਼ਿੰਗਾਰ ਬਣੇ ਹੋਏ ਹਨ। ਗਿੰਨੀਜ਼ ਬੁੱਕ ਆਫ ਵਰਲਡ ਰਿਕਾਰਡਜ਼ ਮੁਤਾਬਿਕ ਉਸ ਨੇ ਕੁੱਲ 100000 ਪ੍ਰਿੰਟ, 34000 ਕਿਤਾਬਾਂ ਦੇ ਚਿੱਤਰ, 300 ਮੂਰਤੀਆਂ ਅਤੇ ਬਹੁਤ ਸਾਰੇ ਚਿੱਤਰ ਤਿਆਰ ਕੀਤੇ ਸਨ। ਕਲਾ ਪ੍ਰਾਪਤੀਆਂ ਕਾਰਨ ਪਿਕਾਸੋ ਨੂੰ ਵੀਹਵੀਂ ਸਦੀ ਦਾ ਆਧੁਨਿਕ ਕਲਾ ਦਾ ਪ੍ਰਭਾਵਸ਼ਾਲੀ ਚਿੱਤਰਕਾਰ ਮੰਨਿਆ ਗਿਆ। ਸੈਲਾਨੀ ਪਾਬਲੋ ਦੇ ਚਿੱਤਰਾਂ ਵਾਲੀਆਂ ਟੀ-ਸ਼ਰਟਾਂ, ਪੈੱਨ, ਕੌਫੀ ਕੱਪ, ਕਿਤਾਬਾਂ, ਕਾਰਡ, ਬੈਗ ਆਦਿ ਅਨੇਕਾਂ ਵਰਤੋਂ ਦੀਆਂ ਚੀਜ਼ਾਂ ਦੀ ਖਰੀਦਦੇ ਹਨ। ਅਜਾਇਬ ਘਰ ਅੰਦਰ ਆਪਣੇ ਕੈਮਰੇ 'ਚ ਚਿੱਤਰਾਂ ਦੀ ਤਸਵੀਰ ਕੈਦ ਕਰਨ ਦੀ ਕੋਈ ਮਨਾਹੀ ਨਹੀਂ ਹੈ। ਜੇ ਤੁਸੀਂ ਵਿਦਿਆਰਥੀ ਹੋ ਤਾਂ ਟਿਕਟ 'ਚ ਵੀ ਕੁਝ ਰਿਆਇਤ ਮਿਲ ਸਕਦੀ ਹੈ। ਪਾਬਲੋ ਪਿਕਾਸੋ ਅਜਾਇਬ ਘਰ ਵਿਚ ਘੁੰਮਦਿਆਂ ਯੂਰਪੀ ਭਵਨ ਨਿਰਮਾਣ ਕਲਾ ਦਾ ਅਨੋਖਾ ਅਹਿਸਾਸ ਵੀ ਮਿਲਦਾ ਹੈ। ਉਸ ਦੇ ਅਜਾਇਬ ਘਰ ਵੱਲ ਜਾਂਦੀਆਂ ਗਲੀਆਂ ਮੱਧਕਾਲੀਨ ਯੂਰਪੀ ਸਾਹਿਤ ਵਿਚ ਚਿਤਰੇ ਸਥਾਨਾਂ ਦਾ ਚੇਤਾ ਕਰਵਾ ਦਿੰਦੀਆਂ ਹਨ। ਇਹਦੇ ਵਿਚੋਂ ਸਪੇਨੀ ਸੱਭਿਆਚਾਰ, ਸਾਹਿਤ ਅਤੇ ਕਲਾ ਦਾ ਆਨੰਦ ਲਿਆ ਜਾ ਸਕਦਾ ਹੈ। ਯੂਰਪ ਵਿਚਲੇ ਅਜਿਹੇ ਅਜਾਇਬ ਘਰ ਅੱਜ ਵੀ ਆਪਣੀ ਪੁਰਾਤਨ ਕਲਾ, ਉਸ ਦੀ ਅਮੀਰੀ, ਵਿਲੱਖਣਤਾ ਅਤੇ ਵਿਰਾਸਤ ਸਾਂਭੀ ਬੈਠੇ ਹਨ। ਪਿਕਾਸੋ ਕਿਹਾ ਕਰਦਾ ਸੀ- 'ਜ਼ਿੰਦਗੀ ਵਿਚ ਪਿਆਰ ਸਭ ਤੋਂ ਵੱਡੀ ਤਾਜ਼ਗੀ ਹੈ।' ਤੇ ਇਸ ਤਾਜ਼ਗੀ ਦਾ ਅਹਿਸਾਸ ਉਸ ਦੀ ਕਲਾ ਵਿਚੋਂ ਝਲਕਦੇ ਪਿਆਰ, ਸੁੰਦਰਤਾ ਅਤੇ ਸੁਹਜ ਰਾਹੀਂ ਅੱਜ ਵੀ ਮਹਿਸੂਸ ਕੀਤਾ ਜਾ ਸਕਦਾ ਹੈ।

ਪਾਬਲੋ ਪਿਕਾਸੋ ਦਾ ਪੂਰਾ ਨਾਮ ਪਾਬਲੋ ਡੀਏਗੋ ਖੋਸੇ ਫ੍ਰਾਂਸਿਸਕੋ ਡੀ ਪੌਲਾ ਖੁਆਨ ਨੇਪੋਮੁਸੇਨੋ ਮਾਰੀਆ ਡੇ ਲੋਸ ਰੇਮੇਦੀਓਸ ਸਿਪ੍ਰੀਆਨੋ ਡੇ ਲਾ ਸੈਂਤੀਸਿਮਾ ਤ੍ਰਿਨੀਦਾਦ ਰੁਇਜ਼ ਈ ਪਿਕਾਸੋ (ਜਨਮ 25 ਅਕਤੂਬਰ 1881, ਮੌਤ 8 ਅਪਰੈਲ 1973) ਹੈ। ਉਸ ਦਾ ਜਨਮ ਮਾਰੀਆ ਪਿਕਾਸੋ ਲੋਪੇਜ਼ ਦੀ ਕੁੱਖੋਂ 25 ਅਕਤੂਬਰ 1881 ਨੂੰ ਮੈਲਾਗਾ, ਸਪੇਨ ਵਿਚ ਹੋਇਆ ਅਤੇ ਉਸ ਦੇ ਪਿਤਾ ਰੁਈਜ਼ ਬਲਾਸਕੋ ਚਿੱਤਰਕਾਰ ਤੇ ਕਲਾ ਅਧਿਆਪਕ ਸਨ। ਪਾਬਲੋ ਅੰਦਰਲੀ ਚਿੱਤਰਕਾਰ ਪ੍ਰਤਿਭਾ ਦੀ ਖੋਜ ਅਤੇ ਵਿਕਾਸ ਵਿਚ ਉਸ ਦੇ ਪਿਤਾ ਦਾ ਵੱਡਾ ਯੋਗਦਾਨ ਹੈ। ਪਿਕਾਸੋ ਦੀ ਇਸੇ ਪ੍ਰਤਿਭਾ ਕਾਰਨ ਬਹੁਤ ਛੋਟੀ ਉਮਰ ਵਿਚ ਉਸ ਦੀਆਂ ਰਚਨਾਵਾਂ ਸਪੈਨਿਸ਼ ਮੈਗਜ਼ੀਨ 'ਆਰਤੇ ਖੋਵਿਨ' (ਨੌਜਵਾਨ ਪ੍ਰਤਿਭਾ) ਵਿਚ ਪ੍ਰਕਾਸ਼ਿਤ ਹੋਣ ਲੱਗ ਗਈਆਂ ਸਨ। 1892 ਵਿਚ ਉਹ ਗੁਆਰਦਾ ਸਕੂਲ ਵਿਚ ਫਾਈਨ ਆਰਟਸ ਦੀ ਪੜ੍ਹਾਈ ਕਰਨ ਤੋਂ ਬਾਅਦ ਬਾਰਸੀਲੋਨਾ ਚਲੇ ਗਏ ਜਿੱਥੇ ਫਾਈਨ ਆਰਟਸ ਦੀ ਉਚੇਰੀ ਸਿੱਖਿਆ ਹਾਸਲ ਕੀਤੀ। ਪਿਕਾਸੋ ਦੇ ਕੰਮ ਨੂੰ ਬਲੂ ਪੀਰੀਅਡ (1901-1904), ਰੋਜ਼ ਪੀਰੀਅਡ (1904-1906), ਅਫਰੀਕਨ-ਪ੍ਰਭਾਵਿਤ ਪੀਰੀਅਡ (1907-1909), ਵਿਸ਼ਲੇਸ਼ਣਾਤਮਕ ਘਣਵਾਦ (1909-1912), ਅਤੇ ਸਿੰਥੈਟਿਕ ਕਿਊਬਿਜ਼ਮ (1912-1919) ਆਦਿ ਕਾਲਾਂ ਵਿਚ ਵੰਡਿਆ ਜਾਂਦਾ ਹੈ।

1911 ਵਿਚ ਪਿਕਾਸੋ ਦੀ ਜ਼ਿੰਦਗੀ ਵਿਚ ਈਵਾ ਗੋਏਲ ਨਾਮ ਦੀ ਖ਼ੂਬਸੂਰਤ ਔਰਤ ਆਈ ਜਿਸ ਨੇ ਉਸ ਦੇ ਪ੍ਰਸਿੱਧ ਚਿੱਤਰ 'ਗਿਟਾਰ ਵਾਲੀ ਸੁੰਦਰੀ' ਲਈ ਪੋਜ਼ ਦਿੱਤਾ ਸੀ। ਉਹ ਆਪਣੀ ਮੌਤ (1915) ਤੱਕ ਉਸ ਦੇ ਸੰਗ ਰਹੀ। 1918 ਵਿਚ ਪਿਕਾਸੋ ਇੱਕ ਰੂਸੀ ਕਵੀ ਦੇ ਲਿਖੇ ਕਾਵਿ-ਨਾਟਕ ਦੇ ਸੈੱਟ ਦੀ ਤਿਆਰੀ ਕਰ ਰਿਹਾ ਸੀ ਤੇ ਉਸ ਕਾਵਿ-ਨਾਟਕ ਵਿਚ ਰੂਸੀ ਨ੍ਰਤਕੀ ਓਲਗਾ ਕੋਖਲੋਵਾ ਨ੍ਰਿਤ ਕਰ ਰਹੀ ਸੀ। ਪਿਕਾਸੋ ਨੇ ਉਸ ਨਾਲ ਪ੍ਰੇਮ ਵਿਆਹ ਕਰਵਾ ਲਿਆ। 1921 ਵਿਚ ਉਨ੍ਹਾਂ ਦੇ ਘਰ ਪਾਓਲੋ ਨਾਮ ਦੇ ਬੱਚੇ ਨੇ ਜਨਮ ਲਿਆ। ਪਿਕਾਸੋ ਅਤੇ ਓਲਗਾ ਲੜਦੇ-ਝਗੜਦੇ ਓਲਗਾ ਦੀ ਮੌਤ (1955) ਤੱਕ 'ਇਕੱਠੇ' ਰਹੇ ਪਰ ਇਨ੍ਹਾਂ ਵਰ੍ਹਿਆਂ ਦਰਮਿਆਨ 46 ਸਾਲਾ ਪਿਕਾਸੋ 17 ਸਾਲਾ ਮੈਰੀ ਥੇਰੇਸ ('ਸ਼ੀਸ਼ੇ ਮੂਹਰੇ ਬੈਠੀ ਕੁੜੀ'-1932 ਪੇਂਟਿੰਗ ਦਾ ਵਿਸ਼ਾ ਰਹੀ ਕੁੜੀ) ਨਾਲ ਰਹਿੰਦਾ ਰਿਹਾ। 1935 ਵਿਚ ਉਨ੍ਹਾਂ ਦੇ ਘਰ ਮਾਇਆ ਨਾਮ ਦੀ ਬੱਚੀ ਪੈਦਾ ਹੋਈ।

***(ਬਾਕੀ ਅਗਲੇ ਸਫੇ 'ਤੇ)***

# ਹਨੇਰੇ ਰਾਹ

*(ਸਫਾ 14 ਦੀ ਬਾਕੀ)*

ਨੇ ਜੀਤੀ ਤੋਂ ਚਾਹ ਵਾਲਾ ਜੱਗ ਫੜ ਲਿਆ ਅਤੇ ਪਕੌੜਿਆਂ ਵਾਲੀ ਟਰਾਲੀ ਜੀਤੀ ਹਵਾਲੇ ਕਰ ਦਿੱਤੀ। ਜੀਤੀ ਦੇ ਦੱਸੇ ਮੇਜ਼ਾਂ 'ਤੇ ਚਾਹ ਵਰਤਾਉਂਦੇ ਕਰਨਵੀਰ ਨੂੰ ਕਿਸੇ ਮਹਿਮਾਨ ਨੇ ਕਿਹਾ, "ਬੱਚੇ, ਰਜਿੰਦਰ ਇੱਥੇ ਹੀ ਹੁੰਦੈ ਕਿ ਰੈਸਟੋਰੈਂਟ 'ਚ?"

"ਕੌਣ ਰਜਿੰਦਰ ਜੀ?"

"ਇਸ ਹਾਲ ਦੇ ਮਾਲਕ ਦਾ ਨਾਂ ਰਜਿੰਦਰ ਈ ਐ ਨਾ?" ਮਹਿਮਾਨ ਨੇ ਪੁੱਛਿਆ।

"ਪਤਾ ਨਹੀਂ ਜੀ, ਮੇਰਾ ਅੱਜ ਪਹਿਲਾ ਦਿਨ ਏ। ਜੇ ਕੋਈ ਕੰਮ ਏ ਤਾਂ ਮੈਂ ਅੰਦਰੋਂ ਪੁੱਛ ਆਉਨਾ ਕਿਸੇ ਨੂੰ?"

"ਪਲੀਜ਼, ਜੇ ਮੇਰਾ ਸੁਨੇਹਾ ਉਸ ਤਕ ਪਹੁੰਚਾ ਦਿਓਂ। ਆਖਿਓ, ਵੈਨਕੂਵਰ ਵਾਲਾ ਸੇਖੋਂ ਯਾਦ ਕਰਦੈ।"

"ਠੀਕ ਏ ਜੀ।" ਆਖ ਕੇ ਕਰਨਵੀਰ ਰਸੋਈ ਵੱਲ ਚਲ ਪਿਆ। ਰਾਹ ਵਿਚ ਮਿਲੀ ਦਿਲਰੀਤ ਨੇ ਉਸ ਨੂੰ ਰਜਿੰਦਰ ਦੇ ਦਫ਼ਤਰ ਦਾ ਰਾਹ ਸਮਝਾ ਦਿੱਤਾ ਜਿਹੜਾ ਰਸੋਈ ਦੇ ਨਾਲ ਲੱਗਵਾਂ ਹੀ ਸੀ।

"ਵੈਨਕੂਵਰ ਵਾਲਾ ਸੇਖੋਂ" ਸੁਣ ਕੇ ਰਜਿੰਦਰ ਉਦੋਂ ਹੀ ਉੱਠ ਪਿਆ ਅਤੇ ਕਰਨਵੀਰ ਦੇ ਨਾਲ ਹੀ ਹਾਲ ਵਿਚ ਆ ਗਿਆ। ਸੇਖੋਂ ਉਨ੍ਹਾਂ ਨੂੰ ਆਪਣੇ ਵੱਲ ਆਉਂਦੇ ਦੇਖ ਕੁਰਸੀ ਤੋਂ ਉੱਠ ਖਲੋਤਾ ਤੇ ਉਨ੍ਹਾਂ ਦੇ ਨੇੜੇ ਆਉਣ 'ਤੇ ਬੋਲਿਆ, "ਮੈਨੂੰ ਪਤਾ ਸੀ ਕਿ ਮੇਰਾ ਨਾਂ ਸੁਣ ਕੇ ਭੱਜਿਆ ਆਏਂਗਾ।" ਸੇਖੋਂ ਤੇ ਰਜਿੰਦਰ ਨੂੰ ਬਗਲਗੀਰ ਹੁੰਦੇ ਦੇਖ ਕੇ ਕਰਨਵੀਰ ਨੂੰ ਇਕ ਪਲ ਸਮਝ ਨਾ ਲੱਗੀ ਕਿ ਉਹ ਆਪਣੇ ਕੰਮ ਜਾ ਲੱਗੇ ਜਾਂ ਰਜਿੰਦਰ ਦੇ ਹੁਕਮ ਤਕ ਖੜ੍ਹਾ ਰਹੇ। ਫਿਰ ਉਸ ਨੇ ਸੋਚਿਆ ਕਿ ਸੇਖੋਂ ਖ਼ਾਸ ਬੰਦਾ ਹੀ ਹੋਵੇਗਾ ਜਿਹੜਾ ਰਜਿੰਦਰ ਉਦੋਂ ਹੀ ਉੱਠ ਕੇ ਆ ਗਿਆ ਸੀ। ਇਹ ਸੋਚ ਕੇ ਉਹ ਰਸੋਈ ਵਿਚ ਚਲਾ ਗਿਆ ਅਤੇ ਗੋਭੀ ਤੇ ਪਨੀਰ ਦੇ ਪਕੌੜਿਆਂ ਦੀਆਂ ਦੋ ਪਲੇਟਾਂ ਚੁੱਕ ਕੇ ਉਹ ਸੇਖੋਂ ਵਾਲੇ ਮੇਜ਼ 'ਤੇ ਲੈ ਆਇਆ। ਰਜਿੰਦਰ ਨੇ ਕਰਨਵੀਰ ਵੱਲ ਪ੍ਰਸ਼ੰਸਾਮਈ ਨਜ਼ਰਾਂ ਨਾਲ ਦੇਖਿਆ ਜਿਸ ਨੂੰ ਕਰਨਵੀਰ ਨੇ ਭਾਂਪ ਲਿਆ। ਰਜਿੰਦਰ ਬੋਲਿਆ, "ਛੋਟੇ, ਤੂੰ ਸਾਡੇ ਨਾਲ ਆ। ਇਹ ਟੇਬਲ ਕੋਈ ਹੋਰ ਕਵਰ ਕਰ ਲਊਗਾ।" ਉਹ ਸੇਖੋਂ ਦੀ ਬਾਂਹ ਫੜ ਕੇ ਆਪਣੇ ਦਫ਼ਤਰ ਵੱਲ ਲਿਜਾਣ ਲੱਗਾ। ਕਰਨਵੀਰ ਉਨ੍ਹਾਂ ਦੇ ਮਗਰ ਚੱਲ ਪਿਆ। "ਤੂੰ ਤਾਂ ਫਿਰ ਸੇਖੋਂ ਭਾਅ ਉਥੇ ਹੀ ਕੰਮ ਕਰੀ ਜਾਨੈਂ ਹਾਲੇ ਤੱਕ?" ਰਜਿੰਦਰ ਬੋਲਿਆ। ਸੇਖੋਂ ਦੀ ਆਵਾਜ਼ ਕਰਨਵੀਰ ਨੂੰ ਨਾ ਸੁਣੀ। ਉਹ ਹੌਲੀ ਬੋਲਦਾ ਸੀ। ਰਜਿੰਦਰ ਨੇ ਫਿਰ ਕਿਹਾ, "ਭਾਅ, ਤੂੰ ਈ ਐਂ ਕੈਨੇਡਾ 'ਚ ਮੇਰੇ ਪੈਰ ਲਵਾਉਣ ਵਾਲਾ। ਜੇ ਤੂੰ ਮੈਨੂੰ ਕੈਨੇਡਾ 'ਚ ਨਵੇਂ ਆਏ ਨੂੰ ਆਵਦੇ ਨਾਲ ਕੰਮ 'ਤੇ ਨਾ ਲਵਾਉਂਦਾ ਤਾਂ ਮੈਂ ਸ਼ਾਇਦ ਵਾਪਸ ਇੰਡੀਆ ਹੀ ਮੁੜ ਜਾਂਦਾ।"

ਰਜਿੰਦਰ ਦੇ ਦਫ਼ਤਰ ਵਿਚ ਵੜਦਿਆਂ ਸੇਖੋਂ ਬੋਲਿਆ, "ਤੂੰ ਤਾਂ ਵਧੀਆ ਜੁਗਾੜ ਫਿੱਟ ਕਰੀ ਬੈਠਾਂ। ਚੰਗਾ ਰਹਿ ਗਿਆ ਟਰਾਂਟੋ ਮੂਵ ਹੋ ਕੇ।"

"ਬੰਦਾ ਜੇ ਸਮੇਂ ਦੇ ਨਾਲ-ਨਾਲ ਤੁਰਨਾ ਸਿੱਖ ਜਾਵੇ ਤਾਂ ਸਭ ਕੁਝ ਆਪ ਹੀ ਬਣ ਜਾਂਦੈ। ਆ, ਬੈਠ।" ਆਖਦਿਆਂ ਰਜਿੰਦਰ ਨੇ ਕੁਰਸੀ ਮੇਜ਼ ਦੇ ਹੇਠੋਂ ਬਾਹਰ ਖਿੱਚੀ ਅਤੇ ਸੇਖੋਂ ਨੂੰ ਬੈਠਣ ਦਾ ਇਸ਼ਾਰਾ ਕੀਤਾ। ਫਿਰ ਉਸ ਦੇ ਸਾਹਮਣੇ ਆਪਣੀ ਕੁਰਸੀ 'ਤੇ ਬੈਠ ਗਿਆ। ਕਰਨਵੀਰ ਦਫ਼ਤਰ ਵਿਚ ਲੱਗੇ ਮੋਨੀਟਰਾਂ ਵੱਲ ਦੇਖਣ ਲੱਗਾ ਜਿਨ੍ਹਾਂ 'ਤੇ ਹਾਲ ਦੇ ਹਰ ਕੋਨੇ ਵਿਚ ਹੋ ਰਹੀਆਂ ਗਤੀਵਿਧੀਆਂ ਚੱਲ ਰਹੀਆਂ ਸਨ। ਰਜਿੰਦਰ ਬੋਲਿਆ, "ਛੋਟੇ, ਆਪਣੇ ਕੁੱਕ ਨੂੰ ਕਹੀਂ ਕਿ ਮੱਛੀ ਦੇ ਪਕੌੜੇ ਤਲੇ ਛੇਤੀ। ਦੱਸ ਦੇਈਂ ਉਹਨੂੰ ਕਿ ਜਿਹੜੀ ਹਾਲ 'ਚ ਵਰਤਾਉਣੀ ਐ, ਬਾਸਾ ਮੱਛੀ, ਉਹਦੇ ਨਹੀਂ, ਦੂਜੀ ਸਪੈਸ਼ਲ ਕੌਡ ਮੱਛੀ ਦੇ ਤਲਣੇ ਆ।"

> **ਕਰਨਵੀਰ ਦੇ ਚਿੱਤ 'ਚ ਆਈ ਕਿ ਕਹੇ, 'ਨਵੇਂ ਆਇਆਂ ਦੀ ਲੁੱਟ ਤਾਂ ਨਾ ਕਰੋ' ਪਰ ਉਸ ਨੇ ਇਹ ਕਿਹਾ ਨਹੀਂ ਤੇ ਗਲਾਸਾਂ ਨੂੰ ਜੋਹਿਆ। ਉਹ ਹੇਠੋਂ ਭੀੜੇ ਸਨ। ਉਨ੍ਹਾਂ ਨੂੰ ਅੱਧ ਤੱਕ ਬਰਫ਼ ਦੇ ਟੁਕੜਿਆਂ ਨਾਲ ਭਰ ਲਿਆ। ਫਿਰ ਵਿਸਕੀ ਪਾਈ। ਉਸ ਤੋਂ ਦੁੱਗਣਾ ਸੋਢਾ ਪਾ ਕੇ ਨਾਸ਼ਪਾਤੀ ਦੀਆਂ ਬਾਰੀਕ ਟੁਕੜੀਆਂ ਚਮਚੇ ਨਾਲ ਉਸ ਵਿਚ ਪਾ ਦਿੱਤੀਆਂ। ਫਿਰ ਨਿੰਬੂ ਦੀਆਂ ਫਾੜੀਆਂ ਨੂੰ ਗਲਾਸਾਂ ਦੀਆਂ ਕੰਗਣੀਆਂ ਉੱਪਰ ਟੰਗ ਕੇ ਉਸ ਨੇ ਪਹਿਲਾਂ ਸੇਖੋਂ ਨੂੰ ਪੇਸ਼ ਕੀਤਾ ਤੇ ਫੇਰ ਰਜਿੰਦਰ ਨੂੰ।**

"ਠੀਕ ਏ ਸਰ, ਪੀਣ ਲਈ ਕੁਝ ਲੈ ਕੇ ਆਵਾਂ?" ਕਰਨਵੀਰ ਨੇ ਪੁੱਛਿਆ।

"ਪੀਣ ਦਾ ਹੈਗਾ ਬੰਦੋਬਸਤ ਮੇਰੇ ਕੋਲ। ਗਲਾਸ ਲੈ ਆਈਂ।"

ਹਲਵਾਈ ਨੂੰ ਪਕੌੜਿਆ ਬਾਰੇ ਆਖ ਕੇ ਕਰਨਵੀਰ ਨੇ ਟਰੇਅ ਵਿਚ ਗਲਾਸ ਰੱਖੇ। ਪਲੇਟ ਵਿਚ ਸਲਾਦ ਪਾਇਆ। ਨਿੰਬੂ ਨੂੰ ਗੋਲਾਈ 'ਚ ਕੱਟਿਆ ਅਤੇ ਬਾਰੀਕ ਫਾੜੀਆਂ ਦੇ ਅੱਧ ਤਕ ਚੀਰ ਪਾ ਕੇ ਨਿੱਕੀ ਕੌਲੀ ਵਿਚ ਰੱਖ ਲਿਆ। ਇਕ ਕੌਲੀ ਵਿਚ ਬਰਫ਼ ਦੀਆਂ ਟੁਕੜੀਆਂ ਰੱਖੀਆਂ ਅਤੇ ਸੋਡੇ ਦੀ ਬੋਤਲ ਚੁੱਕ ਲਈ। ਇਹ ਸਾਰਾ ਸਮਾਨ ਸਲੀਕੇ ਨਾਲ ਰਜਿੰਦਰ ਹੋਰਾਂ ਦੇ ਵਿਚਕਾਰ ਜਾ ਰੱਖਿਆ। ਰਜਿੰਦਰ ਨੇ ਕਰਨਵੀਰ ਵੱਲ ਦੇਖਿਆ ਤੇ ਫਿਰ ਸੇਖੋਂ ਨੂੰ ਪੁੱਛਣ ਲੱਗਾ, "ਭਾਅ, ਦੱਸ ਕਿਹੜੀ ਪੀਏਂਗਾ?"

"ਜਿਨ੍ਹਾਂ ਦੇ ਵਿਆਹ 'ਤੇ ਆਇਆਂ, ਓਹਨਾਂ ਕੋਲੋਂ ਪੀਊਂਗਾ। ਤੇਰੇ ਕੋਲੋਂ ਕਦੇ ਫੇਰ ਸਹੀ।"

"ਇੱਕ ਡਰਿੰਕ ਤਾਂ ਤੈਨੂੰ ਮੇਰੇ ਨਾਲ ਲਾਉਣਾ ਈ ਪਵੇਗਾ।"

"ਚੰਗਾ ਫਿਰ ਪਾ ਦੇ ਜਿਹੜਾ ਤੇਰਾ ਜੀਅ ਕਰਦੈ।"

"ਸਰ, ਜੇ ਕਹੋਂ ਤਾਂ ਮੈਂ ਡਰਿੰਕ ਬਣਾ ਕੇ ਦੇਵਾਂ?" ਕਰਨਵੀਰ ਨੇ ਪੁੱਛਿਆ।

ਰਜਿੰਦਰ ਨੇ ਆਪਣੇ ਪਿੱਛੇ ਬਣੀ ਅਲਮਾਰੀ ਵਿਚੋਂ ਗਲੈਨਫਿਡਿਕ ਵਿਸਕੀ ਦੀ ਬੋਤਲ ਕੱਢੀ ਅਤੇ ਮੇਜ਼ 'ਤੇ ਰੱਖਦਿਆਂ ਬੋਲਿਆ, "ਬਣਾ ਫਿਰ ਛੋਟੇ।"

"ਜੀ ਕਰਨਵੀਰ ਏ ਮੇਰਾ ਨਾਂ।" ਕਰਨਵੀਰ ਨੂੰ 'ਛੋਟੇ' ਸੰਬੋਧਨ ਅੱਖਰਿਆ। ਰਜਿੰਦਰ ਨੇ ਇਸ ਵੱਲ ਧਿਆਨ ਨਾ ਦਿੱਤਾ। ਉਹ ਬੋਲਿਆ, "ਹਾਂ ਠੀਕ ਐ। ਬਣਾ।"

ਕਰਨਵੀਰ ਨੇ ਸਿੰਗਲ ਮਾਲਟ ਵਿਸਕੀ ਵੱਲ ਦੇਖਿਆ ਤੇ ਬੋਲਿਆ, "ਸਰ, ਇਕ ਮਿੰਟ ਦਿਓ, ਮੈਂ ਡਰਿੰਕ ਲਈ ਕੁਝ ਸਮਾਨ ਲੈ ਆਵਾਂ।" ਆਖ ਕੇ ਕਰਨਵੀਰ ਮੁੜ ਰਸੋਈ ਵਿਚ ਆ ਗਿਆ। ਕੱਟ ਕੇ ਰੱਖੇ ਫਲਾਂ ਦੀਆਂ ਟਰੇਆਂ ਵਿਚ ਉਹ ਨਾਸ਼ਪਾਤੀ ਦੀਆਂ ਫਾੜੀਆਂ ਵੱਲ ਦੇਖਣ ਲੱਗਾ। ਉਹ ਤਿਕੋਨੀਆਂ ਕੱਟੀਆਂ ਹੋਈਆਂ ਸਨ। ਗਲਾਸਾਂ ਦੇ ਕਿਨਾਰਿਆਂ 'ਤੇ ਟੰਗਣ ਲਈ ਕਰਨਵੀਰ ਨੂੰ ਇਹ ਗੋਲ ਚਾਹੀਦੀਆਂ ਸਨ। ਉਸ ਨੇ ਤਰਕੀਬ ਸੋਚੀ ਤੇ ਉਨ੍ਹਾਂ ਫਾੜੀਆਂ ਨੂੰ ਹੋਰ ਬਾਰੀਕ ਕੱਟ ਕੇ ਇਕ ਕੌਲੀ ਵਿਚ ਰੱਖ ਲਿਆ ਅਤੇ ਮੁੜ ਰਜਿੰਦਰ ਹੋਰਾਂ ਦੀ ਹਾਜ਼ਰੀ ਵਿਚ ਪੇਸ਼ ਹੋ ਗਿਆ। ਗਲਾਸਾਂ ਵਿਚ ਬਰਫ਼ ਦੀਆਂ ਟੁਕੜੀਆਂ ਪਾਉਂਦਾ ਕਰਨਵੀਰ ਉਨ੍ਹਾਂ ਦੀਆਂ ਗੱਲਾਂ ਸੁਣਨ ਲੱਗਾ। ਰਜਿੰਦਰ ਆਖ ਰਿਹਾ ਸੀ, "ਭਾਅ, ਟਰਾਂਟੋ ਆ ਕੇ ਪਹਿਲਾਂ ਰੈਸਟੋਰੈਂਟ ਲਿਆ ਪਰ ਕੰਮ ਨਾ ਚੱਲਿਆ। ਘਾਟਾ ਪੈ ਗਿਆ। ਮੈਂ ਟੈਕਸੀ ਚਲਾਉਣ ਲੱਗ ਪਿਆ। ਫੇਰ ਪਤਾ ਲੱਗਾ ਕਿ ਲੇਬਰ ਬਹੁਤ ਸਸਤੀ ਮਿਲਦੀ ਹੈ। ਇੰਡੀਆ ਤੋਂ ਬਹੁਤ ਸਟੂਡੈਂਟ ਆ ਰਹੇ ਆ। ਮੈਂ ਫਿਰ ਰੈਸਟੋਰੈਂਟ ਖੋਲ੍ਹ ਲਿਆ। ਫੇਰ ਦੇਖਿਆ ਕਿ ਐੱਲ ਐੱਮ ਆਈ ਏਆਂ ਵਿਕ ਰਹੀਆਂ। ਫੇਰ ਇਹ ਬੈਂਕੁਇਟ ਹਾਲ ਖੋਲ੍ਹ ਲਿਆ।"

ਕਰਨਵੀਰ ਦੇ ਚਿੱਤ 'ਚ ਆਈ ਕਿ ਕਹੇ, 'ਨਵੇਂ ਆਇਆਂ ਦੀ ਲੁੱਟ ਤਾਂ ਨਾ ਕਰੋ' ਪਰ ਉਸ ਨੇ ਇਹ ਕਿਹਾ ਨਹੀਂ ਤੇ ਗਲਾਸਾਂ ਨੂੰ ਜੋਹਿਆ। ਉਹ ਹੇਠੋਂ ਭੀੜੇ ਸਨ। ਉਨ੍ਹਾਂ ਨੂੰ ਅੱਧ ਤੱਕ ਬਰਫ਼ ਦੇ ਟੁਕੜਿਆਂ ਨਾਲ ਭਰ ਲਿਆ। ਫਿਰ ਵਿਸਕੀ ਪਾਈ। ਉਸ ਤੋਂ ਦੁੱਗਣਾ ਸੋਢਾ ਪਾ ਕੇ ਨਾਸ਼ਪਾਤੀ ਦੀਆਂ ਬਾਰੀਕ ਟੁਕੜੀਆਂ ਚਮਚੇ ਨਾਲ ਉਸ ਵਿਚ ਪਾ ਦਿੱਤੀਆਂ। ਫਿਰ ਨਿੰਬੂ ਦੀਆਂ ਫਾੜੀਆਂ ਨੂੰ ਗਲਾਸਾਂ ਦੀਆਂ ਕੰਗਣੀਆਂ ਉੱਪਰ ਟੰਗ ਕੇ ਉਸ ਨੇ ਪਹਿਲਾਂ ਸੇਖੋਂ ਨੂੰ ਪੇਸ਼ ਕੀਤਾ ਤੇ ਫੇਰ ਰਜਿੰਦਰ ਨੂੰ।

ਸੇਖੋਂ ਨੇ ਕਰਨਵੀਰ ਨੂੰ "ਸ਼ੁਕਰੀਆ" ਕਿਹਾ ਅਤੇ ਰਜਿੰਦਰ ਵੱਲ ਦੇਖਦਾ ਬੋਲਿਆ, "ਪਰ ਯਾਰ ਇਹ ਐੱਲ ਐੱਮ ਆਈ ਏਆਂ ਵੇਚਣੀਆਂ ਗੈਰ-ਕਾਨੂੰਨੀ ਵੀ ਐ ਤੇ ਗ਼ਲਤ ਵੀ।" ਸੇਖੋਂ ਦਾ ਇਹ ਕਿਹਾ ਸੁਣ ਕੇ ਕਰਨਵੀਰ ਨੇ ਉਸ ਵੱਲ ਸ਼ੁਕਰਾਨੇ ਨਾਲ ਦੇਖਿਆ।

"ਗ਼ਲਤ ਇਹਦੇ 'ਚ ਕੁਝ ਨਹੀਂ ਸੇਖੋਂ ਭਾਅ। ਅਸੀਂ ਰਿਸਕ ਵੀ ਤਾਂ ਲੈਂਦੇ ਆਂ। ਜੇ ਫੜੇ ਗਏ ਜੁਰਮਾਨਾ ਹੋਵੇਗਾ। ਬਿਜ਼ਨਸ ਲਾਈਸੰਸ ਰੱਦ ਹੋ ਸਕਦਾ। ਖਰਚੇ ਬਹੁਤ ਆ ਜਾਂਦੇ ਆ ਐੱਲ ਐੱਮ ਆਈ ਏ ਅਪਰੂਵ ਕਰਵਾਉਣ ਲਈ। ਜੌਬਾਂ ਦੀ ਫੇਕ ਐਡਵਰਟਾਈਜ਼ੈਂਟ। ਦੋਹਰੀ ਅਕਾਊਂਟਿੰਗ। ਬਹੁਤ ਜੱਭ ਕਰਨੇ ਪੈਂਦੇ ਆ।" ਆਖ ਕੇ ਰਜਿੰਦਰ ਨੇ ਸੇਖੋਂ ਵੱਲ ਦੇਖਿਆ। ਫਿਰ ਬੋਲਿਆ, "ਏਥੇ ਵਿਜ਼ਟਰ ਆਇਆਂ ਨੂੰ ਪੱਕੇ ਕਰਾਉਣ ਦਾ ਨਵਾਂ ਤਰੀਕਾ ਹੈ। ਦੋਹਾਂ ਧਿਰਾਂ ਨੂੰ ਈ ਫਾਇਦੈ। ਗ਼ਲਤ ਤਾਂ ਹੈ ਜੇ ਡਾਲਰ ਵੀ ਲੈ ਲਈਏ ਤੇ ਪੱਕੇ ਵੀ ਨਾ ਕਰਾਈਏ। ਸੌਦਾ ਐ ਇਹ। ਅੱਜ ਕੱਲ੍ਹ ਦਾ ਟਰੈਂਡ। ਜੇ ਤੁਸੀਂ ਮੌਕੇ ਦਾ ਫਾਇਦਾ ਨਾ ਲਿਆ ਤਾਂ ਪਿੱਛੇ ਰਹਿ ਜਾਓਗੇ। ਮੇਰੇ ਕੰਪੀਟੀਟਰ ਇਹ ਕਰਦੇ ਆ ਤਾਂ ਮੈਂ ਕਿਉਂ ਨਾ ਕਰਾਂ? ਠੀਕ ਐ ਨਾ? ਉਸ ਐਕਸਟਰਾ ਮਨੀ ਨਾਲ ਉਹ ਬੈਟਰ ਸਰਵਿਸ ਦਿੰਦੇ ਐ। ਜੇ ਮੈਂ ਉਨ੍ਹਾਂ ਵਰਗੀ ਸਰਵਿਸ ਨਾ ਦੇਵਾਂਗਾ ਤਾਂ ਮੈਂ ਪਿੱਛੇ ਰਹਿ ਜਾਵਾਂਗਾ। ਫੇਲ੍ਹ ਹੋ ਜਾਵਾਂਗਾ। ਆਪਾਂ ਦੇਖਦੇ ਈ ਆਂ ਕਿ ਪਹਿਲਾਂ ਵਿਆਹਾਂ ਦੀਆਂ ਪਾਰਟੀਆਂ 'ਤੇ ਕਿੰਨੇ ਕੁ ਸਰਵਰ ਹੁੰਦੇ ਸੀ? ਹੁਣ ਜਦੋਂ ਦੇ ਇੰਡੀਆ ਤੋਂ ਸਟੂਡੈਂਟ ਆਉਣ ਲੱਗੇ ਆ, ਓਨੇ ਡਾਲਰਾਂ ਨਾਲ ਦੁੱਗਣੇ ਨਾਲੋਂ ਵੱਧ ਸਰਵਰ ਮਿਲ ਜਾਂਦੇ ਆ। ਭਾਅ, ਆਪਾਂ ਸਾਰੇ ਈ ਕੋਈ ਨਾ ਕੋਈ ਕੀਮਤ ਤਾਰ ਕੇ ਕੈਨੇਡਾ ਆਉਨੇ ਆਂ। ਤੂੰ ਇਸ ਤਰ੍ਹਾਂ ਦੇਖ ਇਸ ਵਰਤਾਰੇ ਨੂੰ ਕਿ ਜੇ ਮੈਂ ਆਪਣਾ ਕਾਰੋਬਾਰ ਨਾ ਵਧਾਉਂਦਾ ਤਾਂ ਐਨੇ ਸਟੂਡੈਂਟਾਂ ਨੂੰ ਕਿੱਥੋਂ ਜੌਬਾਂ ਮਿਲਦੀਆਂ? ਸੋਚ ਕਿ ਇਹ ਛੋਟੇ ਸ਼ਹਿਰਾਂ 'ਚ ਕਿਉਂ ਨਹੀਂ ਪੜ੍ਹਨ ਜਾਂਦੇ। ਟਰਾਂਟੋ, ਵੈਨਕੂਵਰ ਜਾਂ ਹੋਰ ਵੱਡੇ ਸ਼ਹਿਰਾਂ 'ਚ ਜਿੱਥੇ ਆਪਣੇ ਲੋਕਾਂ ਦੇ ਕਾਰੋਬਾਰ ਐ, ਓਥੇ ਹੀ ਕਿਉਂ ਆਉਂਦੇ ਆ? ਸੋਚਣ ਵਾਲੀ ਗੱਲ ਐ।" ਆਖ ਕੇ ਰਜਿੰਦਰ ਨੇ ਆਪਣਾ ਗਲਾਸ ਚੁੱਕਿਆ ਤੇ ਘੁੱਟ ਭਰੀ। ਫਿਰ ਕਰਨਵੀਰ ਵੱਲ ਦੇਖ ਕੇ ਬੋਲਿਆ, "ਸਿੱਖਿਆ ਲਗਦੈਂ?"

"ਹਾਂ ਜੀ, ਸਪੇਨ 'ਚ ਕੁਝ ਸਮਾਂ ਰੈਸਟੋਰੈਂਟ 'ਚ ਕੰਮ ਕੀਤਾ ਸੀ। ਉੱਥੇ ਕਦੇ-ਕਦੇ ਬਾਰਟੈਂਡਿੰਗ ਵੀ ਕਰ ਲੈਂਦਾ ਸੀ।"

"ਸੇਖੋਂ ਭਾਅ, ਤੇਰਾ ਕੀ ਖਿਆਲ ਐ ਕਿ ਸਰਕਾਰ ਨੂੰ ਪਤਾ ਨਹੀਂ ਕੁਝ? ਉਨ੍ਹਾਂ ਨੂੰ ਸਭ ਪਤੈ। ਉਨ੍ਹਾਂ ਨੇ ਲੂਪਹੋਲ ਜਾਣ ਕੇ ਰੱਖੇ ਹੁੰਦੇ ਆ। ਪਤੈ ਇਸ ਤਰੀਕੇ ਨਾਲ ਇੰਡੀਆ ਤੋਂ ਕੈਨੇਡਾ ਕਿੰਨੀ ਮਨੀ ਆ ਰਹੀ ਹੈ? ਇਹ ਮਨੀ ਇੱਥੋਂ ਦੀ ਇਕਾਨਮੀ 'ਚ ਲਗਦੀ ਐ। ਗੌਰਮਿੰਟ ਨੂੰ ਟੈਕਸ ਮਿਲਦੈ। ਮੇਰੀ ਮੰਨਦੈਂ ਤਾਂ ਭਾਅ, ਤੂੰ ਵੀ ਕੋਈ ਬਿਜ਼ਨਸ ਸ਼ੁਰੂ ਕਰ। ਕਿੱਥੇ ਸਾਰੀ ਉਮਰ ਫੈਕਟਰੀ 'ਚ ਹੱਥ ਕਾਲੇ ਕਰਦਾ ਰਹੇਂਗਾ। ਹੁਣ ਮੌਕਾ ਐ। ਆਵਦੇ ਪੱਲਿਓਂ ਵੀ ਬਹੁਤੇ ਨਹੀਂ ਲਾਉਣੇ ਪੈਣੇ। ਤੈਨੂੰ ਮੈਂ ਦੱਸਦੈਂ ਤਰਕੀਬ", ਆਖਦੇ ਰਜਿੰਦਰ ਨੇ ਕਰਨਵੀਰ ਵੱਲ ਦੇਖਿਆ ਤੇ ਬੋਲਿਆ, "ਛੋਟੇ, ਤੂੰ ਇਉਂ ਕਰ ਸਾਨੂੰ ਫਿਸ਼ ਫੜਾ ਜਾ ਤੇ ਫਿਰ ਕੰਮ ਲੱਗ ਜਾ ਕੇ। ਚਿਕਨ ਸਰਵ ਕਰਨ ਦਾ ਟਾਈਮ ਹੋ ਗਿਐ। ਜੇ ਲੋੜ ਪਈ, ਫੇਰ ਸੱਦ ਲਵਾਂਗੇ।"

ਮੱਛੀ ਦੇ ਪਕੌੜੇ ਰੱਖਣ ਆਏ ਕਰਨਵੀਰ ਨੂੰ ਰਜਿੰਦਰ ਨੇ ਆਪਣਾ ਬਿਜ਼ਨਸ ਕਾਰਡ ਫੜਾਉਂਦਿਆਂ ਕਿਹਾ, "ਤੂੰ ਡਰਿੰਕ ਵਧੀਆ ਬਣਾਏ ਆ। ਮੈਨੂੰ ਕਿਸੇ ਦਿਨ ਆ ਕੇ ਰੈਸਟੋਰੈਂਟ 'ਚ ਮਿਲੀਂ।"

"ਠੀਕ ਏ, ਸਰ।" ਆਖ ਕੇ ਕਰਨਵੀਰ ਦਫ਼ਤਰ ਵਿਚੋਂ ਬਾਹਰ ਆ ਗਿਆ। ਉਸ ਨੂੰ ਹਾਲ ਵਿਚ ਵੜਦੇ ਨੂੰ ਹੀ ਦਿਲਰੀਤ ਬੋਲੀ, "ਟੇਬਲਾਂ 'ਤੇ ਜਿਹੜੀਆਂ ਵਧੇ ਹੋਏ ਪਕੌੜਿਆਂ ਵਾਲੀਆਂ ਪਲੇਟਾਂ ਪਈਐਂ, ਉਹ ਜਲਦੀ ਨਾਲ ਚੁੱਕ ਲਿਆਓ। ਫੇਰ ਚਿਕਨ ਸਰਵ ਕਰਨੈ।"

"ਠੀਕ ਏ।" ਆਖ ਕੇ ਕਰਨਵੀਰ ਅੱਗੇ ਤੁਰਿਆ ਹੀ ਸੀ ਕਿ ਉਸ ਕੋਲ ਜੀਤੀ ਆ ਕੇ ਬੋਲੀ, "ਕਿੱਧਰ ਚਲਾ ਗਿਆ ਸੀ? ਦੱਸ ਤਾਂ ਜਾਂਦਾ।" ਇਕਦਮ ਕਰਨਵੀਰ ਦੇ ਚਿੱਤ 'ਚ ਆਈ ਕਿ ਪੁੱਛੇ, 'ਮਿੱਸ ਕਰਦੀ ਸੀ?' ਪਰ ਇਸ ਦੀ ਥਾਂ ਉਸ ਨੇ ਕਿਹਾ, "ਦਿਲਰੀਤ ਨੇੜੇ ਸੀ, ਉਸ ਨੂੰ ਦੱਸ ਦਿੱਤਾ ਸੀ।"

"ਲੱਗ ਗਿਆ ਸੀ ਪਤਾ।" ਆਖ ਕੇ ਜੀਤੀ ਅਗਾਂਹ ਤੁਰ ਗਈ। ਕਰਨਵੀਰ ਉਸ ਨੂੰ ਰਜਿੰਦਰ ਵੱਲੋਂ ਮਿਲੇ ਸੱਦੇ ਵਾਲੀ ਗੱਲ ਦੱਸਣਾ ਚਾਹੁੰਦਾ ਸੀ ਪਰ ਜੀਤੀ ਨੇ ਇਹ ਮੌਕਾ ਹੀ ਨਾ ਦਿੱਤਾ; ਤੇ ਫਿਰ ਉਹ ਪਹਿਲਾਂ ਮੱਛੀ ਦੇ ਪਕੌੜੇ ਤੇ ਪਿੱਛੋਂ 'ਚਿਕਨ' ਵਰਤਾਉਣ ਵਿਚ ਐਸਾ ਰੁੱਝੇ ਕਿ ਕਰਨਵੀਰ ਨੂੰ ਇਹ ਦੱਸਣ ਲਈ ਵਕਤ ਹੀ ਨਾ ਮਿਲਿਆ। ਕਰਨਵੀਰ ਜੀਤੀ ਦੇ ਦੂਰੋਂ ਹੀ ਦੀਦਾਰ ਕਰ ਕੇ ਸਾਰਦਾ ਰਿਹਾ। ਕੁਝ ਹੌਲ-ਹੁੰਗਾਰਾ ਹੋਏ ਤੋਂ ਮੇਜ਼ਾਂ 'ਤੇ ਪਈਆਂ ਪਲੇਟਾਂ ਚੁੱਕਣ ਬਾਰੇ ਪੁੱਛਣ ਦੇ ਬਹਾਨੇ ਕਰਨਵੀਰ ਜੀਤੀ ਵੱਲ ਜਾਣ ਹੀ ਲੱਗਾ ਸੀ ਕਿ ਦਿਲਰੀਤ ਉਸ ਵੱਲ ਆ ਗਈ। ਉਹ ਬੋਲੀ, "ਟੇਬਲਾਂ 'ਤੇ ਪਈਆਂ ਪਲੇਟਾਂ 'ਚ ਵਧਿਆ ਪਿਆ ਚਿਕਨ ਸੁੱਟਣਾ ਨਹੀਂ। ਅੰਦਰ ਬਕਟ ਲਾਈ ਹੋਈ ਐ, ਉਸ 'ਚ ਪਾਉਣੈ। ਸ਼ੁਰੂ ਕਰ ਦਿਓ ਚੁੱਕਣਾ। ਫੇਰ ਡਿਨਰ ਲਈ ਬਫੇ ਲਾਉਣੈ।" ਇਹ ਆਖ ਕੇ ਦਿਲਰੀਤ ਅੱਗੇ ਚਲੀ ਗਈ। ਕਰਨਵੀਰ ਨੇ ਓਧਰ ਦੇਖਿਆ ਜਿੱਧਰ ਪਹਿਲਾਂ ਜੀਤੀ ਖੜ੍ਹੀ ਸੀ। ਉਹ ਉਸ ਵੱਲ ਹੀ ਦੇਖ ਰਹੀ ਸੀ। ਕਰਨਵੀਰ ਨੇ ਉਸ ਵੱਲ ਮੁਸਕਰਾਹਟ ਸੁੱਟੀ ਪਰ ਉਹ ਅਜਾਈਂ ਹੀ ਗਈ। ਜੀਤੀ ਨੇ ਕੋਈ ਹੁੰਗਾਰਾ ਨਾ ਭਰਿਆ। 'ਕੁਝ ਨਰਾਜ਼ ਲਗਦੀ ਏ', ਕਰਨਵੀਰ ਨੇ ਸੋਚਿਆ। ਮੇਜ਼ਾਂ ਤੋਂ ਪਲੇਟਾਂ ਚੁੱਕਦੇ ਅਤੇ ਫਿਰ ਖਾਣੇ ਤੋਂ ਪਹਿਲਾਂ ਹਰ ਮੇਜ਼ 'ਤੇ ਪਾਣੀ ਦੇ ਜੱਗ ਰਖਦਿਆਂ ਕਰਨਵੀਰ ਆਪਣੀ ਚਾਲ ਵਧਾਉਂਦਾ-ਘਟਾਉਂਦਾ ਰਿਹਾ ਤਾਂ ਕਿ ਜੀਤੀ ਨਾਲ ਟਾਕਰਾ ਹੋ ਜਾਵੇ ਪਰ ਉਸ ਨੂੰ ਮੌਕਾ ਨਾ ਮਿਲਿਆ। ਦਸ ਵਜੇ ਖਾਣੇ ਦਾ ਬਫੇ ਸਜਣ ਤੋਂ ਬਾਅਦ ਕਰਨਵੀਰ ਨੂੰ ਕੁਝ ਸਾਹ ਆਇਆ। ਉਸ ਨੇ ਜੀਤੀ ਦੀ ਤਲਾਸ਼ ਵਿਚ ਹਾਲ ਦੇ ਚਾਰੋਂ ਪਾਸੇ ਨਿਗ੍ਹਾ ਮਾਰੀ। ਉਹ ਉਸ ਨੂੰ ਹਾਲ ਦੇ ਘੱਟ ਰੋਸ਼ਨੀ ਵਾਲੇ ਇਕ ਕੋਨੇ ਵਿਚ ਕੰਧ ਨਾਲ ਢੋਅ ਲਾਈ ਖੜ੍ਹੀ ਦਿਸ ਗਈ। ਕਰਨਵੀਰ ਉਸ ਕੋਲ ਚਲਿਆ ਗਿਆ। ਜੀਤੀ ਨੇ ਅੱਖਾਂ ਮੀਚੀਆਂ ਹੋਈਆਂ ਸਨ। ਉਸ ਦੇ ਬੁੱਲ੍ਹ ਸੁੱਕੇ ਹੋਏ ਸਨ। ਕਰਨਵੀਰ ਨੂੰ ਉਸ ਦੇ ਚਿਹਰੇ 'ਤੇ ਥਕਾਵਟ ਲੱਗੀ। ਉਸ ਨੇ ਜੀਤੀ ਨੂੰ ਕਿਹਾ, "ਜੀਤੀ, ਚੱਲ ਆਪਾਂ ਵੀ ਬ੍ਰੇਕ ਲੈ ਲਈਏ।" ਉਸ ਨੇ ਕੁਝ ਵਰਤਾਵਿਆ ਨੂੰ ਪਿੱਛੇ ਰਸੋਈ ਵਿਚ ਖਾਣਾ ਖਾਂਦਿਆਂ ਦੇਖਿਆ ਸੀ।

"ਦਿਲਰੀਤ ਦੱਸੇਗੀ ਕਿ ਕਦੋਂ ਬ੍ਰੇਕ ਕਰਨੀ ਆ। ਜਿਨ੍ਹਾਂ ਨੇ ਪਹਿਲਾਂ ਕੰਮ ਤੋਂ ਹਟਣਾ, ਉਹ ਪਹਿਲਾਂ ਬ੍ਰੇਕ ਲੈ ਰਹੇ ਆ।" ਜੀਤੀ ਨੇ ਉਵੇਂ ਹੀ ਖੜ੍ਹੀ ਨੇ ਦੱਸਿਆ। ਫਿਰ ਬੋਲੀ, "ਕਰਨ, ਜੀਅ ਕਰਦੈ, ਕਿਸੇ ਪਾਰਟੀ 'ਚ ਆਪਾਂ ਵੀ ਗੈੱਸਟ ਹੋਈਏ। ਹੁਣ ਤਾਂ ਇਉਂ ਲੱਗਦੈ ਕੋਈ ਵਿਆਹ ਦੇਖੇ ਨੂੰ ਜਿਵੇਂ ਕਿੰਨੇ ਹੀ ਸਾਲ ਲੰਘ ਗਏ ਹੋਣ।" ਕਰਨਵੀਰ ਦੇ ਚਿੱਤ 'ਚ ਆਈ ਕਿ ਹਾਸੇ 'ਚ ਕਹੇ, 'ਚੱਲ ਆਪਾਂ ਹੀ ਆਪਣਾ ਵਿਆਹ ਕਰਵਾ ਲਈਏ' ਪਰ ਜੀਤੀ ਦੀ ਆਵਾਜ਼ ਵਿਚਲੀ ਉਦਾਸੀ ਨੂੰ ਭਾਂਪ ਕੇ ਉਸ ਨੇ ਕਿਹਾ, "ਜਿਉਂ ਇੰਡੀਆਂ 'ਚੋਂ ਨਿਕਲਿਆਂ, ਮੈਨੂੰ ਵੀ ਕਦੇ ਗੈਸਟ ਬਣਨ ਦਾ ਮੌਕਾ ਨਹੀਂ ਮਿਲਿਆ।"

"ਤੈਨੂੰ ਤਾਂ ਫਿਰ ਮੇਰੇ ਤੋਂ ਵੀ ਵੱਧ ਟਾਈਮ ਹੋ ਗਿਆ। ਮੈਨੂੰ ਤਾਂ ਡੇਢ ਸਾਲ ਈ ਹੋਇਐ ਪਰ ਲਗਦੈ ਇਉਂ ਆ ਜਿਵੇਂ ਪਤਾ ਨਹੀਂ ਕਿੰਨੇ ਸਾਲ ਹੋ ਗਏ ਹੋਣ।" ਆਖਦੀ ਜੀਤੀ ਨੇ ਅੱਖਾਂ ਖੋਲ੍ਹੀਆਂ। ਉਧਰੋਂ ਲੰਘ ਰਹੀ ਦਿਲਰੀਤ 'ਤੇ ਉਸ ਦੀ ਨਿਗ੍ਹਾ ਪਈ। ਉਸ ਨੇ ਕੰਧ ਨਾਲੋਂ ਢੋਅ ਹਟਾ ਲਿਆ ਤੇ ਬੋਲੀ, "ਚੱਲ ਚੁੱਕ ਪਾਣੀ ਵਾਲੇ ਜੱਗ। ਜਿਹੜੇ ਟੇਬਲਾਂ 'ਤੇ ਖਾਲੀ ਹੋ ਗਏ ਆ, ਉਨ੍ਹਾਂ 'ਤੇ ਹੋਰ ਰੱਖੀਏ।" ਉਹ ਹੌਲੀ-ਹੌਲੀ ਰਸੋਈ ਵੱਲ ਤੁਰ ਪਏ। **(ਚੱਲਦਾ)**

# ਪਿਕਾਸੋ: ਕਲਾ ਰਾਹੀਂ ਫਾਸ਼ੀਵਾਦੀ ਨੂੰ ਵੰਗਾਰ

*(ਪਿਛਲੇ ਸਫੇ ਦੀ ਬਾਕੀ)*

1936 ਵਿਚ ਉਨ੍ਹਾਂ ਦੀ ਜ਼ਿੰਦਗੀ ਦੇ ਰਾਹ ਵੱਖੋ-ਵੱਖਰੇ ਹੋ ਗਏ। ਦੂਜੀ ਆਲਮੀ ਜੰਗ ਤੋਂ ਬਾਅਦ ਉਸ ਦੇ ਇੱਕ ਵਿਦਿਆਰਥਣ ਨਾਲ ਸਬੰਧ ਰਹੇ ਜਿਸ ਤੋਂ ਕਲਾਉਦੀ (1947) ਤੇ ਪਾਲੋਮਾ (1949) ਨਾਮ ਦੇ ਦੋ ਬੱਚੇ ਪੈਦਾ ਹੋਏ। ਉਹ ਔਰਤਾਂ ਦਾ ਚਹੇਤਾ ਸੀ ਤੇ ਔਰਤਾਂ ਉਸ ਦੀ ਕਮਜ਼ੋਰੀ। 72 ਸਾਲਾ ਪਿਕਾਸੋ ਦਾ ਦੂਜਾ ਤੇ ਆਖਰੀ ਵਿਆਹ 26 ਸਾਲਾ ਜੈਕਲਿਨ ਰੂਕੇ ਨਾਲ 1961 ਵਿਚ ਹੋਇਆ ਜੋ ਪਿਕਾਸੋ ਦੀ ਮੌਤ (1973) ਤੱਕ ਬਰਕਰਾਰ ਰਿਹਾ। ਉਸ ਦੀ ਨਿੱਜੀ ਅਤੇ ਪੇਸ਼ਾਵਰ ਜ਼ਿੰਦਗੀ ਵਿਚ ਔਰਤ ਅਤੇ ਉਸ ਦੀ ਸੁੰਦਰਤਾ ਦਾ ਖਾਸ ਚਿਤਰਨ ਸ਼ਾਮਲ ਰਿਹਾ।

ਪਿਕਾਸੋ ਨੇ ਆਪਣੀ ਜ਼ਿੰਦਗੀ ਦਾ ਲੰਮਾ ਸਮਾਂ ਪੈਰਿਸ ਵਿਚ ਬਿਤਾਇਆ। 1940 ਵਿਚ ਉਸ ਨੇ ਫਰਾਂਸੀਸੀ ਨਾਗਰਿਕਤਾ ਲਈ ਅਰਜ਼ੀ ਦਿੱਤੀ ਜਿਸ ਨੂੰ 'ਅਤਿ ਦੇ ਵਿਚਾਰਾਂ ਜੋ ਕਮਿਊਨਿਜ਼ਮ ਵਿਚ ਵਿਕਸਤ ਹੋ ਸਕਦੇ ਹਨ' ਕਹਿ ਕੇ ਰੱਦ ਕਰ ਦਿੱਤਾ ਗਿਆ ਸੀ। ਇਹ ਜਾਣਕਾਰੀ 2003 ਵਿਚ ਸਾਹਮਣੇ ਆਈ। 1950 ਵਿਚ ਭਾਵੇਂ ਉਸ ਨੂੰ ਸਟਾਲਿਨ ਸ਼ਾਂਤੀ ਪੁਰਸਕਾਰ ਮਿਲਿਆ, ਉਹ ਆਪਣੀ ਮੌਤ ਤੱਕ ਫਰੈਂਚ ਕਮਿਊਨਿਸਟ ਪਾਰਟੀ ਦਾ ਵਫ਼ਾਦਾਰ ਸਿਪਾਹੀ ਰਿਹਾ ਅਤੇ ਉਹ ਆਪਣੇ ਚਿੱਤਰਾਂ ਨੂੰ ਕਮਿਊਨਿਸਟ ਪੇਂਟਿੰਗਾਂ ਆਖਦਾ ਰਿਹਾ ਪਰ ਉਸ ਨੂੰ ਮਾਰਕਸਵਾਦੀ ਫਲਸਫ਼ੇ ਦਾ ਕੋਈ ਬਹੁਤਾ ਇਲਮ ਨਹੀਂ ਸੀ। ਬਸ ਕਮਿਊਨਿਜ਼ਮ 'ਚ ਉਸ ਦੀ ਭਾਵੁਕ ਖਿੱਚ ਸੀ ਜੋ ਆਖਰੀ ਸਾਹ ਤੱਕ ਬਣੀ ਰਹੀ। ਉਸ ਨੇ ਅਮਰੀਕੀ ਸ਼ਹਿ ਪ੍ਰਾਪਤ ਕੋਰੀਅਨ ਯੁੱਧ (1951-53) ਦਾ ਜ਼ੋਰਦਾਰ ਵਿਰੋਧ ਕੀਤਾ ਅਤੇ ਇਸ ਯੁੱਧ ਵਿਚ ਅਮਰੀਕੀ ਦਖਲਅੰਦਾਜ਼ੀ ਨੂੰ ਬਿਆਨਦਾ ਚਿੱਤਰ ਬਣਾਇਆ ਜਿਸ ਵਿਚ ਹਥਿਆਰਬੰਦ ਦਸਤੇ ਬੱਚੇ ਅਤੇ ਨਗਨ ਔਰਤਾਂ ਉੱਤੇ ਬੰਦੂਕਾਂ ਤਾਣੀ ਖੜ੍ਹੇ ਦਿਖਾਏ ਗਏ। 1949 ਵਿਚ ਉਸ ਨੇ ਜੰਗ ਅਤੇ ਸਾਮਰਾਜ ਵਿਰੋਧੀ 'ਵਿਸ਼ਵ ਸ਼ਾਂਤੀ ਕੌਂਸਲ' ਸਮੇਂ ਸ਼ਾਂਤੀ ਨੂੰ ਦਰਸਾਉਂਦੀ ਅਮਨ ਚੈਨ ਦੀ ਘੁੱਗੀ ਦੀ ਤਸਵੀਰ ਬਣਾਈ। 1962 ਵਿਚ ਉਸ ਨੂੰ ਲੈਨਿਨ ਸ਼ਾਂਤੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ।

ਉਸ ਦੀ ਜ਼ਿੰਦਗੀ ਅੱਯਾਸ਼ੀ ਭਰੀ ਰਹੀ; ਇਸੇ ਕਰ ਕੇ ਉਸ ਦੇ ਬਣਾਏ ਕੁਝ ਚਿੱਤਰਾਂ ਉੱਤੇ ਨੰਗੇਜ਼ਵਾਦ ਦੇ ਦੋਸ਼ ਵੀ ਲੱਗਦੇ ਰਹੇ। ਪਿਕਾਸੋ ਭਾਵੇਂ ਸਾਰੀ ਜ਼ਿੰਦਗੀ ਆਪਣੇ-ਆਪ ਨੂੰ ਕਮਿਊਨਿਸਟ ਮੰਨਦਾ ਰਿਹਾ ਪਰ ਉਹ ਕਮਿਊਨਿਸਟ ਕਿਰਦਾਰ ਤੇ ਵਿਚਾਰਾਂ ਦੇ ਹਾਣ ਦਾ ਕਦੇ ਨਹੀਂ ਰਿਹਾ। ਫਾਸ਼ੀਵਾਦ ਵਿਰੋਧੀ ਸੁਰ ਦੇ ਬਾਵਜੂਦ ਉਸ ਦੀ ਕਲਾ ਮਜ਼ਦੂਰ ਜਮਾਤ ਨਾਲੋਂ ਵੱਧ ਮੱਧਵਰਗੀ ਸੁਹਜ-ਸੁਆਦ ਦੇ ਜ਼ਿਆਦਾ ਨੇੜੇ ਸੀ।

ਨੌਂ ਮਾਰਚ 1963 ਨੂੰ ਬਾਰਸੀਲੋਨਾ ਦੇ ਕਤਲੋਨੀਆ ਵਿਚ ਪੰਜ ਮੱਧਕਾਲੀਨ ਜਗ੍ਹਾਵਾਂ ਜੋੜ ਕੇ 'ਮੋਸੀਓ ਪਿਕਾਸੋ' (ਪਿਕਾਸੋ ਮਿਊਜ਼ੀਅਮ) ਬਣਾਇਆ ਗਿਆ। ਇੱਥੇ ਪਿਕਾਸੋ ਦੀਆਂ 4251 ਕਲਾਕ੍ਰਿਤਾਂ ਦੀ ਵਿਸ਼ਾਲ ਪ੍ਰਦਰਸ਼ਨੀ ਲਗਾਈ ਗਈ। ਮਿਊਜ਼ੀਅਮ ਖੋਲ੍ਹਣ ਵਿਚ ਪਿਕਾਸੋ ਦੇ ਨੇੜਲੇ ਸਾਥੀ ਜ਼ਿਉਮੇ ਸਾਬਾਰਤੇਸ ਦਾ ਵਿਸ਼ੇਸ਼ ਯੋਗਦਾਨ ਰਿਹਾ। ਉਸ ਨੇ ਸ਼ੁਰੂ ਵਿਚ ਪਿਕਾਸੋ ਦੁਆਰਾ ਉਸ ਨੂੰ ਸੌਂਪੀਆਂ ਕਲਾਕ੍ਰਿਤਾਂ ਦੀ ਪ੍ਰਦਰਸ਼ਨੀ ਲਗਾਈ ਅਤੇ ਸਮਾਂ ਪਾ ਕੇ ਦਾਨੀਆਂ ਦੀ ਮਦਦ ਨਾਲ ਇਹ ਵੱਡ-ਆਕਾਰੀ ਅਜਾਇਬ ਘਰ ਦਾ ਰੂਪ ਧਾਰਨ ਕਰ ਗਿਆ। ਬਾਅਦ ਵਿਚ ਇਹ ਰਾਸ਼ਟਰੀ ਅਜਾਇਬ ਘਰ ਵਿਚ ਤਬਦੀਲ ਹੋ ਗਿਆ ਅਤੇ ਹੁਣ ਤਕਨੀਕ ਦੇ ਤੇਜ਼ੀ ਨਾਲ ਵਧਦੇ ਦੌਰ ਅੰਦਰ ਇਸ ਦੇ ਚਰਚੇ ਟਵਿੱਟਰ, ਫੇਸਬੁੱਕ ਅਤੇ ਫਲਿਕਰ 'ਤੇ ਹੋਣੇ ਸ਼ੁਰੂ ਹੋ ਗਏ।

ਸਪੇਨ ਦਾ ਰਾਜਸ਼ਾਹੀ ਤੋਂ ਲੈ ਕੇ ਸਪੇਨੀ ਸਾਮਰਾਜ ਬਣਨ ਤੱਕ ਦਾ ਲੰਮਾ ਇਤਿਹਾਸ ਰਿਹਾ ਹੈ। ਸਪੇਨੀ ਸਾਮਰਾਜ ਦੇ ਵਿਸਥਾਰ ਦੇ ਨਾਲ-ਨਾਲ ਸਪੈਨਿਸ਼ ਭਾਸ਼ਾ ਅਤੇ ਸਭਿਆਚਾਰ ਨੇ ਵੀ ਸੰਸਾਰ ਦੇ ਵੱਖ-ਵੱਖ ਮੁਲਕਾਂ ਵਿਚ ਆਪਣਾ ਗਲਬਾ ਕਾਇਮ ਕੀਤਾ। ਲਾਤੀਨੀ ਅਮਰੀਕਾ ਸਪੇਨੀ ਸਾਮਰਾਜ ਦੀ ਵਿਸਥਾਰਵਾਦੀ ਨੀਤੀ ਦਾ ਸਦੀਆਂ ਤੱਕ ਸ਼ਿਕਾਰ ਰਿਹਾ। ਲਾਤੀਨੀ ਮੁਲਕਾਂ ਦੀਆਂ ਸਥਾਨਕ ਬੋਲੀਆਂ, ਪੁਰਾਤਨ ਸਥਾਨਕ ਸਭਿਆਚਾਰ, ਸੰਗੀਤ ਤੇ ਵੱਖ-ਵੱਖ ਕੋਮਲ ਕਲਾਵਾਂ ਉੱਤੇ ਸਪੇਨੀ ਸਾਮਰਾਜੀ ਭਾਸ਼ਾ (ਸਪੈਨਿਸ਼) ਅਤੇ ਸਭਿਆਚਾਰ ਦਾ ਪੂਰਾ ਪ੍ਰਭਾਵ ਰਿਹਾ। ਅੱਜ ਵੀ ਸਪੈਨਿਸ਼ ਸਾਮਰਾਜ ਦੇ ਦਾਬੇ ਹੇਠ ਰਹੇ ਮੁਲਕਾਂ ਵਿਚ ਸਪੈਨਿਸ਼ ਸਾਹਿਤ, ਸਭਿਆਚਾਰ ਅਤੇ ਕਲਾਵਾਂ ਦੇ ਕੇਂਦਰ ਵੱਡੀ ਤਦਾਦ ਵਿਚ ਸਥਾਪਿਤ ਹਨ। ਉਂਝ ਵੀ ਵਿਸ਼ਵ ਵਿਰਾਸਤੀ ਮੁਕਾਮਾਂ ਵਿਚੋਂ ਸਪੇਨ ਦਾ ਚੌਥਾ ਨੰਬਰ ਹੈ ਅਤੇ ਇੱਥੇ ਦੁਨੀਆ ਭਰ ਵਿਚੋਂ ਵੱਡੀ ਗਿਣਤੀ ਵਿਚ ਸੈਲਾਨੀ ਆਉਂਦੇ ਹਨ। ਜਿੱਥੇ ਸਪੇਨੀ ਸਾਹਿਤ, ਸੰਗੀਤ, ਸਭਿਆਚਾਰ ਅਤੇ ਕਲਾ ਦੇ ਸੰਸਾਰ ਵਿਚ ਚੋਖੇ ਪ੍ਰਭਾਵ ਕਾਰਨ ਪਾਬਲੋ ਪਿਕਾਸੋ ਜਾਣੀ-ਪਛਾਣੀ ਵਿਸ਼ਵ ਪ੍ਰਤਿਭਾ ਹੈ, ਉੱਥੇ ਉਸ ਦੀ ਫਾਸ਼ੀਵਾਦੀ ਵਿਰੋਧੀ ਸੁਰ ਕਾਰਨ ਹਰਮਨ ਪਿਆਰਤਾ ਬਣੀ ਹੋਈ ਹੈ।


ਸਪੇਨ ਵਿਚ 1939 ਤੋਂ 1975 ਤੱਕ ਦਾ ਦੌਰ ਇਤਿਹਾਸ ਵਿਚ ਖਾਸ ਤੌਰ 'ਤੇ ਫਾਸ਼ੀਵਾਦੀ ਤਾਨਾਸ਼ਾਹੀ (ਫਰਾਂਸਿਸਕੋ ਫਰੈਂਕੋ ਦੀ ਅਗਵਾਈ ਹੇਠ) ਦਾ ਦੌਰ ਸੀ ਅਤੇ ਇਹੀ ਸਮਾਂ ਪਾਬਲੋ ਪਿਕਾਸੋ ਦੀ ਕਲਾ ਦੀ ਚੜ੍ਹਤ ਦਾ ਸਮਾਂ ਸੀ। ਉਸ ਦੀ ਕਲਾ ਦੀ ਪ੍ਰਸਿੱਧੀ ਪਿੱਛੇ ਅਸਲ ਕਾਰਨ ਵੀ ਉਸ ਦੀ ਫਾਸ਼ੀਵਾਦੀ ਤਾਨਾਸ਼ਾਹ ਹਕੂਮਤ ਦੀ ਬਰਬਰਤਾ ਦੀ ਪੇਸ਼ਕਾਰੀ ਅਤੇ ਵਿਰੋਧ ਸੀ। ਕਲਾ ਪ੍ਰੇਮੀ ਭਾਵੇਂ ਉਸ ਦੀ ਕਲਾ, ਕਵਿਤਾ, ਨਾਟਕਾਂ ਤੇ ਚਿੱਤਰਕਲਾ ਵਿਚਲੇ ਖੋਜ ਕਾਰਨ ਨੂੰ ਹੋਰ ਸੂਖਮ, ਸੁੰਦਰ ਤੇ ਸੰਵੇਦਨਸ਼ੀਲ ਪੱਖਾਂ ਤੋਂ ਵੀ ਦੇਖਦੇ ਹਨ ਪਰ ਉਸ ਦੀ ਵਿਸ਼ਵ ਪ੍ਰਸਿੱਧੀ ਉਸ ਦੇ ਵਿਚਾਰਾਂ ਤੇ ਕਲਾ ਵਿਚਲੀ ਸਿਆਸੀ ਅਪੀਲ ਕਰ ਕੇ ਜ਼ਿਆਦਾ ਰਹੀ ਹੈ।

# ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ...

***ਚੰਡੀਗੜ੍ਹ ਦੇ ਸਰਕਾਰੀ ਕਾਲਜ ਵਿਚ 25 ਸਾਲ ਤੋਂ ਵੱਧ ਸਮਾਂ ਪੜ੍ਹਾਉਂਦੇ ਰਹੇ ਅਤੇ ਉਥੋਂ ਬਤੌਰ ਪ੍ਰਿੰਸੀਪਲ ਰਿਟਾਇਰ ਹੋਏ ਪ੍ਰੋ. ਬ੍ਰਿਜਿੰਦਰ ਸਿੰਘ ਸਿੱਧੂ ਨੇ ਇਸ ਲੇਖ ਵਿਚ ਜ਼ਿੰਦਗੀ ਦੀਆਂ ਹਕੀਕਤਾਂ ਦੇ ਰੂ-ਬ-ਰੂ ਕਰਨ ਦਾ ਯਤਨ ਕੀਤਾ ਹੈ ਅਤੇ ਮਨੁੱਖ ਨੂੰ ਸੁਨੇਹਾ ਦਿੱਤਾ ਹੈ ਕਿ ਉਹ ਆਪਣੇ ਫਰਜ਼ਾਂ ਬਾਰੇ ਸੁਚੇਤ ਹੋਵੇ। ਹੋਰ ਖੂਬਸੂਰਤ ਜੀਵਨ ਦੇਖਣ-ਮਾਣਨ ਲਈ ਉਹ ਸਬਰ-ਸੰਤੋਖ ਤੇ ਸੰਜਮ ਦਾ ਪੱਲਾ ਕਦੇ ਨਾ ਛੱਡੇ।***

ਪਿਛਲੇ ਕਈ ਮਹੀਨਿਆਂ ਤੋਂ ਤਬੀਅਤ ਕਾਫ਼ੀ ਨਾਸਾਜ਼ ਰਹੀ ਹੈ। ਪੜ੍ਹਨਾ ਲਿਖਣਾ, ਸੈਰ ਕਰਨਾ ਅਤੇ ਟੈਲੀਫੋਨ 'ਤੇ ਗੱਲਾਂ ਕਰਨਾ ਬਹੁਤ ਘਟ ਗਿਆ ਹੈ। ਕਈ ਵਾਰ ਸੋਫੇ ਉੱਪਰ ਇਕੱਲੇ ਬੈਠਿਆਂ ਇਕੱਲਤਾ ਦੂਰ ਰੱਖਣ ਲਈ ਆਈ-ਪੈਡ ਬਹੁਤ ਸਹਾਇਕ ਪ੍ਰਤੀਤ ਹੁੰਦਾ ਹੈ। ਇਕ ਤਾਂ ਲਫ਼ਜ਼ ਵੱਡੇ-ਵੱਡੇ ਕਰਨ ਨਾਲ ਅਖ਼ਬਾਰ ਪੜ੍ਹਨੇ ਸੁਖਾਲੇ ਹੋ ਜਾਂਦੇ ਹਨ; ਦੂਜਾ, ਬੇਅੰਤ ਕਿਸਮ ਦਾ ਮਿਊਜ਼ਕ ਯੂਟਿਊਬ 'ਤੇ ਮਿਲ ਜਾਂਦਾ ਹੈ। ਕੁਦਰਤ ਦੀ ਬਹੁਤ ਮਿਹਰਬਾਨੀ ਕਿ ਮਨ ਭਾਉਂਦੇ ਮਿਊਜ਼ਕ ਅਤੇ ਰਸ ਭਿੰਨਾ ਕੀਰਤਨ ਸੁਣਦਿਆਂ ਮੈਨੂੰ ਵਕਤ ਦਾ ਅੰਦਾਜ਼ਾ ਹੀ ਨਹੀਂ ਰਹਿੰਦਾ। ਭੁੱਖ ਅਤੇ ਪਿਆਸ ਬਿਲਕੁਲ ਤੰਗ ਨਹੀਂ ਕਰਦੀ।

ਕੁਝ ਦਿਨ ਪਹਿਲਾਂ ਯੂਟਿਊਬ 'ਤੇ ਟਿੱਕ ਕਰਦਿਆਂ ਅਚਾਨਕ ਭਾਈ ਸੁਰਜਨ ਸਿੰਘ (ਮਰਹੂਮ) ਦਾ ਇਹ ਸ਼ਬਦ ਕੰਨੀਂ ਪੈ ਗਿਆ: ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ, ਨਹੀ ਮੋ ਸੋ ਗਰੀਬ ਕਰੋਰ ਪਰੇ। ਪਤਾ ਨਹੀਂ ਕਿਉਂ, ਇਸ ਸ਼ਬਦ ਦੇ ਰਚੇਤਾ ਗੁਰੂ ਗੋਬਿੰਦ ਸਿੰਘ ਵੱਲ ਖਿਆਲ ਦੌੜ ਗਿਆ।



ਬਹੁਤ ਸੂਝਵਾਨ ਆਰੀਆ ਸਮਾਜੀ ਦੌਲਤ ਰਾਏ ਦੀ ਲਿਖੀ ਕਿਤਾਬ 'ਸਾਹਿਬ-ਏ-ਕਮਾਲ ਗੁਰੂ ਗੋਬਿੰਦ ਸਿੰਘ' ਚੇਤੇ ਆ

**ਪ੍ਰੋ. ਬ੍ਰਿਜਿੰਦਰ ਸਿੰਘ ਸਿੱਧੂ**
**ਫੋਨ: 925-683-1982**

ਗਈ। ਗੁਰੂ ਗੋਬਿੰਦ ਸਿੰਘ ਜਿਹਾ ਜਰਨੈਲ, ਸਰਬੰਸ ਦਾਨੀ ਅਤੇ ਹਰ ਲਿਹਾਜ਼ ਉੱਚੀ ਸ਼ਖਸੀਅਤ ਦਾ ਮਾਲਕ ਸ਼ਾਇਦ ਹੀ ਕੋਈ ਹੋਵੇ। ਇਹ ਕਿਤਾਬ ਹਿੰਦੀ ਅਤੇ ਪੰਜਾਬੀ ਵਿਚ ਬਹੁਤ ਐਡੀਸ਼ਨਾਂ ਵਿਚ ਛਪ ਚੁੱਕੀ ਹੈ। ਪੜ੍ਹਨ ਯੋਗ ਕਿਤਾਬ ਹੈ।

ਖ਼ਿਆਲਾਤ ਦੀ ਉਡਾਰੀ ਦੇ ਕਿਆ ਕਹਿਣੇ! ਮੇਰਾ ਧਿਆਨ ਅਜੀਬ ਘਟਨਾ ਵੱਲ ਚਲਿਆ ਗਿਆ। ਗਾਂਧੀ ਜੀ ਬਹੁਤ ਸਿਆਣੇ ਅਤੇ ਚੋਟੀ ਦੇ ਨੇਤਾ ਸਨ ਪਰ ਕਈ ਵਾਰ ਅਣਗਹਿਲੀ ਜਾਂ ਅਣਭੋਲ ਇਰਾਦੇ ਨਾਲ ਵੱਡੇ ਬੰਦਿਆਂ ਤੋਂ ਵੀ ਐਸੇ ਸ਼ਬਦ ਕਹੇ ਜਾਂਦੇ ਹਨ ਜੋ ਉਨ੍ਹਾਂ ਨੂੰ ਸੋਭਦੇ ਨਹੀਂ। ਮੌਤ ਤੋਂ ਕੁਝ ਦੇਰ ਪਹਿਲਾਂ ਉਹ ਬਿਰਲਾ ਮੰਦਰ ਦੇ ਦਲਾਨ ਵਿਚ ਆਪਣੇ ਪ੍ਰਵਚਨ ਰਾਹੀਂ ਜਨਤਾ ਨੂੰ ਸੰਬੋਧਨ ਕਰ ਰਹੇ ਸਨ। ਉਹ ਕਹਿ ਬੈਠੇ ਕਿ ਗੁਰੂ ਗੋਬਿੰਦ ਸਿੰਘ ਦਿਸ਼ਾਹੀਣ ਦੇਸ਼ ਭਗਤ ਸਨ। ਉਨ੍ਹਾਂ ਦੇ ਨਜ਼ਦੀਕ ਬੈਠੇ ਇਕ ਮਨਚਲੇ ਨੂੰ ਇਹ ਸੁਣ ਕੇ ਗੁੱਸਾ ਆ ਗਿਆ। ਉਸ ਨੇ ਗਾਂਧੀ ਜੀ ਦੇ ਜੁੱਤੀ ਮਾਰੀ ਅਤੇ ਰਫ਼ੂ ਚੱਕਰ ਹੋ ਗਿਆ। ਉਨ੍ਹਾਂ ਦਿਨਾਂ ਵਿਚ ਸੰਚਾਰ ਦੇ ਅੱਜ ਵਰਗੇ ਸਾਧਨ ਨਾ ਹੋਣ ਕਰ ਕੇ ਗੱਲ ਰਫ਼ਾ-ਦਫ਼ਾ ਹੋ ਗਈ। ਕਿੰਨਾ ਚੰਗਾ ਹੁੰਦਾ, ਜੇ ਗਾਂਧੀ ਜੀ ਸਾਹਿਬ-ਏ-ਕਮਾਲ ਦੇ ਸ਼ਬਦ ਦਾ ਸਹਾਰਾ ਲੈਂਦੇ ਅਤੇ ਇਹ ਕਹਿੰਦੇ: "ਭਾਰਤ ਦੇ ਅਤਿ ਪਿਆਰੇ ਨਾਗਰਿਕ ਵੀਰੋ, ਤੁਹਾਡੀ ਕ੍ਰਿਪਾ ਨਾਲ ਹੀ ਮੈਂ ਸਜਿਆ ਹਾਂ, ਨਹੀਂ ਤਾਂ ਮੇਰੇ ਜਿਹੇ ਕ੍ਰੋੜਾਂ ਅਧ-ਵਸਤਰ ਪਹਿਨਣ ਵਾਲੇ ਸਾਧੂ ਮਹਾਤਮਾ ਬਥੇਰੇ ਫਿਰਦੇ ਹਨ। ਤੁਹਾਡੀ ਬਖਸ਼ੀ ਹੋਈ ਮਾਨਤਾ ਹੀ ਮੇਰੀ ਦੇਸ਼ ਵਿਦੇਸ਼ ਵਿਚ ਮਸ਼ਹੂਰੀ ਕਰਾਉਂਦੀ ਹੈ। ਤੁਹਾਡੀ ਕ੍ਰਿਪਾ ਸਦਕਾ ਹੀ ਮੈਨੂੰ ਇੰਗਲਿਸਤਾਨ ਵਿਚ ਇੱਜ਼ਤ ਮਿਲੀ ਹੈ; ਨਹੀਂ ਤਾਂ ਉਥੋਂ ਦੀ ਮਹਾਰਾਣੀ ਨੇ ਕਹਿ ਦਿੱਤਾ ਸੀ ਕਿ ਮੈਂ ਕਿਸੇ ਅੱਧ-ਨੰਗੇ ਪੁਰਸ਼ ਨਾਲ ਮੁਲਾਕਾਤ ਨਹੀਂ ਕਰਨੀ।

ਮੇਰੇ ਵਰਗੇ ਅਦਨਾ ਇਨਸਾਨ ਦਾ ਇਸ ਸ਼ਬਦ ਦਾ ਜਾਤੀ ਅਨੁਭਵ ਇਸ ਨਿਮਾਣੇ ਜਿਹੇ ਲੇਖ ਦਾ ਮੂਲ ਮਨੋਰਥ ਹੈ। ਇਕ ਦੋ ਵਾਰ ਮੈਂ ਤਾਜ ਮਹਿਲ ਦੇਖਣ ਗਿਆ ਹਾਂ। ਤਰੱਕੀਪਸੰਦ ਦੋ ਸ਼ਾਇਰਾਂ ਦਾ ਅਨੁਭਵ ਮੇਰੀ ਯਾਦਾਸ਼ਤ ਦਾ ਹਿੱਸਾ ਰਹੇ ਹਨ। ਪ੍ਰੋਫੈਸਰ ਮੋਹਨ ਸਿੰਘ ਨੂੰ ਹਜ਼ਾਰਾਂ ਡੰਡੇ ਮਾਰਦੇ ਕਾਰਕੁਨ ਨਜ਼ਰ ਆਉਂਦੇ ਹਨ, ਉਹ ਮਜ਼ਦੂਰਾਂ 'ਤੇ ਅਤਿਆਚਾਰ ਕਰਦੇ ਹਨ। ਅਖੀਰ ਵਿਚ ਕਵੀ ਦੁੱਖ ਭਰੇ ਲਹਿਜੇ ਵਿਚ ਰਹਿੰਦਾ ਹੈ ਕਿ ਉਹ ਹੁਸਨ (ਇਮਾਰਤ ਦਾ) ਸੱਚਮੁਚ ਹੁਸਨ ਹੈ ਜੋ ਲੱਖਾਂ ਮਜ਼ਦੂਰਾਂ ਦੇ ਹੰਝੂਆਂ 'ਤੇ ਪਲ ਰਿਹਾ ਹੈ!

ਸਾਹਿਰ ਲੁਧਿਆਣਵੀ ਨੂੰ ਤਾਜ ਮਹਿਲ ਦੇਖ ਕੇ ਮਹਿਸੂਸ ਹੁੰਦਾ ਹੈ: ਇਕ ਸ਼ਹਿਨਸ਼ਾਹ ਨੇ ਦੌਲਤ ਕਾ ਸਹਾਰਾ ਲੇ ਕਰ, ਹਮ ਗਰੀਬੋਂ ਕੀ ਮੁਹੱਬਤ ਕਾ ਉਡਾਇਆ ਹੈ ਮਜ਼ਾਕ, ਮੇਰੀ ਮਹਿਬੂਬ ਕਹੀਂ ਔਰ ਮਿਲਾ ਕਰ ਮੁਝ ਸੇ।

ਅੱਜ ਮੇਰਾ ਅਹਿਸਾਸ ਕੁਝ ਵੱਖਰਾ ਹੈ। ਮੈਨੂੰ ਜਾਪਦਾ ਹੈ, ਜਿਵੇਂ ਸ਼ਾਹਜਹਾਂ ਅਤੇ ਮੁਮਤਾਜ਼ ਬੇਗਮ ਦਰਸ਼ਕਾਂ ਨੂੰ ਬਹੁਤ ਪਿਆਰ ਅਤੇ ਸਤਿਕਾਰ ਨਾਲ ਕਹਿ ਰਹੇ ਹਨ: ਉਨ੍ਹਾਂ ਕਾਰੀਗਰਾਂ ਅਤੇ ਮਜ਼ਦੂਰਾਂ ਦੀ ਕ੍ਰਿਪਾ, ਯਮਨਾ ਦਰਿਆ ਦੀ ਕਦੀ ਵੀ ਨੁਕਸਾਨ ਨਾ ਪਹੁੰਚਾਉਣ ਦੀ ਕ੍ਰਿਪਾ ਅਤੇ ਤੁਹਾਡੇ ਲੱਖਾਂ ਕਰੋੜਾਂ ਦਰਸ਼ਕਾਂ ਦੀ ਕ੍ਰਿਪਾ ਜਿਹੜੇ ਰੱਜ ਕੇ ਇਸ ਬਿਲਡਿੰਗ ਨੂੰ ਸਲਾਹੁੰਦੇ ਹੋ; ਇਨ੍ਹਾਂ ਸਾਰਿਆਂ ਦੀ ਕ੍ਰਿਪਾ ਨਾਲ ਹੀ ਸਜੇ ਹਮ ਹੈਂ; ਵਰਨਾ ਹਜ਼ਾਰਾਂ ਮਕਬਰੇ ਅਤੇ ਉਨ੍ਹਾਂ ਉੱਤੇ ਬਣੀਆਂ ਇਮਾਰਤਾਂ ਨੂੰ ਕੋਈ ਸਿਆਣਦਾ ਤੱਕ ਨਹੀਂ।

ਇਸ ਦੁਨੀਆ ਵਿਚ ਸੱਤ ਅਚੰਭੇ ਮੰਨੇ ਜਾਂਦੇ ਹਨ। ਤਾਜ ਮਹਿਲ ਉਨ੍ਹਾਂ ਵਿਚ ਸ਼ੁਮਾਰ ਨਹੀਂ। ਮੈਨੂੰ ਬਹੁਤ ਸਾਲਾਂ ਤੋਂ ਬਹੁਤਾ ਸਮਾਂ ਅਮਰੀਕਾ ਵਿਚ ਰਹਿਣ ਕਰ ਕੇ ਇਨ੍ਹਾਂ ਸਾਰਿਆਂ ਨੂੰ ਦੂਰੋਂ ਨੇੜਿਓਂ ਦੇਖਣ ਦਾ ਮੌਕਾ ਮਿਲਿਆ ਹੈ। ਇਨ੍ਹਾਂ ਵਿਚੋਂ ਤਿੰਨ ਕੁਦਰਤ ਦਾ ਕ੍ਰਿਸ਼ਮਾ ਹਨ। ਉਹ ਹਨ: ਐਰੀਜ਼ੋਨਾ ਵਿਚ ਗਰੈਂਡ ਕੈਨੀਅਨ, ਗਰੇਟ ਲੇਕਸ ਆਫ ਮਿਸ਼ੀਗਨ ਅਤੇ ਕੈਨੇਡਾ-ਅਮਰੀਕਾ ਦੀਆਂ ਸਾਂਝੀਆਂ ਨਿਆਗਰਾ ਫਾਲਜ਼। ਤਿੰਨ ਕਾਰੀਗਰੀ ਦੀ ਕਮਾਲ ਹਨ; ਉਹ ਹਨ: ਚੀਨ ਦੀ ਮਹਾਨ ਦੀਵਾਰ, ਮਿਸਰ ਦੇ ਪੈਰਾਮਿਡ ਅਤੇ ਪੀਸਾ ਦਾ ਝੁਕਿਆ ਹੋਇਆ ਮੀਨਾਰ। ਸੱਤਵਾਂ ਬੇਬੀ ਲੋਨ ਦਾ ਲਟਕਦਾ ਬਾਗ ਹੁਣ ਲਗਭਗ ਲੋਪ ਹੋ ਚੁੱਕਿਆ ਹੈ।

ਇਨ੍ਹਾਂ ਸਭ ਬਾਰੇ ਮੇਰਾ ਨਜ਼ਰੀਆ ਤਾਜ ਮਹਿਲ ਵਰਗਾ ਹੀ ਹੈ। ਇਹ ਆਪ ਬੋਲ ਨਹੀਂ ਸਕਦੇ ਪਰ ਇਨ੍ਹਾਂ ਨਜ਼ਾਰਿਆਂ ਨੂੰ ਦੇਖਣ ਸਾਰ ਮਹਿਸੂਸ ਹੁੰਦਾ ਹੈ ਕਿ ਕੋਈ ਆਵਾਜ਼ ਕਹਿ ਰਹੀ ਹੈ: ਤੁਹਾਡੀ ਦਰਸ਼ਕਾਂ ਦੀ ਅਤੇ ਕਾਰੀਗਰਾਂ ਦੀ ਕ੍ਰਿਪਾ ਨਾਲ ਹੀ ਸਜੇ ਹਮ ਹੈਂ।

ਮੇਰੀ ਧੀ ਐਰੀਜ਼ੋਨਾ ਦੀ ਵਸਨੀਕ ਹੈ। ਇਸ ਕਰ ਕੇ ਗਰੈਂਡ ਕੈਨੀਅਨ ਕਈ ਵਾਰ ਦੇਖ ਆਇਆ ਹਾਂ। ਕੋਲੋਰੇਡੋ ਦਰਿਆ ਨੇ ਰੱਬ ਜਾਣੇ ਕਿਤਨੇ ਸਾਲ ਪਹਾੜਾਂ ਨੂੰ ਕੱਟ-ਕੱਟ ਅਤੇ ਡੂੰਘੇ-ਡੂੰਘੇ ਹੋ ਕੇ ਆਪਣਾ ਰਸਤਾ ਨਾ ਬਦਲ ਕੇ ਇਹ ਅਚੰਭਾ ਬਣਾਇਆ ਹੈ। ਭੂਚਾਲਾਂ ਨੇ ਵੀ ਕੁਦਰਤ ਦੀ ਮਹਾਨ ਕ੍ਰਿਪਾ ਤੇ ਵਡਮੁੱਲੇ ਦ੍ਰਿਸ਼ ਨੂੰ ਬਰਬਾਦ ਨਹੀਂ ਕੀਤਾ। ਪਹਾੜਾਂ ਦੀ ਸਤਹਿ ਇਸ ਤਰ੍ਹਾਂ ਇਕਸਾਰ ਹੈ ਕਿ ਸ਼ਾਮ ਨੂੰ ਸੂਰਜ ਛਿਪਣ ਦਾ ਨਜ਼ਾਰਾ ਹੋਰ ਕਿਤੇ ਘੱਟ ਹੀ ਦੇਖਣ ਨੂੰ ਮਿਲਦਾ ਹੈ। ਗਹੁ ਨਾਲ ਦੇਖਣ ਵਾਲੇ ਦਰਸ਼ਕਾਂ ਨੂੰ ਸੱਪ ਵਾਂਗ ਲੰਮ-ਸਲੰਮਾ ਵਲ ਖਾਂਦਾ ਅਤੇ ਬਹੁਤ ਡੂੰਘਾਈਆਂ ਵਿਚ ਅੱਖ ਮਚੋਲੀ ਖੇਡਦਾ ਇਹ ਦਰਿਆ ਕਹਿੰਦਾ ਹੈ: ਕੁਦਰਤ ਦੀ ਕ੍ਰਿਪਾ ਅਤੇ ਤੁਹਾਡੀ ਆਮਦ ਨਾਲ ਸਜੇ ਹਮ ਹੈਂ; ਨਹੀਂ ਤਾਂ ਲੱਖਾਂ ਦਰਿਆ-ਨਾਲੇ ਰਸਤੇ ਬਦਲਦੇ ਹੜ੍ਹਾਂ ਵੇਲੇ ਬਰਬਾਦੀਆਂ ਕਰਦੇ ਇਸ ਧਰਤੀ 'ਤੇ ਵਗਦੇ ਹਨ, ਉਨ੍ਹਾਂ ਨੂੰ ਕੌਣ ਦੇਖਣ ਜਾਂਦਾ ਹੈ।

ਸ਼ਬਦ ਦੇ ਰਚੇਤਾ ਸਾਹਿਬ-ਏ-ਕਮਾਲ ਦਾ ਕਿਆ ਕਹਿਣਾ! ਜਿਨ੍ਹਾਂ ਦੀ ਕ੍ਰਿਪਾ ਨਾਲ ਆਪਣੇ ਆਪ ਨੂੰ ਸਜੇ ਕਿਹਾ, ਉਨ੍ਹਾਂ ਉਪਰ ਸਭ ਕੁਝ ਵਾਰ ਦਿੱਤਾ, ਆਪਣੇ ਪੁੱਤਰ ਕੁਰਬਾਨ ਕਰ ਦਿੱਤੇ, ਆਪਣੀ ਸਾਰੀ ਤਾਕਤ ਉਨ੍ਹਾਂ ਨੂੰ ਬਖ਼ਸ਼ ਦਿੱਤੀ।

ਇਹ ਅਚੰਭੇ ਜਿਨ੍ਹਾਂ ਦਾ ਜ਼ਿਕਰ ਕੀਤਾ ਹੈ, ਇਨ੍ਹਾਂ ਨੂੰ ਸਜਾਉਣ ਵਾਲਿਆਂ ਲਈ ਇਹ ਬੇ-ਜਾਨ ਚੀਜ਼ਾਂ ਆਪਣੇ ਆਪ ਵਿਚ ਕੁਝ ਨਹੀਂ ਕਰ ਸਕੀਆਂ ਪਰ ਇਨ੍ਹਾਂ ਦੇ ਮਾਲਕ (ਟਰਸਟ ਜਾਂ ਸਰਕਾਰ) ਬਹੁਤ ਕੁਝ ਕਰ ਸਕਦੇ ਹਨ। ਭਾਰਤ ਵਿਚ ਖਾਸ ਕਰ ਕੇ ਧਿਆਨ ਦੇਣ ਦੀ ਲੋੜ ਹੈ। ਜਿਵੇਂ ਤਾਜ ਮਹਿਲ ਨੂੰ ਕਦੀ ਨੁਕਸਾਨ ਨਾ ਦੇਣ ਵਾਲੀ ਯਮਨਾ ਨੂੰ ਗੰਦਗੀ ਨਾਲ ਨਾ ਭਰੀਏ। ਕਾਰਖਾਨਿਆਂ ਦੀਆਂ ਚੰਦਰੀਆਂ ਗੈਸਾਂ ਨਾਲ ਸੰਗਮਰਮਰ ਨੂੰ ਭੱਦਾ ਨਾ ਬਣਾਈਏ। ਦਰਸ਼ਕ ਜਿਹੜੇ ਇਸ ਦੀ ਸ਼ਾਨ ਵਿਦੇਸ਼ਾਂ ਵਿਚ ਵੀ ਪੁੱਜਦੀ ਕਰਦੇ ਹਨ, ਉਨ੍ਹਾਂ ਲਈ ਸਹੂਲਤਾਂ ਦੀ ਝੜੀ ਲਾ ਦੇਈਏ। ਕਾਰੀਗਰਾਂ ਦੀ ਖੋਜ ਕਰ ਕੇ ਸੁਹਣਾ ਮਿਊਜ਼ੀਅਮ ਉਨ੍ਹਾਂ ਦੀ ਯਾਦ ਵਿਚ ਬਣਾਈਏ। ਹਰ ਸਾਲ ਆਰਕੀਟੈਕਟ ਦੇ ਚੋਟੀ ਦੇ ਵਿਦਿਆਰਥੀ ਨੂੰ ਉਨ੍ਹਾਂ ਕਾਰੀਗਰਾਂ ਦੇ ਨਾਮ ਤੇ ਵਜ਼ੀਫ਼ਾ ਦੇਈਏ, ਵਗੈਰਾ ਵਗੈਰਾ। ਸਾਹਿਬ-ਏ-ਕਮਾਲ ਦੇ ਇਸ ਸ਼ਬਦ ਰਾਹੀਂ ਸੰਦੇਸ਼ ਨੂੰ ਜੇ ਜੀਵਨ ਦੇ ਹਰ ਪਹਿਲੂ ਵਿਚ ਅਪਣਾ ਲਈਏ, ਨਤੀਜੇ ਅਰਥ ਭਰਪੂਰ ਮਿਲਣਗੇ। ਕੋਈ ਵੀ ਮਿਸਾਲ ਸੌ ਫ਼ੀਸਦੀ ਢੁਕਵੀਂ ਨਹੀਂ ਹੁੰਦੀ, ਫਿਰ ਵੀ ਕਿਸੇ ਨੁਕਤੇ ਨੂੰ ਸਾਧਾਰਨ ਆਦਮੀਆਂ ਤੱਕ ਭੇਜਣ ਵਿਚ ਮਦਦਗਾਰ ਹੁੰਦੀ ਹੈ। ਬਚਪਨ ਦੀ ਇਹ ਯਾਦ ਸ਼ਾਇਦ ਕੁਥਾਂ ਨਾ ਹੋਵੇ:

ਮੇਰਾ ਪਿੰਡ ਰਾਮਪੁਰਾ ਬਠਿੰਡੇ ਜ਼ਿਲ੍ਹੇ ਵਿਚ ਪੈਂਦਾ ਹੈ। ਪਿੰਡ ਦੇ ਆਲੇ-ਦੁਆਲੇ ਭੂੰਦੜ (ਪ੍ਰੋਫੈਸਰ ਕਰਮ ਸਿੰਘ ਵਾਲਾ), ਮੰਡੀ ਕਲਾਂ ਅਜਮੇਰ ਸਿੰਘ ਵਾਲਾ ਅਤੇ ਪਿੱਥੋ ਗੁਰਬਚਨ ਸਿੰਘ ਭੁੱਲਰ ਵਾਲਾ ਹਨ। ਇਨ੍ਹਾਂ ਸਾਰੇ ਪਿੰਡਾਂ ਵਿਚ ਖੂਹਾਂ ਦਾ ਪਾਣੀ ਸੌ ਫੁੱਟ ਡੂੰਘਾ ਸੀ। ਬਿਜਲੀ ਕਿਤੇ ਵੀ ਨਹੀਂ ਸੀ। ਨਹਿਰੀ ਪਾਣੀ ਨਾਲ ਬਹੁਤ ਘੱਟ ਰਕਬਾ ਸੈਰਾਬ (ਸੇਂਜੂ) ਹੁੰਦਾ ਸੀ। ਟਿਊਬਵੈੱਲ ਦਾ ਨਾਮੋ-ਨਿਸ਼ਾਨ ਨਹੀਂ ਸੀ। ਖੇਤੀ ਮੂਲ ਰੂਪ ਵਿਚ ਮੀਂਹ ਆਸਰੇ ਹੀ ਸੀ।

ਸਾਡੇ ਦੋ ਸੀਰੀ-ਸਾਂਝੀ ਸਨ। ਸਾਰੀ ਫ਼ਸਲ ਵਿਚ ਉਨ੍ਹਾਂ ਦਾ ਹਿੱਸਾ ਸੀ। ਉਨ੍ਹਾਂ ਦੀ ਮਿਹਨਤ ਸਦਕਾ ਅਤੇ 1950-1956 ਤੱਕ ਚੰਗੇ ਮੀਂਹਾਂ ਦਾ ਸਦਕਾ ਫ਼ਸਲ ਚੰਗੀ ਹੁੰਦੀ ਰਹੀ। ਮੈਂ ਬਿਨਾ ਵਿਘਨ ਦਸਵੀਂ ਜਮਾਤ ਤੋਂ ਐਮ.ਐਸਸੀ. ਤੱਕ ਵਿਦਿਆ ਪ੍ਰਾਪਤ ਕਰ ਗਿਆ। ਸ਼ਾਇਦ ਇਨ੍ਹਾਂ ਸਾਰੇ ਪਿੰਡਾਂ ਵਿਚ ਮੈਂ ਪਹਿਲਾਂ ਐਮ.ਐਸਸੀ. (ਫਿਜਿਕਸ) ਹੋਣਾ। ਸੋਚਦਾ ਹਾਂ, ਸੀਰੀਆਂ ਦੀ ਕ੍ਰਿਪਾ ਨਾਲ ਹੀ ਸਜੇ ਹਮ ਹੈਂ।... ਸ਼ਬਦ ਦੀ ਸੂਝ ਤਾਂ ਹੈ ਨਹੀਂ ਸੀ ਪਰ ਕੁਦਰਤ ਦੀ ਕ੍ਰਿਪਾ, ਅਸੀਂ ਉਨ੍ਹਾਂ ਦਾ ਧਿਆਨ ਜ਼ਰੂਰ ਰੱਖਿਆ। ਛੁੱਟੀਆਂ ਵਿਚ ਮੈਂ ਉਨ੍ਹਾਂ ਲਈ ਸਵੇਰੇ-ਸਵੇਰੇ ਚੰਗੀ ਰੋਟੀ ਅਤੇ ਵਧੀਆ ਲੱਸੀ ਲੈ ਕੇ ਖੇਤ ਪੁੱਜ ਜਾਂਦਾ। ਉਨ੍ਹਾਂ ਦੇ ਘਰਾਂਵਾਲੀਆਂ ਮੱਖਣ ਲੱਦੀ ਲੱਸੀ ਸਾਡੇ ਘਰੋਂ ਲੈ ਜਾਂਦੀਆਂ। ਸ਼ਾਮ ਦੀ ਰੋਟੀ ਸੀਰੀ ਆਪਣੇ ਘਰ ਖਾਂਦੇ। ਹਰ ਮਹੀਨੇ ਵਧੀਆ ਕਣਕ ਅਤੇ ਹਿੱਸੇ ਬਹਿੰਦੀਆਂ ਦਾਲਾਂ ਨਾਲ ਉਨ੍ਹਾਂ ਦਾ ਸਾਰਾ ਪਰਿਵਾਰ ਆਪਣੀ ਮੌਜ ਦਾ ਪ੍ਰਸ਼ਾਦਾ ਛਕਦਾ।

ਉਨ੍ਹਾਂ ਨੇ ਆਪਣੇ ਬੱਚਿਆਂ ਦੀ ਵਿਆਹ ਸ਼ਾਦੀ ਲਈ ਕਦੀ ਕਿਸੇ ਬਾਣੀਏ ਤੋਂ ਕਰਜ਼ ਨਹੀਂ ਸੀ ਲਿਆ। ਇਹ ਸਾਡੀ ਜ਼ਿੰਮੇਵਾਰੀ ਸੀ! ਕਾਲਜ ਅਧਿਆਪਕ ਦੀ ਉਨ੍ਹਾਂ ਦਿਨਾਂ ਵਿਚ ਚੰਗੀ ਤਨਖ਼ਾਹ ਨਹੀਂ ਸੀ, ਫਿਰ ਵੀ ਮੈਂ ਜਦੋਂ ਵੀ ਪਿੰਡ ਜਾਂਦਾ, ਉਨ੍ਹਾਂ ਲਈ ਤਿਲ-ਫੁਲ ਮਾਇਆ ਜ਼ਰੂਰ ਦਿੰਦਾ। ਉਹ ਬਹੁਤ ਖੁਸ਼ ਹੁੰਦੇ। ਦੋਨੇ ਧਿਰਾਂ ਗਰੀਬੀ ਵਿਚ ਵੀ ਅੱਜ ਵਾਂਗ ਮਾਯੂਸ ਨਹੀਂ ਸਨ। ਹਰੀ ਕ੍ਰਾਂਤੀ ਕਹਿਣ ਨੂੰ ਤਾਂ ਖੁਸ਼ਹਾਲੀ ਲਿਆਈ ਪਰ ਖੇਤ ਮਜ਼ਦੂਰਾਂ ਅਤੇ ਕਿਸਾਨਾਂ ਨੂੰ ਕਰਜ਼ੇ ਤੇ ਖ਼ੁਦਕਸ਼ੀਆਂ ਵਿਚ ਡੋਬ ਗਈ! ਕਾਸ਼! ਅਸੀਂ ਸਾਹਿਬ-ਏ-ਕਮਾਲ ਦੀ ਸਿਖਿਆ ਅਨੁਸਾਰ ਉਨ੍ਹਾਂ ਸਭ ਦਾ ਭਲਾ ਸੋਚਦੇ ਜਿਨ੍ਹਾਂ ਦੀ ਕ੍ਰਿਪਾ ਨਾਲ ਸਜੇ ਹਾਂ। ਕਿਵੇਂ ਠੇਕੇ 'ਤੇ ਜ਼ਮੀਨ ਦੇਣ ਵਾਲੇ, ਕਿਸਾਨਾਂ ਦੀ ਕਮਾਈ ਨਾਲ ਸਜੇ ਹਨ। ਉਹ ਠੇਕਾ ਘਟਾਉਣ। ਕਿਸਾਨ ਖੇਤ ਮਜ਼ਦੂਰਾਂ ਨੂੰ ਅਨਾਜ ਵਿਚੋਂ ਹਿੱਸਾ ਦੇਣ। ਖ਼ਾਦ ਵੇਚਣ ਵਾਲੇ ਆਪਣਾ ਨਫ਼ਾ ਘੱਟ ਕਰਨ। ਅਨਾਜ ਦੀ ਕੀਮਤ ਵਿਚ ਇਜ਼ਾਫ਼ਾ ਕੀਤਾ ਜਾਵੇ। ਪਿੰਡਾਂ ਵਿਚ ਖੇਤੀ ਨਾਲ ਸਬੰਧਿਤ ਛੋਟੀਆਂ ਸਨਅਤਾਂ ਲਾਉਣ। ਸਾਡੇ ਖੇਤੀ ਮਾਹਿਰ ਚੰਗੀਆਂ ਤਨਖ਼ਾਹਾਂ ਲੈ ਰਹੇ ਹਨ, ਉਹ ਖੇਤੀ ਦੇ ਧੰਦੇ ਕਰ ਕੇ ਹੀ ਸਜੇ ਹਨ। ਉਹ ਇਨ੍ਹਾਂ ਖੇਤ ਮਜ਼ਦੂਰਾਂ ਅਤੇ ਕਿਸਾਨਾਂ ਲਈ ਆਪਾ ਵਾਰ ਦੇਣ। ਭਵਿੱਖ ਉਜਲਾ ਹੋ ਜਾਵੇਗਾ।

ਆਉਣ ਵਾਲਾ ਸਮਾਂ ਨਿਰਾਸ਼ਾ ਵਾਲਾ ਨਜ਼ਰ ਆ ਰਿਹਾ ਹੈ। ਦੁਨੀਆ ਦੀ ਦੌਲਤ ਥੋੜ੍ਹੇ ਜਿਹੇ ਬੰਦਿਆਂ ਕੋਲ ਹੋ ਜਾਵੇਗੀ। ਗ਼ਰੀਬ ਅਮੀਰ ਪਾੜਾ ਭਿਆਨਕ ਰੂਪ ਅਖਤਿਆਰ ਕਰ ਲਵੇਗਾ। ਮੇਰੀ ਤੁਛ ਜਿਹੀ ਬੁੱਧੀ ਅਨੁਸਾਰ ਸਾਹਿਬ-ਏ-ਕਮਾਲ ਦਾ ਇਸ ਸ਼ਬਦ ਰਾਹੀਂ ਪੈਗਾਮ ਅਤੇ ਕ੍ਰਿਪਾ ਬਖ਼ਸ਼ਣ ਵਾਲਿਆਂ ਲਈ ਕ੍ਰਿਪਾ ਨਾਲ ਸਜੇ ਹੋਇਆਂ ਨੂੰ ਬਹੁਤ ਕਰਨ ਦੀ ਲੋੜ ਹੈ।

ਹਰ ਵਜ਼ੀਰ, ਮੁੱਖ ਮੰਤਰੀ, ਪ੍ਰਧਾਨ ਮੰਤਰੀ ਅਤੇ ਵੋਟਾਂ ਰਾਹੀਂ ਚੁਣਿਆ ਹੋਇਆ ਹਰ ਕਰਿੰਦਾ ਇਹ ਸੋਚ ਲਵੇ ਕਿ ਆਮ ਲੋਕਾਂ ਦੀਆਂ ਵੋਟਾਂ ਰਾਹੀਂ ਹੀ ਉਹ ਸਜੇ ਹੋਏ ਹਨ; ਵਰਨਾ ਉਨ੍ਹਾਂ ਵਿਚੋਂ ਕੋਈ ਚਾਹ ਵੇਚਦਾ ਹੁੰਦਾ, ਕੋਈ ਟਿਊਬਾਂ ਦੇ ਪੰਕਚਰ ਲਾਉਂਦਾ ਹੁੰਦਾ ਅਤੇ ਕੋਈ ਭੁੱਖਾ ਸੌਂਦਾ ਹੁੰਦਾ, ਵਗੈਰਾ-ਵਗੈਰਾ। ਸੋ, ਅਸੀਂ ਆਪਣੀਆਂ ਹੀ ਤਜੌਰੀਆਂ ਭਰ ਕੇ ਇਨ੍ਹਾਂ ਗਰੀਬਾਂ ਨੂੰ ਕੰਗਾਲ ਨਾ ਕਰੀਏ। ਇਨ੍ਹਾਂ ਦੀ ਹਰ ਜਾਇਜ਼ ਲੋੜ ਪੂਰੀ ਕਰੀਏ। ਇਨ੍ਹਾਂ ਦੀ ਖ਼ੁਸ਼ਹਾਲੀ ਹੀ ਸਾਡੇ ਜੀਵਨ ਦਾ ਮਨੋਰਥ ਹੋਵੇ।

ਵੱਡੇ-ਵੱਡੇ ਦੁਕਾਨਦਾਰ ਜਾਣ ਲੈਣ ਕਿ ਗਾਹਕਾਂ ਦੇ ਆਸਰੇ ਹੀ ਉਹ ਮੌਜਾਂ ਮਾਣ ਰਹੇ ਹਨ। ਉਹ ਲੁੱਟ ਘੱਟ ਕਰਨ ਅਤੇ ਸਬਰ-ਸੰਤੋਖ ਦਾ ਦਾਮਨ ਫੜਨ।

ਡਾਕਟਰ ਲੋਕ ਮਰੀਜ਼ਾਂ ਦੀ ਕ੍ਰਿਪਾ ਨਾਲ ਹੀ ਮਸ਼ਹੂਰ ਹਨ। ਆਮਦਨੀ ਬੇ-ਹਿਸਾਬ ਹੈ। ਉਨ੍ਹਾਂ ਨੂੰ ਚਾਹੀਦਾ ਹੈ ਕਿ ਮਰੀਜ਼ਾਂ ਨੂੰ ਪਿਆਰ ਭਰੀ ਸੇਵਾ ਦੇਣ। ਆਪਣੀ ਨੇਕ ਕਮਾਈ ਦਾ ਕੁਝ ਹਿੱਸਾ ਅਜਿਹੇ ਫੰਡ ਵਿਚ ਪਾਉਣ ਜਿਹੜਾ ਮਰੀਜ਼ਾਂ ਦੇ ਬੁਢਾਪੇ ਅਤੇ ਗਰੀਬ ਅਵਸਥਾ ਵਿਚ ਵਰਤਿਆ ਜਾ ਸਕੇ। ਡਾਕਟਰ ਬਹੁਤ ਸੂਝਵਾਨ ਬੰਦੇ ਹਨ। ਕਈ ਹੋਰ ਤਰੀਕਿਆਂ ਨਾਲ ਵੀ ਬਹੁਤ ਕੁਝ ਕਰ ਸਕਦੇ ਹਨ।

ਵਿਦਿਆਰਥੀਆਂ ਬਗੈਰ ਸਭ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ ਬੇਮਾਇਨਾ ਹਨ। ਇਹ ਸਭ ਅਦਾਰੇ ਉਨ੍ਹਾਂ ਦੀ ਕ੍ਰਿਪਾ ਨਾਲ ਹੀ ਸਜੇ ਹਨ। ਅਧਿਆਪਕ ਪ੍ਰੋਫੈਸਰ ਅਤੇ ਹੋਰ ਉੱਚ ਅਧਿਕਾਰੀ ਵਿਦਿਆਰਥੀਆਂ ਬਦੌਲਤ ਹੀ ਪ੍ਰਸੰਸਾ ਅਤੇ ਚੰਗੀ ਵੇਤਨ ਦੇ ਹੱਕਦਾਰ ਹਨ। ਵਿਦਿਆਰਥੀਆਂ ਦੀ ਬਿਹਤਰੀ ਅਤੇ ਉਜਲੇ ਭਵਿੱਖ ਲਈ ਇਨ੍ਹਾਂ ਸਭ ਨੂੰ ਬਹੁਤ ਕੁਝ ਕਰਨ ਦੀ ਜ਼ਰੂਰਤ ਹੈ। ਦੁੱਖ ਨਾਲ ਕਹਿਣਾ ਪੈ ਰਿਹਾ ਹੈ ਕਿ ਅੱਜ ਕੱਲ੍ਹ ਦੋਹਾਂ ਧਿਰਾਂ ਦਾ ਰਿਸ਼ਤਾ ਕਾਰੋਬਾਰੀ ਬਣ ਗਿਆ ਹੈ। ਵਿਦਿਆ ਦੁਕਾਨਦਾਰੀ ਬਣ ਗਈ ਹੈ।

ਇਕ ਗੱਲ ਪੱਥਰ 'ਤੇ ਲਕੀਰ ਹੈ। ਕੋਈ ਵੀ ਬੰਦਾ ਕਿਸੇ ਹੋਰ ਦੀ ਕ੍ਰਿਪਾ ਬਗੈਰ ਉੱਚੀ ਪੌੜੀ ਉੱਪਰ ਨਹੀਂ ਪਹੁੰਚ ਸਕਦਾ। ਉਸ ਨੂੰ ਕਦੀ ਵੀ ਹੰਕਾਰੀ ਨਹੀਂ ਹੋਣਾ ਚਾਹੀਦਾ। ਰੱਬ ਦੀ ਮਿਹਰ ਹੋਵੇ, ਉਸ ਨੂੰ ਇਹ ਸੋਝੀ ਆ ਜਾਵੇ। ਘੱਟੋ-ਘੱਟ ਕੁਦਰਤ ਦੀ ਕ੍ਰਿਪਾ ਤੋਂ ਮੁਨਕਰ ਨਾ ਹੋਵੇ। ਮਾਂ ਬਾਪ ਜਾਂ ਕਿਸੇ ਹੋਰ ਦੇ ਪਾਲਣ ਪੋਸ਼ਣ ਬਿਨਾ ਮਨੁੱਖ ਦਾ ਵਜੂਦ ਹੀ ਨਹੀਂ।

ਮੇਰਾ ਮਨ ਬਹੁਤ ਸਾਰੀਆਂ ਮਿਸਾਲਾਂ ਦੇਣ ਨੂੰ ਕਰਦਾ ਹੈ ਪਰ ਲੇਖ ਲੰਮਾ ਨਾ ਹੋ ਜਾਵੇ, ਇਹ ਧਿਆਨ ਵਿਚ ਰੱਖਦਿਆਂ ਸਿਰਫ਼ ਕੁਝ ਕੁ ਦਾ ਜ਼ਿਕਰ ਕਰ ਰਿਹਾ ਹਾਂ:

ਨੰਦ ਲਾਲ ਨੂਰਪੁਰੀ ਨੇ ਬਹੁਤ ਸੋਹਣੇ ਗੀਤ ਲਿਖੇ ਜਿਨ੍ਹਾਂ ਨੂੰ ਗਾ ਕੇ ਕਈ ਗਵੱਈਆਂ ਨੇ ਲੱਖਾਂ ਰੁਪਏ ਕਮਾਏ। ਉਸ ਗਰੀਬ ਦੀ ਕ੍ਰਿਪਾ ਸਦਕਾ ਹੀ ਉਨ੍ਹਾਂ ਨੂੰ ਸ਼ੁਹਰਤ ਅਤੇ ਚੰਗੀ ਕਮਾਈ ਮਿਲੀ ਪਰ ਉਨ੍ਹਾਂ ਵਿਚੋਂ ਕਿਸੇ ਨੇ ਵੀ ਉਸ ਦੀ ਸਾਰ ਨਹੀਂ ਲਈ। ਕਾਸ਼! ਉਨ੍ਹਾਂ ਸਭ ਨੂੰ ਕੁਝ ਸੋਝੀ ਹੁੰਦੀ। ਆਪਣੀ ਮਾਇਆ ਦਾ ਕੁਝ ਹਿੱਸਾ ਉਸ ਨੂੰ ਦਿੰਦੇ। ਉਹ ਖੂਹ ਵਿਚ ਛਾਲ ਮਾਰ ਕੇ ਅਨਿਆਈਂ ਮੌਤ ਨਾ ਮਰਦਾ।

ਕਲਾਕਾਰ ਬਹੁਤ ਜਜ਼ਬਾਤੀ ਹੁੰਦੇ ਹਨ। ਮੈਂ ਬਹੁਤ ਹੈਰਾਨ ਹੁੰਦਾ ਹਾਂ ਜਦੋਂ ਦੇਖਦਾ ਹਾਂ ਕਿ ਫਿਲਮੀ ਸਿਤਾਰਿਆਂ ਵਿਚ ਉਨ੍ਹਾਂ ਸਾਥੀ ਕਲਾਕਾਰਾਂ, ਜਿਨ੍ਹਾਂ ਦੀ ਕ੍ਰਿਪਾ ਨਾਲ ਉਹ ਸਜੇ ਹਨ, ਲਈ ਰੱਤੀ ਭਰ ਵੀ ਹਮਦਰਦੀ ਨਹੀਂ। ਮੀਨਾ ਕੁਮਾਰੀ ਦੀਆਂ 'ਪਾਕੀਜ਼ਾ' ਅਤੇ ਅਜਿਹੀਆਂ ਹੋਰ ਫਿਲਮਾਂ ਨੇ ਕਿੰਨੇ ਕਲਾਕਾਰਾਂ ਅਤੇ ਡਾਇਰੈਕਟਰਾਂ ਦੇ ਭਾਗ ਚਮਕਾ ਦਿੱਤੇ ਪਰ ਉਸ ਦੇ ਅੰਤ ਸਮੇਂ ਹਸਪਤਾਲ ਦੇ ਬਿਲ ਅਤੇ ਕਫ਼ਨ ਲਈ ਖਰਚ ਕਰਨ ਕੋਈ ਨਾ ਬਹੁੜਿਆ। ਉਹ ਘੋਰ ਗਰੀਬੀ ਵਿਚ ਇਸ ਜਹਾਨ ਤੋਂ ਰੁਖਸਤ ਹੋਈ। ਬਹੁਤ ਸਾਰੇ ਫਨਕਾਰ ਸੁਰੱਈਆ ਦੇ ਦੀਵਾਨੇ ਸਨ। ਉਸ ਦੀ ਕ੍ਰਿਪਾ ਨਾਲ ਕੁਛ ਹੱਦ ਤੱਕ ਉਨ੍ਹਾਂ ਦੀ ਮਸ਼ਹੂਰੀ ਹੋਈ। ਅਫ਼ਸੋਸ! ਉਸ ਦੇ ਜਨਾਜ਼ੇ ਵੇਲੇ ਕਿਸੇ ਨੇ ਆਪਣੀ ਸ਼ਕਲ ਨਾ ਦਿਖਾਈ। ਲੱਖਾਂ ਦਰਸ਼ਕਾਂ ਦੇ ਢਿੱਡੀਂ ਪੀੜ ਪਾਉਣ ਵਾਲੀ ਅਦਾਕਾਰਾ ਟੁਨ ਟੁਨ ਦਾ ਅਖੀਰਲਾ ਵਕਤ ਵੀ ਮੰਦਭਾਗਾ ਸੀ। ਉਸ ਕੋਲ ਦੋ ਵਕਤ ਦੀ ਰੋਟੀ ਦੀ ਵੀ ਗੁੰਜਾਇਸ਼ ਨਹੀਂ ਸੀ। ਉਸ ਦੀ ਵੀ ਕਿਸੇ ਨੇ ਸਾਰ ਨਾ ਲਈ।

ਆਓ, ਇਸ ਅਤਿ ਪਿਆਰੇ ਸ਼ਬਦ ਦੇ ਪੈਗ਼ਾਮ ਨੂੰ ਅਮਲੀ ਰੂਪ ਦੇਈਏ। ਕਿਉਂ ਨਾ ਇਹ ਅਮਲ ਘਰ ਤੋਂ ਹੀ ਸ਼ੁਰੂ ਕਰੀਏ। ਜਦੋਂ ਕਿਸੇ ਵੀ ਜਾਣੇ-ਪਛਾਣੇ ਸ਼ਖਸ ਦੇ ਘਰ ਜਾਣ ਦਾ ਮੌਕਾ ਮਿਲਦਾ ਹੈ ਤਾਂ ਬੇ-ਤਰਤੀਬ, ਖਿੱਲਰੀਆਂ ਵਸਤੂਆਂ ਤੋਂ ਅੰਦਾਜ਼ਾ ਹੋ ਜਾਂਦਾ ਹੈ ਕਿ ਘਰ ਦੀ ਰੌਣਕ (ਬੀਵੀ) ਕਿਤੇ ਗਈ ਹੋਈ ਹੈ। ਘਰ, ਦਫ਼ਤਰ ਅਤੇ ਅਨੇਕ ਥਾਵਾਂ ਇਸਤਰੀਆਂ ਦੀ ਕ੍ਰਿਪਾ ਨਾਲ ਸਜੀਆਂ ਹੋਈਆਂ ਹਨ। ਕਿਉਂ ਨਾ ਇਨ੍ਹਾਂ ਦਾ ਰੱਜ ਕੇ ਸਤਿਕਾਰ ਕਰੀਏ! ਨੰਨ੍ਹੀ ਉਮਰ ਤੋਂ ਹੀ ਹਰ ਘਰ ਵਿਚ ਇਹ ਸਿੱਖਿਆ ਮਿਲੇ ਕਿ ਇਸਤਰੀ ਦੀ ਇੱਜ਼ਤ ਕਰਨਾ ਸਭ ਦਾ ਇਖ਼ਲਾਕੀ ਫਰਜ਼ ਹੈ, ਇਸਤਰੀ ਭਾਵੇਂ ਕਿਸੇ ਵੀ ਉਮਰ ਦੀ ਹੋਵੇ। ਇਹ ਸੰਦੇਸ਼ ਸਕੂਲਾਂ ਵਿਚ ਸਮਾਜਿਕ ਸਿੱਖਿਆ ਦੇ ਸਿਲੇਬਸ ਦਾ ਜ਼ਰੂਰੀ ਅੰਗ ਹੋਵੇ। ਨਤੀਜੇ ਬਹੁਤ ਖੁਸ਼ਗਵਾਰ ਹੋਣਗੇ। ਮਨੀਪੁਰ ਵਰਗੀਆਂ ਦਰਦਨਾਕ ਘਟਨਾਵਾਂ ਨੂੰ ਠੱਲ੍ਹ ਪਵੇਗੀ। ਇਸਤਰੀ ਦੀ ਪਾਕੀਜ਼ਗੀ ਦੇ ਮਦੇਨਜ਼ਰ ਬਲਾਤਕਾਰ ਘਟ ਜਾਣਗੇ। ਆਸ ਕੀਤੀ ਜਾ ਸਕਦੀ ਹੈ ਕਿ ਜਿਸ ਦੇਸ਼ ਵਿਚ ਗਊ ਦੀ ਪਵਿੱਤਰਤਾ ਦਾ ਖਿਆਲ ਰੱਖਦੇ ਹੋਏ ਉਸ ਦੇ ਗੋਹੇ ਅਤੇ ਮੂਤਰ ਨੂੰ ਵੀ ਪਵਿੱਤਰ ਸਮਝਿਆ ਜਾਂਦਾ ਹੈ, ਉਥੇ ਇਸ ਪੈਗ਼ਾਮ ਦੀ ਇਸਤਰੀਆਂ ਬਾਬਤ ਕਿਉਂ ਨਾ ਬੱਲੇ-ਬੱਲੇ ਹੋ ਜਾਵੇਗੀ।

ਇਸ ਲੇਖ ਨੂੰ ਸਮਾਪਤ ਕਰਨ ਵੇਲੇ 'ਪੰਜਾਬ ਟਾਈਮਜ਼' ਦੇ ਬਾਨੀ ਸੰਪਾਦਕ ਅਮੋਲਕ ਸਿੰਘ ਜੰਮੂ ਦੀ ਯਾਦ ਆ ਗਈ। ਉਹ ਸਰਕਾਰੀ ਕਾਲਜ ਚੰਡੀਗੜ੍ਹ, ਸੈਕਟਰ 11 ਦਾ ਵਿਦਿਆਰਥੀ ਰਿਹਾ ਸੀ। ਮੈਂ ਉਸ ਸੰਸਥਾ ਵਿਚ ਪੱਚੀ ਸਾਲ ਫਿਜਿਕਸ ਦੇ ਅਧਿਆਪਕ ਵਜੋਂ ਸੇਵਾ ਨਿਭਾਈ ਹੈ। ਉਹ ਬਹੁਤ ਵਾਰ ਮੈਨੂੰ ਕਹਿੰਦਾ ਹੁੰਦਾ ਸੀ ਕਿ ਉਸ ਦੀ ਪੰਜਾਬੀ ਬੋਲੀ 'ਤੇ ਪਕੜ ਅਤੇ ਸੰਜਮ ਨਾਲ ਲਿਖਣ ਦੀ ਯੋਗਤਾ ਉਸ ਕਾਲਜ ਦੇ ਪ੍ਰੋਫੈਸਰ ਬਲਬੀਰ ਸਿੰਘ ਦਿਲ ਦੀ ਕ੍ਰਿਪਾ ਸਦਕਾ ਹੈ। 'ਪੰਜਾਬ ਟਾਈਮਜ਼' ਦੀ 24ਵੀਂ ਵਰ੍ਹੇਗੰਢ ਦੇ ਸਮਾਗਮ ਦੀਆਂ ਤਸਵੀਰਾਂ ਬਹੁਤ ਚੰਗੀਆਂ ਲੱਗੀਆਂ। ਅਮੋਲਕ ਬਾਬਤ ਲਿਖੇ ਲੇਖ ਵੀ ਚੰਗੇ ਲੱਗੇ ਪਰ ਇਕ ਤਸਵੀਰ ਜਿਸ ਦਾ ਮੈਂ ਤਲਬਗਾਰ ਹਾਂ, ਨਜ਼ਰ ਨਹੀਂ ਆਈ:

ਮੈਨੂੰ ਮਹਿਸੂਸ ਹੋ ਰਿਹਾ ਹੈ ਕਿ ਅਮੋਲਕ ਵ੍ਹੀਲ ਚੇਅਰ ਉਪਰ ਬੈਠਾ ਹੈ। ਉਸ ਦੇ ਹੱਥਾਂ ਵਿਚ ਅਖ਼ਬਾਰ ਦੀ ਕਾਪੀ ਹੈ। ਪਿੱਛੇ ਜਸਪ੍ਰੀਤ ਖੜ੍ਹੀ ਹੈ। ਉਹ ਸਰੋਤਿਆਂ ਦੀ ਮਹਿਫ਼ਲ ਨੂੰ ਕਹਿ ਰਿਹਾ ਹੈ: ਕੁਦਰਤ ਦੀ ਮਹਾਨ ਕ੍ਰਿਪਾ ਜਿਸ ਨੇ ਨਾਮੁਰਾਦ ਬਿਮਾਰੀ ਵਿਚ ਵੀ ਮੈਨੂੰ ਚੜ੍ਹਦੀ ਕਲਾ ਵਿਚ ਰੱਖਿਆ; ਜਸਪ੍ਰੀਤ ਦੀ ਮਿਹਰਬਾਨੀ ਜਿਸ ਨੇ ਅਤਿਅੰਤ ਔਖੀ ਘੜੀ ਵਿਚ ਵੀ ਮੇਰਾ ਸਾਥ ਨਿਭਾਇਆ; ਸਾਰੇ ਸਲਾਹਕਾਰਾਂ ਦੀ ਕ੍ਰਿਪਾ ਜਿਨ੍ਹਾਂ ਨੇ ਅਖ਼ਬਾਰ ਨੂੰ ਡਿੱਕ-ਡੋਲੇ ਖਾਣ ਤੋਂ ਬਚਾਇਆ; ਲੇਖਕਾਂ ਦੀ ਕ੍ਰਿਪਾ ਜਿਨ੍ਹਾਂ ਨੇ ਨਿੱਗਰ ਸਮੱਗਰੀ ਨਾਲ ਅਖ਼ਬਾਰ ਨੂੰ ਸਜਾਇਆ ਅਤੇ ਸਭ ਤੋਂ ਵੱਧ, ਪਾਠਕਾਂ ਦੀ ਕ੍ਰਿਪਾ ਜਿਹੜੇ ਇਸ ਨੂੰ ਬਹੁਤ ਪਿਆਰ ਕਰਦੇ ਹਨ ਅਤੇ ਰੱਜ ਕੇ ਸਲਾਹੁੰਦੇ ਹਨ। ਇਨ੍ਹਾਂ ਸਭ ਦੀ ਕ੍ਰਿਪਾ ਨਾਲ ਸਜੇ ਹਮ ਹੈਂ। ਨਹੀਂ ਤਾਂ ਬੇਅੰਤ ਪੰਜਾਬੀ ਅਖ਼ਬਾਰ ਸਟੋਰਾਂ 'ਤੇ ਪਏ ਹੁੰਦੇ ਹਨ।

***'ਪੰਜਾਬ ਟਾਈਮਜ਼' ਦੀ 24ਵੀਂ ਵਰ੍ਹੇਗੰਢ ਦੇ ਸਮਾਗਮ ਦੀਆਂ ਤਸਵੀਰਾਂ ਬਹੁਤ ਚੰਗੀਆਂ ਲੱਗੀਆਂ। ਅਮੋਲਕ ਬਾਬਤ ਲਿਖੇ ਲੇਖ ਵੀ ਚੰਗੇ ਲੱਗੇ ਪਰ ਇਕ ਤਸਵੀਰ ਜਿਸ ਦਾ ਮੈਂ ਤਲਬਗਾਰ ਹਾਂ, ਨਜ਼ਰ ਨਹੀਂ ਆਈ:***

***ਮੈਨੂੰ ਮਹਿਸੂਸ ਹੋ ਰਿਹਾ ਹੈ ਕਿ ਅਮੋਲਕ ਵ੍ਹੀਲ ਚੇਅਰ ਉਪਰ ਬੈਠਾ ਹੈ। ਉਸ ਦੇ ਹੱਥਾਂ ਵਿਚ ਅਖ਼ਬਾਰ ਦੀ ਕਾਪੀ ਹੈ। ਪਿੱਛੇ ਜਸਪ੍ਰੀਤ ਖੜ੍ਹੀ ਹੈ। ਉਹ ਸਰੋਤਿਆਂ ਦੀ ਮਹਿਫ਼ਲ ਨੂੰ ਕਹਿ ਰਿਹਾ ਹੈ: ਕੁਦਰਤ ਦੀ ਮਹਾਨ ਕ੍ਰਿਪਾ ਜਿਸ ਨੇ ਨਾਮੁਰਾਦ ਬਿਮਾਰੀ ਵਿਚ ਵੀ ਮੈਨੂੰ ਚੜ੍ਹਦੀ ਕਲਾ ਵਿਚ ਰੱਖਿਆ; ਜਸਪ੍ਰੀਤ ਦੀ ਮਿਹਰਬਾਨੀ ਜਿਸ ਨੇ ਅਤਿਅੰਤ ਔਖੀ ਘੜੀ ਵਿਚ ਵੀ ਮੇਰਾ ਸਾਥ ਨਿਭਾਇਆ; ਸਾਰੇ ਸਲਾਹਕਾਰਾਂ ਦੀ ਕ੍ਰਿਪਾ ਜਿਨ੍ਹਾਂ ਨੇ ਅਖ਼ਬਾਰ ਨੂੰ ਡਿੱਕ-ਡੋਲੇ ਖਾਣ ਤੋਂ ਬਚਾਇਆ; ਲੇਖਕਾਂ ਦੀ ਕ੍ਰਿਪਾ ਜਿਨ੍ਹਾਂ ਨੇ ਨਿੱਗਰ ਸਮੱਗਰੀ ਨਾਲ ਅਖ਼ਬਾਰ ਨੂੰ ਸਜਾਇਆ ਅਤੇ ਸਭ ਤੋਂ ਵੱਧ, ਪਾਠਕਾਂ ਦੀ ਕ੍ਰਿਪਾ ਜਿਹੜੇ ਇਸ ਨੂੰ ਬਹੁਤ ਪਿਆਰ ਕਰਦੇ ਹਨ ਅਤੇ ਰੱਜ ਕੇ ਸਲਾਹੁੰਦੇ ਹਨ। ਇਨ੍ਹਾਂ ਸਭ ਦੀ ਕ੍ਰਿਪਾ ਨਾਲ ਸਜੇ ਹਮ ਹੈਂ। ਨਹੀਂ ਤਾਂ ਬੇਅੰਤ ਪੰਜਾਬੀ ਅਖ਼ਬਾਰ ਸਟੋਰਾਂ 'ਤੇ ਪਏ ਹੁੰਦੇ ਹਨ।***

# ਪੰਜਾਬੀ ਪਰਵਾਸੀ ਅਤੇ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੀ ਝੰਡਾਬਰਦਾਰੀ

## ਪਰਵਾਸ-5

***ਪਰਵਾਸ ਦੀ ਕਹਾਣੀ ਮੁੱਢ-ਕਦੀਮ ਦੀ ਹੈ। ਮਨੁੱਖ ਆਪਣੇ ਜੀਵਨ-ਨਿਰਬਾਹ ਲਈ ਇੱਕ ਤੋਂ ਦੂਜੀ ਥਾਂ ਜਾਂਦਾ ਰਿਹਾ ਹੈ ਅਤੇ ਉਥੇ ਵੱਸਦਾ ਵੀ ਰਿਹਾ ਹੈ। ਅੱਜ ਦੇ ਪਰਵਾਸ ਦੀ ਕਹਾਣੀ ਵੀ ਭਾਵੇਂ ਉਸ ਪਰਵਾਸ ਨਾਲੋਂ ਬਹੁਤੀ ਵੱਖਰੀ ਨਹੀਂ ਪਰ ਪਿਛਲੇ ਕੁਝ ਸਾਲਾਂ ਤੋਂ ਪੰਜਾਬ ਤੋਂ ਵਿਦੇਸ਼ੀ ਧਰਤੀਆਂ ਲਈ ਜੋ ਪਰਵਾਸ ਹੋ ਰਿਹਾ ਹੈ, ਉਸ ਨੇ ਪੰਜਾਬ ਦਾ ਤਾਣਾ-ਬਾਣਾ, ਖਾਸ ਕਰ ਕੇ ਸਮਾਜਿਕ, ਹਿਲਾ ਕੇ ਰੱਖ ਦਿੱਤਾ ਹੈ ਅਤੇ ਸਭ ਨੂੰ ਫਿਕਰ ਵਿਚ ਪਾ ਦਿੱਤਾ ਹੈ। ਇਸ ਫਿਕਰ ਬਾਰੇ ਤਫਸੀਲ ਸਹਿਤ ਗੱਲਾਂ ਉੱਘੇ ਲਿਖਾਰੀ ਗੁਰਬਚਨ ਸਿੰਘ ਭੁੱਲਰ ਆਪਣੀ ਇਸ ਲੇਖ ਲੜੀ ਵਿਚ ਕੀਤੀਆਂ ਹਨ।***

ਇਸ ਗੱਲ ਦਾ ਬੜਾ ਮਾਣ ਕੀਤਾ ਜਾਂਦਾ ਹੈ ਕਿ ਸਾਡੇ ਪੰਜਾਬੀ ਦੁਨੀਆ ਦੇ ਬਹੁਤੇ ਦੇਸਾਂ ਵਿਚ ਪਹੁੰਚੇ ਹੋਏ ਹਨ ਅਤੇ ਉਹ ਜਿੱਥੇ ਵੀ ਜਾਂਦੇ ਹਨ, ਪੰਜਾਬ, ਪੰਜਾਬੀ ਤੇ ਪੰਜਾਬੀਅਤ ਆਪਣੇ ਨਾਲ ਲੈ ਕੇ ਜਾਂਦੇ ਹਨ। ਇਕ ਟੋਟਕਾ ਮਸ਼ਹੂਰ ਹੈ ਕਿ ਜਦੋਂ ਅਮਰੀਕੀ ਪੁਲਾੜ-ਯਾਤਰੀ ਚੰਦ ਉੱਤੇ ਪਹੁੰਚਣ ਵਾਲੇ ਪਹਿਲੇ ਮਨੁੱਖ ਹੋਣ ਦੇ ਦਾਅਵੇ ਨਾਲ ਉੱਤਰੇ, ਅੱਗੋਂ ਇਕ ਪੰਜਾਬੀ ਆਪਣੇ ਛੱਪਰ ਦੇ ਮੱਥੇ ਉੱਤੇ ਗੁਰਮੁਖੀ ਵਿਚ ‘ਸ਼ੇਰੇ ਪੰਜਾਬ



ਗੁਰਬਚਨ ਸਿੰਘ ਭੁੱਲਰ
ਫੋਨ:+91-80763-63058

ਢਾਬਾ’ ਲਿਖ ਕੇ ਬੈਠਾ ਪਕੌੜੇ ਤਲ ਰਿਹਾ ਸੀ। ਕਿਹਾ ਜਾਂਦਾ ਹੈ, “ਪੰਜਾਬੀ ਪਰਵਾਸੀਆਂ ਨੇ ਹਰ ਥਾਂ ਪੰਜਾਬੀਅਤ ਦੇ ਝੰਡੇ ਗੱਡ ਦਿੱਤੇ ਹਨ ਅਤੇ ਕਈ ਦੇਸਾਂ ਵਿਚ ਇਹਨੂੰ ਸਰਕਾਰੀ ਮਾਨਤਾ ਦੁਆ ਲਈ ਹੈ। ਉਥੇ ਉਹ, ਭਾਵੇਂ ਗੁਰਦੁਆਰਿਆਂ ਵਿਚ ਹੀ ਸਹੀ, ਅਗਲੀ ਪੀੜ੍ਹੀ ਨੂੰ ਪੰਜਾਬੀ ਪੜ੍ਹਾ ਰਹੇ ਹਨ। ਅਨੇਕ ਲੇਖਕ ਪੰਜਾਬੀ ਸਾਹਿਤ ਰਚ ਰਹੇ ਹਨ ਤੇ ਵੱਡੇ-ਵੱਡੇ ਸਾਹਿਤਕ ਸਮਾਗਮ ਹੁੰਦੇ ਹਨ। ਇਉਂ ਪੰਜਾਬੀ ਤਾਂ ਹੁਣ ਕੌਮਾਂਤਰੀ ਭਾਸ਼ਾ ਬਣ ਗਈ ਹੈ।” ਇਹ ਗੱਲ ਆਮ ਕਰਕੇ ਸੋਚੀ ਹੀ ਨਹੀਂ ਜਾਂਦੀ ਕਿ ਇਹ ਸਭ ਕੁਛ ਕਿਹੜੇ ਪੰਜਾਬੀ ਕਰ ਰਹੇ ਹਨ!

ਪਰਦੇਸਾਂ ਤੋਂ ਫੋਨ ਕਰਦੇ ਮਿਹਰਬਾਨ ਪਾਠਕਾਂ ਨੂੰ ਮੈਂ ਉਚੇਚਾ ਪੁਛਦਾ ਹਾਂ ਕਿ ਤੁਹਾਡੇ ਘਰ-ਪਰਿਵਾਰ ਵਿਚ ਪੰਜਾਬੀ ਅਖ਼ਬਾਰ ਕੌਣ-ਕੌਣ ਪੜ੍ਹਦਾ ਹੈ? ਸਭ ਦੇ ਜਵਾਬਾਂ ਵਿਚ ਸਾਂਝੀ ਗੱਲ ਇਹੋ ਹੁੰਦੀ ਹੈ ਕਿ ਪਰਿਵਾਰ ਦੇ ਇਧਰੋਂ ਗਏ ਵੱਡੇ ਜੀਅ ਹੀ ਨਜ਼ਰ ਮਾਰਦੇ ਹਨ। ਜੇ ਬੱਚਿਆਂ ਬਾਰੇ ਪੁੱਛੀਏ, ਜਵਾਬ ਮਿਲਦਾ ਹੈ, “ਵਾਹਿਗੁਰੂ ਵਾਹਿਗੁਰੂ ਕਰੋ ਜੀ! ਪੜ੍ਹਨੇ ਤਾਂ ਦੂਰ ਦੀ ਗੱਲ ਹੈ, ਉਹ ਤਾਂ ਇਨ੍ਹਾਂ ਵੱਲ ਝਾਕਦੇ ਵੀ ਨਹੀਂ!” ਜਿਹੜੇ ਲੋਕ ਉਧਰ ਜੰਮੀ ਪੀੜ੍ਹੀ ਨੂੰ ਘਰੇ ਜਾਂ ਗੁਰਦੁਆਰੇ ਵਿਚ ਪੰਜਾਬੀ ਸਿਖਾਉਣ-ਪੜ੍ਹਾਉਣ ਦੀ ਰੀਝ ਪਾਲਦੇ ਹਨ, ਉਹ ਬੱਚੇ ਦੇ ਵੱਡਾ ਹੋਣ ਦੇ ਨਾਲ ਹੀ ਨਿਹਫਲ ਹੋ ਜਾਂਦੀ ਹੈ। ਭਾਸ਼ਾ ਵਰਤਿਆਂ ਹੀ ਬੰਦੇ ਨਾਲ ਜੁੜੀ ਰਹਿ ਸਕਦੀ ਹੈ। ਅਣਵਰਤੀ ਭਾਸ਼ਾ ਦਾ ਸ਼ਬਦ-ਸਮੂਹ ਤੇ ਸੁਹੱਪਣ ਹੌਲੀ-ਹੌਲੀ ਮਨ ਵਿਚੋਂ ਕਿਰਦਾ ਜਾਂਦਾ ਹੈ। ਜਦੋਂ ਕੋਸ਼ਿਸ਼ਾਂ ਨਾਲ ਪੰਜਾਬੀ ਸਿਖਾਏ ਬੱਚਿਆਂ ਨੂੰ ਆਲੇ-ਦੁਆਲੇ, ਸਕੂਲ ਵਿਚ, ਦੋਸਤਾਂ ਨਾਲ, ਮਾਲਾਂ-ਬਾਜ਼ਾਰਾਂ ਵਿਚ ਪੰਜਾਬੀ ਬੋਲਣ ਦਾ ਮੌਕਾ ਨਹੀਂ ਮਿਲਦਾ, ਉਹਦੇ ਵਿਸਰਨ ਦਾ ਅਮਲ ਸ਼ੁਰੂ ਹੋ ਜਾਂਦਾ ਹੈ।

ਇਕ ਪਰਬਤ-ਲੜੀ ਦੀ ਮੁਹਰਲੀ ਪਹਾੜੀ ਉੱਤੇ ਬਣਿਆ ਹੋਣ ਸਦਕਾ ਸੈਨ ਹੋਜ਼ੇ ਦਾ ਗੁਰਦੁਆਰਾ ਤਾਂ ਖ਼ੂਬਸੂਰਤ ਹੈ ਹੀ, ਉਥੋਂ ਪੈਰਾਂ ਵਿਚ ਵਿਛੇ ਸਾਨ ਫਰਾਂਸਿਸਕੋ ਦਾ ਨਜ਼ਾਰਾ ਵੀ ਬੜਾ ਸੁੰਦਰ ਦਿਸਦਾ ਹੈ, ਖਾਸ ਕਰ ਕੇ ਰਾਤ ਨੂੰ। ਦੂਰ-ਦੂਰ ਤੱਕ ਸ਼ਹਿਰੀ ਰੌਸ਼ਨੀਆਂ ਜਿਵੇਂ ਸਮੁੰਦਰ ਵਿਚ ਲੱਖਾਂ ਦੀਵੇ ਤੈਰ ਰਹੇ ਹੋਣ। ਉਥੇ ਜਾਣ ਦਾ ਇਕ ਤੋਂ ਵੱਧ ਵਾਰ ਸਬੱਬ ਬਣਿਆ। ਜੇ ਭੋਜਨ ਦਾ ਵੇਲਾ ਹੁੰਦਾ, ਅਸੀਂ ਲੰਗਰ ਵੀ ਛਕਦੇ। ਇਕ ਦਿਨ ਪ੍ਰਸ਼ਾਦੇ ਵਰਤਾਉਂਦੀ 18-20 ਸਾਲ ਦੀ ਲੜਕੀ ਨੂੰ ਮੈਂ ਕਿਹਾ, “ਬੇਟਾ, ਬੱਸ ਸਵਾ ਲੱਖ ਪ੍ਰਸ਼ਾਦਾ!” ਉਹ ਬੋਲੀ, “ਵ੍ਹਟ ਅੰਕਲ?” ਮੈਂ ਆਪਣੀ ਭੁੱਲ ਸੋਧਦਿਆਂ ਕਿਹਾ, “ਓਨਲੀ ਵਨ...” ਤੇ ਅੱਗੇ ਮੈਨੂੰ ਪ੍ਰਸ਼ਾਦੇ ਜਾਂ ਰੋਟੀ ਦੀ ਅੰਗਰੇਜ਼ੀ ਨਾ ਆਈ ਪਰ “ਓਨਲੀ ਵਨ” ਨੇ ਕੰਮ ਸਾਰ ਦਿੱਤਾ। ਇਕ ਹੋਰ ਦਿਨ ਅਸੀਂ ਉਸੇ ਗੁਰਦੁਆਰੇ ਵਿਚ ਗਏ ਤਾਂ ਲੰਗਰ ਕਿਸੇ ਪਰਿਵਾਰ ਵੱਲੋਂ ਸੀ। ਸੱਤ-ਅੱਠ ਸਾਲਾਂ ਦੀ ਉਮਰ ਦੇ ਇਕ ਬੱਚੇ ਕੋਲ ਪ੍ਰਸ਼ਾਦਿਆਂ ਦਾ ਛੋਟਾ ਜਿਹਾ ਛਾਬਾ ਸੀ ਅਤੇ ਇਕ ਬੱਚੀ ਕੋਲ ਛੋਟੀ ਜਿਹੀ ਬਾਲਟੀ ਵਿਚ ਸਬਜ਼ੀ ਸੀ। ਉਹ ਪੰਗਤ ਕੋਲੋਂ ਲੰਘਦੇ “ਪ੍ਰਸ਼ਾਦਾ ਵਾਹਿਗੁਰੂ” ਤੇ “ਸਬਜ਼ੀ ਵਾਹਿਗੁਰੂ” ਦੁਹਰਾ ਰਹੇ ਬੜੇ ਹੀ ਪਿਆਰੇ ਲਗਦੇ ਸਨ। ਸਾਨੂੰ ਖ਼ੁਸ਼ ਤੇ ਅਚੰਭਿਤ ਹੋ ਕੇ ਉਨ੍ਹਾਂ ਵੱਲ ਦੇਖਦਿਆਂ ਦੇਖ ਕੇ ਸਾਡੇ ਕੋਲ ਬੈਠਾ ਇਕ ਸੱਜਨ, ਸ਼ਾਇਦ ਇਹ ਸੋਚ ਕੇ ਕਿ ਅਸੀਂ ਉਨ੍ਹਾਂ ਦੀ ਪੰਜਾਬੀ ਤੋਂ ਪ੍ਰਭਾਵਿਤ ਹੋਏ ਹਾਂ, ਮੁਸਕਰਾਇਆ, “ਬੱਸ ਜੀ, ਇਨ੍ਹਾਂ ਨੂੰ ਏਨੀ ਕੁ ਪੰਜਾਬੀ ਹੀ ਆਉਂਦੀ ਹੈ! ਫਰਰ-ਫਰਰ ਤਾਂ ਇਹ ਅੰਗਰੇਜ਼ੀ ਹੀ ਬੋਲਦੇ ਨੇ।”

ਸਾਨੂੰ ਭਾਸ਼ਾ ਦੀ ਗਤੀ ਦੇ ਅਤੇ ਸਮਾਜ ਤੇ ਭਾਸ਼ਾ ਦੇ ਨਾਤੇ ਦੇ ਨੇਮਾਂ ਦੀ ਅਗਿਆਨਤਾ ਨਹੀਂ ਦਿਖਾਉਣੀ ਚਾਹੀਦੀ। ਪਰਦੇਸਾਂ ਵਿਚ ਪੰਜਾਬੀ ਨਾਲ ਕੇਵਲ ਉਹ ਲੋਕ ਜੁੜੇ ਹੋਏ ਹਨ ਜੋ ਉਮਰ



ਦਾ ਪਹਿਲਾ ਹਿੱਸਾ ਇਧਰ ਬਿਤਾ ਕੇ ਗਏ ਹਨ। ਉਨ੍ਹਾਂ ਦੇ ਧੀਆਂ-ਪੁੱਤ ਉਨ੍ਹਾਂ ਨਾਲ ਵਾਹ ਕਾਰਨ ਪੰਜਾਬੀ ਸਮਝ ਤਾਂ ਲੈਂਦੇ ਹਨ, ਬੋਲਦੇ ਝਿਜਕ ਕੇ ਹਨ ਅਤੇ ਲੋੜ ਨਾ ਹੋਣ ਕਰਕੇ ਪੜ੍ਹਨ-ਲਿਖਣ ਦਾ ਤਾਂ ਸਵਾਲ ਹੀ ਨਹੀਂ। ਅੱਗੋਂ ਉਨ੍ਹਾਂ ਦੇ ਬੱਚੇ ਪੰਜਾਬੀ ਨਾਲੋਂ ਬਿਲਕੁਲ ਟੁੱਟ ਜਾਂਦੇ ਹਨ। ਇਹ ਕੋਈ ਅਣਹੋਣੀ ਨਹੀਂ, ਭਾਸ਼ਾ ਦਾ ਦਸਤੂਰ ਹੀ ਇਹ ਹੈ। ਕਿਸੇ ਦੇਸ ਦੇ ਭਾਸ਼ਾਈ-ਸਭਿਆਚਾਰਕ ਸਮੁੰਦਰ ਵਿਚ ਬਾਹਰੋਂ ਜਾ ਕੇ ਪਈ ਕਿਸੇ ਭਾਸ਼ਾ ਦੀ ਛੋਟੀ ਜਿਹੀ ਨਦੀ ਤੋਂ ਸਦਾ ਵਾਸਤੇ ਆਪਣੀ ਵੱਖਰੀ ਹੋਂਦ ਬਣਾਈ ਰੱਖਣ ਦੀ ਆਸ ਕਰਨਾ ਸਿਆਣਪ ਨਹੀਂ। ਭਾਸ਼ਾ ਵਾਂਗ ਹੀ ਪੰਜਾਬੀ ਔਲਾਦਾਂ ਵੱਡਿਆਂ ਨਾਲ ਮਿਲ ਕੇ ਦੇਸੀ ਤਿਹਾਰ ਮਨਾਉਣ ਨਾਲੋਂ ਸਥਾਨਕ ਹਾਣੀਆਂ ਨਾਲ ਮਿਲ ਕੇ ਸਥਾਨਕ ਤਿਹਾਰ ਮਨਾਉਣ ਦਾ ਵਧੇਰੇ ਉਤਸ਼ਾਹ ਦਿਖਾਉਂਦੀਆਂ ਹਨ। ਸਥਾਨਕ ਲੋਕਾਂ ਨੂੰ ਵਿੰਗੇ-ਟੇਢੇ ਲਗਦੇ ਉਚਾਰਨ ਸੌਖੇ ਕਰਨ ਵਾਸਤੇ ਜਗਜੀਤ ਜੈਗ, ਹਰਭਜਨ ਹੈਰੀ ਤੇ ਸੁਖਮੰਦਰ ਸੈਮ ਹੋ ਜਾਂਦੇ ਹਨ।

ਕਾਫ਼ੀ ਪੁਰਾਣੀ ਗੱਲ ਹੈ, ਬਠਿੰਡਾ ਤੋਂ ਗੱਡੀ ਵਿਚ ਮੇਰੇ ਸਾਹਮਣੇ ਪੂਰੇ ਪੰਜਾਬੀ ਲਿਬਾਸ ਵਿਚ ਦੋ ਗੋਰਖਾ ਮੁਟਿਆਰਾਂ ਬੈਠੀਆਂ ਸਨ। ਸਾਰੇ ਰਾਹ ਉਹ ਆਪਸ ਵਿਚ ਨਾ ਸਿਰਫ਼ ਪੰਜਾਬੀ ਵਿਚ ਸਗੋਂ ਸਾਡੇ ਪਿੰਡਾਂ ਦੇ ਲਹਿਜ਼ੇ ਵਾਲੀ ਪੰਜਾਬੀ ਵਿਚ ਗੱਲਾਂ ਕਰਦੀਆਂ ਰਹੀਆਂ। ਸਬੱਬ ਨਾਲ ਉਹ ਵੀ ਮੇਰੇ ਸ਼ਹਿਰ ਰਾਮਪੁਰਾ ਫੂਲ ਹੀ ਉਤਰੀਆਂ। ਮੇਰੇ ਦੋਸਤ ਨੇ ਦੱਸਿਆ, ਉਨ੍ਹਾਂ ਦਾ ਨਿਪਾਲੀ ਪਿਤਾ ਜਵਾਨੀ ਵੇਲੇ ਤੋਂ ਉਥੇ ਸਰਕਾਰੀ ਹਸਪਤਾਲ ਵਿਚ ਸੇਵਾਦਾਰ ਲੱਗਿਆ ਹੋਇਆ ਸੀ ਤੇ ਉਹਦੇ ਬੱਚੀਆਂ-ਬੱਚੇ ਇਥੇ ਹੀ ਜੰਮੇ-ਪਲੇ ਸਨ। ਪੰਜਾਬ ਵਿਚ ਹੁਣ ਉੱਤਰ ਪ੍ਰਦੇਸ਼ੀਆਂ ਤੇ ਬਿਹਾਰੀਆਂ ਦਾ ਪੰਜਾਬੀਕਰਨ ਤੁਹਾਡੇ ਸਾਹਮਣੇ ਹੈ। ਇਕ ਵਾਰ ਮੈਂ ਖੇਤ ਵਿਚ ਰਹਿੰਦੇ ਇਕ ਰਿਸ਼ਤੇਦਾਰ ਦੇ ਘਰ ਗਿਆ। ਖੇਤ ਵਿਚ ਸਬਜ਼ੀਆਂ ਲਾਉਣ ਵਾਸਤੇ ਰੱਖਿਆ ਹੋਇਆ ਮਾਲੀ ਪਰਿਵਾਰ ਸਮੇਤ ਉਨ੍ਹਾਂ ਦੇ ਘਰ ਦੇ ਇਕ ਹਿੱਸੇ ਵਿਚ ਹੀ ਰਹਿ ਰਿਹਾ ਸੀ। ਉਹ ਕਈ ਸਾਲ ਤੋਂ ਪੰਜਾਬ ਦੇ ਕਿਸਾਨਾਂ ਦੇ ਖੇਤਾਂ ਵਿਚ ਹੀ ਕੰਮ ਕਰਦਾ ਸੀ। ਉਨ੍ਹਾਂ ਦੇ ਬੇਟਾ-ਬੇਟੀ ਸਰਕਾਰੀ ਸਕੂਲ ਵਿਚ ਪੜ੍ਹਦੇ ਸਨ। ਉਹ ਤੇ ਉਹਦੀ ਪਤਨੀ ਤਾਂ ਭੋਜਪੁਰੀ ਤੇ ਪੰਜਾਬੀ ਦੀ ਖਿਚੜੀ ਬੋਲਦੇ ਸਨ ਪਰ ਦੋਵੇਂ ਬੱਚੇ ਵਧੀਆ ਪੰਜਾਬੀ ਵਿਚ ਹੀ ਬੋਲ ਰਹੇ ਸਨ। ਅਨੇਕ ਉੱਤਰ ਪ੍ਰਦੇਸ਼ੀ ਤੇ ਬਿਹਾਰੀ ਉਨ੍ਹਾਂ ਨੂੰ ਗ਼ੈਰ-ਪੰਜਾਬੀ ਸਮਝ ਕੇ ਬੋਲੀ ਤੁਹਾਡੀ ਹਿੰਦੀ ਦਾ ਜਵਾਬ ਪੰਜਾਬੀ ਵਿਚ ਦਿੰਦੇ ਹਨ। ਕਈਆਂ ਨੇ ਕਿਸੇ ਬਾਹਰਲੇ ਦਖ਼ਲ ਜਾਂ ਦਬਾਅ ਤੋਂ ਬਿਨਾਂ, ਆਪਣੀ ਖ਼ੁਸ਼ੀ ਨਾਲ ਹੀ ਦਾੜ੍ਹੀ-ਕੇਸ ਰੱਖ ਲਏ ਹਨ ਤੇ ਪੱਗਾਂ ਬੰਨ੍ਹ ਲਈਆਂ ਹਨ।

ਜਿਥੋਂ ਤੱਕ ਪਰਦੇਸਾਂ ਵਿਚ ਵਿਦਿਆਰਥੀਆਂ ਦੀ ਗਿਣਤੀ ਅਨੁਸਾਰ ਸਕੂਲਾਂ ਵਿਚ ਪੰਜਾਬੀ ਪੜ੍ਹਾਏ ਜਾਣ, ਪੰਜਾਬੀਆਂ ਦੇ ਵਸੇਵੇਂ ਵਾਲੇ ਇਲਾਕਿਆਂ ਵਿਚ ਸੜਕਾਂ ਦੇ ਨਾਂ ਗੁਰਮੁਖੀ ਵਿਚ ਲਿਖੇ ਜਾਣ, ਆਦਿ ਦਾ ਸੰਬੰਧ ਹੈ, ਅਨੇਕ ਦੇਸ ਅਜਿਹੇ ਹਨ ਜਿਨ੍ਹਾਂ ਵਿਚ ਕਿਸੇ ਭਾਸ਼ਾ ਲਈ ਅਜਿਹੀਆਂ ਸਹੂਲਤਾਂ ਹਾਸਲ ਕਰਨਾ ਕੋਈ ਅਲੋਕਾਰ ਜਾਂ ਔਖਾ ਕੰਮ ਨਹੀਂ। ਸਗੋਂ ਭਾਰਤ ਦੇ ਮੁਕਾਬਲੇ ਬਹੁਤ ਸੌਖਾ ਹੈ ਕਿਉਂਕਿ ਉਥੇ ਭਾਸ਼ਾ ਨੂੰ ਭਾਸ਼ਾ ਵਜੋਂ ਦੇਖਿਆ ਜਾਂਦਾ ਹੈ, ਸਾਡੇ ਵਾਂਗ ਕਿਸੇ ਧਾਰਮਿਕ, ਭੂਗੋਲਕ ਜਾਂ ਰਾਜਨੀਤਕ ਤੁਅੱਸਬ ਨਾਲ ਨਹੀਂ। ਪਰਦੇਸਾਂ ਵਿਚ ਜਿਨ੍ਹਾਂ ਪੰਜਾਬੀ ਸਾਹਿਤ ਸਭਾਵਾਂ ਦੀਆਂ ਬੈਠਕਾਂ ਦੀਆਂ ਖ਼ਬਰਾਂ ਅਤੇ ਸਮਾਗਮਾਂ ਦੀਆਂ ਤਸਵੀਰਾਂ ਛਪਦੀਆਂ ਹਨ, ਉਨ੍ਹਾਂ ਵਿਚ ਇਧਰੋਂ ਜਾ ਕੇ ਵਸੇ ਪੰਜਾਬੀ ਲੇਖਕ, ਉਨ੍ਹਾਂ ਦੇ ਪੰਜਾਬੀ ਦੋਸਤ-ਮਿੱਤਰ ਅਤੇ ਜੇ ਸਾਹਿਤ ਤੋਂ ਐਲਰਜੀ ਨਾ ਹੋਵੇ ਤਾਂ ਜੀਵਨ-ਸਾਥੀ ਸ਼ਾਮਲ ਹੁੰਦੇ ਹਨ। ਇਨ੍ਹਾਂ ਸਭ ਦੀ ਅਗਲੀ ਪੀੜ੍ਹੀ ਗ਼ੈਰ-ਹਾਜ਼ਰ ਹੁੰਦੀ ਹੈ।

ਭਾਸ਼ਾਈ-ਸਭਿਆਚਾਰਕ ਸੱਚ ਇਹੋ ਹੈ ਕਿ ਕਿਸੇ ਵੀ ਬਿਗਾਨੇ ਦੇਸ ਵਿਚ ਪੰਜਾਬੀ ਭਾਸ਼ਾ ਦਾ ਜੀਵਤ ਰਹਿਣਾ ਸੰਭਵ ਨਹੀਂ। ਬੱਚੇ ਮਾਪਿਆਂ ਦੇ ਕਹਿਆਂ ਇਧਰਲੇ ਅਣਦੇਖੇ-ਅਣਜਾਣੇ ਕੁੜੀ-ਮੁੰਡੇ ਨਾਲ ਵਿਆਹ ਤੋਂ ਕੋਰੀ ਨਾਂਹ ਕਰ ਕੇ ਜਦੋਂ ਕਿਸੇ ਸਥਾਨਕ ਦੋਸਤ ਨਾਲ ਵਿਆਹ ਕਰਵਾ ਲੈਂਦੇ ਹਨ, ਉਨ੍ਹਾਂ ਦੇ ਅਪੰਜਾਬੀਕਰਨ ਦਾ ਅਮਲ ਪੂਰਾ ਹੋ ਜਾਂਦਾ ਹੈ। ਉਨ੍ਹਾਂ ਦੇ ਬੱਚਿਆਂ ਦੇ ਨਾਂ ਵੀ ਗ਼ੈਰ-ਪੰਜਾਬੀ ਹੋ ਜਾਂਦੇ ਹਨ, ਬਹੁਤੀਆਂ ਸੂਰਤਾਂ ਵਿਚ ਸਹਿਜ-ਸੁਭਾਵਿਕ ਹੀ ਧਰਮ ਵੀ ਸਥਾਨਕ ਹੋ ਜਾਂਦਾ ਹੈ। ਦਸੰਬਰ 2012 ਵਿਚ ਥਾਈਲੈਂਡ ਦਾ ਰੱਖਿਆ ਮੰਤਰੀ ਸੁਕੁਮਪੋਲ ਸੁਵਾਨਤਾਤ ਭਾਰਤ ਆਇਆ ਤਾਂ ਸਾਡੇ ਉਸ ਸਮੇਂ ਦੇ ਰੱਖਿਆ ਮੰਤਰੀ ਏ.ਕੇ. ਐਂਟਨੀ ਨੇ ਸਰਕਾਰੀ ਗੱਲਬਾਤ ਤੋਂ ਪਹਿਲਾਂ ਕੈਮਰਿਆਂ ਵਾਸਤੇ ਹੱਥ ਘੁੱਟ ਕੇ ਸਦਭਾਵੀ ਗੱਲਾਂ ਕਰਦਿਆਂ ਕਿਹਾ, “ਥਾਈਲੈਂਡ ਤੇ ਭਾਰਤ ਦੇ ਲੋਕਾਂ ਦਾ ਦੋਸਤੀ ਦਾ ਪੁਰਾਣਾ ਨਾਤਾ ਹੈ।” ਥਾਈ ਨਾਂ, ਨੁਹਾਰ, ਦਿੱਖ ਅਤੇ ਭਾਸ਼ਾ ਵਾਲੇ ਮੰਤਰੀ ਨੇ ਹੱਸ ਕੇ ਉੱਤਰ ਦਿੱਤਾ, “ਮੇਰਾ ਭਾਰਤ ਨਾਲ ਇਸ ਤੋਂ ਵੀ ਸੰਘਣਾ ਨਾਤਾ ਹੈ; ਮੇਰਾ ਦਾਦਾ ਪੰਜਾਬੀ ਸਿੱਖ ਸੀ।”

ਸ਼ਹੀਦ ਗਹਿਲ ਸਿੰਘ ਛੱਜਲਵੱਡੀ ਦੇ ਤਾਏ ਦਾ ਪੁੱਤ ਭਰਾ ਦਲੀਪ ਸਿੰਘ ਸੌਂਦ ਪਰਿਵਾਰ ਨਾਲ ਮੁੜ ਆਉਣ ਦਾ ਇਕਰਾਰ ਕਰ ਕੇ ਅਮਰੀਕਾ ਪੜ੍ਹਨ ਗਿਆ, ਪਰ ਉਥੋਂ ਜੋਗਾ ਹੀ ਹੋ ਗਿਆ। ਆਖ਼ਰ ਉਹਨੇ ਵਿਤਕਰੇਬਾਜ਼ ਨੇਮਾਂ-ਕਾਨੂੰਨਾਂ ਦੀਆਂ ਸਭ ਰੋਕਾਂ-ਹੱਦਾਂ ਭੰਨ ਕੇ 1956 ਵਿਚ ਅਮਰੀਕੀ ਪਾਰਲੀਮੈਂਟ ਦਾ ਪਹਿਲਾ ਏਸ਼ਿਆਈ ਮੈਂਬਰ ਬਣਨ ਦਾ ਕ੍ਰਿਸ਼ਮਾ ਕਰਦਿਆਂ ਦੁਨੀਆ ਨੂੰ ਦੰਗ ਕਰ ਦਿੱਤਾ। ਉਹਨੇ ਆਵਾਸੀਆਂ ਦੇ ਰਾਹ ਦੀਆਂ ਕਾਨੂੰਨੀ ਰੋਕਾਂ ਹਟਵਾਉਣ ਵਿਚ ਤਾਂ ਵੱਡੀ ਭੂਮਿਕਾ ਨਿਭਾਈ ਹੀ, ਪਾਰਲੀਮੈਂਟ ਦੇ ਮੈਂਬਰ ਵਜੋਂ ਆਪਣੀ ਸ਼ਾਨਦਾਰ ਕਾਰਗੁਜ਼ਾਰੀ ਨਾਲ ਬਹੁਤ ਨਾਂ ਕਮਾਇਆ। ਲੰਮੀ ਬੀਮਾਰੀ ਮਗਰੋਂ ਉਹ 22 ਅਪਰੈਲ 1973 ਨੂੰ ਚਲਾਣਾ ਕਰ ਗਿਆ। 7 ਨਵੰਬਰ 2007 ਨੂੰ ਅਮਰੀਕੀ ਸੰਸਦ ਭਵਨ ਵਿਚ ਇਤਿਹਾਸ-ਸਿਰਜਕ ਮੈਂਬਰਾਂ ਦੀ ਗੈਲਰੀ ਵਿਚ ਉਹਦਾ ਚਿਤਰ ਲਾਇਆ ਗਿਆ। ਸਿਖਰੀ ਅਮਰੀਕੀ ਹਸਤੀਆਂ ਦੀ ਹਾਜ਼ਰੀ ਵਿਚ ਚਿਤਰ ਤੋਂ ਪਰਦਾ ਉਹਦੀ ਛੇ ਸਾਲ ਦੀ ਪੜਪੋਤੀ ਨੇ ਹਟਾਇਆ। ਸੌਂਦ ਦੇ ਪੁੱਤਾਂ-ਧੀਆਂ ਦੇ ਪਰਿਵਾਰਾਂ ਦੇ ਦਰਜਨਾਂ ਜੀਅ ਹਾਜ਼ਰ ਸਨ। ਪੁੱਤਾਂ ਵਾਲੇ ਪਾਸੇ ਅਮਰੀਕੀ ਨਾਂਵਾਂ ਨਾਲ ਸੌਂਦ ਹੋਣ ਤੋਂ ਇਲਾਵਾ ਉਥੇ ਦੋਵਾਂ ਪਾਸਿਆਂ ਦੇ ਪਰਿਵਾਰਾਂ ਵਿਚ ਪੰਜਾਬੀ ਅਤੇ ਪੰਜਾਬੀਅਤ ਦਾ ਰੰਗ ਕਿਤੇ ਰਾਈ-ਮਾਤਰ ਵੀ ਨਹੀਂ ਸੀ।

ਉਧਰ ਜੰਮੇ ਬੱਚੇ ਆਪਣੇ ਪੰਜਾਬੀ-ਭਾਰਤੀ ਹੋਣ ਦੀ ਕਲਪਨਾ ਨਹੀਂ ਕਰ ਸਕਦੇ। ਘਰ ਦੇ ਵੱਡੇ ਉਨ੍ਹਾਂ ਨੂੰ ਪੰਜਾਬ ਤੇ ਪੰਜਾਬੀਅਤ ਦੇ ਵਾਰਿਸ ਸਮਝਦੇ ਹਨ, ਉਹ ਆਪਣੇ ਆਪ ਨੂੰ ਜਨਮ ਵਾਲੇ ਦੇਸ ਦੇ ਨਾਗਰਿਕ ਸਮਝਦੇ ਹਨ। ਇਕ ਸ਼ਾਮ ਖੇਡ-ਲੇਖਕ ਸਰਵਣ ਸਿੰਘ ਸਾਡੇ ਘਰ ਆਏ ਤਾਂ ਉਨ੍ਹਾਂ ਨਾਲ ਇਕ ਕੈਨੇਡਾ-ਵਾਸੀ ਦੋਸਤ ਤੇ ਉਹਦੇ ਦੋ ਜਵਾਨ ਬੇਟੇ ਸਨ। ਉਹ ਤਾਜ-ਮਹੱਲ ਦੇਖ ਕੇ ਆਏ ਸਨ। ਸੰਤੋਖ ਸਿੰਘ ਧੀਰ ਪਹਿਲਾਂ ਹੀ ਆਏ ਹੋਏ ਸਨ। ਖ਼ੁਸ਼ੀਆਂ-ਭਰਿਆ ਮਾਹੌਲ ਬਣ ਗਿਆ। ਮੈਂ ਦੇਖਿਆ, ਸਾਡੀ ਹਾਹਾ-ਹੋਹੋ ਵਿਚ ਦੋਵੇਂ ਮੁੰਡੇ ਨੀਵੀਆਂ ਪਾਈ ਬੈਠੇ ਸਨ। ਮੈਂ ਆਖਿਆ, “ਬੇਟਾ, ਤੁਸੀਂ ਆਰਾਮ ਕਰਨਾ ਚਾਹੋਗੇ?” ਉਨ੍ਹਾਂ ਦੇ ਚਿਹਰੇ ਅਧਖਿੜੇ ਫੁੱਲਾਂ ਵਰਗੇ ਹੋ ਗਏ। ਕਮਰੇ ਵਿਚ ਲਿਜਾ ਕੇ ਮੈਂ ਉਨ੍ਹਾਂ ਨੂੰ ਚਾਹ-ਕੌਫ਼ੀ ਦੇ ਨਾਲ ਸਿਰ ਦੁਖਦੇ ਦੀ ਗੋਲੀ ਵੀ ਪੁੱਛੀ ਤਾਂ ਫੁੱਲ ਪੂਰੇ ਖਿੜ ਗਏ। ਜਦੋਂ ਮੈਂ ਮੁੜਿਆ, ਦੋਸਤ ਬੋਲਿਆ, “ਏਨਾ ਖ਼ਰਚ ਕਰ ਕੇ ਮੈਂ ਇਨ੍ਹਾਂ ਨੂੰ ਇਨ੍ਹਾਂ ਦਾ ਦੇਸ ਦਿਖਾਉਣ ਲਿਆਇਆ ਹਾਂ, ਇਹ ਇਉਂ ਮੂੰਹ ਲਟਕਾਈਂ ਫਿਰਦੇ ਨੇ!” ਧੀਰ ਜੀ ਕਹਿੰਦੇ, “ਭਾਈ, ਜਿਹੜਾ ਦੇਸ ਤੂੰ ਇਨ੍ਹਾਂ ਨੂੰ ਦਿਖਾਉਣ ਲਿਆਇਆ ਹੈਂ, ਉਹ ਇਨ੍ਹਾਂ ਦਾ ਨਹੀਂ, ਤੇਰਾ ਦੇਸ ਹੈ। ਜਦੋਂ ਇਹ ਆਪਣੇ ਦੇਸ ਪਹੁੰਚੇ, ਮੌਜ ਨਾਲ ਸੁਖ ਦਾ ਸਾਹ ਲੈਣਗੇ।” ਮਗਰੋਂ ਧੀਰ ਜੀ ਨੇ ਇਸ ਘਟਨਾ ਨੂੰ ਲੈ ਕੇ ਕਹਾਣੀ ਵੀ ਲਿਖੀ।

ਏਨਾ ਹੀ ਨਹੀਂ, ਉਧਰ ਜੰਮੇ-ਪਲੇ ਬੱਚੇ ਮਾਪਿਆਂ ਦੇ ਇਧਰੋਂ ਗਏ ਹੋਏ ਜਾਂ ਉਧਰ ਵਸੇ ਹੋਏ ਪੰਜਾਬੀ ਰਿਸ਼ਤੇਦਾਰਾਂ ਨੂੰ ਮਿਲ ਕੇ ਵੀ ਕੋਈ ਅਪਣੱਤ ਮਹਿਸੂਸ ਨਹੀਂ ਕਰਦੇ। ਇਕ ਵਾਰ ਇੰਗਲੈਂਡ ਵਸੇ ਹੋਏ ਮੇਰੇ ਮਿੱਤਰ ਨੇ, ਜੋ ਪੰਜਾਬੀ ਦਾ ਮਸ਼ਹੂਰ ਲੇਖਕ ਸੀ, ਦੱਸਿਆ ਕਿ ਉਹਦੇ ਉਧਰ ਜੰਮੇ-ਪਲੇ ਦੋਵੇਂ ਪੁੱਤਰ ਉੱਚੀ ਪੜ੍ਹਾਈ ਕਰ ਕੇ ਆਪਣੇ ਕਿੱਤੇ ਵਿਚ ਚੰਗੇ ਸਫਲ ਸਨ। ਪੁੱਤਰ ਪਹਿਲੀ ਮੰਜ਼ਿਲ ਉੱਤੇ ਰਹਿੰਦੇ ਸਨ। ਵੱਡੇ ਡਰਾਇੰਗ ਰੂਮ ਦਾ ਜੋ ਦਰਵਾਜ਼ਾ ਉਹ ਵਰਤਦੇ ਸਨ, ਪੌੜੀਆਂ ਉਹਦੇ ਸਾਹਮਣੇ ਸਨ। ਸੋਫ਼ੇ ਦੂਜੇ ਪਾਸੇ ਸਨ। ਉਨ੍ਹਾਂ ਦੇ ਕਈ ਰਿਸ਼ਤੇਦਾਰ ਵੀ ਦੂਰ-ਨੇੜੇ ਰਹਿੰਦੇ ਸਨ। ਉਹ ਕਹਿੰਦਾ, “ਜਦੋਂ ਕੋਈ ਪੁੱਤਰ ਬਾਹਰੋਂ ਆਉਂਦਾ ਹੈ ਤੇ ਸ਼ੀਸ਼ੇ ਵਿਚੋਂ ਕਿਸੇ ਰਿਸ਼ਤੇਦਾਰ ਨੂੰ ਬੈਠਾ ਦੇਖ ਲੈਂਦਾ ਹੈ, ਉਹ ਇਧਰ ਦੇਖੇ ਬਿਨਾਂ ਬਿੱਲੀ ਵਾਂਗ ਦਬੇ ਪੈਰੀਂ ਪੌੜੀਆਂ ਜਾ ਚੜ੍ਹਦਾ ਹੈ। ਮੈਂ ਉਹਨੂੰ ਦੋ-ਤਿੰਨ ਪੌੜੀਆਂ ਚੜ੍ਹਨ ਦਿੰਦਾ ਹਾਂ ਤੇ ਫੇਰ ਆਖਦਾ ਹਾਂ, ਬੇਟਾ, ਤੇਰੇ ਮਾਮਾ ਜੀ ਆਏ ਹੋਏ ਨੇ। ਉਹ ਹਉਕੇ ਨਾਲ ਧੌਣ ਮੋੜ ਕੇ ਆਖਦਾ ਹੈ, ਓ... ਮਾਮਾ ਜੀ! ਆ ਕੇ ਮਸ਼ੀਨੀ ਢੰਗ ਨਾਲ ਓਕੇ... ਓਕੇ... ਦਾ ਵਟਾਂਦਰਾ ਕਰਦਾ ਹੈ ਤੇ ਪੌੜੀ ਜਾ ਚੜ੍ਹਦਾ ਹੈ।”

ਇਸ ਲਈ ਪਰਦੇਸਾਂ ਵਿਚ ਉੱਚੇ ਝੂਲਦੇ ਝੰਡਿਆਂ ਦੀ ਕਲਪਨਾ ਕਰਦਿਆਂ ਪੰਜਾਬੀ ਤੇ ਪੰਜਾਬੀਅਤ ਦਾ ਉਜਲਾ ਭਵਿੱਖ ਚਿਤਵਣਾ ਮਨ ਨੂੰ ਝੂਠੀ ਤਸੱਲੀ ਦੇਣ ਵਾਲੀ ਗੱਲ ਹੈ। ਕਿਸੇ ਓਪਰੇ ਦੇਸ ਵਿਚ ਪੰਜਾਬੀ-ਪੰਜਾਬੀ ਦਾ ਰਾਗ ਓਨਾ ਚਿਰ ਹੀ ਸੁਣੇਗਾ ਜਦੋਂ ਤੱਕ ਨਵੇਂ ਪੰਜਾਬੀ ਉਥੇ ਪਹੁੰਚਦੇ ਰਹਿਣਗੇ। ਕੁਦਰਤੀ ਹੈ ਕਿ ਕਿਸੇ ਵੀ ਦੇਸ ਦਾ ਫਾਟਕ ਆਵਾਸੀਆਂ ਵਾਸਤੇ ਸਦਾ-ਸਦਾ ਲਈ ਖੁੱਲ੍ਹਾ ਨਹੀਂ ਰਹਿ ਸਕਦਾ। ਜਦੋਂ ਉਹਦਾ ਆਵਾਸੀਆਂ ਦੀ ਲੋੜ ਦਾ ਕਟੋਰਾ ਨੱਕੋ-ਨੱਕ ਭਰ ਗਿਆ, ਜੋ ਆਖ਼ਰ ਕਦੀ ਤਾਂ ਜ਼ਰੂਰ ਭਰੇਗਾ ਹੀ, ਉਹ ਫਾਟਕ ਬੰਦ ਕਰ ਕੇ ਅੰਦਰ ਜਿੰਦਾ ਲਾ ਲਵੇਗਾ। ਇਹਦੇ ਨਾਲ ਹੀ ਉਸ ਦੇਸ ਵਿਚ ਪੰਜਾਬੀ ਤੇ ਪੰਜਾਬੀਅਤ ਦੇ ਲਗਾਤਾਰ ਪਤਲੇ ਪੈਂਦੇ ਜਾਣ ਦਾ ਕੁਦਰਤੀ ਅਮਲ ਸ਼ੁਰੂ ਹੋ ਜਾਵੇਗਾ।

ਪੰਜਾਬੀ ਤੇ ਪੰਜਾਬੀਅਤ ਦੇ ਕੌਮਾਂਤਰੀ ਬਣ ਗਈ ਹੋਣ ਦਾ ਭਰਮ ਪਾਲਦੇ ਅਸੀਂ ਪੰਜਾਬ ਵਿਚ ਪੰਜਾਬੀ ਦੀ ਹਾਲਤ ਵੱਲ ਵੀ ਲੋੜੀਂਦੀ ਜਾਗਦੀ ਨਜ਼ਰ ਨਾਲ ਨਹੀਂ ਦੇਖ ਰਹੇ। ਇਹ ਗੱਲ ਅਸੀਂ ਜਿੰਨੀ ਛੇਤੀ ਸਮਝ ਲਵਾਂਗੇ, ਓਨਾ ਹੀ ਚੰਗਾ ਹੋਵੇਗਾ ਕਿ ਪੰਜਾਬੀ ਤੇ ਪੰਜਾਬੀਅਤ ਦਾ ਭਵਿੱਖ ਚਾਨਣਾ ਕਰਨ ਵਾਸਤੇ ਇਨ੍ਹਾਂ ਦਾ ਝੰਡਾ ਪੰਜਾਬ ਵਿਚ ਹੀ ਉੱਚਾ ਝੁਲਾਉਣਾ ਪਵੇਗਾ। ਸਾਡੀ ਭਾਸ਼ਾਈ-ਸਭਿਆਚਾਰਕ ਬਦਕਿਸਮਤੀ ਹੈ ਕਿ ਹੋ ਇਸ ਤੋਂ ਉਲਟ ਰਿਹਾ ਹੈ। ਖਾਸ ਕਰ ਕੇ ਪਿਛਲੇ ਪੱਚੀ-ਤੀਹ ਸਾਲਾਂ ਵਿਚ ਪੰਜਾਬ ਦੀਆਂ ਸਰਕਾਰਾਂ ਨੇ ਪੰਜਾਬੀ ਤੇ ਪੰਜਾਬੀਅਤ ਦਾ ਜੋ ਬੇੜਾ ਗ਼ਰਕ ਕੀਤਾ ਹੈ, ਵੱਡੀ ਲੋੜ ਉਹਨੂੰ ਉਸ ਨਿਗਾਰ ਵਿਚੋਂ ਕੱਢ ਕੇ ਤਰੱਕੀ ਦੇ ਰਾਹ ਉੱਤੇ ਪਾਉਣ ਦੀ ਹੈ। ਇਹ ਕਾਰਜ ਪੰਜਾਬੀ ਲੇਖਕਾਂ, ਪਾਠਕਾਂ, ਸੂਝਵਾਨ ਲੋਕਾਂ ਅਤੇ ਸਭ ਤੋਂ ਵਧ ਕੇ ਪੰਜਾਬ ਸਰਕਾਰ ਦੇ ਗੰਭੀਰ ਤੇ ਸੱਚੇ ਦਿਲ ਦੇ ਯਤਨ ਲੋੜਦਾ ਹੈ।

# ਹਰਮਿੰਦਰ ਸਿੰਘ ਸੰਧੂ! ਸਾਡਾ ਡੁੱਬਿਆ ਸੂਰਜ ਚੜ੍ਹੇਗਾ!!

## ਸਿੱਖ ਵਿਦਵਾਨ ਸ. ਗੁਰਤੇਜ ਸਿੰਘ ਨੂੰ ਕੁਝ ਤਲਖ ਸਵਾਲ

***1980ਵਿਆਂ ਦੌਰਾਨ ਪੂਰਾ ਡੇਢ ਦਹਾਕਾ ਪੰਜਾਬ ਨੇ ਅਜਿਹਾ ਦੌਰ ਦੇਖਿਆ ਅਤੇ ਦਰਦ ਹੰਢਾਇਆ ਜਿਸ ਬਾਰੇ ਜਦ ਵੀ ਕੋਈ ਗੱਲ ਤੁਰਦੀ ਹੈ ਤਾਂ ਇਸ ਦੇ ਵੱਖ-ਵੱਖ ਪੱਖਾਂ ਬਾਰੇ ਨਵੇਂ ਸਿਰਿਓਂ ਤੱਥ ਉਜਾਗਰ ਹੋਣੇ ਸ਼ੁਰੂ ਹੋ ਜਾਂਦੇ ਹਨ। ਅਸਲ ਵਿਚ ਉਸ ਦੌਰ ਬਾਰੇ ਸਮੁੱਚਤਾ ਵਿਚ ਗੱਲ ਤੋਰਨ ਦਾ ਹੀਆ ਸਬੰਧਿਤ ਧਿਰਾਂ ਵਿਚੋਂ ਕਿਸੇ ਨੇ ਵੀ ਨਹੀਂ ਕੀਤਾ। ਸਿੱਖ ਮਸਲਿਆਂ ਬਾਰੇ ਲਗਾਤਾਰ ਟਿੱਪਣੀ ਕਰਨ ਵਾਲੇ ਸ. ਹਰਚਰਨ ਸਿੰਘ ਪਰਹਾਰ ਨੇ ਸਾਬਕਾ ਆਈ.ਏ.ਐਸ. ਸ. ਗੁਰਤੇਜ ਸਿੰਘ ਦੇ ਸੋਸ਼ਲ ਮੀਡੀਆ 'ਤੇ ਨਸ਼ਰ ਹੋਏ ਇਕ ਲੇਖ ਦੇ ਆਧਾਰ 'ਤੇ ਆਪਣੇ ਇਸ ਲੇਖ ਵਿਚ ਸਿੱਖਾਂ ਨਾਲ ਜੁੜੇ ਮਸਲਿਆਂ ਬਾਰੇ ਕੁਝ ਬੁਨਿਆਦੀ ਸਵਾਲ ਉਠਾਏ ਹਨ। ਇਹ ਉਹੀ ਸਵਾਲ ਹਨ ਜਿਹੜੇ ਵਾਰ-ਵਾਰ ਸਾਹਮਣੇ ਆਉਂਦੇ ਰਹੇ ਹਨ ਅਤੇ ਇਨ੍ਹਾਂ ਬਾਰੇ ਵੱਖ-ਵੱਖ ਧਿਰਾਂ ਗੱਲ ਕਰਨ ਤੋਂ ਅਕਸਰ ਕੰਨੀ ਕਤਰਾਉਂਦੀਆਂ ਰਹੀਆਂ ਹਨ। ਹਕੀਕਤ ਇਹ ਹੈ ਕਿ ਜਦੋਂ ਤੱਕ ਸਾਰੇ ਹਾਲਾਤ ਬਾਰੇ ਸਮੁੱਚਤਾ ਵਿਚ ਗੱਲ ਨਹੀਂ ਤੋਰੀ ਜਾਂਦੀ, ਓਨੀ ਦੇਰ ਗੱਲ ਕਿਸੇ ਤਣ-ਪੱਤਣ ਲਗਣੀ ਜੇ ਅਸੰਭਵ ਨਹੀਂ ਤਾਂ ਮੁਸ਼ਕਿਲ ਜ਼ਰੂਰ ਜਾਪਦੀ ਹੈ।***

ਪਿਛਲੇ ਦਿਨੀਂ ਸਾਬਕਾ ਆਈ. ਏ. ਐਸ. ਅਤੇ ਸੰਤ ਭਿੰਡਰਾਂਵਾਲ਼ਿਆਂ ਦੇ ਕਰੀਬੀ ਰਹੇ ਸਿੱਖ ਵਿਦਵਾਨ ਸਰਦਾਰ ਗੁਰਤੇਜ ਸਿੰਘ ਹੋਰਾਂ ਆਪਣਾ ਇੱਕ ਆਰਟੀਕਲ 'ਸਾਡਾ ਡੁੱਬਿਆ ਸੂਰਜ ਚੜ੍ਹੇਗਾ' ਆਪਣੇ ਫੇਸਬੁੱਕ ਪੇਜ 'ਤੇ ਸ਼ੇਅਰ ਕੀਤਾ ਸੀ। ਜਿਸ ਵਿਚ ਉਹ 1984 ਤੋਂ ਪਹਿਲੇ ਖਾੜਕੂ ਸੰਘਰਸ਼ ਦੇ ਪ੍ਰਮੁੱਖ ਲੀਡਰ ਤੇ ਸੰਤ ਭਿੰਡਰਾਂਵਾਲ਼ਿਆਂ ਦੇ ਕਰੀਬੀ ਸਾਥੀ ਭਾਈ ਹਰਮਿੰਦਰ ਸਿੰਘ ਸੰਧੂ ਦੇ ਡਾ. ਸੋਹਣ



**ਹਰਚਰਨ ਸਿੰਘ ਪਰਹਾਰ**
**ਫੋਨ: 403-681-8689**
**ਈਮੇਲ:** hparharwriter@gmail.com

ਸਿੰਘ ਵਾਲ਼ੀ ਪੰਥਕ ਕਮੇਟੀ ਤੇ ਦਲਜੀਤ ਸਿੰਘ ਬਿੱਟੂ ਵਾਲ਼ੀ ਫੈਡਰੇਸ਼ਨ ਵਲੋਂ ਕੀਤੇ ਗਏ ਬੇਕਿਰਕ ਕਤਲ ਬਾਰੇ ਲਿਖਦੇ ਹਨ:

'ਉਜੱਡ ਹਥਿਆਰਬੰਦ ਬੁਰਛਿਆਂ ਨੇ ਕਿਸੇ ਝੂਠੀ ਸਤ੍ਹਾ ਦੇ ਲੋਭੀ ਦੀ ਚੁੱਕ ਵਿਚ ਆ ਕੇ ਹਰਮਿੰਦਰ ਸਿੰਘ ਸੰਧੂ ਅਤੇ ਓਸ ਤੋਂ ਪਹਿਲਾਂ ਗੁਰਿੰਦਰ ਸਿੰਘ ਭੋਲੇ, ਸਰਬਜੀਤ ਸਿੰਘ ਰੋਪੜ, ਸੁਖਵੰਤ ਸਿੰਘ ਅੱਕਾਂਵਾਲ਼ੀ ਤੇ ਮਗਰੋਂ ਚਮਕੌਰ ਸਿੰਘ ਰੋਡੇ, ਭੁਪਿੰਦਰ ਸਿੰਘ ਲੌਂਗੀਆ, ਸਰਬਜੀਤ ਸਿੰਘ ਬਾਠ ਤੇ ਹੋਰ ਅਨੇਕਾਂ ਗੁਰੂ ਦੇ ਰਾਹ ਚੱਲੇ ਗੁਰਸਿੱਖਾਂ ਨੂੰ ਕਤਲ ਕਰਕੇ ਸਦ-ਰਹਿਣੇ ਖ਼ਾਲਸਾ ਰਾਜ ਦੇ ਲਾਲ ਨੂੰ ਖ਼ਾਲਿਸਤਾਨ (ਬੇਗਾਨੀ ਦਾਤ) ਦੇ ਲਫ਼ਜ਼ ਦੀ ਕਉਡੀ ਵੱਟੇ ਵਟਾ ਲਿਆ। ਇਨ੍ਹਾਂ ਬੁਰਛਿਆਂ ਦੇ ਸਰਗਣੇ ਅਤੇ ਮਰਾਸੀ ਅੱਜ ਵੀ ਬੇਹੱਦ ਢੀਠਤਾਈ ਨਾਲ ਸਦੀ ਦੀ ਵੱਡੀ ਤ੍ਰਾਸਦੀ ਹੋ ਨਿੱਬੜੇ ਕਤਲਾਂ ਨੂੰ ਸਹੀ ਪ੍ਰਚਾਰਨ ਲਈ ਬਜ਼ਿੱਦ ਹਨ। ਕਤਲ ਤਾਂ ਕਦੇ ਦੁਸ਼ਮਣ ਦਾ ਵੀ ਜਾਇਜ਼ ਨਹੀਂ ਹੁੰਦਾ, ਸਿਰਫ਼ ਮਜਬੂਰੀ ਹੁੰਦਾ ਹੈ। ਸਿੱਖ ਕੌਮ ਦੀ ਅਣਗਹਿਲੀ ਦੀ ਹੱਦ ਹੈ ਕਿ ਸਾਜ਼ਸ਼ੀ ਟੋਲਿਆਂ ਦੇ ਕਤਲਾਂ ਸਬੰਧੀ 'ਪ੍ਰਵਚਨਾਂ', ਹਰਕਤਾਂ ਨੂੰ ਅੱਜ ਤੱਕ ਸ਼ੀਰੇ-ਮਾਦਰ ਸਮਝ ਕੇ ਡਕਾਰ ਰਹੀ ਹੈ।'

ਸਰਦਾਰ ਸਾਹਿਬ ਦੇ ਪੂਰੇ ਆਰਟੀਕਲ ਨੂੰ ਪੜ੍ਹਨ ਤੋਂ ਬਾਅਦ ਇਹ ਪ੍ਰਭਾਵ ਬਣਦਾ ਹੈ ਕਿ ਉਨ੍ਹਾਂ ਨੂੰ ਇਸ ਗੱਲ ਦਾ ਝੋਰਾ ਹੈ ਕਿ '84 ਦੀ ਹਥਿਆਰਬੰਦ ਮੂਵਮੈਂਟ ਦੇ ਖਾੜਕੂ, 18ਵੀਂ ਸਦੀ ਦੇ ਖਾਲਸਿਆਂ ਅਤੇ ਮਹਾਰਾਜਾ ਰਣਜੀਤ ਸਿੰਘ ਦੀਆਂ ਖਾਲਸਈ ਫੌਜਾਂ ਵਾ਼ਲਾ ਸਿੱਖੀ ਕਿਰਦਾਰ ਨਿਭਾਉਣ ਦੀ ਥਾਂ ਬੁਰਛਾਗਰਦ ਟੋਲੇ ਹੋ ਨਿਬੜੇ, ਜੋ ਆਪਣੇ ਹੀ ਧਰਮ ਭਾਈਆਂ ਦੇ ਕਤਲ ਕਰਨ ਲੱਗ ਪਏ ਸਨ। ਸ. ਗੁਰਤੇਜ ਸਿੰਘ ਹੋਰਾਂ ਨੂੰ ਇਨ੍ਹਾਂ ਧਿਰਾਂ ਉਤੇ ਇਹ ਵੀ ਗਿਲਾ ਹੈ ਕਿ ਜਿਸ 'ਖਾਲਿਸਤਾਨ' ਦੇ ਸ਼ਬਦ ਨੂੰ ਲੈ ਕੇ ਇਨ੍ਹਾਂ ਨੇ ਬੇਮੁਹਾਰੀ ਕਤਲੋਗਾਰਤ ਕੀਤੀ ਸੀ, ਉਹ 'ਖਾਲਿਸਤਾਨ' ਦੀ ਮੰਗ ਸਿੱਖਾਂ ਦੀ ਨਹੀਂ ਸੀ, ਸਗੋਂ ਸਿੱਖ ਵਿਰੋਧੀ ਤਾਕਤਾਂ ਨੇ ਸਿੱਖਾਂ ਸਿਰ ਬੜੀ ਸਾਜ਼ਿਸ਼ ਤਹਿਤ ਮੜੀ ਸੀ। ਅਸੀਂ ਸਰਦਾਰ ਸਾਹਿਬ ਦੀਆਂ ਇਨ੍ਹਾਂ ਗੱਲਾਂ ਨਾ਼ਲ ਬਿਲਕੁਲ ਸਹਿਮਤ ਹਾਂ ਕਿ '84 ਦੀ ਜਜ਼ਬਾਤੀ ਖਾੜਕੂ ਲਹਿਰ ਬਿਨਾਂ ਕਿਸੇ ਸਪੱਸ਼ਟ ਤੇ ਦੂਰ-ਅੰਦੇਸ਼, ਪੰਜਾਬ ਤੇ ਸਿੱਖ ਪੱਖੀ ਨਿਸ਼ਾਨੇ ਦੇ, ਬੇਮੁਹਾਰੀ ਹਿੰਸਾ ਹੋ ਨਿਬੜੀ ਸੀ। ਜਿਸਦਾ ਅੰਤ ਵੀ ਪੁਲਿਸ ਦੇ ਜਬਰ ਨਾ਼ਲ ਬੜਾ ਭਿਆਨਕ ਹੋਇਆ ਸੀ। ਇੱਥੇ ਸਰਦਾਰ ਸਾਹਿਬ ਨੂੰ ਯਾਦ ਕਰਾਉਣਾ ਚਾਹੁੰਦੇ ਹਾਂ ਕਿ 18ਵੀਂ ਸਦੀ ਦੀਆਂ ਸਿੱਖ ਮਿਸਲਾਂ ਦੇ ਇਤਿਹਾਸ ਬਾਰੇ ਨਵੇਂ ਖਾਲਿਸਤਾਨੀ ਲੀਡਰ ਭਾਈ ਅੰਮ੍ਰਿਤਪਾਲ ਸਿੰਘ (ਜੋ ਅੱਜ ਕੱਲ੍ਹ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿਚ ਨਜ਼ਰਬੰਦ ਹਨ) ਦੇ ਇਕ ਬਿਆਨ ਵੱਲ ਦਿਵਾਉਣਾ ਚਾਹੁੰਦੇ ਹਾਂ, ਜਦੋਂ ਉਨ੍ਹਾਂ ਨੇ ਪੰਥਕ ਧਿਰਾਂ ਵਿਚ ਫੁੱਟ ਬਾਰੇ ਪੁੱਛੇ ਸਵਾਲ ਦੇ ਜਵਾਬ ਵਿਚ ਕਿਹਾ ਸੀ: 'ਅਸੀਂ ਤਾਂ ਅੱਜ ਬਹੁਤ ਚੰਗੇ ਹਾਲਾਤਾਂ ਵਿਚ ਹਾਂ, 18ਵੀਂ ਸਦੀ ਦੇ ਖਾਲਸੇ ਤਾਂ ਵਿਰੋਧੀ ਮਿਸਲਾਂ ਦੇ 4-5 ਸੌ ਬੰਦੇ ਮਾਰ ਕੇ ਰਾਤ ਦਾ ਪ੍ਰਸ਼ਾਦਾ ਛਕਦੇ ਸਨ।' ਇਸੇ ਤਰ੍ਹਾਂ ਮਹਾਰਾਜਾ ਰਣਜੀਤ ਸਿੰਘ ਦੀਆਂ ਖਾਲਸਈ ਫੌਜਾਂ ਵਲੋਂ ਮਹਾਰਾਜੇ ਦੀ ਮੌਤ ਤੋਂ ਬਾਅਦ ਆਪਸੀ ਖਾਨਾਜੰਗੀ ਵਿਚ ਜੋ ਮੌਤ ਦਾ ਨੰਗਾ ਨਾਚ ਨੱਚਿਆ, ਉਸ ਬਾਰੇ ਸ਼ਾਹ ਮੁਹੰਮਦ ਦੇ 'ਜੰਗਨਾਮਾ ਸਿੰਘਾਂ ਫਿਰੰਗੀਆਂ' ਦੀਆਂ ਇਹ ਕੁਝ ਲਾਈਨਾਂ ਹੀ ਖਾਲਸਿਆਂ ਦੀ ਭਰਾ-ਮਾਰੂ ਜੰਗ ਨੂੰ ਸਮਝਣ ਲਈ ਕਾਫੀ ਹਨ: 'ਸਿੰਘਾਂ, ਮਾਰ ਸਰਦਾਰਾਂ ਦਾ ਨਾਸ਼ ਕੀਤਾ, ਸਭੋ ਕਤਲ ਹੋਏ ਵਾਰੋ-ਵਾਰ ਮੀਆਂ। ਸਿਰ 'ਤੇ ਫੌਜ ਦੇ ਰਿਹਾ ਨਾ ਕੋਈ ਕੁੰਡਾ, ਹੋਇਆ ਸ਼ੁਤਰ ਜਿਉਂ ਬਾਝ ਮੁਹਾਰ ਮੀਆਂ। ਸ਼ਾਹ ਮੁਹੰਮਦਾ ਫਿਰਨ ਸਰਦਾਰ ਲੁਕਦੇ, ਭੂਤ ਮੰਡਲੀ ਹੋਈ ਤਿਆਰ ਮੀਆਂ।' ਮੈਨੂੰ ਲਗਦਾ ਹੈ ਕਿ '84 ਦੇ ਦੌਰ ਵਿਚ ਵੀ ਖਾੜਕੂਆਂ ਨੇ ਸਾਡੇ ਪੁਰਾਤਨ ਕੌਮੀ (ਕਬੀਲਾ) ਸੁਭਾਅ ਅਨੁਸਾਰ ਹੀ ਸਭ ਕੁਝ ਕੀਤਾ ਸੀ। ਇਹ ਕੋਈ ਨਵੀਂ ਗੱਲ ਨਹੀਂ ਸੀ, ਪਰ ਬਦਕਿਸਮਤੀ ਨਾ਼ਲ ਸਾਡੇ ਵਿਦਵਾਨ ਸਮੱਸਿਆਵਾਂ ਦੀ ਜੜ੍ਹ ਤੱਕ ਪਹੁੰਚਣ ਲਈ ਇਤਿਹਾਸ ਦਾ ਨਿਰਪੱਖ ਵਿਸ਼ਲੇਸ਼ਣ ਕਰਨ ਦੀ ਕਦੇ ਕੋਸ਼ਿਸ਼ ਨਹੀਂ ਕਰਦੇ?

ਇਸ ਲੇਖ 'ਤੇ ਮੈਂ ਸਰਦਾਰ ਸਾਹਿਬ ਦੀ ਪੋਸਟ ਹੇਠ ਇਹ ਕੁਮੈਂਟ ਕੀਤਾ ਸੀ: 'ਗੁਰਤੇਜ ਸਿੰਘ ਜੀ ਜਦੋਂ ਤੱਕ ਤੁਹਾਡੇ ਵਰਗੇ ਵਿਦਵਾਨ ਗੁਰਬਾਣੀ ਦੇ ਸਰਬ-ਸਾਂਝੀਵਾਲਤਾ ਤੇ ਮਨੁੱਖੀ ਬਰਾਬਰੀ ਦੇ ਸਿਧਾਂਤਕ ਨਜ਼ਰੀਏ ਤੋਂ ਸਿੱਖੀ ਨੂੰ ਨਹੀਂ ਸਮਝਦੇ, ਉਦੋਂ ਤੱਕ ਸਿੱਖਾਂ ਦਾ ਕਦੇ ਨਾ ਭਲਾ ਹੋਣਾ ਹੈ ਤੇ ਨਾ ਹੀ ਕੋਈ ਜਿੱਤ ਹੋਣੀ ਹੈ ਕਿਉਂਕਿ ਅਸੀਂ ਗੁਰੂਆਂ ਦੇ ਬੁਨਿਆਦੀ ਸਿਧਾਂਤਾਂ ਨੂੰ ਤਿਲਾਂਜਲੀ ਦੇ ਚੁੱਕੇ ਹਾਂ। ਬਾਕੀ ਚਾਹੇ ਕੋਈ ਵਿਰੋਧੀਆਂ ਨੂੰ ਮਾਰ-ਮੁਕਾਏ ਅਤੇ ਚਾਹੇ ਇੱਕ ਦੂਜੇ ਨਾ਼ਲ ਮੇਹਣੋ-ਮੋਹਣੀ ਹੋਈ ਜਾਏ। ਕੁਝ ਫਰਕ ਨਹੀਂ ਪੈਣਾ। ਅਨੰਦਪੁਰ ਸਾਹਿਬ ਦੇ ਮਤੇ ਦੇ ਅਧਾਰ 'ਤੇ 1978 ਤੋਂ ਚੱਲੇ ਕੌਮੀ ਸੰਘਰਸ਼ ਦਾ ਅਧਾਰ ਹੀ ਗੁਰਮਤਿ ਤੇ ਸਿੱਖ ਵਿਰੋਧੀ ਸੀ? ਇਹ ਸੱਚ ਅੱਜ ਮੰਨ ਲਓ ਤੇ ਚਾਹੇ 100 ਸਾਲ ਬਾਅਦ ਮੰਨ ਲਿਉ? ਪਰ ਜੋ ਕੁਝ ਤੁਸੀਂ ਲੋਕ ਕਰ ਰਹੇ ਹੋ, ਕੀ ਉਹ ਗੁਰੂ ਨਾਨਕ ਸੰਦੇਸ਼ ਅਤੇ ਮੂਲ ਸਿੱਖ ਸਿਧਾਂਤਾਂ ਦੀ ਨਜ਼ਰ-ਅੰਦਾਜ਼ੀ ਨਹੀਂ? ਤੁਹਾਡੀ ਉਪਰਲੀ ਲਿਖਤ ਇਸਦਾ ਸਪੱਸ਼ਟ ਸਬੂਤ ਹੈ। ਗੁਸਤਾਖ਼ੀ ਮਾਫ।'

ਮੇਰੇ ਇਸ ਕੁਮੈਂਟ ਦੇ ਜਵਾਬ ਵਿਚ ਗੁਰਤੇਜ ਸਿੰਘ ਹੋਰਾਂ ਨੇ ਇਹ ਕੁਮੈਂਟ ਲਿਖਿਆ: 'ਜੀ ਤੁਹਾਨੂੰ ਮੇਰੀ, ਹਥਲੀ ਲਿਖਤ ਸਮੇਤ ਕਿਹੜੀ ਲਿਖਤ ਵਿਚ ਸਰਬ -ਸਾਂਝੀਵਾਲਤਾ ਅਤੇ ਮਨੁੱਖੀ ਬਰਾਬਰੀ ਦੀ ਅਣਹੋਂਦ ਦਿਸੀ ਹੈ? ਜੇ ਕਿੰਤੂ ਕਰਨਾ ਹੀ ਵਿਦਵਤਾ ਹੈ ਤਾਂ ਤੁਹਾਨੂੰ ਮੁਬਾਰਕ ਹੋਵੇ।'


ਫਿਰ ਇਸੇ ਕੁਮੈਂਟ 'ਤੇ ਖਾੜਕੂ ਸਫਾਂ ਅਤੇ ਫੈਡਰੇਸ਼ਨ ਵਿਚ ਮੋਢੀ ਆਗੂ ਰਹੇ, ਭਾਈ ਅਮਰੀਕ ਸਿੰਘ ਮੁਕਤਸਰ ਨੇ ਇਹ ਕੁਮੈਂਟ ਕੀਤਾ: 'ਹਰਚਰਨ ਜੀ, ਸ. ਗੁਰਤੇਜ ਸਿੰਘ ਦੇ ਆਰਟੀਕਲ ਵਿਚ ਮੈਨੂੰ ਤਾਂ ਕੋਈ ਸਿਧਾਂਤਕ ਕੁਤਾਹੀ ਨਹੀਂ ਜਾਪੀ। ਸਗੋਂ ਉਨ੍ਹਾਂ ਨੇ ਖਾੜਕੂ ਲਹਿਰ ਦੀਆਂ ਬੁਰਛਾਗਰਦ ਅਤੇ ਭਰਾ-ਮਾਰੂ ਪ੍ਰਵਿਰਤੀਆਂ ਖ਼ਿਲਾਫ਼ ਖੁੱਲ੍ਹ ਕੇ ਸਟੈਂਡ ਲਿਆ ਹੈ। ਉਨ੍ਹਾਂ ਨੇ ਖਾੜਕੂ ਲਹਿਰ ਦੀਆਂ ਸਿਆਸੀ ਨਾ-ਸਮਝੀਆਂ ਉਪਰ ਵੀ ਉਂਗਲ ਧਰੀ ਹੈ। ਪਰ ਤੁਸੀਂ ਤਾਂ ਧਰਮ ਯੁੱਧ ਮੋਰਚੇ ਦੀ ਬੁਨਿਆਦ ਨੂੰ ਹੀ ਸਿੱਖ ਸਿਧਾਂਤਾਂ ਵਿਰੋਧੀ ਆਖ ਕੇ ਸੰਵਾਦ ਦੀ ਸੰਭਾਵਨਾ ਤੱਕ ਖਤਮ ਕਰ ਦਿੱਤੀ ਹੈ।'

ਅੱਗੇ ਮੇਰੇ ਇਸੇ ਕੁਮੈਂਟ 'ਤੇ ਸਿੱਖ ਵਿਦਵਾਨ ਪ੍ਰੋ. ਬਲਵਿੰਦਰਪਾਲ ਸਿੰਘ ਇਉਂ ਲਿਖਦੇ ਹਨ: 'ਗੁਰਤੇਜ ਸਿੰਘ ਤੋਂ ਵੱਧ ਕੌਣ ਸਾਂਝੀਵਾਲਤਾ ਤੇ ਮਨੁੱਖੀ ਬਰਾਬਰੀ ਨੂੰ ਸਮਝ ਲਵੇਗਾ। ਉਸਦਾ ਰੋਮ-ਰੋਮ ਪੰਥ ਨੂੰ ਸਮਰਪਿਤ ਹੈ। ਉਸਦੀ ਰੂਹ ਵਿਚ ਗੁਰੂ ਦੇ ਸਮਾਜ ਤੇ ਸੱਚੀ ਪਾਤਸ਼ਾਹੀ ਦੀ ਰਾਜਨੀਤੀ ਦਾ ਪੈਗਾਮ ਹੈ। ਹਰਚਰਨ ਭਾਜੀ, ਇਸ ਲਿਖਤ ਵਿਚ ਜੋ ਗੱਲ ਤੁਹਾਨੂੰ ਸਹੀ ਨਹੀਂ ਲੱਗੀ ਜਾਂ ਨਹੀਂ ਕਹੀ, ਉਸ ਬਾਰੇ ਵਿਸਥਾਰ ਸਹਿਤ ਚਰਚਾ ਕਰੋ।'

ਇਸੇ ਲਿਖਤ ਬਾਰੇ ਕੁਝ ਦਿਨ ਪਹਿਲਾਂ ਅਮਰੀਕ ਸਿੰਘ ਮੁਕਤਸਰ ਹੋਰਾਂ ਨਾ਼ਲ ਫੋਨ 'ਤੇ ਇੱਕ ਘੰਟੇ ਤੋਂ ਵੱਧ ਵਿਸਤਾਰਤ ਚਰਚਾ ਹੋਈ। ਨਿੱਜੀ ਜੀਵਨ ਵਿਚ ਬਿਜ਼ੀ ਹੋਣ ਕਾਰਨ ਇਸ ਪੋਸਟ 'ਤੇ ਦੁਬਾਰਾ ਕੋਈ ਕੁਮੈਂਟ ਨਹੀਂ ਲਿਖ ਸਕਿਆ। ਪਰ ਅਮਰੀਕ ਸਿੰਘ ਮੁਕਤਸਰ ਹੋਰਾਂ ਨਾ਼ਲ ਫੋਨ



ਭਾਈ ਹਰਮਿੰਦਰ ਸਿੰਘ ਸੰਧੂ



ਸਰਦਾਰ ਗੁਰਤੇਜ ਸਿੰਘ

'ਤੇ ਲੰਬੀ ਗੱਲਬਾਤ ਤੋਂ ਬਾਅਦ ਮੈਂ ਆਪਣੀ ਗੱਲ ਨੂੰ ਸਪੱਸ਼ਟ ਕਰਨ ਅਤੇ ਮੇਰੇ ਮਨ ਵਿਚ ਸਿੱਖ ਵਿਦਵਾਨਾਂ ਤੇ ਲੀਡਰਾਂ ਪ੍ਰਤੀ ਜੋ ਸਵਾਲ ਹਨ, ਉਹ ਇਸ ਲੇਖ ਰਾਹੀਂ ਸਾਂਝੇ ਕਰਨ ਦਾ ਯਤਨ ਕਰ ਰਿਹਾ ਹਾਂ। ਮੈਂ ਸੁਹਿਰਦ ਸਿੱਖ ਵਿਦਵਾਨਾਂ ਨੂੰ ਚਰਚਾ ਦਾ ਸੱਦਾ ਦਿੰਦਾ ਹਾਂ, ਜੇ ਉਹ ਇੱਥੇ ਨਹੀਂ ਤਾਂ ਪੰਥ ਤੇ ਪੰਜਾਬ ਦੇ ਭਲੇ ਹਿੱਤ ਆਪਣੇ ਕਿਸੇ ਪਲੈਟਫਾਰਮ 'ਤੇ ਜ਼ਰੂਰ ਚਰਚਾ ਕਰਨ ਤਾਂ ਕਿ ਪੰਥ ਤੇ ਪੰਜਾਬ ਲਈ ਕੁਝ ਚੰਗਾ ਸਿਰਜਿਆ ਜਾ ਸਕੇ?

ਮੈਨੂੰ ਲਗਦਾ ਹੈ ਕਿ ਸਾਡੀਆਂ ਮੌਜੂਦਾ ਜਾਂ ਪਹਿਲੀਆਂ ਬਹੁਤੀਆਂ ਸਮੱਸਿਆਵਾਂ ਸਾਡੀ ਕਬੀਲਾ ਮਾਨਸਿਕਤਾ ਅਤੇ ਸਿੱਖ ਸਪਿਰਟ ਬਾਰੇ ਅਗਿਆਨਤਾ ਦੀਆਂ ਸਮੱਸਿਆਵਾਂ ਹਨ? ਮੇਰਾ ਇਹ ਵੀ ਮੰਨਣਾ ਹੈ ਕਿ ਅਸੀਂ ਘਟਨਾਵਾਂ ਆਧਾਰਤ ਜਜ਼ਬਾਤੀ ਨਾਹਰੇਬਾਜ਼ੀ ਦੀ ਸਿਆਸਤ ਤਾਂ ਜ਼ਰੂਰ ਕਰਦੇ ਹਾਂ, ਪਰ ਵਾਰ-ਵਾਰ ਉਠਾਏ ਜਾ ਰਹੇ ਮਸਲਿਆਂ ਨੂੰ ਗੰਭੀਰਤਾ ਤੇ ਦੂਰ-ਅੰਦੇਸ਼ੀ ਨਾ਼ਲ ਸਮਝਣ ਜਾਂ ਵਿਚਾਰਨ ਦਾ ਸ਼ਾਇਦ ਸਾਡੇ ਕੋ਼ਲ ਸਹਿਜ ਤੇ ਠਰੰਮਾ ਨਹੀਂ ਹੈ? ਮੇਰੀ ਸਮਝ ਅਨੁਸਾਰ ਗੁਰਬਾਣੀ ਵਿਚਾਰਧਾਰਾ ਦਾ ਮੁੱਖ ਆਧਾਰ ਸਾਂਝੀਵਾਲਤਾ, ਮਨੁੱਖੀ ਬਰਾਬਰੀ, ਸਮਾਜਿਕ ਤੇ ਰਾਜਸੀ ਨਿਆਂ ਹੈ। ਪਰ ਕੀ ਮੌਜੂਦਾ ਦੌਰ ਦੀਆਂ ਦੇਸ਼-ਵਿਦੇਸ਼ ਵਿਚ ਖਿੰਡਰੀਆਂ-ਪੁੰਡਰੀਆਂ ਪੰਥਕ ਧਿਰਾਂ ਆਪਣੇ ਇਨ੍ਹਾਂ ਬੁਨਿਆਦੀ ਸਿਧਾਂਤਾਂ ਨੂੰ ਤਿਲਾਂਜਲੀ ਦੇ ਕੇ ਹਿੰਸਾ ਤੇ ਨਫਰਤ ਆਧਾਰਤ ਫਿਰਕੂ ਰਾਜਨੀਤੀ ਨਹੀਂ ਕਰ ਰਹੀਆਂ? ਉਨ੍ਹਾਂ ਦੀ ਇਹ ਨੀਤੀ ਨਾ ਸਿਰਫ ਪੰਜਾਬ ਵਿਚ ਵਸਦੇ ਹਿੰਦੂਆਂ, ਦਲਿਤਾਂ ਤੇ ਹੋਰ ਭਾਈਚਾਰਿਆਂ ਦੇ ਹਿੱਤਾਂ ਨੂੰ ਵਿਸਾਰ ਚੁੱਕੀ ਹੈ, ਸਗੋਂ ਸਿੱਖਾਂ ਵਿਚਲੇ ਨਾਮਧਾਰੀ, ਰਾਧਾ ਸਵਾਮੀ, ਸਹਿਜਧਾਰੀ ਆਦਿ ਅਨੇਕਾਂ ਛੋਟੇ ਭਾਈਚਾਰੇ ਵੀ ਉਨ੍ਹਾਂ ਦੇ ਕਿਸੇ ਏਜੰਡੇ 'ਤੇ ਨਹੀਂ ਹਨ। ਉਨ੍ਹਾਂ ਦੀ ਸਾਰੀ ਰਾਜਨੀਤੀ ਕੁਝ ਧੜਿਆਂ ਦੀਆਂ ਸਿਆਸੀ ਅਕਾਂਖਿਆਵਾਂ ਦੀ ਪੂਰਤੀ ਤੋਂ ਅੱਗੇ ਨਹੀਂ ਵਧਦੀ, ਜਿਸਨੂੰ ਉਹ ਸਿੱਖ ਕੌਮ ਦੀ ਆਜ਼ਾਦੀ ਦਾ ਨਾਮ ਦਿੰਦੇ ਹਨ?

ਹੁਣ ਸ. ਗੁਰਤੇਜ ਸਿੰਘ ਹੋਰਾਂ ਵਰਗੇ ਸੂਝਵਾਨ ਵਿਦਵਾਨ ਭਾਈ ਹਰਮਿੰਦਰ ਸਿੰਘ ਸੰਧੂ ਸਮੇਤ ਸੈਂਕੜੇ ਫੈਡਰੇਸ਼ਨ ਤੇ ਵਿਰੋਧੀ ਗੁੱਟਾਂ ਦੇ ਖਾੜਕੂਆਂ ਨੂੰ ਮਾਰਨ ਦੇ ਭਰਾ-ਮਾਰੂ ਰੁਝਾਨ ਦਾ ਤਾਂ ਵਿਰੋਧ ਕਰਦੇ ਹਨ, ਜੋ ਕੀਤਾ ਵੀ ਜਾਣਾ ਚਾਹੀਦਾ ਹੈ ਅਤੇ ਅਸੀਂ ਉਨ੍ਹਾਂ ਦੇ ਇਸ ਦਲੇਰਾਨਾ ਕਦਮ ਦੀ ਸ਼ਲਾਘਾ ਵੀ ਕਰਦੇ ਹਾਂ। ਪਰ ਮਸਲਾ ਤਾਂ ਇਹ ਹੈ ਕਿ ਕੀ ਖਾੜਕੂਆਂ ਨੇ 1982-1995 ਤੱਕ ਸਿਰਫ 100-200 ਆਪਣੇ ਖਾੜਕੂ ਸਾਥੀ ਹੀ ਮਾਰੇ ਸਨ? ਇਸ ਵਿਚ ਵੀ ਕੋਈ ਸੰਦੇਹ ਨਹੀਂ ਕਿ ਸਾਕਾ ਨੀਲਾ ਤਾਰਾ ਦੇ ਰੋਸ ਵਜੋਂ ਅਨੇਕਾਂ ਸੁਹਿਰਦ ਸਿੱਖ ਨੌਜਵਾਨਾਂ ਨੇ ਜਜ਼ਬਾਤੀ ਰੌਅ ਵਿਚ ਹਥਿਆਰ ਚੁੱਕੇ ਤੇ ਸਿੱਖੀ ਸਿਦਕ ਨਿਭਾਉਂਦੇ ਹੋਏ ਤਸੀਹੇ ਝੱਲ ਕੇ ਬੇਗਰਜ਼ ਸ਼ਹਾਦਤਾਂ ਦਿੱਤੀਆਂ, ਪਰ ਸਵਾਲ ਤਾਂ ਇਹ ਹੈ ਕਿ ਉਨ੍ਹਾਂ ਹਜ਼ਾਰਾਂ ਬੇਗੁਨਾਹਾਂ ਦੇ ਕਤਲਾਂ ਬਾਰੇ ਅਸੀਂ ਕਦੋਂ ਵਿਚਾਰ ਕਰਾਂਗੇ, ਜਿਨ੍ਹਾਂ ਨੂੰ ਬੱਸਾਂ, ਟ੍ਰੇਨਾਂ, ਬਾਜ਼ਾਰਾਂ, ਸਿਨਮਿਆਂ, ਭੱਠਿਆਂ, ਨਹਿਰਾਂ ਤੇ ਗੋ਼ਲੀਆਂ ਨਾ਼ਲ ਭੁੰਨ ਦਿੱਤਾ ਗਿਆ ਸੀ? ਕੀ ਉਦੋਂ ਖਾੜਕੂ ਧਿਰਾਂ ਵਲੋਂ ਹਰ ਵਿਰੋਧੀ ਆਵਾਜ਼ ਨੂੰ ਦਬਾਉਣ ਲਈ ਗੋਲੀ ਹੀ ਇੱਕ ਮਾਤਰ ਸਾਧਨ ਨਹੀਂ ਮਿੱਥ ਲਿਆ ਗਿਆ ਸੀ? ਕੀ ਉਸ ਦੌਰ ਵਿਚ ਵਿਰੋਧੀ ਵਿਚਾਰ ਰੱਖਣ ਵਾ਼ਲੇ ਮਾਰੇ ਗਏ ਸਿਆਸੀ ਕਾਰਕੁਨਾਂ, ਪੱਤਰਕਾਰਾਂ, ਲੇਖਕਾਂ, ਬੁੱਧੀਜੀਵੀਆਂ ਦੀ ਆਵਾਜ਼ ਬੰਦ ਕਰਾਉਣ ਲਈ ਗੋ਼ਲੀ ਹੀ ਇਕ ਮਾਤਰ ਰਾਹ ਬਚਿਆ ਸੀ? ਕੀ 30-35 ਸਾਲ ਬੀਤਣ ਤੋਂ ਬਾਅਦ ਵੀ ਸਾਡੇ ਬੁੱਧੀਜੀਵੀ ਅਜਿਹੇ ਮਸਲਿਆਂ ਤੇ ਸਿੱਖੀ ਦੀ ਸਾਂਝੀਵਾਲਤਾ ਦੀ ਸਪਿਰਟ ਅਨੁਸਾਰ ਵਿਚਾਰ ਕਰਨ ਤੋਂ ਅਸਮਰੱਥ ਰਹਿਣ ਦੇ ਦੋਸ਼ੀ ਨਹੀਂ? ਅਸੀਂ ਕਦੋਂ ਤੱਕ ਬੇਗੁਨਾਹਾਂ ਦੇ ਕਤਲਾਂ ਨੂੰ ਏਜੰਸੀਆਂ ਸਿਰ ਮੜ੍ਹ ਕੇ ਸਚਾਈ ਤੋਂ ਮੂੰਹ ਮੋੜਦੇ ਰਹਾਂਗੇ? ਕੀ ਗੁਰਤੇਜ ਸਿੰਘ, ਅਮਰੀਕ ਸਿੰਘ ਮੁਕਤਸਰ, ਦਲਜੀਤ ਸਿੰਘ ਬਿੱਟੂ ਆਦਿ ਅਨੇਕਾਂ ਵਿਦਵਾਨਾਂ ਤੇ ਲੀਡਰਾਂ ਨੂੰ ਪਤਾ ਨਹੀਂ ਕਿ ਕਿਹੜੇ ਐਕਸ਼ਨ ਕਿਹੜੀ ਜਥੇਬੰਦੀ ਤੇ ਕਿਹੜੇ ਖਾੜਕੂਆਂ ਨੇ ਕੀਤੇ ਸਨ? ਪਰ ਇਹ ਤਾਂ ਹੀ ਸੰਭਵ ਹੈ, ਜੇ ਅਸੀਂ ਸੌੜੀ ਫਿਰਕੂ ਸੋਚ ਦੀ ਥਾਂ ਸਾਂਝੀਵਾਲਤਾ ਵਾ਼ਲੀ ਸੋਚ ਅਪਨਾਵਾਂਗੇ? ਆਪਣੀਆਂ ਗਲਤੀਆਂ ਨੂੰ ਮੰਨਣ ਦਾ ਜ਼ੇਰਾ ਦਿਖਾਵਾਂਗੇ? ਕੋਈ ਸ਼ੱਕ ਨਹੀਂ ਕਿ ਭਾਰਤੀ ਸਟੇਟ ਨੇ ਜਬਰ ਦਾ ਰਸਤਾ ਅਪਨਾਉਣ ਦੀ ਬੱਜਰ ਗਲਤੀ ਕੀਤੀ? ਪਰ ਕੀ ਇਸ ਨਾ਼ਲ ਅਸੀਂ ਆਪਣੇ ਗੁਨਾਹਾਂ ਤੋਂ ਬਚ ਜਾਵਾਂਗੇ? ਕੀ ਅਸੀਂ ਕਦੇ ਸੋਚਿਆ ਹੈ ਕਿ ਹਜ਼ਾਰਾਂ ਕੁਰਬਾਨੀਆਂ ਕਰਨ ਦਾ ਦਾਅਵਾ ਕਰਨ ਵਾ਼ਲੀਆਂ ਧਿਰਾਂ ਦੀ ਥਾਂ ਲੋਕਾਂ ਨੇ ਪਿਛਲੇ 30 ਸਾਲਾਂ ਵਿਚ ਵਾਰ-ਵਾਰ ਅਕਾਲੀਆਂ ਤੇ ਕਾਂਗਰਸੀਆਂ ਤੇ ਹੁਣ ਆਮ ਆਦਮੀ ਪਾਰਟੀ ਨੂੰ ਰਾਜਸੀ ਤੌਰ 'ਤੇ ਪ੍ਰਵਾਨਿਆ, ਪਰ ਪੰਥਕ ਧਿਰਾਂ ਨੂੰ ਕਦੇ ਕੋਈ ਅਹਿਮੀਅਤ ਕਿਉਂ ਨਹੀਂ ਦਿੱਤੀ?

ਭਾਈ ਸੰਧੂ ਦੇ ਕਤਲ ਬਾਰੇ ਆਸਟਰੇਲੀਆ ਰਹਿੰਦੇ ਉਸਦੇ ਸਾਥੀ ਤੇ ਸਾਬਕਾ ਖਾੜਕੂ ਵਿਜੈ ਪਾਲ ਸਿੰਘ ਕਹਿੰਦੇ ਹਨ ਕਿ ਸੰਧੂ ਦੀ ਪ੍ਰਤਿਭਾ ਹੀ ਉਸਦੇ ਕਤਲ ਦੀ ਵੱਡੀ ਦੁਸ਼ਮਣ ਹੋ ਨਿਬੜੀ। ਵੈਸੇ ਮੇਰੀ ਜਾਣਕਾਰੀ ਅਨੁਸਾਰ, ਅਜਿਹੀ ਪ੍ਰਤਿਭਾ ਤੇ ਕੌਮ ਪ੍ਰਤੀ ਸਮਰਪਿਤ ਭਾਵਨਾ ਨੇ ਵਿਜੈ ਪਾਲ ਸਿੰਘ ਦਾ ਵੀ ਇਨ੍ਹਾਂ ਟੋਲਿਆਂ ਤੋਂ ਕਤਲ ਕਰਵਾ ਦੇਣਾ ਸੀ, ਜੇ ਉਹ ਇੰਡੀਆ ਛੱਡ ਕੇ ਆਸਟਰੇਲੀਆ ਨਾ ਆ ਵਸਦੇ। ਕੋਈ ਸ਼ੱਕ ਨਹੀਂ ਕਿ ਹਰਮਿੰਦਰ ਸਿੰਘ ਸੰਧੂ ਸਮੇਤ ਅਨੇਕਾਂ ਫੈਡਰੇਸ਼ਨ ਆਗੂਆਂ ਤੇ ਖਾੜਕੂਆਂ ਦੇ ਭਰਾ-ਮਾਰੂ ਜੰਗ ਵਿਚ ਹੋਏ ਕਤਲ ਨਿੰਦਣਯੋਗ ਹਨ। ਪਰ ਹਰਮਿੰਦਰ ਸਿੰਘ ਸੰਧੂ ਵਲੋਂ ਜਨਰਲ ਸਰਦੂਲ ਸਿੰਘ ਦੇ ਫਰਜ਼ੀ ਨਾਮ ਹੇਠ ਬਣਾਈ ਹੋਈ, 'ਦਸ਼ਮੇਸ਼ ਰੈਜਮੈਂਟ' ਵਲੋਂ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਪ੍ਰਤਾਪ ਸਿੰਘ, ਦਿੱਲੀ ਦੇ ਸਿੱਖ ਲੀਡਰ ਹਰਬੰਸ ਸਿੰਘ ਮਨਚੰਦਾ, ਕਾਂਗਰਸ ਦੇ ਰਾਜ ਸਭਾ ਐਮ.ਪੀ. ਵਿਸ਼ਵਨਾਥ ਤਿਵਾੜੀ, ਹਿੰਦ ਸਮਾਚਾਰ ਗਰੁੱਪ ਦੇ ਐਡੀਟਰ ਰਮੇਸ਼ ਚੰਦਰ ਆਦਿ ਦੇ ਕਤਲਾਂ ਅਤੇ ਇੱਕੋ ਰਾਤ 36 ਰੇਲਵੇ ਸਟੇਸ਼ਨਾਂ ਨੂੰ ਸਾੜਨ ਵਰਗੀਆਂ ਅਨੇਕਾਂ ਹਿੰਸਕ ਵਾਰਦਾਤਾਂ ਨੂੰ ਚੱਲ ਰਹੇ ਸ਼ਾਂਤਮਈ 'ਧਰਮ ਯੁੱਧ ਮੋਰਚੇ' ਦੌਰਾਨ ਕਰਨਾ ਕਿਤਨਾ ਕੁ ਜਾਇਜ਼ ਕਿਹਾ ਜਾ ਸਕਦਾ ਹੈ? ਇਸੇ ਤਰ੍ਹਾਂ ਢਿੱਲਵਾਂ ਬੱਸ ਕਾਂਡ, ਪੱਟੀ ਤੇ ਨੌਸ਼ਹਿਰਾ ਪੰਨੂਆਂ ਵਾ਼ਲੇ ਬੇਗੁਨਾਹ ਹਿੰਦੂਆਂ ਦੇ ਕਤਲਾਂ ਨੂੰ ਅਸੀਂ ਕਦੋਂ ਤੱਕ ਏਜੰਸੀਆਂ ਸਿਰ ਮੜ੍ਹਦੇ ਰਹਾਂਗੇ?

ਸਾਡੇ ਵਿਦਵਾਨ ਅਕਸਰ ਇਹ ਇਲਜ਼ਾਮ ਲਗਾਉਂਦੇ ਹਨ ਕਿ ਭਾਰਤ ਸਰਕਾਰ ਨੇ ਜੂਨ '84 ਤੋਂ ਸਾਲ ਪਹਿਲਾਂ ਹਰਿਮੰਦਰ ਸਾਹਿਬ 'ਤੇ ਹਮਲਾ ਕਰਨ ਦੀ ਯੋਜਨਾ ਤਿਆਰ ਕਰ ਲਈ ਸੀ? ਖੁਫੀਆ ਏਜੰਸੀ ਰਾਅ ਦੇ ਸਾਬਕਾ ਸੀਨੀਅਰ ਅਧਿਕਾਰੀ ਜੀ ਬੀ ਸਿੱਧੂ ਆਪਣੀ ਕਿਤਾਬ 'ਖਾਲਿਸਤਾਨ ਸਾਜਿਸ਼' ਵਿਚ ਤਾਂ ਇੱਥੇ ਤੱਕ ਇਲਜ਼ਾਮ ਲਗਾਉਂਦੇ ਹਨ ਕਿ ਅਜਿਹੀ ਸਾਜ਼ਿਸ਼ ਦੀ ਸ਼ੁਰੂਆਤ 1980 ਦੇ ਸ਼ੁਰੂਆਤੀ ਦੌਰ ਵਿਚ ਹੀ ਸ਼ੁਰੂ ਹੋ ਚੁੱਕੀ ਸੀ? ਕੀ 'ਦਸ਼ਮੇਸ਼ ਰੈਜਮੈਂਟ' ਵਲੋਂ '84 ਵਿਚ ਵਾਰ-ਵਾਰ ਕੀਤੀਆਂ ਭੜਕਾਊ ਹਿੰਸਕ ਕਾਰਵਾਈਆਂ, ਮੈਡਮ ਇੰਦਰਾ ਗਾਂਧੀ ਨੂੰ ਹਰਿਮੰਦਰ ਸਾਹਿਬ 'ਤੇ ਹਮਲਾ ਕਰਨ ਲਈ ਬਹਾਨਾ ਨਹੀਂ ਦੇ ਰਹੀਆਂ ਸਨ? ਕੀ ਅਸੀਂ ਇਸ ਬਾਰੇ ਵੀ ਕਦੇ ਵਿਚਾਰ ਕਰਾਂਗੇ ਕਿ ਸ਼ਾਂਤਮਈ ਧਰਮ ਯੁੱਧ ਮੋਰਚੇ ਵਿਚ ਵਾੜੀ ਗਈ ਹਿੰਸਾ ਵੀ ਕਿਸੇ ਅਜਿਹੀ ਸਾਜ਼ਿਸ਼ ਦਾ ਹਿੱਸਾ ਤੇ ਨਹੀਂ ਸੀ? ਜੇ ਅਸੀਂ ਬੇਗੁਨਾਹਾਂ ਦੇ ਕਤਲਾਂ 'ਤੇ ਚੁੱਪ ਹਾਂ ਤਾਂ ਅਸੀਂ ਕਿਵੇਂ ਕਹਿ ਸਕਦੇ ਹਾਂ ਕਿ ਸਾਡੇ ਰੋਮ-ਰੋਮ ਵਿਚ ਗੁਰੂ ਦੇ ਪੰਥ ਦੀ ਸੋਚ ਵਸਦੀ ਹੈ?

ਭਾਈ ਅਮਰੀਕ ਸਿੰਘ ਮੁਕਤਸਰ ਵਲੋਂ ਮੇਰੇ 'ਤੇ ਇਤਰਾਜ਼ ਉਠਾਇਆ ਗਿਆ ਹੈ ਕਿ ਮੈਂ 'ਧਰਮ ਯੁੱਧ ਮੋਰਚੇ' ਦੀ ਬੁਨਿਆਦ 'ਤੇ ਹੀ ਸਵਾਲ ਉਠਾ ਕੇ ਕਿਸੇ ਸੰਭਾਵੀ ਸੰਵਾਦ ਦੀ ਸੰਭਾਵਨਾ ਹੀ ਖਤਮ ਕਰ ਦਿੱਤੀ ਹੈ। ਮੈਂ ਭਾਈ ਅਮਰੀਕ ਸਿੰਘ ਜੀ ਨੂੰ ਨਿੱਜੀ ਗੱਲਬਾਤ ਵਿਚ ਸਪੱਸ਼ਟ ਕੀਤਾ ਸੀ ਕਿ ਤੁਸੀਂ ਜਾਂ ਪੰਥ ਦੇ ਸਿਰਮੌਰ ਵਿਦਵਾਨ, ਕੀ ਇਹ ਦੱਸ ਸਕਦੇ ਹਨ ਕਿ 1982 ਵਿਚ 'ਸਿੱਖ ਪੰਥ' ਜਾਂ 'ਸਿੱਖ ਧਰਮ' ਨੂੰ ਅਜਿਹਾ ਕਿਹੜਾ 'ਧਰਮ ਸੰਕਟ' ਪੈਦਾ ਹੋ ਗਿਆ ਸੀ ਕਿ ਸਾਨੂੰ 'ਧਰਮ ਯੁੱਧ' ਲੜਨ ਦੀ ਲੋੜ ਪੈ ਗਈ ਸੀ? ਇਸ 'ਧਰਮ ਯੁੱਧ' ਮੋਰਚੇ ਦੀਆਂ 90% ਮੰਗਾਂ ਤਾਂ ਸਿਆਸੀ ਸਨ ਤਾਂ ਇਸਦਾ ਨਾਮ 'ਧਰਮ ਯੁੱਧ ਮੋਰਚਾ' ਰੱਖਣਾ ਕਿਤਨਾ ਕੁ ਜਾਇਜ਼ ਸੀ? 'ਸਿੱਖ ਪੰਥ' ਦੀ ਪੰਚ ਪ੍ਰਧਾਨੀ ਪ੍ਰੰਪਰਾ ਨੂੰ ਛੱਡ ਕੇ ਮੋਰਚੇ ਦੇ ਮੁਖੀ ਨੂੰ 'ਡਿਕਟੇਟਰ' ਦਾ ਅਹੁਦਾ ਦੇਣ ਤੋਂ ਸਾਨੂੰ ਕਿਉਂ ਤਕਲੀਫ ਨਹੀਂ ਹੋਈ ਕਿ 'ਸਿੱਖੀ ਵਿਚ ਕਿਸੇ ਡਿਕਟੇਟਰਸ਼ਿਪ' ਨੂੰ ਕੋਈ ਥਾਂ ਨਹੀਂ? ਜਦੋਂ ਮੋਰਚਾ ਨਿਰੋਲ ਸਿਆਸੀ ਮੰਗਾਂ 'ਤੇ ਆਧਾਰਤ ਸੀ ਤਾਂ ਉਸਨੂੰ ਸਰਬ ਸਾਂਝੇ ਧਾਰਮਿਕ ਅਸਥਾਨ

**(ਬਾਕੀ ਅਗਲੇ ਸਫੇ 'ਤੇ)**

# ਹੱਸਦੀ-ਵਸਦੀ ਰਹੇ ਲੋਰੀ !

...ਰੇਤ 'ਚ ਤਪੇ ਪੈਰਾਂ ਨੂੰ ਕਿੱਧਰੇ ਛਾਂ ਮਿਲ ਜਾਵੇ

...ਧੁੱਪ 'ਚ ਸੜਦੇ ਨੂੰ ਕਿਤੇ ਚੱਲਦਾ ਠੰਡਾ ਪਾਣੀ ਮਿਲ ਜਾਵੇ

...ਭੱਜ-ਦੌੜ ਤੋਂ ਅੱਕੇ-ਥੱਕੇ ਬੰਦੇ ਨੂੰ ਦੋ ਪਲ ਦਾ ਸਕੂਨ ਮਿਲ ਜਾਵੇ ਤਾਂ ਉਸ ਤੋਂ ਵੱਡਾ ਆਨੰਦ ਹੋਰ ਕੋਈ ਨਹੀਂ ਹੋ ਸਕਦਾ। ਸਾਰੀ ਥਕਾਨ ਲੱਥ ਜਾਂਦੀ ਐ ਤੇ ਉਹ ਤਰੋ-ਤਾਜ਼ਾ ਹੋ ਮੁੜ ਮੋਰਚਾ ਸੰਭਾਲਣ ਲਈ ਤਿਆਰ ਹੋ ਜਾਂਦੈ। ਜ਼ਰੂਰੀ ਨਹੀਂ ਕਿ ਇਹ ਸਕੂਨ ਸਭਨਾਂ ਨੂੰ ਇੱਕੋ ਸ੍ਰੋਤ ਤੋਂ ਹਾਸਲ ਹੁੰਦਾ ਹੋਵੇ। ਆਪੋ-ਆਪਣਾ ਸੁਭਾਅ...ਆਪੋ-ਆਪਣਾ ਸੁਆਦ...ਆਪੋ-ਆਪਣੀ ਪਸੰਦ।

ਜੇ ਇੱਕ ਨੂੰ ਆਪਣੀ ਥਾਂ ਤੋਂ ਦੋ ਪਲ ਪਾਸੇ ਹੱਟ ਕੇ, ਕੁੱਝ ਖਾ ਕੇ ਸਕੂਨ ਮਿਲਦਾ ਹੈ ਤਾਂ ਦੂਸਰੇ ਨੂੰ ਗੁਣਗੁਣਾ ਕੇ ਸਕੂਨ ਮਿਲ ਸਕਦਾ ਹੈ।

**ਇੰਦਰਜੀਤ ਚੁਗਾਵਾਂ**

ਮੇਰੇ ਲਈ ਮੱਠੀ ਸੁਰ ਵਾਲਾ ਸੰਗੀਤ ਸੁਣਨਾ ਸਭ ਤੋਂ ਵੱਧ ਸਕੂਨ ਦੇਣ ਵਾਲਾ ਹੈ। ਆਪਣੀ ਸੀਟ ਛੱਡ ਕੇ, ਅੱਖਾਂ ਬੰਦ ਕਰਕੇ ਆਪਣੀ ਪਸੰਦ ਦਾ ਕੋਈ ਗੀਤ ਸੁਣਨਾ ਮੈਨੂੰ ਤਣਾਅ ਮੁਕਤ ਕਰ ਦਿੰਦੈ। ਪਿਛਲੇ ਦਿਨੀਂ ਮੈਂ ਇੱਕ ਗੀਤ ਸੁਣਿਆ-ਮਾਣਿਆ। ਇਹ ਗੀਤ ਦੁਨੀਆ ਦਾ ਸਭ ਤੋਂ ਬਿਹਤਰੀਨ ਸੰਗੀਤਮਈ, ਮਿੱਠਾ ਗੀਤ ਐ...ਤੁਹਾਡਾ ਵੀ ਤੇ ਹਰ ਇੱਕ ਦਾ ਪਸੰਦੀਦਾ ਗੀਤ ! ਸ਼ਾਇਦ ਤੁਹਾਨੂੰ ਯਾਦ ਨਾ ਹੋਵੇ...

ਪੂਰਾ ਮਾਮਲਾ ਇੰਝ ਹੈ ਕਿ ਅਸੀਂ ਕਨੈਟੀਕੱਟ ਦੇ ਚਸ਼ਾਇਰ ਸ਼ਹਿਰ, ਹੋਲ ਫੂਡਜ ਦਾ ਲੋਡ ਲੈ ਕੇ ਗਏ ਸੀ। ਵਾਪਸੀ ਦਾ ਲੋਡ ਪੈਨਸਿਲਵੇਨੀਆ ਦੇ ਦੋ ਪਿੰਡਾਂ ਡੈਨਵਰ ਤੇ ਨਿਊ ਹਾਲੈਂਡ ਤੋਂ ਚੁੱਕਣਾ ਸੀ। ਉੱਥੇ ਪਹੁੰਚਣ ਲਈ ਨਿਊ ਯਾਰਕ ਤੇ ਨਿਊ ਜਰਸੀ 'ਚੋਂ ਹੋ ਕੇ ਲੰਘਣਾ ਪੈਣਾ ਸੀ। ਮੇਰੇ ਜੋਟੀਦਾਰ ਅਵਤਾਰ ਦੀ ਲਾਗ-ਬੁੱਕ ਦਾ ਸਮਾਂ ਖਤਮ ਹੋ ਚੁੱਕਾ ਸੀ। ਵਾਪਸੀ ਸਫ਼ਰ ਦੀ ਸ਼ੁਰੂਆਤ ਮੇਰੀਲਾਗ-ਬੁੱਕ ਨਾਲ ਹੋਣੀ ਸੀ। ਚਸ਼ਾਇਰ ਪਹੁੰਚਣ ਵੇਲੇ ਤੋਂ ਲੈ ਕੇ ਲੋਡ ਉਤਾਰਨ ਤੱਕ ਚਾਰ ਘੰਟੇ ਤੋਂ ਵੱਧ ਸਮਾਂ ਲੱਗ ਗਿਆ, ਜਿਸ ਦੌਰਾਨ ਮੈਂ ਸੌਂ ਨਾ ਸਕਿਆ। ਅਵਤਾਰ ਟਰੱਕ ਪਾਰਕ ਕਰਨ ਤੋਂ ਬਾਅਦ ਸੌਂ ਗਿਆ ਸੀ। ਡੌਕ 'ਤੇ ਟਰੱਕ ਪਾਰਕ ਕਰਨ ਤੇ ਆਫਲੋਡਿੰਗ ਹੋਣ ਤੱਕ ਮੈਂ ਚਾਹੁੰਦਾ ਹੋਇਆ ਵੀ ਸੌਂ ਨਾ ਸਕਿਆ।

ਆਫਲੋਡਿੰਗ ਹੋਣ 'ਤੇ ਹਰੀ ਬੱਤੀ ਤੋਂ ਬਾਅਦ ਤੁਰਨਾ ਹੁੰਦੈ। ਕੁੱਝ ਥਾਵਾਂ ਹੁੰਦੀਆਂ ਹਨ ਜਿੱਥੇ ਆਫਲੋਡਿੰਗ ਤੋਂ ਬਾਅਦ ਬਿੱਲ ਡਰਾਈਵਰ ਹੱਥ ਦਿੰਦੇ ਹਨ, ਜਿਸ ਨਾਲ ਉਸਨੂੰ ਪਤਾ ਲੱਗ ਜਾਂਦੈ ਕਿ ਟ੍ਰੇਲਰ ਖਾਲੀ ਹੋ ਚੁੱਕੈ। ਪਰ ਇਸ ਜਗ੍ਹਾ ਡਰਾਈਵਰ ਨੂੰ ਖੁਦਅੱਖ ਰੱਖਣੀ ਪੈਂਦੀ ਐ ਕਿ ਉਸਦਾ ਟ੍ਰੇਲਰ ਕਦੋਂ ਖਾਲੀ ਹੁੰਦੈ। ਲੋਡ ਉਤਾਰਨ ਤੋਂ ਬਾਅਦ ਬਿੱਲ ਟ੍ਰੇਲਰ ਪਿੱਛੇ ਰੱਖ ਕੇ ਅਮਲਾ-ਫੈਲਾ ਖੁਦ ਸੁਰਖਰੂ ਹੋ ਜਾਂਦੈ। ਡਰਾਈਵਰ ਨੂੰ ਉਸ ਵੇਲੇ ਈ ਤੁਰਨ ਲਈ ਕਿਹਾ ਜਾਂਦੈ, ਜਦ ਉਸ ਡੌਕ 'ਤੇ ਅਗਲਾ ਟ੍ਰੇਲਰ ਲੱਗਣ ਲਈ ਤਿਆਰ ਹੋਵੇ। ਇਸ ਦੌਰਾਨ ਜੇ ਡਰਾਈਵਰ ਨੂੰ ਨੀਂਦ ਆ ਗਈ ਤਾਂ ਇਹ ਸਮਾਂ ਉਸਦੇ ਡਰਾਈਵ ਟਾਈਮ 'ਚੋਂ ਕੱਟਿਆ ਜਾਂਦੈ।

ਅਵਤਾਰ ਥੱਕਿਆ ਹੋਣ ਕਾਰਨ ਸੌਂ ਗਿਆ ਪਰ ਮੈਂ ਨਾ ਸੌਂ ਸਕਿਆ। ਵਾਰ ਵਾਰ ਉੱਠ ਕੇ ਦੇਖਦਾ ਰਿਹਾ ਕਿ ਕਦੋਂ ਬੱਤੀ ਹਰੀ ਹੁੰਦੀ ਐ ਤਾਕਿ ਵੇਲੇ ਸਿਰ ਵਾਪਸੀ ਲੋਡ ਉਠਾ ਸਕੀਏ। ਚਲੋ ਜੀ, ਸਾਨੂੰ ਵੀ ਹਰੀ ਝੰਡੀ ਮਿਲ ਗਈ। ਹਰੀ ਬੱਤੀ ਹੁੰਦੇ ਸਾਰ ਅਸੀਂ ਤੁਰ ਪਏ। ਇਹ ਸਫ਼ਰ ਬਰਾਸਤਾ ਨਿਊ ਯਾਰਕ, ਨਿਊਜਰਸੀ ਤੈਅ ਕਰਨ 'ਚ ਸ਼ਾਮ ਹੋਣ ਕਾਰਨ ਤੈਅ ਸਮੇਂ ਤੋਂ ਘੰਟੇ ਤੋਂ ਵੱਧ ਸਮਾਂ ਲੱਗਾ। ਸਵੇਰ-ਸ਼ਾਮ ਟਰੈਫਿਕ ਜ਼ਿਆਦਾ ਹੁੰਦੀ ਐ, ਜਿਸ ਕਾਰਨ ਟਰੱਕ ਮਿੱਥੀ ਰਫ਼ਤਾਰ 'ਤੇ ਚਲਾਉਣਾ ਸੰਭਵ ਨਹੀਂ ਹੁੰਦਾ।

ਖ਼ੈਰ, ਦੋਹਾਂ ਥਾਂਵਾਂ ਤੋਂ ਲੋਡ ਲੈ ਕੇ ਫਰਿਜ਼ਨੋ ਵਾਪਸੀ ਸਫ਼ਰ ਦੀ ਸ਼ੁਰੂਆਤ ਹੋ ਗਈ। ਮੈਂ ਹਿਸਾਬ ਲਾਇਆ ਕਿ ਆਪਣੀ ਡਰਾਈਵ ਦੌਰਾਨ ਮੈਂ ਪੈਨਸੇਲਵੇਨੀਆ ਤੋਂ ਬਾਅਦ ਟੈਨੇਸੀ ਲਗਭਗ ਪਾਰ ਕਰ ਜਾਵਾਂਗਾ ਪਰ ਥਾਂ ਥਾਂ ਚੱਲ ਰਹੇ ਰੋਡਵਰਕ ਤੇ ਦੋ ਥਾਂਵਾਂ 'ਤੇ ਹੋਏ ਹਾਦਸਿਆਂ ਕਾਰਨ ਮੈਂ ਟੈਨੇਸੀ ਦੇ ਸਵਾ ਕੁ ਸੌ ਮੀਲ ਹੀ ਮੁਕਾ ਸਕਿਆ। ਟਰੱਕ ਚੱਲਦਾ ਰਹੇ ਤਾਂ ਅਕੇਵਾਂ ਨਹੀਂ ਹੁੰਦਾ ਪਰ ਇਸਤਰ੍ਹਾਂ ਦੇ ਹਾਲਾਤ 'ਚ ਅਕੇਵਾਂ ਵੀ ਹੁੰਦੈ ਤੇ ਥਕੇਵਾਂ ਵੀ। ਲੌਗਬੁੱਕ ਦੇਖ ਕੇ ਮੈਂ 'ਲਵਜ਼ ਟਰੱਕ ਸਟਾਪ' 'ਤੇ ਟਰੱਕ ਰੋਕ ਲਿਆ। ਸਾਡੀ ਕੰਪਨੀ ਦਾ ਫਿਊਲ ਕਾਰਡ ਲਵਜ਼ ਕੰਪਨੀ ਦੇ ਟਰੱਕ ਸਟਾਪਾਂ 'ਤੇ ਈ ਚਲਦੈ। ਅਵਤਾਰ ਸੁੱਤਾ ਪਿਆ ਸੀ। ਮੈਂ ਦੋ ਪਲ ਅੱਖਾਂ ਬੰਦ ਕਰਕੇ ਸੀਟ 'ਤੇ ਬੈਠਾ ਰਿਹਾ ਤੇ ਫੇਰ ਖਿਆਲ ਆਇਆ ਕਿ ਕਿਉਂ ਨਾ ਨਹਾਅ ਕੇ ਅਕੇਵਾਂ-ਥਕੇਵਾਂ ਦੂਰ ਕੀਤਾ ਜਾਵੇ। ਫੇਰ ਈ ਆ ਕੇ ਅਵਤਾਰ ਨੂੰ ਜਗਾਵਾਂ।

ਮੈਂ ਅੰਦਰ ਗਿਆ...ਅੱਧ-ਮੀਟੀਆਂ ਅੱਖਾਂ...ਸ਼ਾਵਰ ਪਲੀਜ਼ ਕਿਹਾ...ਹੱਥ 'ਚ ਟਿਕਟ ਮਿਲਦੇ ਸਾਰ ਈ ਇੱਕ ਨੰਬਰ ਸ਼ਾਵਰ ਮਿਲ ਗਿਆ...ਅੰਦਰ ਵੜਿਆ ਤੇ ਨ੍ਹਾਉਣ ਲੱਗਿਆਂ ਸੈੱਲ ਫੋਨ ਦੇ ਯੂਟਿਊਬ 'ਤੇ ਗਿਆ ਤੇ ਸਾਹਮਣੇ ਆਇਆ ਪਸੰਦੀਦਾ ਗੀਤ" ਲੱਲਾ ਲੱਲਾ ਲੋਰੀ ..." (ਮੁਕੇਸ਼ ਹੁਰਾਂ ਦਾ ਗਾਇਆ) ਲਾ ਲਿਆ। ਇਹ ਗੀਤ ਸੁਣਦਿਆਂ-ਨਹਾਉਂਦਿਆਂ ਮੈਨੂੰ ਕਮਲਜੀਤ ਨੀਲੋਂ ਦਾ ਗੀਤ ਯਾਦ ਆ ਗਿਆ 'ਸੌਂ ਜਾ ਬੱਬੂਆ ਮਾਣੋ ਬਿੱਲੀ ਆਈ ਆ..!' ਇਨ੍ਹਾਂ ਗੀਤਾਂ ਨੇ ਮੇਰਾ ਅਕੇਵਾਂ ਕਾਫੀ ਦੂਰ ਕਰ ਦਿੱਤਾ। ਸੋਚ ਰਿਹਾ ਸੀ ਕਿ ਮੈਂ ਹਲਕਾ-ਫੁੱਲ ਨਹਾਅ ਕੇ ਮਹਿਸੂਸ ਕਰ ਰਿਹਾ ਹਾਂ ਜਾਂ ਲੋਰੀ ਵਰਗੇ ਗੀਤ ਨੂੰ ਸੁਣ ਕੇ! ਫੇਰ ਮਨ 'ਚ ਖਿਆਲ ਆਉਣ ਲੱਗਾ ਕਿ ਇਹ ਲੋਰੀ ਕੀ ਸ਼ੈਅ ਹੈ..! ਕਿਵੇਂ ਇਸਨੂੰ ਸੁਣਦਿਆਂ ਬੱਚਾ ਸੁਪਨਿਆਂ ਦੀ ਦੁਨੀਆ 'ਚ ਪਹੁੰਚ ਜਾਂਦੈ !



ਇਨ੍ਹਾਂ ਸੋਚਾਂ 'ਚ ਗੁਆਚਿਆ ਕੌਫ਼ੀ ਦਾ ਕੱਪ ਲੈ ਕੇ ਬਿੱਲ ਦੇਣ ਲਈ ਕਾਊਂਟਰ 'ਤੇ ਗਿਆ। ਸਾਹਮਣੇ ਇੱਕ ਖੂਬਸੂਰਤ ਕੁੜੀ ਖੜੀ ਸੀ...ਬਹੁਤ ਈ ਮਾਸੂਮ ਮੁਸਕਰਾਹਟ ਵਾਲੀ ! ਉਮਰ ਕੋਈ ਤੀਹ-ਪੈਂਤੀ ਸਾਲ! ਮੇਰੀ ਵੱਡੀ ਧੀ ਭੋਲੇ ਦੇ ਹਾਣ ਦੀ! ਉਸ ਦੀ ਪੂਰੀ ਤਰ੍ਹਾਂ ਖਿੜ ਕੇ ਕੀਤੀ ਇਸ ਟਿੱਪਣੀ ਤੋਂ ਪਤਾ ਲੱਗ ਗਿਆ ਕਿ ਸ਼ਾਵਰ ਟਿਕਟ ਦੇਣ ਵਾਲੀ ਇਹੋ ਕੁੜੀ ਸੀ, 'ਯੂ ਸੀਮ ਫੁਲੀ ਰਿਫਰੈਸ਼ਡ ਨਾ"...!' ਉਸਦਾ ਸ਼ੁਕਰੀਆ ਅਦਾ ਕਰਦਿਆਂ ਜਦ ਮੈਂ ਕਿਹਾ, 'ਥੈਂਕਸ ਫਾਰ ਦਿ ਕਵਿਕ ਸ਼ਾਵਰ...' ਤਾਂ ਮੇਰਾ ਧਿਆਨ ਉਸਦੀ ਕਮੀਜ਼ 'ਤੇ ਲੱਗੇ ਉਸਦੇ ਨਾਂਅ ਵਾਲੇ ਬਿੱਲੇ 'ਤੇ ਗਿਆ। ਮੇਰੀ ਖੁਸ਼ੀ ਦੀ ਹੱਦ ਨਾ ਰਹੀ। ਉਸਦਾ ਨਾਂਅ ਪਤਾ ਕੀ ਸੀ ਲੋਰੀ (LORI) ! ਇਹ ਦੇਖਦਿਆਂ ਸ਼ਾਵਰ ਲੈਂਦੇ ਸਮੇਂ ਲੋਰੀ ਵਾਲੇ ਗੀਤਾਂ ਨਾਲ ਆਇਆ ਸਰੂਰ ਸਿਖਰ ਛੂਹ ਗਿਆ..!

ਮੈਂ ਉਸ ਨੂੰ ਪੁੱਛਿਆ ਕਿ ਮੇਰੇ ਵਾਸਤੇ ਉਹ ਇੱਕ ਮਿੰਟ ਕੱਢ ਸਕਦੀ ਐ? ਉਸਦਾ ਜਵਾਬ ਸੀ, 'ਕਿਉਂ ਨਹੀਂ , ਦੱਸੋ ਕੀ ਕਰ ਸਕਦੀਆਂ ਤੁਹਾਡੇ ਲਈ?' ਮੈਂ ਕਿਹਾ ਕਿ ਸਿਰਫ ਇੱਕ ਸਵਾਲ ਦਾ ਜਵਾਬ ਦੇ ਕਿ ਤੈਨੂੰ ਦੁਨੀਆ ਦੇ ਸਭ ਤੋਂ ਮਿੱਠੇ-ਪਿਆਰੇ, ਸੰਗੀਤਮਈ ਗਾਣੇ ਦਾ ਪਤੈ?

ਹੈਰਾਨ-ਪਰੇਸ਼ਾਨ ਜਿਹੀ ਉਹ ਕੁੜੀ ਕਹਿਣ ਲੱਗੀ ਕਿ ਉਹ ਨਹੀਂ ਜਾਣਦੀ ਤੇ ਮੇਰੇ ਵੱਲ ਸਵਾਲੀਆ ਨਜ਼ਰਾਂ ਨਾਲ ਦੇਖਣ ਲੱਗੀ। ਫੇਰ ਮੈਂ ਉਸਨੂੰ ਪੁੱਛਿਆ ਕਿ ਪੰਘੂੜੇ 'ਚ ਪਏ ਜਾਂ ਕੁੱਛੜ ਚੁੱਕੇ ਬੱਚੇ ਨੂੰ ਸੁਆਉਣ ਲਈ ਮਾਂ ਜੋ ਗੀਤ ਗਾਉਂਦੀ ਐ, ਉਸਨੂੰ ਕੀ ਕਹਿੰਦੇ ਹਨ?

ਉਸਦਾ ਜਵਾਬ ਸੀ 'Lullaby!'

ਮੈਂ ਉਸਨੂੰ ਦੱਸਿਆ ਕਿ ਮੇਰੀ ਮਾਂ ਬੋਲੀ ਪੰਜਾਬੀ 'ਚ ਇਸ ਗੀਤ Lullaby ਨੂੰ ਲੋਰੀ (LORI) ਕਹਿੰਦੇ ਹਨ। ਇਸ ਲਈ ਮੇਰੇ ਲਈ ਤੂੰ ਦੁਨੀਆ ਦਾ ਸਭ ਤੋਂ ਮਿੱਠਾ ਤੇ ਹੁਸੀਨ ਗੀਤ ਐਂ!

ਏਨਾ ਕਹਿਣ ਦੀ ਦੇਰ ਸੀ ਕਿ ਉਹ ਖੁਸ਼ੀ ਭਰੀ ਹੈਰਾਨੀ ਜ਼ਾਹਰ ਕਰਦਿਆਂ ਕਹਿਣ ਲੱਗੀ, 'ਓ ਰੀਅਲੀ...!' ਉਸਨੇ ਮੇਰਾ ਹੱਥ ਘੁੱਟ ਕੇ ਫੜਦਿਆਂ ਕਿਹਾ, 'ਮੈਂ ਆਪਣੇ ਪਤੀ ਤੇ ਬੱਚਿਆਂ ਨੂੰ ਜਾ ਕੇ ਦੱਸਾਂਗੀ ਇਹ ਸਭ ..!' ਖੁਸ਼ੀ 'ਚ ਖੀਵੀ ਲੋਰੀ ਆਪਣੀ ਸਹਿਯੋਗੀ ਕੁੜੀ ਨੂੰ ਇਹ ਸਭ ਦੱਸ ਰਹੀ ਸੀ! ਇਹ ਪਲ ਮੇਰੇ ਲਈ ਬਹੁਤ ਈ ਆਨੰਦਮਈ ਸਨ...ਇੱਕ ਨਿਰਛਲ, ਪਵਿੱਤਰ ਅਹਿਸਾਸ ਵਾਲੇ!

ਚੰਗੀ ਗੱਲ ਇਹ ਰਹੀ ਕਿ ਇਨ੍ਹਾਂ ਪਲਾਂ ਦੌਰਾਨ ਆਪਣੇ ਭਾਈਚਾਰੇ ਦਾ ਕੋਈ ਵੀ ਡਰਾਈਵਰ ਹਾਜ਼ਰ ਨਹੀਂ ਸੀ। ਆਪਣੇ ਵੱਡੀ ਬਹੁਗਿਣਤੀ ਮਰਦ ਜਦ ਕਿਸੇ ਵਿਅਕਤੀ ਨੂੰ ਕਿਸੇ ਔਰਤ, ਉਹ ਵੀ ਜਵਾਨ, ਨਾਲ ਖੜੇ ਦੇਖਦੇ ਹਨ ਤਾਂ ਪਹਿਲੇ ਬੋਲ ਉਨ੍ਹਾਂ ਦੇ ਮੂੰਹੋਂ ਇਹੋ ਨਿਕਲਦੇ ਹਨ, 'ਪੱਟ ਲਈ ਭਾਊ ਨੇ...ਅੜਾ ਲਈ ਕੁੰਡੀ...ਇਹ ਕਿੱਦਾਂ ਹੱਥ ਮਾਰ ਗਿਆ..!' ਇਸ ਨਜ਼ਰੀਏ ਤੋਂ ਬਿਨਾ ਮਰਦ-ਔਰਤ ਦੇ ਕਿਸੇ ਹੋਰ ਰਿਸ਼ਤੇ ਬਾਰੇ ਉਹ ਸੋਚ ਈ ਨਹੀਂ ਸਕਦੇ।

ਅਸੀਂ ਇੱਕ ਯਾਦਗਾਰੀ ਤਸਵੀਰ ਉਤਾਰੀ। ਮੈਂ ਆਪਣੇ ਅਹਿਸਾਸ ਨੂੰ ਮਾਸੂਮ ਬੱਚੇ ਵਾਂਗ ਕੁੱਛੜ ਚੁੱਕੀ, ਲੋਰੀ ਦੀ ਲੰਮੀ ਉਮਰ ਲਈ ਦੁਆ ਕਰਦਿਆਂ ਆਪਣੇ ਟਰੱਕ 'ਚ ਆ ਬੈਠਾ।

ਹੁਣ ਡਰਾਈਵ ਕਰਨ ਦੀ ਵਾਰੀ ਅਵਤਾਰ ਦੀ ਸੀ। ਉਸ ਨੂੰ ਜਗਾਇਆ। ਟਰੱਕ ਤੁਰਦੇ ਸਾਰ ਉਂਜ ਮੈਂ ਸੌਂ ਜਾਣਾ ਸੀ ਪਰ ਕਾਫ਼ੀ ਦੇਰ ਨਾਲ ਵਾਲੀ ਸੀਟ 'ਤੇ ਬੈਠਾ ਰਿਹਾ। ਵਾਪਸੀ ਦੇ ਸਾਰੇ ਸਫ਼ਰ ਦੌਰਾਨ ਲੋਰੀ ਮੇਰੇ ਨਾਲ ਰਹੀ ਤੇ ਮੈਂ ਅਕੇਵੇਂ-ਥਕੇਵੇਂ ਤੋਂ ਕੋਹਾਂ ਦੂਰ!

ਇਸ ਤਜਰਬੇ, ਇਸ ਅਲੋਕਾਰੀ ਅਹਿਸਾਸ ਤੋਂ ਬਾਅਦ ਮੈਂ ਅਕਸਰ ਲੋਰੀ ਬਾਰੇ ਸੋਚਦਾ ਰਹਿੰਦਾ ਹਾਂ ਕਿ ਲੋਰੀ ਵਿੱਚ ਕਿਹੜਾ ਨਸ਼ਾ ਹੈ ਕਿ ਬੱਚਾ ਘੂਕ ਸੌਂ ਜਾਂਦੈ...ਮੈਨੂੰ ਜਾਪਦੈ ਕਿ ਇਹ ਉਹ ਗੀਤ ਐ ਜੋ ਜਨਮ ਤੋਂ ਪਹਿਲਾਂ ਪੂਰੇ ਨੌਂ ਮਹੀਨੇ ਬੱਚਾ ਮਾਂ ਦੇ ਗਰਭ 'ਚ ਰਹਿੰਦਿਆਂ ਸੁਣਦੈ...ਮਾਂ ਦੇ ਦਿਲ ਦੀ ਧੜਕਨ ਸਭ ਤੋਂ ਪਹਿਲਾਂ ਉਸਦੇ ਕੰਨਾਂ 'ਚ ਪੈਂਦੀ ਐ...ਉਹ ਇਸ ਧੜਕਨ ਨਾਲ ਥਿਰਕਦੈ...ਇਹ ਧੜਕਨ ਈ ਉਸਦੀ ਜ਼ਿੰਦਗੀ ਐ...ਇਹ ਧੜਕਨ ਈ ਉਸ ਲਈ ਪਹਿਲਾ ਸੰਗੀਤ ਐ।

ਕੋਈ ਵੀ ਗੀਤ ਜੋ ਲਗਾਤਾਰ ਕੰਨਾਂ 'ਚ ਮੱਠਾ-ਮੱਠਾ ਜ਼ਿਆਦਾ ਸਮਾਂ ਵੱਜਦਾ ਰਹੇ ਤਾਂ ਉਹ ਨਸ਼ੇ ਵਾਂਗ ਈ ਕੰਮ ਕਰਦੈ! ਇਸੇ ਲਈ ਜਨਮ ਤੋਂ ਬਾਅਦ ਜਦ ਮਾਂ ਬੱਚੇ ਨੂੰ ਆਪਣੀ ਛਾਤੀ ਨਾਲ ਲਾਉਂਦੀ ਐ ਤਾਂ ਉਹ ਆਪਣੀ ਮਾਂ ਦੇ ਦਿਲ ਦੀ ਧੜਕਨ ਨੂੰ ਸੁਣਦਿਆਂ ਸ਼ਾਂਤ ਹੋ ਜਾਂਦੈ...ਇਹ ਧੜਕਨ ਬੱਚੇ ਲਈ ਇੱਕ ਨਸ਼ੇ ਦਾ ਕੰਮ ਕਰਦੀ ਐ ਤੇ ਜਦ ਅਜਿਹਾ ਕਰਦਿਆਂ ਮਾਂ ਮੱਠਾ-ਮੱਠਾ ਗੁਣਗੁਣਾਉਂਦੀ ਐ ਤਾਂ ਨਸ਼ਾ ਦੁੱਗਣਾ ਹੋ ਜਾਂਦੈ!

ਇਸ ਅਹਿਸਾਸ ਸੰਗ ਗੁਜ਼ਰਦਿਆਂ ਮੈਨੂੰ ਆਪਣੀਆਂ ਤਿਤਲੀਆਂ, ਆਪਣੇ ਪੁੱਤ ਬਗਲ 'ਚ ਬੈਠੀਆਂ ਆਪਣੀ ਮਾਂਵਾਂ ਦੀ ਗੋਦ 'ਚ ਸਿਰ ਰੱਖ ਕੇ ਉਂਘਲਾਉਂਦੇ ਹੋਏ ਮਹਿਸੂਸ ਹੁੰਦੇ ਹਨ...ਮੈਨੂੰ ਜਾਪਦੈ ਕਿ ਮੈਂ ਚੁੱਪ-ਚੁਪੀਤੇ ਉਨ੍ਹਾਂ ਲਈ ਛਾਂ ਬਣ ਗਿਆ ਹਾਂ ਕਿ ਕਿਤੇ ਜ਼ਰਾ ਜਿੰਨੀ ਵੀ ਧੁੱਪ ਨਾ ਲੱਗੇ ਇਸ ਪਿਆਰੀ-ਨਿਆਰੀ ਦੁਨੀਆ ਨੂੰ! ਆਨੰਦਮਈ ਅਵਸਥਾ 'ਚ ਅੱਖਾਂ ਮੀਟ ਕੇ ਮਨ ਹੀ ਮਨ ਆਖਦਾ ਹਾਂ; ਜਿਊਂਦਾ ਰਹੇ ਦੁਨੀਆ ਦਾ ਸਭ ਤੋਂ ਮਿੱਠਾ-ਪਿਆਰਾ ਗੀਤ "ਲੋਰੀ"

ਹੱਸਦੀਆਂ-ਵੱਸਦੀਆਂ ਰਹਿਣ ਇਸ ਮਹਾਨ ਸੰਗੀਤ ਦੀਆਂ ਸਿਰਜਣਹਾਰ ਦੁਨੀਆ ਦੀਆਂ ਸਾਰੀਆਂ ਮਾਂਵਾਂ...!

ਜਿਊਂਦੀ ਰਹੇ ਲੋਰੀ (LORI) ਜਿਸਨੇ ਮੈਨੂੰ ਇਸ ਖੂਬਸੂਰਤ ਗੀਤ, ਇਸ ਅਹਿਸਾਸ ਨਾਲ ਮੁੜ ਤੋਂ ਜੁੜਨ ਦਾ ਮੌਕਾ ਦਿੱਤੈ!

ਹਮੇਸ਼ਾ ਖੁਸ਼ੀਆਂ ਵੰਡਦਾ ਰਹੇ ਉਸਦਾ ਖਿੜਿਆ ਹੋਇਆ ਮਾਸੂਮ ਚਿਹਰਾ..!

---

## *ਹਰਮਿੰਦਰ ਸਿੰਘ ਸੰਧੂ! ਸਾਡਾ ਡੁੱਬਿਆ ਸੂਰਜ ਚੜ੍ਹੇਗਾ!!*

*(ਪਿਛਲੇ ਸਫੇ ਦਾ ਬਾਕੀ)*

ਹਰਿਮੰਦਰ ਸਾਹਿਬ ਵਿਚ ਲਿਜਾਣ ਦੀ ਕਵਾਇਦ ਨੂੰ ਸ਼੍ਰੋਮਣੀ ਕਮੇਟੀ, ਸ਼੍ਰੋਮਣੀ ਅਕਾਲੀ ਦਲ, ਤਖਤਾਂ ਦੇ ਜਥੇਦਾਰਾਂ ਨੇ ਰੋਕਿਆ ਕਿਉਂ ਨਹੀਂ? ਮੰਨ ਲਿਆ, ਜੇ ਪੁਰਾਣੀਆਂ ਸਿੱਖ ਰਵਾਇਤਾਂ ਦੀ ਆੜ ਹੇਠ ਮੋਰਚਾ ਪਵਿੱਤਰ ਧਾਰਮਿਕ ਅਸਥਾਨ ਤੋਂ ਸ਼ਾਂਤਮਈ ਰਾਜਨੀਤਕ ਮੋਰਚਾ ਸ਼ੁਰੂ ਕਰ ਹੀ ਲਿਆ ਸੀ ਤਾਂ ਉਥੇ ਭਾਂਤ-ਭਾਂਤ ਦੇ ਹਥਿਆਰ ਇਕੱਠੇ ਕਿਉਂ ਹੋਣ ਦਿੱਤੇ ਗਏ? ਉਸ ਸਾਰੇ ਅਰਸੇ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਤੇ ਦਰਬਾਰ ਸਾਹਿਬ ਕੰਪਲੈਕਸ ਦੇ ਕਸਟੋਡੀਅਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਇਸ ਰੁਝਾਨ ਨੂੰ ਰੋਕਣ ਲਈ ਇਕ ਵਾਰ ਵੀ ਜ਼ੁਬਾਨ ਖੋਲ੍ਹਣ ਦੀ ਕੋਸ਼ਿਸ਼ ਕਿਉਂ ਨਹੀਂ ਕੀਤੀ? ਫੌਜੀ ਘੇਰਾ ਪੈ ਜਾਣ ਤੱਕ ਸਾਰੀ ਲੀਡਰਸ਼ਿਪ ਨੇ ਕਬੂਤਰ ਵਾਂਗ ਅੱਖਾਂ ਮੀਟੀ ਰੱਖਣ ਦੀ ਨੀਤੀ ਕਿਉਂ ਅਪਨਾਈ ਰੱਖੀ? ਕੀ ਇਹ ਸਭ ਵੀ ਕਿਸੇ ਸਾਜ਼ਿਸ਼ ਦਾ ਹਿੱਸਾ ਤੇ ਨਹੀਂ ਸੀ, ਜਿਸ ਬਾਰੇ ਜੀ.ਬੀ. ਸਿੰਘ ਸਿੱਧੂ ਤੇ ਹੋਰ ਅਨੇਕਾਂ ਕਿਤਾਬਾਂ ਇਸ਼ਾਰਾ ਕਰਦੀਆਂ ਹਨ? ਕੀ ਅਜੇ ਵੀ ਸਾਨੂੰ ਸਪੱਸ਼ਟ ਨਹੀਂ ਹੋ ਰਿਹਾ ਕਿ ਪੰਥ ਉਸ ਵਕਤ ਸੌੜੀ ਰਾਜਨੀਤੀ ਦੇ ਰਾਹ ਪੈ ਚੁੱਕਾ ਸੀ?

ਇਸ 'ਧਰਮ ਯੁੱਧ ਮੋਰਚੇ' ਦਾ ਆਧਾਰ 'ਅਨੰਦਪੁਰ ਦਾ ਮਤਾ' ਸੀ, ਜਿਸ ਬਾਰੇ ਇਹ ਪ੍ਰਚਾਰਿਆ ਜਾਂਦਾ ਹੈ ਕਿ ਉਹ ਪੰਜਾਬ ਦੀਆਂ ਸਾਂਝੀਆਂ ਹੱਕੀ ਮੰਗਾਂ ਦੇ ਨਾਲ਼-ਨਾਲ਼ ਭਾਰਤ ਦੇ ਸਾਰੇ ਰਾਜਾਂ ਲਈ ਵੱਧ ਅਧਿਕਾਰਾਂ ਵਾਲ਼ੇ ਫੈਡਰਲ ਢਾਂਚੇ ਦੀ ਮੰਗ ਕਰਦਾ ਹੈ, ਜਦਕਿ ਉਸ ਦੀਆਂ ਮੁਢਲੀਆਂ ਲਾਈਨਾਂ 'ਪੰਜਾਬ ਵਿਚ ਸਿੱਖਾਂ ਦੇ ਬੋਲ-ਬਾਲੇ' ਦੀ ਵਕਾਲਤ ਕਰਦੀਆਂ ਹਨ? ਜੇ ਇਸ ਤੋਂ ਅਨੰਦਰਪੁਰ ਸਾਹਿਬ ਦਾ ਮਤਾ ਬਣਾਉਣ ਵਾਲ਼ਿਆਂ ਦੀ ਰੀਝ ਸਿੱਖਾਂ ਦੀ ਚੜ੍ਹਦੀ ਕਲਾ ਵੇਖਣ ਤੋਂ ਸੀ ਤਾਂ ਦੱਸੋ ਦੁਨੀਆਂ ਭਰ ਵਿਚ ਬੈਠਾ ਕਿਹੜਾ ਸਿੱਖ ਹੈ, ਜੋ ਸਿੱਖਾਂ ਦੀ ਚੜ੍ਹਦੀ ਕਲਾ ਨਹੀਂ ਚਾਹੁੰਦਾ? ਕੀ ਇਸ ਰੀਝ ਦਾ ਪ੍ਰਗਟਾਵਾ ਅਜੋਕੇ ਜਮਹੂਰੀ ਮਾਡਰਨ ਵਰਲਡ ਦੀਆਂ ਹਕੀਕਤਾਂ ਦੇ ਸੰਦਰਭ ਵਿਚ ਕਿਸੇ ਹੋਰ ਢੰਗ ਨਾਲ਼ ਨਹੀਂ ਸੀ ਕੀਤਾ ਜਾ ਸਕਦਾ? ਜੇ ਇਸਦਾ ਜਵਾਬ ਨਹੀਂ ਵਿਚ ਸੀ ਤਾਂ ਫਿਰ ਵਿਰੋਧੀ ਸਾਡੇ ਇਰਾਦਿਆਂ 'ਤੇ ਸ਼ੱਕ ਕਿਉਂ ਨਾ ਕਰਨ ਕਿ ਅਸੀਂ 'ਧਰਮ ਯੁੱਧ ਮੋਰਚੇ' ਦੀ ਆੜ ਵਿਚ ਦੇਸ਼ ਤੋੜਨ ਦੀ ਸਾਜ਼ਿਸ਼ ਕਰ ਰਹੇ ਸੀ? ਕੀ ਅਸੀਂ 'ਪੰਜਾਬੀ ਸੂਬਾ' ਮੋਰਚੇ ਵੇਲੇ ਵੀ ਅਜਿਹੀ ਹੀ ਗਲਤੀ ਨਹੀਂ ਕੀਤੀ ਸੀ ਕਿ ਮੰਗ ਤਾਂ ਬੋਲੀ ਆਧਾਰਤ ਸੂਬੇ ਦੀ ਕਰ ਰਹੇ ਸੀ ਤੇ ਮਨਸ਼ਾ ਪੰਜਾਬ ਵਿਚ ਬਹੁ-ਗਿਣਤੀ ਸਿੱਖ ਸੂਬਾ ਬਣਾਉਣ ਦਾ ਸੀ ਤਾਂ ਕਿ ਅਕਾਲੀਆਂ ਲਈ ਆਪਣੀਆਂ ਸਰਕਾਰਾਂ ਬਣਾਉਣ ਲਈ ਰਾਹ ਪੱਧਰਾ ਹੋ ਜਾਵੇ? ਫਿਰ ਕਿਵੇਂ ਦੂਜਿਆਂ ਨੂੰ ਦੋਸ਼ ਦੇਈਏ ਕਿ ਹਿੰਦੂਆਂ ਜਾਂ ਦੂਜੇ ਸੂਬਿਆਂ ਦੇ ਲੋਕਾਂ ਨੇ ਸਾਡਾ ਸਾਥ ਨਹੀਂ ਦਿੱਤਾ? ਕੀ ਅਕਾਲੀਆਂ ਨੇ ਆਪਣੀ ਅਜਿਹੀ ਰਾਜਨੀਤੀ ਅਧੀਨ ਰਾਜਸੀ ਮੋਰਚੇ ਨੂੰ ਸਿਰਫ ਇੱਕ ਧਰਮ ਅਸਥਾਨ ਨਾਲ਼ ਜੋੜ ਕੇ ਪੰਜਾਬ ਵਿਚ ਬਾਕੀ ਵੱਸਦੇ ਸਾਰੇ ਭਾਈਚਾਰਿਆਂ ਨੂੰ ਬਾਹਰ ਦਾ ਰਸਤਾ ਨਹੀਂ ਦਿਖਾ ਦਿੱਤਾ ਸੀ?

ਸਰਦਾਰ ਗੁਰਤੇਜ ਸਿੰਘ ਆਪਣੀਆਂ ਲਿਖਤਾਂ ਵਿਚ ਕਈ ਵਾਰ ਦਾਅਵਾ ਕਰ ਚੁੱਕੇ ਹਨ ਕਿ ਜਨਰਲ ਜਸਵੰਤ ਸਿੰਘ ਭੁੱਲਰ, ਜੋ ਕਿ ਭਾਰਤੀ ਖੁਫੀਆ ਏਜੰਸੀ ਰਾਅ ਦਾ ਏਜੰਟ ਸੀ, ਉਨ੍ਹਾਂ ਕੋਲ਼ ਹਰਿਮੰਦਰ ਸਾਹਿਬ ਹਥਿਆਰ ਪਹੁੰਚਾਣ ਵਿਚ ਮਦਦ ਮੰਗਣ ਆਇਆ ਸੀ? ਜੇ ਗੁਰਤੇਜ ਸਿੰਘ ਹੋਰਾਂ ਨੂੰ ਜਨਰਲ ਭੁੱਲਰ ਦੇ ਰਾਅ ਦਾ ਏਜੰਟ ਹੋਣ ਬਾਰੇ ਪਤਾ ਸੀ ਤਾਂ ਉਨ੍ਹਾਂ ਸੰਤ ਭਿੰਡਰਾਂਵਾਲ਼ਿਆਂ ਦੇ ਸਲਾਹਕਾਰ ਹੋਣ ਨਾਤੇ ਉਨ੍ਹਾਂ ਨੂੰ ਕਿਉਂ ਨਹੀਂ ਦੱਸਿਆ ਕਿ ਭਾਰਤ ਸਰਕਾਰ ਭੁੱਲਰ ਰਾਹੀਂ ਅੰਦਰ ਹਥਿਆਰ ਭੇਜ ਕੇ ਹਮਲਾ ਕਰਨ ਦੀ ਸਾਜ਼ਿਸ਼ ਕਰ ਰਹੀ ਹੈ? ਜੇ ਗੁਰਤੇਜ ਸਿੰਘ ਨੇ ਨਹੀਂ ਦੱਸਿਆ ਸੀ ਤਾਂ ਸੰਤਾਂ ਨੇ ਰਾਅ ਦੇ ਏਜੰਟਾਂ ਤੋਂ ਹਥਿਆਰ ਕਿਵੇਂ ਜਾਂ ਕਿਉਂ ਲਏ? ਕੀ ਸਾਰੀ ਲੀਡਰਸ਼ਿਪ ਸਾਜ਼ਿਸ਼ਾਂ ਦਾ ਸ਼ਿਕਾਰ ਸੀ ਜਾਂ ਉਹੀ ਕੁਝ ਕਰੀ ਜਾ ਰਹੀ ਸੀ, ਜੋ ਏਜੰਸੀਆਂ ਚਾਹੁੰਦੀਆਂ ਸਨ? ਇਨ੍ਹਾਂ ਸਵਾਲਾਂ ਦੇ ਜਵਾਬ ਕੌਣ ਦੇਵੇਗਾ? ਪੰਥ ਨੂੰ ਸਮਰਪਿਤ ਸਿਰਮੌਰ ਵਿਦਵਾਨ ਕਦੋਂ ਅਜਿਹੇ ਸਵਾਲਾਂ ਦੇ ਜਵਾਬ ਤਲਾਸ਼ਣ ਦੀ ਹਿੰਮਤ ਕਰਨਗੇ?

ਗੁਰਤੇਜ ਸਿੰਘ ਹੋਰੀਂ 1992 ਦੀਆਂ ਚੋਣਾਂ ਦੇ ਬਾਈਕਾਟ ਦਾ ਦਰਦ ਤਾਂ ਮਹਿਸੂਸ ਕਰਦੇ ਹਨ, ਪਰ ਉਨ੍ਹਾਂ ਚੋਣਾਂ ਦੇ ਬਾਈਕਾਟ ਨੂੰ ਸਿਰੇ ਚੜ੍ਹਾਉਣ ਲਈ ਕਿਤਨੇ ਸਿੱਖ ਨੌਜਵਾਨਾਂ ਨੇ ਆਪਣੀ ਜਾਨ ਦੀਆਂ ਅਹੂਤੀਆਂ ਦਿੱਤੀਆਂ, ਜਿਨ੍ਹਾਂ ਨਾਲ਼ ਸਾਡੀ ਵੀ ਪੂਰੀ ਹਮਦਰਦੀ ਹੈ ਤੇ ਅਜਿਹਾ ਕਰਦਿਆਂ ਉਨ੍ਹਾਂ ਨੇ ਕਿਤਨੀਆਂ ਬੱਸਾਂ, ਟਰੇਨਾਂ, ਭੱਠਿਆਂ, ਨਹਿਰਾਂ ਤੇ ਬੇਗੁਨਾਹ ਹਿੰਦੂ ਤੇ ਪ੍ਰਵਾਸੀ ਮਾਰੇ ਸਨ। ਉਸ ਬੇਮੁਹਾਰੀ ਹਿੰਸਾ ਦੀ ਭੇਟ ਚੜ੍ਹੇ ਬੇਗੁਨਾਹਾਂ ਦੇ ਪਰਿਵਾਰਾਂ ਦਾ ਦਰਦ 'ਸਰਬੱਤ ਦਾ ਭਲਾ' ਮੰਗਣ ਵਾਲ਼ੇ ਪੰਥ ਦਾ ਦਰਦ ਕਦੋਂ ਬਣੇਗਾ? ਸ਼ਾਇਦ ਉਸ ਦਿਨ, ਜਿਸ ਦਿਨ ਸਾਡੀ ਸੋਚ ਮਨੁੱਖਤਾਵਾਦੀ ਤੇ ਸਾਂਝੀਵਾਲਤਾ ਵਾਲ਼ੀ ਹੋਵੇਗੀ? ਸ. ਗੁਰਤੇਜ ਸਿੰਘ ਜੀ ਇਹ ਸਵਾਲ ਤੁਹਾਡੇ ਵਰਗੇ ਕਿਸੇ ਜ਼ਿੰਮੇਵਾਰ ਪੰਥ ਹਿਤੈਸ਼ੀ ਵਿਦਵਾਨ ਤੋਂ ਹੀ ਪੁਛਿਆ ਜਾ ਸਕਦਾ ਹੈ? ਸ. ਅਜਮੇਰ ਸਿੰਘ ਵਰਗੇ ਵਿਦਵਾਨਾਂ ਨੂੰ ਅਜਿਹਾ ਸਵਾਲ ਕਰਨ ਦੀ ਗੁਸਤਾਖੀ ਤਾਂ ਕੀਤੀ ਹੀ ਨਹੀਂ ਜਾ ਸਕਦੀ? ਉਹ ਤਾਂ ਆਪਣੇ ਭਾਸ਼ਨਾਂ ਤੇ ਲਿਖਤਾਂ ਵਿਚ ਵਾਰ-ਵਾਰ ਸੰਧੂ ਤੇ ਸਾਥੀਆਂ ਦੇ ਕਤਲਾਂ ਨੂੰ ਜਾਇਜ਼ ਠਹਿਰਾਈ ਜਾਂਦਾ ਹੈ। ਫਰਵਰੀ, 1992 ਦੀਆਂ ਚੋਣਾਂ ਦੇ ਬਾਈਕਾਟ ਨੂੰ ਉਹ ਅੱਜ ਵੀ ਗੱਜ-ਵੱਜ ਕੇ ਜਾਇਜ਼ ਠਹਿਰਾਉਂਦਾ ਹੈ। ਉਨ੍ਹਾਂ ਦਾ ਤਾਂ ਇਹ ਵੀ ਕਹਿਣਾ ਹੈ ਕਿ ਜੇ ਬਾਈਕਾਟ ਨਾ ਹੁੰਦਾ ਤਾਂ ਪੰਥ ਦਾ ਬਹੁਤ ਭਾਰੀ ਨੁਕਸਾਨ ਹੋਣਾ ਸੀ ਤੇ ਪੰਥ ਨੇ ਉਨ੍ਹਾਂ ਹਜ਼ਾਰਾਂ ਸ਼ਹਾਦਤਾਂ ਦੀ ਦਾਤ ਤੋਂ ਵਾਂਝੇ ਰਹਿ ਜਾਣਾ ਸੀ, ਜਿਹੜੀਆਂ ਸ਼ਹਾਦਤਾਂ ਦੀ ਦਾਤ ਗੁਰੂ ਸਾਹਿਬ ਨੇ ਖਾੜਕੂ ਸੂਰਮਿਆਂ ਦੀ ਝੋਲ਼ੀ ਪਾਉਣੀ ਸੀ। ਮੇਰੀ ਤੁਹਾਨੂੰ, ਅਮਰੀਕ ਸਿੰਘ ਮੁਕਤਸਰ ਆਦਿ ਵਰਗੇ ਸੁਹਿਰਦ ਪੰਥ ਹਿਤੈਸ਼ੀ ਵਿਦਵਾਨਾਂ ਨੂੰ ਸਨਿਮਰ ਬੇਨਤੀ ਹੈ ਕਿ ਤੁਹਾਨੂੰ ਅਜਮੇਰ ਸਿੰਘ ਤੇ ਉਸ ਵਰਗੀ ਸੋਚ ਵਾਲ਼ੇ ਸਿੱਖ ਚਿੰਤਕਾਂ ਤੋਂ ਸਪੱਸ਼ਟ ਨਿਖੇੜਾ ਜ਼ਰੂਰ ਕਰਨਾ ਚਾਹੀਦਾ ਹੈ? ਪਰ ਉਸ ਤਰ੍ਹਾਂ ਦਾ ਨਿਖੇੜਾ ਨਹੀਂ, ਜਿਸ ਤਰ੍ਹਾਂ ਦਾ ਨਿਖੇੜਾ ਧਰਮ ਯੁੱਧ ਮੋਰਚੇ ਦੇ 'ਕਲੋਜ਼ਰ' ਦੀ ਵਾਰ-ਵਾਰ ਮੰਗ ਕਰਨ ਵਾਲ਼ਾ ਇੱਕ ਸੀਨੀਅਰ ਪੱਤਰਕਾਰ ਜਗਤਾਰ ਸਿੰਘ ਧਰਮ ਯੁੱਧ ਮੋਰਚੇ ਦੌਰਾਨ ਕੰਪਲੈਕਸ ਵਿਚ ਹਥਿਆਰਾਂ ਦੀ ਪ੍ਰਦਰਸ਼ਨੀ ਦੇ ਬਿਆਨ ਤੋਂ ਬਾਅਦ ਗਿਆਨੀ ਪ੍ਰਤਾਪ ਸਿੰਘ ਦੀ ਹੱਤਿਆ ਨੂੰ ਆਪਣੀਆਂ ਕਿਤਾਬਾਂ ਵਿਚ ਦਰਜ ਨਾ ਕਰਨ 'ਤੇ ਪੱਤਰਕਾਰ ਰਜਿੰਦਰ ਸਿੰਘ ਤੱਗੜ੍ਹ ਵਲੋਂ ਸਵਾਲ ਪੁੱਛੇ ਜਾਣ 'ਤੇ ਇੰਟਰਵਿਊ ਦੌਰਾਨ ਹੀ ਉਸਨੂੰ ਪੈ ਨਿਕਲ਼ਿਆ ਸੀ: 'ਤੂੰ ਮੇਰੀ ਇੰਟਰਵਿਊ ਲੈਣ ਆਇਆ ਹੈਂ ਜਾਂ ਮੇਰੀ ਇੰਟੈਰੋਗੇਸ਼ਨ ਕਰਨ ਆਇਆ ਹੈਂ।' ਇਹ ਕਹਿ ਕਿ ਉਸਨੇ ਇੰਟਰਵਿਊ ਵਿਚੇ ਛੱਡ ਦਿੱਤੀ ਸੀ...।

ਮੇਰੇ ਦਿਮਾਗ ਵਿਚ ਵਾਰ-ਵਾਰ ਇਹ ਸਵਾਲ ਉਠਦਾ ਹੈ ਕਿ ਸਾਡੇ ਵਿਦਵਾਨ ਕਦੋਂ ਇਹ ਵਿਚਾਰ ਕਰਨਗੇ ਕਿ ਪੰਜਾਬ ਵਿਚ ਅੱਧੋਂ ਵੱਧ ਵਸਦੇ ਗੈਰ ਸਿੱਖ ਭਾਈਚਾਰਿਆਂ ਦਾ ਭਵਿੱਖ ਤੁਹਾਡੇ ਵਲੋਂ ਕਲਪੇ ਜਾ ਰਹੇ 'ਸਿੱਖਾਂ ਦੇ ਬੋਲ-ਬਾਲੇ' ਵਾਲ਼ੇ ਪੰਜਾਬ ਵਿਚ ਕੀ ਹੋਵੇਗਾ? ਜਿਨ੍ਹਾਂ ਨੂੰ ਤਕਰੀਬਨ ਸਾਰੀ ਪੰਥਕ ਲੀਡਰਸ਼ਿਪ ਸਿੱਖਾਂ ਦੇ ਦੁਸ਼ਮਣ ਮੰਨਦੀ ਹੈ? ਉਥੇ ਸਿੱਖਾਂ ਵਿਚਲੇ ਰਾਧਾ ਸਵਾਮੀਆਂ, ਨਾਮਧਾਰੀਆਂ, ਸਹਿਜਧਾਰੀਆਂ ਆਦਿ ਵੱਖਰੇ ਫਿਰਕਿਆਂ ਨਾਲ਼ ਕੀ ਵਾਪਰੇਗੀ? ਜਿਨ੍ਹਾਂ ਨੂੰ ਭਾਰੂ ਪੰਥਕ ਧਿਰਾਂ ਸਿੱਖ ਹੀ ਨਹੀਂ ਮੰਨਦੀਆਂ? ਅਸੀਂ ਵੀ ਗੁਰੂਆਂ ਦੇ ਨਾਮ 'ਤੇ ਵਸਦੇ ਪੰਜਾਬ ਤੇ ਪੰਥ ਦੀ ਖ਼ੈਰ ਮੰਗਦੇ ਹਾਂ, ਪਰ ਦੇਸ਼-ਵਿਦੇਸ਼ ਵਿਚ ਹਿੰਸਾ, ਨਫਰਤ ਤੇ ਧੌਂਸ ਦੀ ਰਾਜਨੀਤੀ ਅਪਨਾ ਕੇ ਗੁਰੂਆਂ ਦਾ ਸਾਂਝੀਵਾਲਤਾ ਵਾਲ਼ਾ ਸਮਾਜ ਨਹੀਂ ਸਿਰਜਿਆ ਜਾ ਸਕਦਾ? ਤੇ ਨਾ ਹੀ ਇਹ ਖ਼ੈਰ ਦੂਜਿਆਂ ਨੂੰ ਬਲ਼ੀ ਦਾ ਬੱਕਰਾ ਬਣਾ ਕੇ ਮੰਗੀ ਜਾ ਸਕਦੀ ਹੈ?

ਅੱਜ ਪੰਜਾਬ ਵਿਚ ਹਰ ਪਾਸੇ ਸੰਕਟ ਹੀ ਸੰਕਟ ਹੈ? ਖੇਤੀ, ਸਿੱਖਿਆ, ਸਿਹਤ, ਗੰਦਾ ਤੇ ਮੁੱਕ ਰਿਹਾ ਪਾਣੀ, ਬੰਜਰ ਹੋ ਰਹੀ ਜ਼ਮੀਨ, ਉਦਯੋਗ, ਨਸ਼ੇ, ਖੁਦਕੁਸ਼ੀਆਂ, ਪ੍ਰਵਾਸ, ਕੁਰੱਪਸ਼ਨ, ਮਾਫੀਆ, ਗੈਂਗ, ਜੁਰਮ, ਖਾਲੀ ਖਜ਼ਾਨੇ ਆਦਿ ਦੇ ਵੱਡੇ ਸੰਕਟ ਹਨ। ਪਿੱਛੇ ਜਿਹੇ ਪੰਜਾਬ ਦੇ ਇੱਕ ਅਰਥ ਸ਼ਾਸਤਰੀ ਦੇ ਲੇਖ ਅਨੁਸਾਰ ਪੰਜਾਬ ਦੇ ਸਰਕਾਰੀ ਨੂੰ ਹਰ ਸਾਲ 20 ਤੋਂ 25 ਹਜ਼ਾਰ ਕਰੋੜ ਦਾ ਘਾਟਾ ਪੈ ਰਿਹਾ ਹੈ? ਜਿਸ ਨਾਲ਼ ਪੰਜਾਬ ਦਿਨੋਂ ਦਿਨ ਕੰਗਾਲ ਤੇ ਕਰਜ਼ਾਈ ਹੋ ਰਿਹਾ ਹੈ? ਪੰਜਾਬ ਦੇ ਲੋਕਾਂ ਲਈ ਧਰਮ ਦੀ ਰਾਜਨੀਤੀ ਨਾਲ਼ੋਂ ਵੱਡੇ ਸਵਾਲ ਉਪਰ ਦੱਸੇ ਸੰਕਟ ਹਨ? ਪਰ ਪਿਛਲੇ 30-35 ਸਾਲਾਂ ਤੋਂ ਪੰਥਕ ਲੀਡਰਸ਼ਿਪ ਦਾ ਇਨ੍ਹਾਂ ਸੰਕਟਾਂ ਵੱਲ ਉਕਾ ਧਿਆਨ ਨਹੀਂ? ਉਨ੍ਹਾਂ ਕੋਲ਼ ਪਿਛਲ਼ੇ ਦੋ ਦਹਾਕਿਆਂ ਤੋਂ ਘੁਮਾ ਫਿਰਾ ਕੇ ਬੇਅਦਬੀਆਂ ਤੇ ਬੰਦੀ ਸਿੰਘਾਂ ਦੀ ਰਿਹਾਈ ਦੇ ਹੀ ਦੋ ਮੁੱਦੇ ਹਨ? ਜਿਨ੍ਹਾਂ ਬਾਰੇ ਵੀ ਉਹ ਕਈ ਮੋਰਚੇ ਲਾ ਕੇ ਕਦੇ ਕਾਮਯਾਬ ਨਹੀਂ ਹੋਏ? ਬੇਸ਼ੱਕ ਇਹ ਮੁੱਦੇ ਵੀ ਜ਼ਰੂਰੀ ਹਨ, ਪਰ ਉਪਰਲੇ ਸੰਕਟ ਜ਼ਿਆਦਾ ਵੱਡੇ ਹਨ? ਅੱਜ ਗੁਰੂਆਂ ਦੇ ਨਾਮ 'ਤੇ ਵਸਦੇ ਪੰਜਾਬ ਵਿਚ ਸਿੱਖ ਨੌਜਵਾਨਾਂ ਦਾ ਪੰਜਾਬ ਵਿਚ ਵਸਣ ਦਾ ਸੁਪਨਾ ਚਕਨਾਚੂਰ ਹੋ ਚੁੱਕਾ ਹੈ। ਉਨ੍ਹਾਂ ਲਈ ਪੰਥਕ ਮੁੱਦਿਆਂ ਨਾਲ਼ੋਂ ਆਰਥਿਕ ਮੁੱਦੇ ਵੱਡੇ ਹਨ, ਇਸੇ ਲਈ ਅੱਜ ਹਰ ਸਿੱਖ ਨੌਜਵਾਨ ਪਾਸਪੋਰਟ ਚੁੱਕੀ ਫਿਰਦਾ ਹੈ ਕਿ ਕਿਸੇ ਹੀਲੇ ਪੰਜਾਬ ਛੱਡ ਕੇ ਭੱਜ ਜਾਵੇ? ਪਰ ਇਹ ਵੱਡਾ ਸੰਕਟ ਕਿਸੇ ਪੰਥਕ ਧਿਰ ਦੀ ਸਿਆਸਤ ਦੇ ਏਜੰਡੇ 'ਤੇ ਨਹੀਂ?

ਮੇਰੀ ਸਮਝ ਅਨੁਸਾਰ ਸਵਾਲਾਂ ਦਾ ਸਵਾਲ 50 ਸਾਲ ਤੋਂ ਇਸ ਜਵਾਬ ਦੀ ਉਡੀਕ ਵਿਚ ਹੈ ਕਿ ਸਿੱਖਾਂ ਤੋਂ ਬਿਨਾਂ ਪੰਜਾਬ ਵਿਚ ਵੱਸਦੇ ਹੋਰ ਭਾਈਚਾਰਿਆਂ ਨੂੰ ਨਾਲ਼ ਲਏ ਬਿਨਾਂ ਪੰਜਾਬ ਤੇ ਪੰਥ ਦਾ ਭਲਾ ਕਿਵੇਂ ਹੋ ਸਕੇਗਾ...? ਸ. ਗੁਰਤੇਜ ਸਿੰਘ ਜੀ, ਪੰਜਾਬ ਦੀ ਅਜੋਕੀ ਸਥਿਤੀ ਨੂੰ ਵੇਹੰਦਿਆਂ ਜੇਕਰ ਅਸੀਂ ਆਪਣੇ ਪ੍ਰਵਚਨ ਤੇ ਮੁਹਾਵਰੇ ਨੂੰ ਨਹੀਂ ਬਦਲਦੇ ਤਾਂ ਨਾ ਪੰਜਾਬ ਦਾ ਤੇ ਨਾ ਪੰਥ ਦਾ ਭਲਾ ਹੋ ਸਕਣਾ ਹੈ ਅਤੇ ਨਾ ਹੀ ਪੰਜਾਬ ਦੀ ਬਰਬਾਦੀ ਦੇ ਵਹਿਣ ਨੂੰ ਹੀ ਠੱਲ੍ਹ ਪਾਈ ਜਾ ਸਕਣੀ ਹੈ...!

# ਪੰਜਾਬੀ-ਪੰਥ ਦੇ ਹੁਸਨ-ਇਖ਼ਲਾਕ ਦਾ ਮੁਜੱਸਮਾ

**ਬਰਸੀ 'ਤੇ ਵਿਸ਼ੇਸ਼**

ਸੁਮੇਲ ਸਿੰਘ ਸਿੱਧੂ
ਫੋਨ: +91-9464984010

ਸੰਨ 1985 ਦੀ 20 ਅਗਸਤ ਨੂੰ ਹਤਿਆਰਿਆਂ ਹੱਥੋਂ ਸ਼ਹੀਦ ਹੋਏ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ; ਐਮਰਜੈਂਸੀ ਵਿਰੋਧੀ ਮੋਰਚੇ ਦੇ ਸਰਬ-ਪ੍ਰਵਾਨਿਤ 'ਡਿਕਟੇਟਰ' ਅਤੇ ਧਰਮ ਯੁੱਧ ਮੋਰਚੇ ਦੇ ਆਗੂ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਸ਼ਹਾਦਤ ਨੂੰ 38 ਵਰ੍ਹੇ ਬੀਤ ਗਏ ਹਨ। ਪੰਜਾਬ ਦੀ ਲੋਕਾਈ ਨੇ ਇਸ ਦੌਰਾਨ ਬਹੁਤ ਝੱਖੜ ਝੱਲੇ ਹਨ; ਆਪਣੀ ਸਮਰੱਥਾ ਅਨੁਸਾਰ ਇਤਿਹਾਸ ਦਾ ਫਸਿਆ ਗੱਡਾ, ਗਾਰੇ 'ਚੋਂ ਕੱਢਣ ਦੀ ਵਾਹ ਲਾਈ ਹੈ। ਸੰਤਾਂ ਵਿਚ ਗੁਫ਼ਤਾਰ ਦੇ ਗ਼ਾਜ਼ੀ ਤੇ ਰਾਜ-ਭਾਗ ਦੇ ਧਨੀ ਬਹੁਤ ਆਏ; ਸੱਤਾ ਦੀ ਸ਼ਤਰੰਜ 'ਤੇ ਲਿੱਸੀ-ਪੱਕੀ ਬਾਜ਼ੀ ਖੇਡਣ ਅਤੇ ਸਵੇਰੇ ਖਿੜ ਕੇ ਆਥਣ ਨੂੰ ਮੁਰਝਾ ਜਾਣ ਵਾਲੇ ਸੂਰਜਮੁਖੀਏ ਰਹਬਿਰ ਬਹੁਤ ਆਏ, ਪਰ ਸੰਤ ਲੌਂਗੋਵਾਲ ਦੀ ਸ਼ਹਾਦਤ ਸਦਕਾ ਪਸਰਿਆ ਦਿਨ ਦੀਵੀਂ ਹਨੇਰ ਅਜੇ ਵੀ ਸਾਨੂੰ ਵੰਗਾਰਦਾ ਹੈ। ਪੰਜਾਬ ਦੀ ਸਿਆਸਤ ਦਾ ਨੈਤਿਕ ਧੁਰਾ ਸਨ ਸੰਤ ਲੌਂਗੋਵਾਲ।

ਵੀਹਵੀਂ ਸਦੀ ਵਿਚ ਸਿੱਖ ਲਹਿਰ ਦੀ ਮਨੁੱਖ-ਮਿੱਤਰ ਵਿਚਾਰਧਾਰਾ ਅਕਾਲੀ ਲਹਿਰ ਵਿਚ ਵਿਗਸੀ। ਸ਼ਾਂਤਮਈ, ਲੋਕ-ਲਹਿਰ ਦੀਆਂ ਹੱਕੀ ਮੰਗਾਂ ਉੱਤੇ ਵਰਤਾਏ ਅੰਨ੍ਹੇ ਜਬਰ ਸਾਹਮਣੇ ਅਕਾਲੀ ਜੁਝਾਰੂਆਂ ਦੇ ਫੌਲਾਦੀ ਸਿਦਕ ਦੀ ਕਰਾਮਾਤ ਨੇ ਅੰਗਰੇਜ਼ ਸਾਮਰਾਜ ਅਤੇ ਉਸ ਦੇ ਹਮਾਇਤੀ ਸਿੱਖ ਰਿਆਸਤਾਂ ਦੇ ਰਾਜਿਆਂ ਤੇ ਜਾਗੀਰਦਾਰਾਂ ਖ਼ਿਲਾਫ਼ ਸਾਮਰਾਜ-ਵਿਰੋਧੀ ਚੇਤਨਾ ਨੂੰ ਜਥੇਬੰਦ ਕਰਦਿਆਂ ਪੰਜਾਬ ਵਿਚ ਨਰੋਈ, ਸਾਂਝੀ ਕੌਮੀ ਜ਼ਮੀਨ ਤਿਆਰ ਕੀਤੀ। ਡਾ. ਰੁਚੀ ਰਾਮ ਸਾਹਨੀ, ਡਾ. ਸੈਫ਼-ਉਦ-ਦੀਨ ਕਿਚਲੂ, ਡਾ. ਸਤਯਪਾਲ, ਫਾਦਰ ਸੀ.ਐਫ਼ ਐਂਡਰਿਊਜ਼, ਜਵਾਹਰਲਾਲ ਨਹਿਰੂ ਆਦਿ ਇਨ੍ਹਾਂ ਮੋਰਚਿਆਂ ਦਾ ਹਰ ਪੱਧਰ 'ਤੇ ਸਹਿਯੋਗ ਕਰ ਰਹੇ ਸਨ। ਦੂਜੇ ਪਾਸੇ ਸਿੱਖੀ ਦਾ ਦਮ ਭਰਨ ਵਾਲੇ ਸਰਬਰਾਹ, ਰਾਜੇ, ਜਾਗੀਰਦਾਰ ਆਦਿ ਅੰਗਰੇਜ਼ਾਂ ਨਾਲ ਜੁੜੇ ਰਹਿ ਕੇ ਰਾਜ-ਭਾਗ ਲੈਣ ਦੀ ਨੀਤੀ ਤਹਿਤ, ਜਨਰਲ ਡਾਇਰ ਵਰਗਿਆਂ ਨੂੰ ਸਿਰੋਪਾ ਦੇਣ, ਦੇਸ਼ਭਗਤ ਗ਼ਦਰੀ ਬਾਬਿਆਂ ਨੂੰ ਸਿੱਖੀ ਤੋਂ ਪਤਿਤ ਕਰਾਰ ਦੇਣ ਵਾਲੀ ਅੰਗਰੇਜ਼-ਭਗਤੀ ਨੂੰ ਹੀ ਸਿੱਖੀ ਵਜੋਂ ਪ੍ਰਚਾਰ ਰਹੇ ਸਨ। ਅਜਿਹੀ ਰੀੜ੍ਹਹੀਣ ਰਜਵਾੜਾਸ਼ਾਹੀ ਦੇ ਯਤਨਾਂ ਦੇ ਵਿਰੋਧ ਵਿਚ ਅਕਾਲੀ ਲਹਿਰ ਦੇ ਯੋਧਿਆਂ ਨੇ ਪੰਜਾਬੀ ਲੋਕਾਈ ਦੇ ਸਾਂਝੇ ਉੱਦਮ ਨਾਲ ਮੁੜ ਸਿਦਕ-ਸਾਂਝੀਵਾਲਤਾ-ਆਜ਼ਾਦੀ ਦਾ ਧੁਰਾ ਬਣਾਇਆ।

ਮਾਲਵੇ ਵਿਚ 1928 ਤੋਂ ਰਿਆਸਤੀ ਪਰਜਾ ਮੰਡਲ ਦੇ ਬਾਨੀ ਸ਼ਹੀਦ ਸੇਵਾ ਸਿੰਘ ਠੀਕਰੀਵਾਲਾ ਦੀ ਪ੍ਰੇਰਨਾ ਨਾਲ ਰਜਵਾੜਿਆਂ ਅਤੇ ਅੰਗਰੇਜ਼ ਹਕੂਮਤ ਦੀ ਗ਼ੁਲਾਮੀ ਤੋਂ ਮੁਕਤੀ ਦੀ ਚੇਤਨਾ ਜੜ੍ਹ ਫੜ ਰਹੀ ਸੀ। ਸੰਗਰੂਰ ਦੇ ਅਤਿ ਪੱਛੜੇ ਪਿੰਡ ਗਦੜਿਆਣੀ ਵਿਚ ਛੋਟੀ ਕਿਸਾਨੀ ਵਾਲੇ ਅੱਠ ਭੈਣ-ਭਰਾਵਾਂ ਦੇ ਪਰਿਵਾਰ ਵਿਚ 2 ਜਨਵਰੀ 1932 ਨੂੰ ਹਰਚੰਦ ਸਿੰਘ ਦਾ ਜਨਮ ਹੋਇਆ। ਨਾਨਕੇ ਪਰਿਵਾਰ 'ਚੋਂ ਮਾਮਾ ਜੀ ਲੱਗਦੇ ਜਥੇਦਾਰ ਸੁਰਜਨ ਸਿੰਘ ਰਾਮਾ ਅਤੇ ਦਾਦਕੇ ਟੱਬਰ 'ਚੋਂ ਤਾਇਆ ਜੀ ਜਥੇਦਾਰ ਇੰਦਰ ਸਿੰਘ ਉਸ ਸਮੇਂ ਜਾਰੀ ਅਕਾਲੀ ਅਤੇ ਪਰਜਾ ਮੰਡਲ ਲਹਿਰ ਦੇ ਅੰਦੋਲਨਕਾਰੀ ਸਨ। ਜਥੇਦਾਰ ਸੁਰਜਨ ਸਿੰਘ ਰਾਮਾ ਗ਼ਰੀਬ ਜਨਤਾ ਅਤੇ ਛੋਟੀ ਕਿਸਾਨੀ ਦੇ ਮਸਲਿਆਂ 'ਤੇ ਪਹਿਰਾ ਦੇਣ ਵਾਲੇ ਸਿਰਲੱਥ ਅਕਾਲੀ ਹੋਏ ਹਨ। ਘਰ ਪਰਿਵਾਰ ਅੰਦਰਲੀ ਸਿੱਖ ਭਾਵਨਾ ਇੰਝ ਇਨ੍ਹਾਂ ਸ਼ਖ਼ਸੀਅਤਾਂ ਦੇ ਜੁਝਾਰੂ ਅਮਲ ਨਾਲ ਜੁੜੀ ਤਾਂ ਬਾਲਕ ਹਰਚੰਦ ਸਿੰਘ ਦਾ ਨੈਤਿਕ ਸੰਸਾਰ ਉੱਸਰਨਾ ਸ਼ੁਰੂ ਹੋਇਆ। ਇਕਤਾਰੇ ਨਾਲ ਸ਼ਬਦ ਗਾਇਨ ਕਰਨ ਵਾਲੇ ਬੁੱਗਰ ਸਿੰਘ ਤੋਂ ਪ੍ਰਭਾਵਿਤ ਹੋ ਕੇ ਪੰਜ ਕੁ ਸਾਲਾਂ ਦੀ ਕੋਮਲ ਉਮਰ ਵਾਲਾ ਭੁਜੰਗੀ ਹਰਚੰਦ ਸਿੰਘ, ਸੰਤ ਜੋਧ ਸਿੰਘ 'ਮੌਜੋ' ਪਿੰਡ ਵਾਲਿਆਂ ਕੋਲ ਅਗਲੇ ਦਸ ਸਾਲ ਸਿੱਖ ਸਿਧਾਂਤ, ਗੁਰਬਾਣੀ, ਸ਼ਬਦ ਕੀਰਤਨ, ਕਥਾਕਾਰੀ ਦੀ ਸਾਧਨਾ ਕਰਨ ਲੱਗਾ। ਸੰਕੋਚੀ, ਗੰਭੀਰ ਤੇ ਸਹਿਣਸ਼ੀਲ ਬਿਰਤੀ ਵਾਲੇ ਇਸ ਵਿਦਿਆਰਥੀ ਦੀ ਲਗਨ ਤੋਂ ਪ੍ਰਭਾਵਿਤ ਹੋ ਕੇ ਸੰਤ ਜੋਧ ਸਿੰਘ ਕਦੇ ਇਸ ਨੂੰ 'ਭਾਈ ਨਾਥੇ' ਜਾਂ 'ਗੋਬਿੰਦ' ਕਹਿ ਕੇ ਪੁਕਾਰਦੇ। ਮੌਜੋ ਦੀ ਗੁਰਮਤਿ ਟਕਸਾਲ ਅਧਿਆਤਮ ਅਤੇ ਵਿੱਦਿਆ ਦੀ ਸਿੰਜੀ ਹੋਈ ਜ਼ਮੀਨ 'ਤੇ ਸਿਆਸੀ ਸਰਗਰਮੀ ਲਈ ਪ੍ਰੇਰਦੀ ਸੀ। ਗਭਰੇਟ ਹਰਚੰਦ ਸਿੰਘ ਇਸ ਸਿਆਸੀ-ਇਖ਼ਲਾਕੀ ਕਰਮਧਾਰਾ ਦਾ ਅਭਿਆਸੀ ਬਣਦਾ ਗਿਆ। ਕਥਾ-ਕੀਰਤਨ ਕਰਦੇ ਤਾਂ ਇਕੱਤਰ ਹੋਈ ਸਾਰੀ ਭੇਟਾ ਉੱਥੇ ਹੀ ਗੋਲਕ ਵਿਚ ਪਾ ਦਿੰਦੇ। ਪੰਥ, ਸੰਗਤ ਤੇ ਗੁਰਮਤਿ ਨੂੰ ਪਹਿਲ ਦਿੰਦੇ ਅਤੇ ਖ਼ੁਦ ਨੂੰ ਇਨ੍ਹਾਂ ਦਾ ਨਿਮਰ ਸੇਵਾਦਾਰ ਆਖਦੇ। ਬਾਅਦ ਦੇ ਸਾਰੇ ਪੜਾਵਾਂ ਵਿਚ ਪੰਥਕ ਏਕਤਾ ਜਾਂ ਅਕਾਲੀ ਮੋਰਚੇ ਚਲਾਉਣ ਦਾ ਟੀਚਾ ਸਰ ਕਰਨ ਲਈ ਸੰਤ ਲੌਂਗੋਵਾਲ ਆਪਣੀ ਨਿਮਰਤਾ, ਤਿਆਗ ਅਤੇ ਸਹਿਜ ਦੇ ਗੁਣ ਨਾਲ ਨਿਭਦੇ। ਖ਼ੁਦ ਨੂੰ ਮਿਲਦੀ ਵਿਧਾਨ ਸਭਾ ਜਾਂ ਲੋਕ ਸਭਾ ਦੀ ਸੀਟ ਹਮੇਸ਼ਾਂ ਕਿਸੇ ਕੁਰਬਾਨੀ ਵਾਲੇ ਅਕਾਲੀ ਘੁਲਾਟੀਏ ਨੂੰ ਦੇਣ ਲਈ ਕਹਿੰਦੇ ਤੇ ਆਪ ਉਨ੍ਹਾਂ ਨੂੰ ਚੋਣ ਜਿਤਵਾਉਣ ਦੀ ਜ਼ਿੰਮੇਵਾਰੀ ਲੈਂਦੇ।

ਉਹ 16 ਸਾਲ ਦੀ ਉਮਰ ਵਿਚ ਅਕਾਲੀ ਦਲ ਦੇ ਮੈਂਬਰ ਬਣੇ ਤੇ ਉਨ੍ਹਾਂ ਦਿਨਾਂ ਵਿਚ ਹੀ ਗਿਆਨੀ ਹਰਨਾਮ ਸਿੰਘ ਸੰਤ ਜੀ ਦੇ ਕੀਰਤਨ ਤੋਂ ਪ੍ਰਭਾਵਿਤ ਹੋ ਕੇ ਹੀਰੋਂ ਕਲਾਂ ਪਿੰਡ ਵਿਚ ਲੈ ਗਏ। ਇਸੇ ਦੌਰਾਨ ਕੇਂਦਰ ਸਰਕਾਰ ਨੇ ਪੈਪਸੂ ਦੀ ਅਕਾਲੀ ਵਜ਼ਾਰਤ ਤੋੜ ਦਿੱਤੀ, ਮੋਰਚਾ ਲੱਗਿਆ ਤੇ ਜਥੇ ਸਮੇਤ ਹਰਚੰਦ ਸਿੰਘ ਗ੍ਰਿਫ਼ਤਾਰ ਹੋ ਕੇ ਤਿੰਨ ਮਹੀਨੇ ਫ਼ਰੀਦਕੋਟ ਜੇਲ੍ਹ ਵਿਚ ਰਹੇ। 1948 ਵਿਚ ਲਾਲ ਕਮਿਊਨਿਸਟ ਪਾਰਟੀ ਦੀ ਅਗਵਾਈ ਵਿਚ ਪੈਪਸੂ ਮੁਜ਼ਾਰਾ ਲਹਿਰ ਸ਼ੁਰੂ ਹੋ ਗਈ ਤੇ ਕਾਮਰੇਡ ਤੇਜਾ ਸਿੰਘ ਸੁਤੰਤਰ, ਬਾਬਾ ਬੂਝਾ ਸਿੰਘ, ਕਾ. ਹਰਨਾਮ ਸਿੰਘ 'ਚਮਕ', ਧਰਮ ਸਿੰਘ 'ਫੱਕਰ', ਭਗਵਾਨ ਸਿੰਘ ਲੌਂਗੋਵਾਲ ਵਰਗੇ ਗ਼ਦਰੀ-ਅਕਾਲੀ-ਕਿਰਤੀ ਲਹਿਰ ਤੋਂ ਤੁਰੇ ਹੋਏ ਆਗੂ ਇਸ ਨੂੰ ਜਥੇਬੰਦ ਕਰਨ ਲੱਗੇ। ਲਾਲ ਕਮਿਊਨਿਸਟ ਪਾਰਟੀ ਦੇ ਬਹੁਤੇ ਆਗੂ ਅੰਮ੍ਰਿਤਧਾਰੀ ਸਨ; ਜੁਝਾਰੂ ਅਕਾਲੀਆਂ ਦੀ ਸੰਗਤ ਅਤੇ ਅਸਰ ਪਹਿਲਾਂ ਹੀ ਸੀ, ਸੋ ਹੀਰੋਂ ਕਲਾਂ ਦਾ ਡੇਰਾ ਮੁਜ਼ਾਰਾ ਲਹਿਰ ਦੇ ਵਾਰੰਟਡ ਆਗੂਆਂ ਅਤੇ ਕਾਰਕੁਨਾਂ ਦੀ ਠਾਹਰ ਬਣਦਾ ਗਿਆ। ਕਾਮਰੇਡ ਜਗੀਰ ਸਿੰਘ ਜੋਗਾ ਵੀ ਅਕਸਰ ਆਉਂਦੇ ਅਤੇ ਚਰਚਾਵਾਂ ਦਾ ਦੌਰ ਜਾਰੀ ਰਹਿੰਦਾ। ਸਿਆਸੀ ਰੁਝੇਵਿਆਂ ਦੇ ਨਾਲ-ਨਾਲ ਪਿੰਡ ਵਿਚ ਆਪਸੀ ਭਾਈਚਾਰੇ ਦੀ ਭਾਵਨਾ ਪੱਕੇ ਪੈਰੀਂ ਕਰਨ ਹਿੱਤ ਹੀਰੋਂ ਕਲਾਂ ਦੀ ਧੜੇਬੰਦੀ ਖ਼ਤਮ ਕਰਵਾਈ। ਸਿੱਖੀ ਦੀ ਚੇਤਨਾ, ਸਮਾਜ ਸੁਧਾਰ ਦਾ ਅਮਲ ਅਤੇ ਲੋਕ-ਮੁਕਤੀ ਦੀ ਰਾਜਨੀਤੀ ਦੇ ਸਬਕ ਅਤੇ ਅਮਲ ਨੂੰ ਸਹਿਜ-ਭਾਵੀ ਢੰਗ ਨਾਲ ਸੰਜੋਗ ਕਰਨ ਦਾ ਤਰੀਕਾਕਾਰ ਸੰਤ ਲੌਂਗੋਵਾਲ ਦੇ ਸਿਆਸੀ ਇਖ਼ਲਾਕ ਦਾ ਧੁਰਾ ਹੈ ਤੇ ਸਾਡੇ ਨਜ਼ਦੀਕ ਉਨ੍ਹਾਂ ਦੀ ਦਿੱਤੀ ਅਮਾਨਤ ਹੈ।

ਅਦੁੱਤੀ ਸ਼ਹੀਦ ਭਾਈ ਮਨੀ ਸਿੰਘ ਨਾਲ



ਜੁੜਦੇ ਪਿੰਡ ਲੌਂਗੋਵਾਲ ਵਿਚ ਹਰਚੰਦ ਸਿੰਘ ਨੂੰ ਬਹੁਤ ਸਨਮਾਨ ਸਹਿਤ ਲਿਆਂਦਾ ਗਿਆ ਤੇ 21 ਸਾਲ ਦੀ ਉਮਰ ਤੋਂ 'ਲੌਂਗੋਵਾਲ' ਉਨ੍ਹਾਂ ਦੇ ਨਾਂ ਨਾਲ ਜੁੜ ਗਿਆ। 1955 ਵਿਚ ਪੰਜਾਬੀ ਸੂਬੇ ਬਾਰੇ ਪਹਿਲਾ ਮੋਰਚਾ ਮਾ. ਤਾਰਾ ਸਿੰਘ ਦੀ ਅਗਵਾਈ ਵਿਚ ਲੱਗਾ। ਸੰਤ ਲੌਂਗੋਵਾਲ ਨੇ ਜਥੇ ਸਮੇਤ ਗ੍ਰਿਫ਼ਤਾਰੀ ਦਿੱਤੀ ਤੇ ਹਿਸਾਰ ਜੇਲ੍ਹ ਵਿਚ ਕੈਦ ਰਹੇ। 1960 ਵਿਚ ਦੂਜਾ ਮੋਰਚਾ ਲੱਗਾ ਤਾਂ ਮਾ. ਤਾਰਾ ਸਿੰਘ ਦੀ ਗ੍ਰਿਫ਼ਤਾਰੀ ਪਿੱਛੋਂ ਸੰਤ ਫ਼ਤਹਿ ਸਿੰਘ ਆਗੂ ਬਣੇ। ਸੰਤ ਲੌਂਗੋਵਾਲ ਨੇ ਪਹਿਲੇ ਦਿਨ ਹੀ ਜਥੇ ਸਮੇਤ ਗ੍ਰਿਫ਼ਤਾਰੀ ਦਿੱਤੀ। ਮੰਗਾਂ ਮਨਵਾਉਣ ਵਿਚ ਅਸਫਲ ਰਿਹਾ ਇਹ ਮੋਰਚਾ ਹੌਲੀ-ਹੌਲੀ ਅਕਾਲੀ ਦਲ ਵਿਚ ਧੜੇਬੰਦ ਹੋਣ ਲੱਗਾ। ਗ਼ਰੀਬ ਕਿਸਾਨੀ ਦੇ ਪਿਛੋਕੜ ਦੀ ਸਾਂਝ ਸਦਕਾ ਸੰਤ ਫ਼ਤਹਿ ਸਿੰਘ ਤੇ ਸੰਤ ਲੌਂਗੋਵਾਲ ਦੀ ਨੇੜਤਾ ਹੋ ਗਈ ਜੋ ਅਖੀਰ ਤੱਕ ਨਿਭੀ। ਅਕਾਲੀ ਦਲ ਮਾਸਟਰ ਜੀ ਦੇ 'ਗਰਮ ਧੜੇ' ਅਤੇ ਸੰਤ ਜੀ ਦੇ 'ਨਰਮ ਧੜੇ' ਵਿਚ ਤਕਸੀਮ ਹੋ ਗਿਆ।

ਅਕਾਲੀ ਸਿਆਸਤ ਦੀ ਬੁਨਿਆਦੀ ਸ਼ਨਾਖ਼ਤ ਬਣ ਚੁੱਕੀ 'ਨਰਮ' ਤੇ 'ਗਰਮ' ਧੜੇ ਦੀ ਕਬਾਇਲੀ ਕਿਸਮ ਦੀ ਵਾੜਾਬੰਦੀ ਆਪਣੇ ਵਿਰੋਧੀ ਨੂੰ 'ਗੱਦਾਰ' ਜਾਂ 'ਮੈਦਾਨ ਛੱਡਣ' ਦੇ ਮਿਹਣੇ ਮਾਰਨ ਲੱਗੀ। ਪਹਿਲਾਂ ਮਾ. ਤਾਰਾ ਸਿੰਘ ਤੇ ਫੇਰ ਸੰਤ ਫ਼ਤਹਿ ਸਿੰਘ ਨੂੰ ਮੋਰਚਾ ਅੱਧ-ਵਿਚਕਾਰ ਛੱਡ ਕੇ ਵਰਤ ਤੋੜਣ ਲਈ ਸ਼ਰਮਿੰਦਾ ਕੀਤਾ ਜਾਂਦਾ ਰਿਹਾ। 1983-84 ਵਿਚ ਇਹੀ ਸਲੂਕ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਵੱਲੋਂ ਸੰਤ ਲੌਂਗੋਵਾਲ ਨਾਲ ਕੀਤਾ ਗਿਆ। ਅਕਾਲੀ ਦਲ ਵਿਚ ਨਰਮ ਧੜਾ ਸਿੱਖਾਂ ਦੇ ਪੰਥਕ ਸਵਾਲਾਂ ਦੀ ਸਿਆਸਤ ਦਾ ਨੁਮਾਇੰਦਾ ਤਾਂ ਹੁੰਦਾ ਹੀ ਹੈ, ਨਾਲ ਹੀ ਸਮੂਹ ਪੰਜਾਬੀਆਂ ਦੀਆਂ ਆਰਥਿਕ, ਸਿਆਸੀ ਤੇ ਹੋਰ ਸਾਂਝੀਆਂ ਮੰਗਾਂ ਵੀ ਸ਼ਾਂਤਮਈ, ਜਮਹੂਰੀ ਢੰਗ ਨਾਲ ਉਠਾਉਂਦਾ ਹੈ। ਗਰਮ ਧੜਾ ਅਕਸਰ ਸਿੱਖ ਭਾਈਚਾਰੇ ਦੇ ਸਵਾਲਾਂ ਨੂੰ ਹੀ ਕੇਂਦਰ ਵਿਚ ਰੱਖਦਾ ਹੈ ਅਤੇ ਅਕਾਲੀ ਦਲ ਵਿਚ 'ਪੰਥਕ ਪਾਰਟੀ' ਜਾਂ 'ਪੰਜਾਬੀ ਪਾਰਟੀ' ਵਾਲਾ ਰੇੜਕਾ ਪਾਈ ਰੱਖਦਾ ਹੈ। ਪੰਜਾਬ ਪ੍ਰਤੀ ਪਹਿਲਾਂ ਤੋਂ ਹੀ ਤੁਅੱਸਬ ਨਾਲ ਭਰਪੂਰ ਕੇਂਦਰੀ ਹਕੂਮਤ ਨੂੰ ਇਨ੍ਹਾਂ ਧੜਿਆਂ ਦੀ ਆਪਸੀ ਫੁੱਟ ਰਾਸ ਆਉਂਦੀ ਹੈ। ਇਸ ਸਿਆਸੀ ਸੱਭਿਆਚਾਰ ਨੇ ਇਕ ਦੂਜੇ ਨੂੰ ਠਿੱਬੀ ਲਾ ਕੇ ਅਕਾਲੀ ਦਲ ਨੂੰ ਜ਼ਿੰਮੇਵਾਰ ਸਿਆਸੀ ਮੰਚ ਬਣਨ ਤੋਂ ਵਰਜ ਕੇ ਰੱਖਿਆ ਹੈ।

ਇਸ ਸਿਆਸੀ ਸੱਭਿਆਚਾਰ ਤੋਂ ਉਲਟ ਵਗਦਿਆਂ ਸੰਤ ਲੌਂਗੋਵਾਲ ਆਪਣੀ ਸਮਰਪਣ-ਭਾਵਨਾ, ਧੜੇਬੰਦਕ ਭੇੜ ਤੋਂ ਨਿਰਲੇਪ ਰਹਿੰਦਿਆਂ ਅਕਾਲੀ ਦਲ ਵਿਚ ਸਦਭਾਵੀ ਏਕਤਾ ਦੇ ਮਿਸਾਲੀ ਪੁੰਜ, ਕੁਰਬਾਨੀ ਲਈ ਤਿਆਰ ਬਰ ਤਿਆਰ ਹਸਤੀ ਸਨ। ਆਪਣੀ ਸਹਿਣਸ਼ੀਲਤਾ, ਸਹਿਜ ਬੋਲ-ਬਾਣੀ ਅਤੇ ਨਿਰਮਾਣਤਾ ਸਦਕਾ ਉਨ੍ਹਾਂ ਨੇ ਮੋਰਚਿਆਂ ਦੌਰਾਨ ਹਰ ਔਖੇ ਵੇਲੇ ਨੂੰ ਸਾਂਭਦਿਆਂ ਨਿੱਗਰ ਪ੍ਰਾਪਤੀਆਂ ਕੀਤੀਆਂ। ਜਥੇਦਾਰ ਮੋਹਨ ਸਿੰਘ ਤੁੜ ਦੀ ਗ੍ਰਿਫ਼ਤਾਰੀ ਤੋਂ ਬਾਅਦ ਐਮਰਜੈਂਸੀ-ਵਿਰੋਧੀ ਮੋਰਚੇ ਦੀ ਕਮਾਨ ਲੈਣ ਲਈ ਜਥੇਦਾਰ ਟੌਹੜਾ ਤੇ ਸ. ਬਾਦਲ ਨੇ ਵਾਰ-ਵਾਰ ਚਿੱਠੀਆਂ ਲਿਖੀਆਂ। ਇਹ ਉਨ੍ਹਾਂ ਦੀ ਕਾਬਲੀਅਤ ਤੇ ਹਰਮਨ-ਪਿਆਰਤਾ ਦਾ ਸਬੂਤ ਸੀ। ਜੇਲ੍ਹ ਵਿਚ ਜਥੇਦਾਰ ਤੁੜ ਦੇ ਮਨ ਵਿਚ ਕਈ ਸ਼ੰਕਾਵਾਂ ਆਈਆਂ, ਪਰ ਸੰਤ ਲੌਂਗੋਵਾਲ ਨੇ ਕਮਾਲ ਦੀ ਨਿਮਰਤਾ ਅਤੇ ਹੁਨਰ ਨਾਲ ਇਹ ਸ਼ੰਕੇ ਦੂਰ ਕੀਤੇ। ਮੋਰਚਾ ਫ਼ਤਹਿ ਹੋਇਆ, ਸਾਰੀ ਅਗਵਾਈ ਜਥੇਦਾਰ ਤੁੜ ਨੂੰ ਸੌਂਪ ਕੇ ਉਹ ਲੌਂਗੋਵਾਲ ਪਿੰਡ ਵਾਪਸ ਆ ਗਏ। ਥੋੜ੍ਹੇ ਚਿਰ ਬਾਅਦ ਹੀ ਦਲ ਦੇ ਨਵੇਂ ਪ੍ਰਧਾਨ ਦੀ ਚੋਣ ਵੇਲੇ ਟੌਹੜਾ ਤੇ ਬਾਦਲ ਘਬਰਾਏ ਹੋਏ ਸਨ ਕਿ ਡੈਲੀਗੇਟਾਂ ਦੀ ਵਿਸ਼ਾਲ ਬਹੁਗਿਣਤੀ ਸੰਤ ਲੌਂਗੋਵਾਲ ਨੂੰ ਪ੍ਰਧਾਨ ਦੇਖਣਾ ਚਾਹੁੰਦੀ ਹੈ, ਪਰ ਜੇ 45 ਸਾਲ ਦੀ ਉਮਰ ਵਿਚ ਸੰਤ ਲੌਂਗੋਵਾਲ ਪ੍ਰਧਾਨ ਬਣ ਗਏ ਤਾਂ ਅਗਲੇ 15-20 ਸਾਲ ਇਹੋ ਹੀ ਰਹਿਣਗੇ। ਚੋਣ ਦੀ ਥਾਂ ਸਰਬਸੰਮਤੀ ਦਾ ਮਤਾ ਲਿਆਂਦਾ ਗਿਆ ਤੇ ਜਗਦੇਵ ਸਿੰਘ ਤਲਵੰਡੀ ਨੂੰ ਪ੍ਰਧਾਨ ਬਣਾਉਣ ਦਾ ਮਤਾ ਲਿਆ ਕੇ ਸੰਤ ਲੌਂਗੋਵਾਲ ਤੋਂ ਤਾਈਦ ਕਰਵਾਈ ਗਈ ਤਾਂ ਕਿ ਡੈਲੀਗੇਟ ਸ਼ਾਂਤ ਰਹਿਣ।

ਸੰਤ ਲੌਂਗੋਵਾਲ ਨੂੰ ਲਾਂਭੇ ਕਰ ਕੇ ਨਾਲ ਦੀ ਨਾਲ ਤਲਵੰਡੀ-ਬਨਾਮ-ਟੌਹੜਾ-ਬਨਾਮ-ਬਾਦਲ, ਤਿੰਨ ਧਿਰੀ ਸਸਤਾ ਧੜੇਬੰਦਕ ਤਮਾਸ਼ਾ ਸ਼ੁਰੂ ਹੋ ਗਿਆ। ਨਿੱਤ ਦੇ ਝੇੜਿਆਂ ਨਾਲ ਅਕਾਲੀ ਦਲ ਦਾ ਇਕ ਸੰਜੀਦਾ ਸਿਆਸੀ ਜਮਾਤ ਵਜੋਂ ਵੱਕਾਰ ਢਹਿਣ ਲੱਗਾ। ਸੰਤ ਲੌਂਗੋਵਾਲ ਇਸ ਵਰਤਾਰੇ ਦਾ ਨਕਾਰ ਸਨ ਤੇ ਪੰਜਾਬੀਆਂ ਦੀ ਸੰਘਰਸ਼ੀ ਵਿਰਾਸਤ, ਏਕਤਾਬੱਧ ਅਕਾਲੀ ਦਲ ਦੀ ਆਤਮਾ ਸਨ। ਗਰਮ ਧੜੇ ਵਾਲੇ ਟੌਹੜਾ-ਤਲਵੰਡੀ ਜੁੱਟ ਨੇ ਨਰਮ ਧੜੇ ਦੇ ਸ. ਬਾਦਲ ਦੀ ਸਰਕਾਰ ਵਿਰੁੱਧ ਬਿਆਨ ਦਿੱਤੇ। ਗਰਮ ਤੇ ਨਰਮ ਧੜੇ ਵਾਲੀ ਬਾਜ਼ੀ ਦੀ ਸਫ਼ ਫਿਰ ਵਿਛਾਈ ਗਈ।

ਇੱਥੇ ਕਹਿਣਾ ਬਣਦਾ ਹੈ ਕਿ ਧਰਮ ਯੁੱਧ ਮੋਰਚੇ ਦੌਰਾਨ 'ਨਰਮ ਦਲੀਏ' ਸੰਤ ਲੌਂਗੋਵਾਲ 'ਤੇ ਪੰਜਾਬ ਦੀ ਵੱਡੀ ਜ਼ਿੰਮੇਵਾਰੀ ਸੀ। ਸੰਜਮ ਤੇ ਸਿਆਣਪ ਨਾਲ ਹਰ ਰੋਜ਼ ਮੋਰਚੇ ਨੂੰ ਤੋਰਨਾ ਤੇ ਨਿਰਦੇਸ਼ਿਤ ਕਰਨਾ ਸੀ। ਕੇਂਦਰ ਸਰਕਾਰ ਦੀ ਇਸ ਮੋਰਚੇ ਨੂੰ ਲਮਕਾਉਣ ਦੀ ਨੀਤੀ ਅਤੇ ਸਿੱਖਾਂ ਖ਼ਿਲਾਫ਼ ਪ੍ਰਚਾਰ ਕਰਦਿਆਂ ਆਉਣ ਵਾਲੀਆਂ ਲੋਕ ਸਭਾ ਚੋਣਾਂ ਜਿੱਤਣ ਲਈ ਕੋਈ 'ਵੱਡਾ ਨਿਰਣਾਇਕ ਕਦਮ' ਉਠਾਉਣ ਦੀ ਮਨਸ਼ਾ ਦਾ ਢੁੱਕਵਾਂ ਜਵਾਬ ਦੇਣਾ ਸੀ ਤੇ ਜੇਲ੍ਹ ਵਿਚ ਬੰਦ ਅਕਾਲੀਆਂ ਦੇ ਪਰਿਵਾਰਾਂ ਦਾ ਧਿਆਨ ਰੱਖਣਾ ਸੀ। ਦੂਜੇ ਪਾਸੇ 'ਗਰਮ ਦਲੀਏ' ਸੰਤ ਭਿੰਡਰਾਂਵਾਲੇ ਹਰਿਆਣਾ ਵਿਚ ਸਿੱਖਾਂ ਖ਼ਿਲਾਫ਼ ਹੋਈ ਹਿੰਸਾ ਦਾ 'ਮੋੜਵਾਂ ਜਵਾਬ' ਦੇਣ ਦਾ ਤਵਾ ਭਰੀ ਬੈਠੇ ਸਨ; ਮੋਰਚੇ ਦਾ ਹਿੱਸਾ ਹੁੰਦਿਆਂ ਹੋਇਆਂ ਅਕਾਲੀ ਆਗੂਆਂ, ਖ਼ਾਸ ਤੌਰ 'ਤੇ ਸੰਤ ਲੌਂਗੋਵਾਲ ਬਾਰੇ ਨੁਕਤਾਚੀਨੀ ਕਰ ਰਹੇ ਸਨ। ਅਕਾਲੀ ਆਗੂਆਂ ਨੂੰ ਸਾਰੀਆਂ ਮੰਗਾਂ ਮਨਵਾਏ ਬਿਨਾਂ ਮੋਰਚਾ ਵਾਪਸ ਲੈਣ ਤੋਂ ਠੱਲ੍ਹਣ ਦਾ ਆਪਣਾ ਇਰਾਦਾ ਦੱਸ ਰਹੇ ਸਨ ਤੇ ਸਾਂਝੇ ਅੰਦੋਲਨ ਦੀ ਮਰਿਆਦਾ ਤੇ ਅਨੁਸ਼ਾਸਨ ਭੰਗ ਕਰ ਰਹੇ ਸਨ। ਅਕਾਲੀ ਮੋਰਚਿਆਂ ਦੀ ਸ਼ਾਂਤਮਈ ਰਵਾਇਤ ਦੇ ਉਲਟ ਚੱਲਦਿਆਂ ਪੰਜਾਬ ਵਿਚ ਫ਼ਿਰਕੂ ਕਤਲ ਕੀਤੇ ਜਾ ਰਹੇ ਸਨ। ਕਈ ਕਿਸਮ ਦੇ ਅਪਰਾਧੀ ਅਨਸਰ ਦਰਬਾਰ ਸਾਹਿਬ ਕੰਪਲੈਕਸ ਵਿਚ ਕਈ ਤਰ੍ਹਾਂ ਦੀਆਂ ਵਾਰਦਾਤਾਂ ਕਰ ਰਹੇ ਸਨ। ਇਨ੍ਹਾਂ ਦੋਹਾਂ ਸੂਰਤਾਂ ਨੂੰ ਜੋੜ ਕੇ ਵੇਖੀਏ ਤਾਂ ਸੰਤ ਲੌਂਗੋਵਾਲ ਦੀ ਅਗਵਾਈ ਨੂੰ ਬਾਹਰੋਂ ਕੇਂਦਰ ਸਰਕਾਰ ਆਪਣੇ ਅਨੈਤਿਕ ਵਿਹਾਰ ਨਾਲ ਢਾਹ ਲਾ ਰਹੀ ਸੀ ਅਤੇ ਅੰਦਰੋਂ ਸੰਤ ਭਿੰਡਰਾਂਵਾਲੇ ਦੀ ਰਣਨੀਤੀ। ਜੂਨ '84 ਦਾ ਸਾਕਾ ਤੇ ਫਿਰ ਨਵੰਬਰ '84 ਦਾ ਕਤਲੇਆਮ ਪੰਜਾਬ ਦੇ ਵਹਿਣ ਨੂੰ ਖਾਰੇ ਸਾਗਰਾਂ ਦੇ ਹਵਾਲੇ ਕਰ ਗਿਆ, ਪੰਜਾਬ ਦੀ ਸੰਭਾਵਨਾ ਨੂੰ ਗ੍ਰਹਿਣ ਲੱਗ ਗਿਆ। 'ਪੰਜਾਬ ਸਮਝੌਤਾ' ਇਸ ਕਾਲੀ ਰਾਤ ਵਿਚ ਦੀਵਾ ਬਾਲਣ ਦਾ ਕਮਜ਼ੋਰ ਹੀਲਾ ਸੀ।

ਸ੍ਰੀ ਅਕਾਲ ਤਖ਼ਤ 'ਤੇ ਰਿਹਾਇਸ਼ ਕਰੀ ਬੈਠੇ ਵਿਅੰਗ ਨਾਲ ਸੰਤ ਲੌਂਗੋਵਾਲ ਨੂੰ 'ਗਾਂਧੀ' ਜਾਂ 'ਸ਼ਾਂਤ ਸਾਗਰ' ਤੇ ਤੇਜਾ ਸਿੰਘ ਸਮੁੰਦਰੀ ਹਾਲ ਨੂੰ 'ਗਾਂਧੀ ਭਵਨ' ਆਖਦੇ। ਹਿੰਸਾ ਦੇ ਪੈਰੋਕਾਰਾਂ ਨੇ ਪੰਜਾਬੀ-ਪੰਥ ਦਾ 'ਗਾਂਧੀ' 20 ਅਗਸਤ 1985 ਨੂੰ 'ਗੱਦਾਰ' ਕਹਿ ਕੇ ਮਾਰ ਦਿੱਤਾ। ਯਾਦ ਰਹੇ ਕਿ ਨਾਥੂ ਰਾਮ ਗੋਡਸੇ ਲਈ ਮਹਾਤਮਾ ਗਾਂਧੀ ਵੀ ਅਖੰਡ ਭਾਰਤ ਦੇ ਟੋਟੇ ਕਰਨ ਲਈ ਮੰਨ ਜਾਣ ਵਾਲਾ 'ਗੱਦਾਰ' ਹੀ ਸੀ। ਸੰਜੋਗ ਹੈ ਕਿ ਦੋਵੇਂ ਵਿਅਕਤੀ ਲੋਕਾਂ ਵਿਚ ਆਪਸੀ ਵੈਰ-ਭਾਵ, ਨਫ਼ਰਤ ਦੀ ਅੱਗ ਮਿਟਾਉਣ ਲਈ; ਜੁੜ ਬੈਠਣ ਲਈ; ਜ਼ਖ਼ਮਾਂ 'ਤੇ ਮੱਲ੍ਹਮ ਲਾਉਣ ਦੀ ਮੁਹਿੰਮ ਚਲਾ ਰਹੇ ਸਨ ਅਤੇ ਲੋਕਾਂ ਵਿਚ ਵਿਚਰਦਿਆਂ ਆਪਣੀ ਜਾਨ ਨੂੰ ਜੋਖ਼ਮ ਵਿਚ ਪਾ ਰਹੇ ਸਨ। ਅਜਿਹੇ ਸਹਿਜ ਅਤੇ ਸਦਭਾਵਨਾ ਦੇ ਗੁਣਾਂ ਲਈ ਸ਼ਹਾਦਤ ਦੇਣ ਵਾਲਿਆਂ ਬਾਰੇ ਗੁਰਬਾਣੀ ਦਾ ਵਾਕ ਹੈ: ''ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ॥ ਸੂਰੇ ਸੇਈ ਆਗੈ ਆਖੀਅਹਿ ਦਰਗਹ ਪਾਵਹਿ ਸਾਚੀ ਮਾਣੋ॥''

(ਚੱਲਦਾ)

# ਬੀਬੀ ਸ਼ੱਕ ਨਾ ਕਰੀਂ



ਗੁਰਨਾਮ ਨਿੱਜਰ
ਫੋਨ: +91 83604-70933

ਕੁੱਝ ਦਿਨਾਂ ਤੋਂ ਤਾਰੇ ਦਾ ਸੁੱਜਿਆ ਬੂਥਾ ਜੀਤੋ ਤੋਂ ਵੇਖ ਨਾ ਹੁੰਦਾ...ਉਹ ਸੋਚਦੀ ਇਹ ਚੰਗਾ ਭਲਾ ਹੁੰਦਾ ਸੀ ਹੁਣ ਇਹਨੂੰ ਕਿਹੜੇ ਭੂੰਡ ਲੜ ਗਏ!

ਜਦੋਂ ਤਾਰੇ ਸਰਸਰੀ ਗੱਲ ਬਾਤ ਵੀ ਘੱਟ ਕਰ ਦਿੱਤੀ ਤਾਂ ਜੀਤੋ ਨੇ ਪੁੱਛ ਹੀ ਲਿਆ, "ਮੈਂ ਖਾਂ!! ਤੈਨੂੰ ਕਿਹੜਾ ਸੱਪ ਸੁੰਘ ਗਿਆ...ਸਿੱਧੇ ਮੂੰਹ ਗੱਲ ਨਹੀਂ ਕਰਦਾ...ਜਰੂਰ ਬੀਬੀ ਨੇ ਪਾਨ ਚਾੜ੍ਹੀ ਹੋਣੀਂ...ਦੋਵੇਂ ਮਾਂ ਪੁੱਤ ਡੁੰਨ ਵੱਟਾ ਬਣੇ ਹੋਏ "?"

"ਸੁਣ ਜੇ ਸੱਚ ਸੁਣਨਾ ਚਾਹੁਣੀ ਏ...ਤੂੰ ਪਰਸੋਂ ਜਗੀਰੋ ਦੇ ਘਰ ਗਈ ਸੈਂ...ਬੀਬੀ ਕਹਿੰਦੀ ਜਗੀਰੋ ਆਪਣੀ ਸੱਸ ਨੂੰ ਚੱਜ ਦਾ ਰੋਟੀ ਟੁੱਕ ਨਹੀਂ ਦੇਂਦੀ...ਜਰੂਰ ਉਸ ਜੀਤੋ ਦੇ ਕੰਨ ਭਰੇ ਹੋਣੇ...ਕਲ੍ਹ ਮੈਨੂੰ ਜੀਤੋ ਨੇ ਰੋਟੀਆਂ ਠੰਡੀਆਂ ਦਿੱਤੀਆਂ ਤੇ ਦਾਲ ਵਿਚ ਮੱਖਣੀ ਨਹੀਂ ਪਾਈ!" ਤਾਰੇ ਦਿਲ ਦੀ ਗੱਲ ਕਹਿ ਦਿੱਤੀ!

ਜੀਤੋ ਢਾਕਾਂ 'ਤੇ ਹੱਥ ਰੱਖ ਬੋਲੀ, "ਵੇ ਤੁਹਾਡਾ ਬੇੜਾ ਬਹਿ ਜਾਏ ਸ਼ੱਕ ਕਰਨ ਵਾਲਿ"...ਮੈਂ ਜਗੀਰੋ ਤੋਂ ਚਾਦਰ ਦਾ ਨਮੂਨਾ ਲੈਣ ਗਈ ਸੀ...ਜੇ ਮੈਂ ਬੀਬੀ ਨੂੰ ਗਰਮਾ-ਗਰਮ ਫੁੱਲਕੇ ਦੇਵਾਂ ਤਾਂ ਕਹਿੰਦੀ...ਸੜਦੇ-ਬਲਦੇ ਮੂੰਹ ਸਾੜਨ ਨੂੰ ਦੇ ਜਾਂਦੀ...ਤਾਂਹੀ ਠੰਡੇ ਦਿੱਤੇ ਸੀ...ਦਾਲ ਵਿਚ ਮੱਖਣੀ ਇਸ ਕਰਕੇ ਨਹੀਂ ਪਾਈ ਕਿ ਬੀਬੀ ਦਾ ਕਸਟਰੋਲ ਵੱਧ ਜਾਂਦਾ...ਤੁਹਾਡੇ ਨਾਲ ਨੇਕੀ ਕਰਨੀ ਨੱਬਿਆਂ ਦਾ ਘਾਟਾ!"



"ਤਾਰਿਆਂ ਮੇਰੀ ਗੱਲ ਕੰਨ ਖੋਲ੍ਹ ਕੇ ਸੁਣ ਲੈ...ਮੈਂ ਤੇ ਕਹਿਣੀਂ ਆਂ ਜਿਨ੍ਹੇ ਸ਼ੱਕ 'ਸ਼ਬਦ ਬਣਾਇਆ ਉਹਨੂੰ ਕੀੜੇ ਪੈਣ...ਸ਼ੱਕ ਵਾਲਾ ਬੰਬ ਜਿੱਥੇ ਡਿੱਗਦਾ ਰਿਸ਼ਤਿਆਂ ਦਾ ਵਿਨਾਸ਼ ਕਰ ਦੇਂਦਾ!"

"ਜੇ ਕਿਸੇ ਉਪਰ ਸ਼ੱਕ ਹੋ ਜਾਵੇ ਤਾਂ ਮੂੰਹ ਮੋਟਾ ਕਰ ਨਾ ਬੈਠ ਜਾਇਆ ਕਰੋ...ਅੱਗਲੇ ਨਾਲ ਗੱਲ ਕਰਿਆ ਕਰੋ...ਚਲ ਉੱਠ ਬੀਬੀ ਨਾਲ ਵੀ ਗੱਲ ਕਰੀਏ...ਐਵੇਂ ਜਗੀਰੋ ਅਤੇ ਮੇਰੇ ਉੱਤੇ ਸ਼ੱਕ ਕਰੀ ਬੈਠੀ ਏ!!

ਜਦੋਂ ਜੀਤੋ ਨੇ ਜਗੀਰੋ ਦੇ ਘਰ ਜਾਣ ਦਾ ਕਾਰਨ ਦੱਸਿਆ ਅਤੇ ਇਹ ਵੀ ਦੱਸਿਆ ਕਿ ਉਹ ਤੇਰੀ ਸੁੱਖ-ਸਾਂਦ ਪੁੱਛਦੀ ਸੀ ਤਾਂ ਬੀਬੀ ਦਾ ਸ਼ੱਕ ਦੂਰ ਹੋ ਗਿਆ!

ਜੀਤੋ ਬੀਬੀ ਨੂੰ ਪੱਕੀਆਂ ਕਰਦੀ ਕਹਿੰਦੀ, "ਬੀਬੀ ਸ਼ੱਕ ਨੇ ਕਈ ਘਰ ਤਬਾਹ ਕਰ ਸੁੱਟੇ...ਵਾਅਦਾ ਕਰ ਅੱਜ ਤੋਂ ਤੂੰ ਸ਼ੱਕ ਨਹੀਂ ਕਰੇਂਗੀ...ਰੱਬ ਨਾ ਕਰੇ ਜੇ ਸ਼ੱਕ ਵਰਗੇ ਹਾਲਾਤ ਬਣ ਜਾਣ ਤਾਂ ਸਾਰੇ ਕੰਮ ਛੱਡ ਮੇਰੇ ਨਾਲ ਗੱਲ ਕਰੀਂ, ਮੈਂ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਕਰ ਦਊਂ ਪਰ ਬੀਬੀ ਸ਼ੱਕ ਨਾ ਕਰੀਂ!"

ਬੀਬੀ ਨੇ ਜੀਤੋ ਨੂੰ ਕਲਾਵੇ,'ਚ ਲੈ ਘੁੱਟ ਕੇ ਸੀਨੇ ਨਾਲ ਲਾ ਲਿਆ...ਤਾਰਾ ਖਿੜਕੀ ਕੋਲ ਖੜ੍ਹਾ ਨੀਵੀਂ ਪਾ ਮੁਸ਼ਕਣੀਆਂ ਵਿਚ ਹੱਸ ਰਿਹਾ ਸੀ!!

# ‘ਮੋਦੀ ਦਾ ਆਜ਼ਾਦੀ ਦਿਵਸ ਸੰਬੋਧਨ-ਕਹੀਂ ਪੇ ਨਿਗਾਹੇਂ ਕਹੀਂ ਪੇ ਨਿਸ਼ਾਨਾ’

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਰਾਸ਼ਟਰ ਦੇ ਨਾਮ 77ਵਾਂ ਆਜ਼ਾਦੀ ਦਿਵਸ ਸੰਬੋਧਨ ‘ਕਹੀਂ ਪੇ ਨਿਗਾਹੇਂ ਕਹੀਂ ਪੇ ਨਿਸ਼ਾਨਾ’ ਦੀ ਅਨੂਠੀ ਮਿਸਾਲ ਸੀ।

ਕਹਿਣ ਨੂੰ ਤਾਂ ਇਹ ਕੌਮ ਦੇ ਨਾਮ ਉਨ੍ਹਾਂ ਦਾ ਦਸਵਾਂ ਤੇ ਮੌਜੂਦਾ ਟਰਮ ਦਾ ਆਖਰੀ ਸੰਬੋਧਨ ਸੀ, ਪਰ ਅਸਲ ਵਿਚ ਇਹ ਇਸ ਸਾਲ ਆਉਣ ਵਾਲੀਆਂ ਚਾਰ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਅਤੇ ਅਗਲੇ ਸਾਲ ਹੋਣ ਵਾਲੀਆਂ ਲੋਕ ਸਭਾ ਦੀਆਂ ਆਮ ਚੋਣਾਂ ਉਪਰ ਅੱਖ ਰੱਖ ਕੇ ਨਿਸ਼ਾਨਾ ਸੇਧਿਆ ਗਿਆ ਸੀ।

ਇਹ ਪਹਿਲੀ ਵਾਰ ਹੈ ਕਿ ਆਪਣੇ ਕੌਮੀ ਸੰਦੇਸ਼ ਵਿਚ ਮੋਦੀ ਜੀ ਨੇ ਆਪਣਾ ਟਰੇਡ ਮਾਰਕ ਸੰਬੋਧਨੀ ਅੰਦਾਜ਼ ਬਦਲਿਆ। ਪਿਛਲੇ ਨੌਂ ਸੰਬੋਧਨਾਂ, ਨੌਂ ਸਾਲਾਂ ਵਿਚ ਸੈਂਕੜੇ ਚੋਣ ਰੈਲੀਆਂ ਤੇ ਸਮਾਗਮਾਂ ਵਿਚ ਉਹ ‘ਪਿਆਰੇ ਭਾਈਓ ਔਰ ਬਹਿਨੋ’ ਜਾਂ ‘ਮੇਰੇ ਪਿਆਰੇ ਦੇਸ਼ ਵਾਸੀਓ’ ਕਹਿਣ ਦੇ ਆਦੀ ਸਨ। ਪਰ ਇਕ ਪਲੈਨ ਅਧੀਨ ਇਸ ਵਾਰ ਇਹ ਸੰਬੋਧਨ ਮੇਰੇ 140 ਕਰੋੜ ‘ਪਰਿਵਾਰ ਜਨੋ’ ਕੀਤਾ ਗਿਆ। ਇਹ ਸ਼ਬਦ ਮੋਦੀ ਜੀ ਨੇ ਘੱਟੋ ਘੱਟ 50 ਵਾਰ ਵਰਤਿਆ! ਦੋ-ਤਿੰਨ ਵਾਰ ਤਾਂ ਉਨ੍ਹਾਂ ਦੇ ਮੂੰਹ ’ਚ ‘ਭਾਈਓ ਔਰ ਬਹਿਨੋ’ ਦਾ ਪਹਿਲਾ ਅੱਖਰ ‘ਭ’ ਵੀ ਆ ਗਿਆ ਪਰ ਉਨ੍ਹਾਂ ਨੇ ਇਸ ਨੂੰ ਮੂੰਹ ਵਿਚ ਹੀ ਦਬਾ ਕੇ ਫਟਾਫਟ ਇਸ ਥਾਂ ‘ਪਰਿਵਾਰ ਜਨੋ’ ਕਰ ਦਿੱਤਾ। ਇਕ-ਦੋ ਵਾਰ ‘ਮੇਰੇ ਪਿਆਰੇ ਦੇਸ਼ ਵਾਸੀਓ’ ਵੀ ਕਹਿ ਹੋ ਗਿਆ। ਆਦਤ ਜੁ ਪਈ ਹੋਈ।



**ਪ੍ਰੋ. ਜਸਵੰਤ ਸਿੰਘ ਗੰਡਮ**
**ਫੋਨ: 98766-55055**

ਭਲਾ ਇਹ ਸੰਬੋਧਨੀ ਅੰਦਾਜ਼ ਕਿਉਂ ਬਦਲਿਆ ਗਿਆ? ਅਗਲੀਆਂ ਚੋਣਾਂ ਵਿਚ ਲੋਕਾਂ ਸਾਹਮਣੇ ਜਾਣ ਤੋਂ ਪਹਿਲਾਂ ਉਨ੍ਹਾਂ ਨੂੰ ਇਹ ਦਰਸਾਉਣ ਲਈ ਕਿ ਮੋਦੀ ਉਨ੍ਹਾਂ ਨੂੰ ਆਪਣੇ ਪਰਿਵਾਰ ਦੇ ਜੀਅ ਸਮਝਦਾ ਹੈ ਅਤੇ ਉਹ ਉਨ੍ਹਾਂ ਵਿਚੋਂ ਹੀ ਇਕ ਹੈ।

ਦੂਜਾ ਚੋਣਾਂ ਉਪਰ ਅੱਖ ਰੱਖ ਕੇ ਕੀਤਾ ਗਿਆ ਐਲਾਨ ਸੀ ਕਿ ਓਬੀਸੀ (ਹੋਰਨਾਂ ਪਛੜੀਆਂ ਸ਼੍ਰੇਣੀਆਂ) ਵਲ ਪਹੁੰਚ ਵਧਾਉਣ ਲਈ ਇਕ 13000-15000 ਕਰੋੜ ਦੀ ਵਿਸ਼ੇਸ਼ ਮੈਗਾ ਸਕੀਮ ‘ਵਿਸ਼ਵਕਰਮਾ ਯੋਜਨਾ’ ਨੂੰ 17 ਸਤੰਬਰ ਨੂੰ ਵਿਸ਼ਵਕਰਮਾ ਜਯੰਤੀ ’ਤੇ ਲਾਂਚ ਕਰਨਾ। ਇਸ ਤਹਿਤ ਰਵਾਇਤੀ ਹੁਨਰ ਜਿਵੇਂ ਤਰਖਾਣ, ਰਾਜ ਮਿਸਤਰੀ, ਸੁਨਿਆਰੇ ਆਦਿ ਦੇ ਕੰਮ ਵਿਚ ਲੱਗੇ ਲੋਕਾਂ ਨੂੰ ਲਾਭ ਪਹੁੰਚੇਗਾ। ਇਸ ਨੂੰ ਕੈਬਨਿਟ ਨੇ ਪਾਸ ਵੀ ਕਰ ਦਿੱਤਾ ਹੈ। ਇਸ ਨਾਲ ਉਪਰੋਕਤ ਸ਼੍ਰੇਣੀ ਦੇ 30 ਲੱਖ ਪਰਿਵਾਰਾਂ ਨੂੰ ਫਾਇਦਾ ਹੋਵੇਗਾ। ਮੋਦੀ ਜੀ ਨੂੰ ਪਤਾ ਹੈ ਕਿ ਦਸ ਸਾਲ ਸੱਤਾ ਵਿਚ ਰਹਿਣ ਉਪਰੰਤ ਅਗਲੀਆਂ ਚੋਣਾਂ ਵਿਚ ‘ਐਂਟੀ-ਇਨਕੰਬੈਂਸੀ’ ਫੈਕਟਰ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਸ ਲਈ ਇਕ ਨਵਾਂ ਵੋਟ ਬੈਂਕ ਗਰੁੱਪ ਪ੍ਰਭਾਵਤ ਕੀਤਾ ਜਾਣਾ ਬਣਦਾ ਹੈ। ਬਹੁਗਿਣਤੀ ਵਾਲੇ ਬਹੁਤੇ ਲੋਕ ਤਾਂ ਮੋਦੀ ਦੇ ਬੋਝੇ ਵਿਚ ਹੀ ਹਨ, ਹੁਣ ਓਬੀਸੀ ਨੂੰ ਵੀ ਆਪਣੇ ਵਲ ਕੀਤਾ ਜਾਵੇ।

ਇਸ ਹੀ ਲੜੀ ਵਿਚ ਸਿੱਖਾਂ ਨੂੰ ਭਾਜਪਾ ਵੱਲ ਖਿੱਚਣ ਦਾ ਉਪਰਾਲਾ ਵੀ ਕੀਤਾ ਜਾ ਰਿਹੈ। ਮੋਦੀ ਨੇ 10 ਅਗਸਤ ਨੂੰ ਲੋਕ ਸਭਾ ਵਿਚ ਬੇਭਰੋਸਗੀ ਦੇ ਮਤੇ ਉਪਰ ਆਪਣੇ ਲੰਮੇ ਭਾਸ਼ਨ ਦੌਰਾਨ ਕਾਂਗਰਸ ਉਪਰ ਖੁੱਲ੍ਹ ਕੇ ਹੱਲਾ ਬੋਲਿਆ। ਉਨ੍ਹਾਂ ਨਾਲ ਹੀ ‘ਅਕਾਲ ਤਖਤ’ (ਸਾਹਿਬ) ਉਪਰ ਤਤਕਾਲੀਨ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵਲੋਂ ਕਰਵਾਏ ਗਏ ‘ਹਮਲੇ’ ਦਾ ਜ਼ਿਕਰ ਵੀ ਕੀਤਾ। ਠੀਕ ਇਸ ਸਿੱਖ-ਪੱਖੀ ਸੁਰ ਨੂੰ ਬਰਕਰਾਰ ਰੱਖਦਿਆਂ ਉਨ੍ਹਾਂ ਆਪਣੇ 15 ਅਗਸਤ ਦੇ ਸੰਬੋਧਨ ਵਿਚ ਸਿੱਖਾਂ ਵਲੋਂ ਲੋੜਵੰਦਾਂ ਲਈ ਲਗਾਏ ਜਾਂਦੇ ਲੰਗਰ ਦੀ ਪ੍ਰਸ਼ੰਸਾ ਕੀਤੀ (ਇਹ ਗੱਲ ਵੱਖਰੀ ਹੈ ਕਿ ਕੇਂਦਰ ਦੀ ਏਜੰਸੀ ਐਨ.ਆਈ.ਏ. ਵਲੋਂ ਖਾਲਸਾ ਏਡ ਦੇ ਪਟਿਆਲਾ ਵਾਲੇ ਦਫ਼ਤਰ ਅਤੇ ਉਸ ਦੇ ਐਮ.ਡੀ. ਅਮਰਪ੍ਰੀਤ ਸਿੰਘ ਦੇ ਘਰ ਸੁਬ੍ਹਾ-ਸਵੇਰੇ ਰੇਡ ਕੀਤੀ ਗਈ ਸੀ। ਇਹ ਸੰਸਥਾ ਲੰਗਰ ਤੋਂ ਇਲਾਵਾ ਹਰ ਥਾਂ ਮੁਸੀਬਤ ਸਮੇਂ ਸੰਸਾਰ ਭਰ ’ਚ ਸਭ ਤੋਂ ਪਹਿਲਾਂ ਪੁੱਜਣ ਵਾਲਿਆਂ ਵਿਚ ਹੁੰਦੀ ਹੈ ਅਤੇ ਹਰ ਕਿਸਮ ਦੀ ਮਦਦ ਪਹੁੰਚਾਉਂਦੀ ਹੈ)।

ਅਫਗਾਨਿਸਤਾਨ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਨੂੰ ਪੂਰੇ ਸਤਿਕਾਰ ਅਤੇ ਮਰਿਆਦਾ ਨਾਲ ਭਾਰਤ ਲਿਆਉਣ ਦਾ ਸਿਹਰਾ ਤਾਂ ਮੋਦੀ ਸਰਕਾਰ ਵਾਰ ਵਾਰ ਲੈਂਦੀ ਹੀ ਰਹਿੰਦੀ ਹੈ।

ਪਰ ਮੋਦੀ ਜੀ ਨੇ ਆਪਣੀ ਸਭ ਤੋਂ ਵੱਧ ਸਿਆਸੀ ਦੁਸ਼ਮਣ ਪਾਰਟੀ ਕਾਂਗਰਸ ਉਪਰ ਤਾਬੜ ਤੋੜ ਹੋਰ ਹਮਲੇ ਕੀਤੇ। ਬੇਸ਼ਕ ਕਾਂਗਰਸ ਦਾ ਨਾਮ ਨਹੀਂ ਲਿਆ ਪਰ ਉਨ੍ਹਾਂ ਦੇ ਟਰੇਡ-ਮਾਰਕ ਸ਼ਬਦ-ਭ੍ਰਿਸ਼ਟਾਚਾਰ, ਪਰਿਵਾਰਵਾਦ, ਤੁਸ਼ਟੀਕਰਨ-ਕਾਂਗਰਸ ਵਲ ਹੀ ਸੇਧਿਤ ਹੁੰਦੇ ਹਨ। ਇਨ੍ਹਾਂ 3 ਬੁਰਾਈਆਂ ਵਿਰੁੱਧ ਜੰਗ ਛੇੜਨ ਦਾ ਸੱਦਾ ਦਿਤਾ। ਪਰਿਵਾਰਵਾਦ ਤਾਂ ਹੈ ਹੀ ਗਾਂਧੀ ਪਰਿਵਾਰ ਉਪਰ ਵਾਰ। ਤੁਸ਼ਟੀਕਰਨ ਦਾ ਦੋਸ਼ ਵੀ ਕਾਂਗਰਸ ਵਿਰੁੱਧ ਹੀ ਲਗਦੈ ਕਿ ਉਹ ਘੱਟ ਗਿਣਤੀਆਂ (ਇੱਥੇ ਪੜ੍ਹੋ ਮੁਸਲਮਾਨ) ਦਾ ਤੁਸ਼ਟੀਕਰਨ ਕਰਦੀ ਹੈ। ਚਲੋ, ਕਰਦੀ ਹੋਊ। ਪਰ ਮੋਦੀ, ਉਸ ਦੀ ਸਰਕਾਰ, ਪਾਰਟੀ ਭਾਜਪਾ ਅਤੇ ਇਨ੍ਹਾਂ ਸਭ ਦੀ ਮਾਈ-ਬਾਪ ਆਰ.ਐਸ.ਐਸ. ਅਤੇ ਉਸ ਦੇ ਫਰੰਟਲ ਵਿੰਗ, ਖਾਸ ਕਰਕੇ ਬਜਰੰਗ ਦਲ, ਵਿਸ਼ਵ ਹਿੰਦੂ ਪ੍ਰੀਸ਼ਦ ਅਤੇ ਗਊ-ਰਖਵਾਲੇ ਹਿੰਸਕ ਗਰੁੱਪ ਸਭ ਬਹੁਗਿਣਤੀ ਹਿੰਦੂ ਭਾਈਚਾਰੇ ਦਾ ਤੁਸ਼ਟੀਕਰਨ ਕਰਦੇ ਹਨ। ਇਸ ਬਾਰੇ ਕੁਝ ਕਹਿਣ ਲੱਗਿਆਂ ਮੋਦੀ ਜੀ ਦੇ ਮੂੰਹ ਵਿਚ ਦਹੀਂ ਕਿਉਂ ਜੰਮ ਜਾਂਦੈ, ਮੂੰਹ ਵਿਚ ਘੁੰਗਣੀਆਂ ਕਿਉਂ ਪੈ ਜਾਂਦੀਆਂ ਹਨ?

ਘੱਟ-ਗਿਣਤੀਆਂ ਦਾ ਤੁਸ਼ਟੀਕਰਨ ਪਾਪ, ਬਹੁਗਿਣਤੀ ਦਾ ਤੁਸ਼ਟੀਕਰਨ ਪੁੰਨ! ਇਕ ਬਾਜ਼ਾਰ ਵਿਚ ਦੋ ਭਾਅ ਚਲਾਏ ਜਾ ਰਹੇ ਹਨ ਤੇ ਚਲਾਏ ਵੀ ਡੰਕੇ ਦੀ ਚੋਟ ਉਪਰ।

ਆਪਣੇ ਡੇਢ ਘੰਟੇ ਦੇ ਸੰਬੋਧਨ ਵਿਚ ਮੋਦੀ ਨੇ ਸ਼ੁਰੂ ਜਿਹੇ ਵਿਚ ਹੀ ਮਨੀਪੁਰ ਦਾ ਜ਼ਿਕਰ ਕਰ ਦਿੱਤਾ (ਜੋ ਬਾਅਦ ਵਿਚ ਵੀ ਕੀਤਾ ਗਿਆ)। ਇਸ ਤੋਂ ਪੰਜ ਦਿਨ ਪਹਿਲਾਂ ਲੋਕ ਸਭਾ ਵਿਚਲੇ ਕਰੀਬ ਸਵਾ ਦੋ ਘੰਟੇ ਦੇ ਭਾਸ਼ਨ ਵਿਚ ਮੋਦੀ ਨੇ ਮਨੀਪੁਰ ਦਾ ਜ਼ਿਕਰ ਲਗਭਗ ਪੌਣੇ ਦੋ ਘੰਟੇ ਉਪਰੰਤ ਕੀਤਾ ਸੀ ਅਤੇ ਉਹ



ਵੀ ਉਦੋਂ ਜਦੋਂ ਵਿਰੋਧੀ ਪਾਰਟੀਆਂ, ਇਸ ਪੂਰੇ ਸਮੇਂ ਦੌਰਾਨ ‘ਮਨੀਪੁਰ, ਮਨੀਪੁਰ’ ਚੀਕ ਚੀਕ ਕੇ ਕਹਿਣ ਉਪਰੰਤ ਅੱਕ ਕੇ ਵਾਕ ਆਊਟ ਕਰ ਗਈਆਂ। 15 ਅਗਸਤ ਨੂੰ ਫਿਰ ਇਹ ਜ਼ਿਕਰ ਸੰਬੋਧਨ ਦੇ ਸ਼ੁਰੂ ਜਿਹੇ ਵਿਚ ਹੀ ਕਿਉਂ ਕਰ ਦਿਤਾ ਗਿਆ? ਪਹਿਲਾ, ਵਿਰੋਧੀ ਪਾਰਟੀਆਂ ਨੂੰ ਇਹ ਦੱਸਣ ਲਈ ਕਿ ‘ਮੈਂ ਤੁਹਾਡੇ ਵਲੋਂ ਨਿਰਧਾਰਤ ਏਜੰਡੇ ਅਨੁਸਾਰ ਨਹੀਂ ਚਲਦਾ, ਆਪਣੀ ਮਰਜ਼ੀ ਅਨੁਸਾਰ ਚਲਦਾ ਹਾਂ’। ਦੂਸਰਾ, 15 ਅਗਸਤ ਵਾਲਾ ਸੰਬੋਧਨ ਵੱਡੀ ਪੱਧਰ ਉਪਰ ਸੁਣਿਆ ਜਾਣਾ ਸੀ। ਤੀਸਰਾ, ਇਸ ਵਿਚ ਬਾਹਰਲੇ ਮੁਲਕਾਂ ਦੇ ਰਾਜਦੂਤ ਵੀ ਮੌਜੂਦ ਸਨ, ਉਨ੍ਹਾਂ ਰਾਹੀਂ ਕੌਮਾਂਤਰੀ ਭਾਈਚਾਰੇ ਵਿਚ ਆਪਣੇ ਅਕਸ ਨੂੰ ਵੀ ਚਮਕਾਉਣਾ ਸੀ। ਚੌਥਾ, ਮਨੀਪੁਰ ਵਾਲਿਆਂ ਨੂੰ ਫਿਰ ਇਹ ਭਰੋਸਾ ਦੇਣਾ ਸੀ ਕਿ ਦੇਸ਼ ਤੁਹਾਡੇ ਨਾਲ ਖੜ੍ਹਾ ਹੈ। ਪੰਜਵਾਂ, ਇਹ ਦਾਅਵਾ ਕਰਨਾ ਸੀ ਕਿ ਮਨੀਪੁਰ ਵਿਚ ਰਾਜ ਅਤੇ ਕੇਂਦਰ ਸਰਕਾਰਾਂ ਦੇ ਸਾਂਝੇ ਯਤਨਾਂ ਕਾਰਨ ਸ਼ਾਂਤੀ ਪਰਤ ਰਹੀ ਹੈ (ਬੇਸ਼ੱਕ ਕੁਝ ਦਿਨ ਬਾਅਦ ਹੀ ਮਨੀਪੁਰ ਵਿਚ ਫਿਰ ਹਿੰਸਾ ਭੜਕ ਉਠੀ ਜਿਸ ਵਿਚ 3 ਮੌਤਾਂ ਵੀ ਹੋ ਗਈਆਂ)।

ਮੋਦੀ ਜੀ ਨੇ ਕਿਹਾ ਕਿ ਉਹ ‘ਪਰਫੌਰਮ, ਰਿਫੌਰਮ, ਟਰਾਂਸਫੌਰਮ’ ਦੀ ਸਿਆਸਤ ਕਰਦੇ ਹਨ ਜਦ ਕਿ ਪਹਿਲਾਂ ‘ਅਸਥਿਰਤਾ ਦੀ ਸਿਆਸਤ’ ਹੁੰਦੀ ਸੀ। ਉਨ੍ਹਾਂ ਦਾਅਵਾ ਕੀਤਾ ਕਿ ਅੱਜ ਭਾਰਤ ਆਲਮੀ ਨਕਸ਼ੇ ਉਪਰ ਇਕ ‘ਵਿਸ਼ਵਮਿੱਤਰ’ ਵਜੋਂ ਉਭਰਿਆ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਹ ‘ਮੋਦੀ ਕੀ ਗਰੰਟੀ’ ਹੈ ਕਿ ਦੇਸ਼ ਅਗਲੇ ਪੰਜ ਸਾਲਾਂ ਵਿਚ ਵਿਸ਼ਵ ਦਾ ਤੀਜਾ ਸਭ ਤੋਂ ਵਡਾ ਅਰਥਚਾਰਾ ਬਣੇਗਾ। ਉਨ੍ਹਾਂ ਕਿਹਾ ਕਿ ਇਹ ਸਭ ਕੁਝ ਅੰਮ੍ਰਿਤਕਾਲ ਦੀ ਮਿਆਦ ਦੌਰਾਨ (2047) ਹੋਵੇਗਾ ਤੇ ਇਸ ਦਾ ਅਸਰ ਅਗਲੇ 1000 ਸਾਲ ਤਕ ਰਹੇਗਾ। ਇਸ ਸਬੰਧੀ ਉਨ੍ਹਾਂ ਨੇ ‘ਡੈਮੋਗਰਾਫੀ, ਡੈਮੋਕਰੇਸੀ, ਡਾਇਵਰਸਿਟੀ’ ਦੀ ਤ੍ਰੈ-ਮੂਰਤੀ ਦਾ ਜ਼ਿਕਰ ਕੀਤਾ ਜੋ ਇਸ ਸਬੰਧੀ ਇਕ ਸ਼ਕਤੀ ਦਾ ਕੰਮ ਕਰਨਗੇ।

ਮੁੜ੍ਹਕੋ-ਮੁੜ੍ਹਕੀ ਹੋਏ ਮੋਦੀ ਜੀ ਨੇ ਬੜੇ ਹੀ ਭਰੋਸੇ ਨਾਲ ਐਲਾਨ ਕੀਤਾ ਕਿ ਅਗਲੇ ਸਾਲ ਵੀ ਉਹ ਹੀ 15 ਅਗਸਤ ਨੂੰ ਲਾਲ ਕਿਲੇ ਤੋਂ ਝੰਡਾ ਝੁਲਾਉਣਗੇ ਤੇ ਦੇਸ਼ ਦੀਆਂ ਪ੍ਰਾਪਤੀਆਂ ਬਾਰੇ ਵਧੇਰੇ ਸਵੈ-ਵਿਸ਼ਵਾਸ ਨਾਲ ਗੱਲ ਕਰਨਗੇ’।

ਇਸ ਦਾ ਸਾਫ ਮਤਲਬ ਹੈ ਕਿ ਵਿਰੋਧੀਓ, ਜਿੰਨਾ ਮਰਜ਼ੀ ਇਕੱਠੇ ਹੋ ਲਓ, ਅਗਲੀ ਚੋਣ-ਜਿੱਤ ਵੀ ਮੋਦੀ ਦੀ ਅਗਵਾਈ ਵਿਚ ਭਾਜਪਾ ਦੀ ਹੀ ਹੋਣੀ ਹੈ। ਇਸ ਨੂੰ ਭਰੋਸਾ ਕਹੀਏ ਕਿ ਹੰਕਾਰ? ਜਾਂ ਫਿਰ ਦੇਸ਼ ਦੇ ਵੋਟਰਾਂ ਨੂੰ ਹਲਕੇ ਅੰਦਾਜ਼ ਵਿਚ ਲੈਣ ਦੀ ਆਦਤ ਕਿ ਚੋਣਾਂ ਤੋਂ ਪਹਿਲਾਂ ਹੀ ਮੋਦੀ ਜੀ ਗਿਆਰਵੀਂ ਵਾਰ ਲਾਲ ਕਿਲੇ ਦੀ ਫਸੀਲ ਤੋਂ ਤਿਰੰਗਾ ਲਹਿਰਾਉਣ ਦਾ ਐਲਾਨ ਕਰ ਚੁੱਕੇ ਹਨ, ਜਾਣੀ ਪ੍ਰਧਾਨ ਮੰਤਰੀ ਵਜੋਂ ਆਪਣੀ ਤੀਜੀ ਟਰਮ ਦਾ। (ਇੰਡੀਆ ਗੱਠਜੋੜ ਵਾਲੇ ਵੀ ‘ਕੋਹ ਨਾ ਚਲੀ ਬਾਬਾ ਤਿਹਾਈ’ ਵਾਲੀਆਂ ਹਰਕਤਾਂ ਕਰ ਰਹੇ ਹਨ। ਅਜੇ ਇਸ ਗੱਠਜੋੜ ਨੂੰ ਬਣਿਆਂ ਜੁੰਮਾ ਜੁੰਮਾ ਸੱਤ ਦਿਨ ਹੀ ਹੋਏ ਹਨ ਕਿ ਦਿੱਲੀ, ਪੰਜਾਬ ਵਿਚ ਕਾਂਗਰਸ ਅਤੇ ‘ਆਪ’ ਵਾਲੇ ਇਕ ਦੂਜੇ ਵਿਰੁੱਧ ਬਾਹਵਾਂ ਚਾੜ੍ਹ ਰਹੇ ਹਨ ਅਤੇ ਪੱਛਮੀ ਬੰਗਾਲ ਵਿਚ ਕਾਮਰੇਡਾਂ ਤੇ ਮਮਤਾ ਬੈਨਰਜੀ ਦਾ 36 ਦਾ ਅੰਕੜਾ ਹੈ, ਜੋ ਸਭ ਮੋਦੀ ਦੇ ਹੱਕ ਵਿਚ ਹੀ ਜਾਏਗਾ)।

15 ਅਗਸਤ ਵਾਲਾ ਸੰਬੋਧਨ ਦੇਸ਼ ਦੀਆਂ ਸਮੂਹਕ ਪ੍ਰਾਪਤੀਆਂ ਦਾ ਲੇਖਾ-ਜੋਖਾ ਹੋਣ ਦੇ ਨਾਲ ਦੇਸ਼ ਦੀ ਭਾਵੀ ਦਿਸ਼ਾ ਜਾਂ ‘ਵਿਯਨ’ ਵਾਰੇ ਹੁੰਦਾ ਹੈ ਪਰ ਮੋਦੀ ਦਾ ਸੰਬੋਧਨ ਪੂਰਾ ਸਿਆਸੀ ਸੀ। ਸਾਂਝੀਵਾਲਤਾ ਦਾ ਸੁਨੇਹਾ ਦੇਣ ਦੀ ਥਾਂ ਲੋਕਾਂ ਕੋਲੋਂ ਅਸਿੱਧੇ ਤੌਰ ’ਤੇ ਵੋਟਾਂ ਹੀ ਮੰਗੀਆਂ ਗਈਆਂ। ਦੇਸ਼ ਵਿਚ ਹੋਏ ਧਰੁਵੀਕਰਨ ਕਰਕੇ ਹੋ ਰਹੇ ਭਾਈਚਾਰਕ ਨੁਕਸਾਨ, ਅੰਬਰ-ਛੂੰਹਦੀ ਮਹਿੰਗਾਈ, ਖਾਸ ਕਰਕੇ ਰੋਜ਼ ਵਰਤੀਆਂ ਜਾਣ ਵਾਲੀਆਂ ਵਸਤਾਂ ਦੀ ਲੱਕ-ਤੋੜਵੀਂ ਮਹਿੰਗਾਈ, ਨਿੱਤ ਵਧਦੀ ਬੇਰੁਜ਼ਗਾਰੀ ਆਦਿ ਦੀ ਤਾਂ ਭਲਾ ਕਿਸ ਨੇ ਗੱਲ ਕਰਨੀ ਸੀ?

ਵੋਟਰ ਵੀ ਬੜੇ ਭੁਲੱਕੜ ਹੁੰਦੇ ਹਨ। ਚੋਣਾਂ ਤਕ ਭੁੱਲ-ਭੁਲਾ ਜਾਣਗੇ ਕਿ ਇਸ ਸਾਲ ਤਾਂ ਟਮਾਟਰ ਹੀ 300 ਰੁਪਏ ਕਿਲੋ ਵਿਕਦੇ ਹਨ। ਪੈਟਰੋਲ-ਡੀਜ਼ਲ ਦਾ ਰੇਟ ਨਾ ਹੀ ਪੁੱਛੋ ਤਾਂ ਚੰਗਾ।

ਵੋਟਰ ਜਨੋ! ਜ਼ਰੂਰੀ ਵਸਤਾਂ ਵਿਚਲੀਆਂ ਕੀਮਤਾਂ ਨੇ ਜੋ ਤੁਹਾਡਾ ਬੁਰਾ ਹਾਲ ਕੀਤਾ ਅਤੇ ਫਿਰਕਿਆਂ ਵਿਚਲੇ ਧਰੁਵੀਕਰਨ ਨੇ ਜੋ ਦੇਸ਼ ਨੂੰ ਬੇਹਾਲ ਕੀਤਾ, ਧਰਮ-ਨਿਰਪੱਖ ਦੇਸ਼ ਨੂੰ ਹਿੰਦੂ ਰਾਸ਼ਟਰ ਬਣਾਉਣ ਦੀਆਂ ਚਾਲਾਂ ਨੇ ਥਾਂ ਥਾਂ ਜੋ ਬਵਾਲ ਖੜਾ ਕੀਤਾ ਇਸ ਸਭ ਨੂੰ ਯਾਦ ਰੱਖਿਓ, ਬਾਕੀ ਤੁਹਾਡੀ ਮਰਜ਼ੀ-

“ਹਮ ਤੋ ਵਫਾ ਕੇ ਬੰਦੇ ਹੈਂ ਉਨ ਕੀ ਬਾਤੇਂ ਉਨ ਕੇ ਸਾਥ,
ਡੂਬਨੇ ਵਾਲਾ ਡੂਬ ਗਯਾ ਮਲਤੇ ਰਹੋ ਸਾਹਿਲ ਪੇ ਹਾਥ”!

---

## *ਜੀਅ ਕਰਦੈ !*

*********

ਜੀਅ ਕਰਦੈ ਉਡ ਵਤਨੀਂ ਚੱਲੀਏ,
ਜਾ ਸੁੰਨੇ ਸੁੰਨੇ ਉੱਜੜੇ ਦਰ ਮੱਲੀਏ।
ਜੰਦਰੇ ਮੂਹਰੇ ਬੈਠ ਕੁਰਲਾਈਏ,
ਦੱਬੀਆਂ ਪੀੜਾਂ-ਦਰਦ ਸੁਣਾਈਏ।

ਹਉਕੇ ਭਰ ਵਿਹੜੇ ਵੈਣ ਅਲ੍ਹਾਣੇ,
ਬੂਹੇ-ਬਾਰੀਆਂ ਨੇ ਦੁੱਖੜੇ ਗਾਉਣੇ।
ਜਾਪਣੇ ਰੁੱਸੇ ਕਿਲੀ, ਰੋਸ਼ਨਦਾਨ,
ਖਿਲਰਿਆ ਮਿਲੂ ਥਾਂ ਥਾਂ ਸਮਾਨ।

ਆਂਢੀ ਗੁਆਂਢੀ ਸਭ ਹੋਣੇ ‘ਕੱਠੇ,
ਹਾਸੇ ਮਸ਼ਕੂਲੇ ਫਿਰ ਚੱਲਣੇ ਠੱਠੇ।
ਪਰ:
ਜਦ ਦੇਖਾਂ ਮਾਂ-ਬਾਪੂ ਦੀ ਤਸਵੀਰ,
ਦੇਹ। ਹੂ ਲਿਖੀ ਜਿਨ੍ਹਾਂ ਤਕਦੀਰ।
ਗਿੱਠ ਗਿੱਠ ਉੱਪਰ ਧੂੜ ਦਿਸੇਗੀ,
ਚੁੱਪ ਬੇਬੇ ਦੀ ਬੱਸ ਘੂਰ ਦਿਸੇਗੀ।

‘ਦੱਸ ਪੁੱਤਰਾ ਤੂੰ ਕਿਉਂ ਭੁਲਾਇਆ,
ਚੇਤਾ ਮਾਂ ਦਾ ਕਦੇ ਨ੍ਹੀਂ ਆਇਆ?
ਤੇਰੇ ਵਿਛੋੜੇ ‘ਚ ਰੋ ਨੈਣ ਗੁਆਏ,
ਡਾਲਰ-ਪੌਂਡ ਕਿਸੇ ਕੰਮ ਨ ਆਏ।
ਤੜਫਦਿਆਂ ਹੀ ਸਾਹ ਰੁੱਕ ਗਏ,
ਡਿਗਦੇ-ਢਹਿੰਦੇ ਦੋਨੋਂ ਮੁੱਕ ਗਏ।

ਸਿਰ ਦੇ ਸਾਈਂ ਤੇ ਇਹ ਫ਼ੋਟੋ ਮੇਰੀ,
ਹੁਣ ਬਚੀ ਹੈ ਬੱਸ ਰਾਖ ਦੀ ਢੇਰੀ।
ਵਕਤੋਂ ਖੁੰਝੀ ਡੂਮਣੀ ਨੇ ਕੁਰਲਾਣਾ,
ਕੁਵੇਲੇ ਦੀ ਟੱਕਰ ਮਾਰ ਪਛਤਾਣਾ।’

***-ਸੇਵਾ ਸਿੰਘ “ਨੂਰਪੁਰੀ”***

---

## ਰੱਖੜੀ ਨੂੰ ਸਮਰਪਿਤ

### *ਰੱਖੜੀ*

ਬਾਕੀ ਤਿਉਹਾਰਾਂ ਨਾਲੋਂ ਡਿੱਠਾ,
ਬੜਾ ਪਵਿੱਤਰ ਇਹ ਤਿਉਹਾਰ।
ਰੱਖੜੀ ਦੇ ਇਸ ਗਾਨੇ ਵਿੱਚ,
ਭੈਣ ਭਰਾ ਦਾ ਗੁੰਦਿਆ ਪਿਆਰ।

ਭੈਣਾਂ ਦੀਆਂ ਸੱਧਰਾਂ ਵਾਲਾ,
ਏਹਦੇ ਵਿੱਚ ਹੈ ਛੁਪਿਆ ਖਜ਼ਾਨਾ।
ਵੀਰਾਂ ਦੇ ਗੁੱਟ ‘ਤੇ ਬੰਨ੍ਹਣ ਲਈ,
ਬਹੁਤ ਕੀਮਤੀ ਇਹ ਹੈ ਗਾਨਾ।

ਭੈਣਾਂ ਵੱਲੋਂ ਵੀਰਾਂ ਦੇ ਲਈ,
ਏਹਦੇ ਵਿੱਚ ਹੀ ਹਨ ਸ਼ੁਭਇਛਾਵਾਂ।
ਖਿੜੇ ਰਹਿਣ ਬਾਗ ਵੀਰਾਂ ਦੇ,
ਉਹ ਵੀ ਇਹਦੇ ਵਿੱਚ ਨੇ ਦੁਆਵਾਂ।

ਏਹਦੇ ਰੰਗਾਂ ਵਾਂਗੂੰ ਹੀ ਰਹਿਣ,
ਵੀਰਾਂ ਦੀ ਜ਼ਿੰਦਗੀ ਦੇ ਵਿੱਚ ਰੰਗ।
ਭਤੀਜੇ ਭਤੀਜੀਆਂ ਕਰਨ ਤਰੱਕੀ,
ਦੇਖਣ ਵਾਲਾ ਰਹਿ ਜਾਵੇ ਦੰਗ।

ਭੈਣਾਂ ਲਈ ਵੀ ਵੀਰਾਂ ਦੇ ਨੇ ਹੁੰਦੇ,
ਬਹੁਤ ਹੀ ਉਚੇ-ਸੁੱਚੇ ਫਰਜ਼।
ਉਹ ਵੀ ਸਾਨੂੰ ਰੱਖੜੀ ਹੈ ਦੱਸਦੀ,
ਪੂਰੇ ਕਰਨੇ ਨੇ ਬਿਨਾਂ ਗਰਜ਼।

ਭੈਣ ਭਰਾ ਦਾ ਪਵਿੱਤਰ ਜੋ ਰਿਸ਼ਤਾ,
ਜਿਹੜੇ ਲੋਕੀਂ ਸਮਝ ਨੇ ਲੈਂਦੇ।
‘ਅਮਰੀਕ ਤਲਵੰਡੀ’ਵਾਲੇ ਦੇ ਵਾਗੂੰ,
ਭੈਣ ਤੋਂ ਜਾਨ ਵਾਰਦੇ ਰਹਿੰਦੇ।

***– ਅਮਰੀਕ ਸਿੰਘ ਤਲਵੰਡੀ ਕਲਾਂ***
***ਫੋਨ: 94635-42896***

---

### *ਭੈਣ ਦਾ ਖ਼ਤ*

ਪਿਆਰੇ ਵੀਰ! ਦਿਲ ਤਾਂ ਨਹੀਂ ਸੀ ਚਾਹੁੰਦਾ,
ਕਿ ਅਜਿਹਾ ਕੁਝ ਵੀ ਲਿਖਾਂ
ਜਿਸ ਨੂੰ ਪੜ੍ਹ ਕੇ ਹੋ ਜਾਵੇ ਤੇਰੀ ਆਤਮਾ ਛਲਣੀ।
ਅਤੇ ਬੇਬੇ ਬਾਪੂ ਦੇ ਮਨ ਵਿੱਚ ਬਲਣ ਲੱਗ ਪਵੇ
ਹਜ਼ਾਰਾਂ ਸੰਸਿਆਂ ਦਾ ਸੇਕ।
ਮੈਨੂੰ ਡੋਲੀ ‘ਚ ਬਿਠਾ ਕੇ ਜਿਸ ਤੋਂ ਉਹ ਬੜੀ
ਮੁਸ਼ਕਿਲ ਨਾਲ ਹੋਏ ਸੀ ਸੁਰਖ਼ੁਰੂ

ਵੀਰੇ! ਮੈਂ ਭੁੱਲ ਨਹੀਂ ਸਕਦੀ ਕਿ ਕਿਵੇਂ ਬਾਪੂ ਨੇ
ਦੋ ਕਿੱਲੇ ਗਹਿਣੇ ਧਰ
ਮੇਰੇ ਸਹੁਰਿਆਂ ਦੀ ਖੁਸ਼ੀ ਲਈ
ਦਾਜ ‘ਚ ਦੇ ਦਿੱਤੇ ਸੀ ਵੱਢ ਕੇ ਆਪਣੇ ਹੱਥ।
ਅਤੇ ਮੈਨੂੰ ਤੋਰਨ ਲੱਗਿਆਂ
ਮੇਰੇ ਸਿਰ ‘ਤੇ ਹੱਥ ਰਖਦੇ
ਉਸ ਦੀਆਂ ਅੱਖਾਂ ‘ਚ ਉੱਤਰ ਆਇਆ ਸੀ
ਕਿਵੇਂ ਹੰਝੂਆਂ ਦਾ ਜਵਾਲਾਮੁਖੀ।

ਹੁਣ ਮੈਂ ਕਿੰਝ ਆਖਾਂ ਕਿ ਮੇਰੇ ਸਹੁਰੇ
ਵਧਾ ਰਹੇ ਨੇ ਮੇਰੇ ਸੰਹੇਂਦੜ ਦੀ ਕੀਮਤ।
ਜਿਸ ਨੇ ਮੇਰੇ ਨਾਲ
ਵਿਆਹ ਨਹੀਂ ਵਪਾਰ ਕੀਤਾ ਸੀ,
ਹੁਣ ਮੈਂ ਅਕਸਰ ਸੋਚਦੀ ਹਾਂ ਕਿ
ਮੈਂ ਉਹ ਬੋਲੀ ਕਿਉਂ ਪਾਉਂਦੀ ਹੁੰਦੀ ਸੀ
“ਕਿ ਉਹ ਘਰ ਟੋਲੀਂ ਬਾਬਲਾ
ਜਿੱਥੇ ਲਿੱਪਣੇ ਨਾਂ ਪੈਣ ਬਨੇਰੇ।”

ਹੁਣ ਮੈਂ ਅਕਸਰ ਸੋਚਦੀ ਹਾਂ ਕਿ ਚੰਗਾ ਸੀ
ਜੇ ਬਾਪੂ ਮੇਰੇ ਲਈ ਅਜਿਹਾ ਵਰ ਟੋਲਦਾ
ਜਿੱਥੇ ਭਾਵੇਂ ਬਨੇਰੇ ਹੀ ਲਿਪਣੇ ਪੈਂਦੇ
ਪਰ ਮੇਰੇ ਸਿਰ ਦਾ ਸਾਈਂ ਵਿਕਾਊ ਨਾ ਹੁੰਦਾ।
ਉਹ ਇੱਕ ਸੱਚਾ ਸੁੱਚਾ ਇਨਸਾਨ ਹੀ ਹੁੰਦਾ ਸਿਰਫ਼
ਜਿਸ ਨਾਲ ਰੁੱਖੀ ਮਿੱਸੀ ਖਾ ਕੇ
ਮੈਂ ਕੁੱਲੀ ਨੂੰ ਹੀ ਸਵਰਗ ਬਣਾ ਲੈਂਦੀ।

ਵੀਰੇ! ਮੈਂ ਅਜਿਹਾ ਬੜਾ ਕੁਝ ਸੋਚਦੀ ਸੋਚਦੀ
ਕੁੜੀ ਤੋਂ ਬੁੜੀ ਹੋ ਗਈ ਹਾਂ
ਕਤਲ ਹੋ ਗਏ
ਮੇਰੇ ਉਹ ਸਭ ਸੁਪਨੇ ਉਹ ਚਾਅ
ਜੋ ਮੈਂ ਇਸ ਉਮਰ ‘ਚ ਹੰਢਾਉਣੇ ਸਨ।

ਹੁਣ ਨਾ ਤਾਂ ਖੁਸ਼ੀ ਹੁੰਦੀ ਹੈ ਨਾ ਗਮੀ
ਪੱਥਰ ਜਿਹੀ ਹੋਈ ਲਈ ਫਿਰਦੀ ਹਾਂ
ਆਪਣੇ ਸਰੀਰ ਦਾ ਕੁਲਬੂਤ।
ਹੰਝੂ ਜਿਵੇਂ ਪਲਕਾਂ ‘ਤੇ ਆਉਣ ਤੋਂ ਪਹਿਲਾਂ ਹੀ
ਹੋ ਜਾਂਦੇ ਨੇ ਭਸਮ।

ਹੱਸਣਾ ਤਾਂ ਜਿਵੇਂ ਭੁੱਲ ਹੀ ਗਈ ਹਾਂ
ਹੁਣ ਤਾਂ ਜਿੰਦਗੀ ਦੇ ਚੱਕਰਵਿਊ ‘ਚ ਘਿਰੀ
ਹਲਾਤਾਂ ਦੇ ਥੱਪੜ ਜਰਦੀ
ਡਗਮਗਾਉਂਦੀ ਕਿਸ਼ਤੀ ਦੀ ਤਰ੍ਹਾਂ
ਤਰ ਰਹੀ ਹਾਂ
ਵਕਤ ਦਾ ਸਾਗਰ।
ਕਿ ਮਿਲ ਜਾਵੇ ਕੋਈ ਕਿਨਾਰਾ ਪਰ ਸ਼ਾਇਦ
ਡੁੱਬੇ ਤੋਂ ਬਿਨਾਂ
ਬਹੁਤ ਮੁਸ਼ਕਿਲ ਹੈ ਕਿਨਾਰੇ ਦਾ ਮਿਲਣਾ
ਪਿਆਰੇ ਵੀਰੇ! ਉਂਜ ਦਿਲ ਤਾਂ ਨਹੀਂ ਸੀ ਚਾਹੁੰਦਾ …।

***–ਜਸਪਾਲ ਕੌਰੇਆਣਾ***

# ਮਨੀਪੁਰ ਹਿੰਸਾ ਅਤੇ ਅਗਲੀਆਂ ਲੋਕ ਸਭਾ ਚੋਣਾਂ

ਰਾਜੇਸ਼ ਰਾਮਚੰਦਰਨ

ਸੱਤਾਧਾਰੀ ਪਾਰਟੀ ਦੇ ਮੈਂਬਰਾਂ ਨੇ ਸੰਸਦ ਵਿਚ ਜਿਵੇਂ ਮੇਜ਼ ਥਪਥਪਾ ਕੇ ਆਪਣਾ ਆਤਮ-ਵਿਸ਼ਵਾਸ ਜ਼ਾਹਿਰ ਕੀਤਾ ਅਤੇ ਬੇਵਿਸਾਹੀ ਦੇ ਮਤੇ ਨੂੰ ਆਪਣੀ ਤਾਕਤ ਦੇ ਮੁਜ਼ਾਹਰੇ ਵਿਚ ਬਦਲ ਦਿੱਤਾ, ਨਾਲ ਹੀ ਆਪਣੀਆਂ ਪ੍ਰਾਪਤੀਆਂ ਗਿਣਾਉਂਦਿਆਂ 2024 ਦੀਆਂ ਚੋਣਾਂ ਵਿਚ ਆਪਣੀ ਯਕੀਨੀ ਜਿੱਤ ਦਾ ਐਲਾਨ ਕਰ ਦਿੱਤਾ। ਇਸ ਤਰ੍ਹਾਂ ਮਨੀਪੁਰ ਵਿਚ ਮੈਤੇਈਆਂ ਅਤੇ ਕੁਕੀਆਂ ਦਰਮਿਆਨ ਚੱਲ ਰਹੇ ਟਕਰਾਅ ਨੂੰ ਹਾਸ਼ੀਏ 'ਤੇ ਧੱਕ ਦਿੱਤਾ ਗਿਆ। ਉਂਝ, ਮਨੀਪੁਰ ਦੇ ਟਕਰਾਅ ਦਾ ਜੋ ਵਿਆਪਕ ਅਸਰ ਦੇਸ਼ 'ਤੇ ਪਿਆ ਹੈ, ਉਹ ਭਾਜਪਾ ਦੇ ਜਮਾਂ ਘਟਾਓ ਤੋਂ ਕਿਤੇ ਜ਼ਿਆਦਾ ਹੈ। ਇਸ ਨੇ ਵਿਆਪਕ ਰੂਪ ਵਿਚ ਅਜਿਹੇ ਤਬਕੇ ਨੂੰ ਝੰਜੋੜਿਆ ਹੈ ਜਿਸ ਕੋਲ ਪੀੜਤਾਂ ਨਾਲ ਪੀੜ ਮਹਿਸੂਸ ਕਰਨ ਦੇ ਕੋਈ ਕਾਰਨ ਨਹੀਂ ਹਨ। ਹਾਲ ਹੀ ਵਿਚ ਕਰੀਬ ਵੀਹ ਜਵਾਨ ਔਰਤਾਂ ਨਾਲ ਕੀਤੀ ਗਈ ਗੱਲਬਾਤ ਤੋਂ ਵੀ ਇਹ ਗੱਲ ਪਤਾ ਲੱਗੀ ਹੈ।

ਹਾਲਾਂਕਿ ਉਹ ਉੱਤਰੀ ਭਾਰਤ ਦੀਆਂ ਹਿੰਦੀ ਅਤੇ ਪੰਜਾਬੀ ਬੋਲਣ ਵਾਲੀਆਂ ਔਰਤਾਂ ਸਨ ਜਿਨ੍ਹਾਂ ਨੂੰ ਸ਼ਾਇਦ ਹੀ ਕਦੇ ਉੱਤਰ-ਪੂਰਬ ਖਿੱਤੇ ਵਿਚ ਜਾਣ ਦਾ ਮੌਕਾ ਮਿਲਿਆ ਹੋਵੇ ਪਰ ਉਹ ਮਨੀਪੁਰ ਵਿਚ ਚੱਲ ਰਹੇ ਹਾਲਾਤ ਤੋਂ ਬਹੁਤ ਪ੍ਰੇਸ਼ਾਨ ਨਜ਼ਰ ਆ ਰਹੀਆਂ ਸਨ। ਉਹ ਗ਼ੈਰ-ਰਾਜਨੀਤਕ ਔਰਤਾਂ (ਜਿਨ੍ਹਾਂ ਸ਼ਾਇਦ ਬੀਤੇ ਵਿਚ ਭਾਜਪਾ ਨੂੰ ਵੋਟਾਂ ਪਾਈਆਂ ਹੋਣਗੀਆਂ) ਮਨੀਪੁਰ ਵਿਚ ਔਰਤਾਂ 'ਤੇ ਹੋਏ ਹਮਲਿਆਂ ਤੋਂ ਖ਼ੁਦ ਆਪਣੇ ਸ਼ਹਿਰਾਂ ਕਸਬਿਆਂ ਵਿਚ ਅਸੁਰੱਖਿਅਤ ਮਹਿਸੂਸ ਕਰਨ ਲੱਗ ਪਈਆਂ। ਇਨ੍ਹਾਂ ਵਿਚੋਂ ਕਈ ਤਾਂ ਮਨੀਪੁਰ ਦੀ ਉਹ ਦਿਲ ਕੰਬਾਊ ਵੀਡੀਓ ਦੇਖ ਕੇ ਅੱਜ ਤੱਕ ਸਦਮੇ ਵਿਚ ਹਨ।

ਮਨੀਪੁਰ ਵਿਚ ਮੈਤੇਈ ਲੋਕਾਂ ਦੀ ਭੀੜ ਵਲੋਂ ਦੋ ਕੁਕੀ ਔਰਤਾਂ ਨੂੰ ਨਿਰਵਸਤਰ ਕਰ ਕੇ ਘੁਮਾਉਣ ਅਤੇ ਗੈਂਗਰੇਪ ਕਰਨ ਦੀ ਘਟਨਾ ਦੇ ਦੇਸ਼ ਦੀਆਂ ਜਵਾਨ ਮਹਿਲਾ ਵੋਟਰਾਂ ਦੇ ਮਨ ਮਸਤਕ 'ਤੇ ਪਏ ਅਸਰ ਨੂੰ ਜਾਨਣ ਲਈ ਕੀਤੇ ਸਰਵੇਖਣ ਤੋਂ ਉਨ੍ਹਾਂ ਦੀਆਂ ਚੁਣਾਵੀ ਤਰਜੀਹਾਂ ਦੇ ਹੋਰ ਜ਼ਿਆਦਾ ਜਵਾਬ ਤਲਾਸ਼ ਕੀਤੇ ਜਾਣਗੇ ਅਤੇ ਇਨ੍ਹਾਂ ਔਰਤਾਂ ਦੇ ਸਮੂਹ ਨਾਲ ਇਸ ਰੂ-ਬ-ਰੂ ਨੂੰ ਭਾਜਪਾ ਪ੍ਰਤੀ ਨਾਰਾਜ਼ਗੀ ਦੇ ਕਿਸੇ ਠੋਸ ਸਬੂਤ ਵਜੋਂ ਨਹੀਂ ਲਿਆ ਜਾਣਾ ਚਾਹੀਦਾ; ਫਿਰ ਵੀ ਅਜਿਹੇ ਬਹੁਤ ਸਾਰੇ ਸੰਕੇਤ ਹਨ ਕਿ ਅਸੁਰੱਖਿਆ ਦੇ ਭਾਵ ਨਾਲ ਜੀਅ ਰਹੀਆਂ ਔਰਤਾਂ ਲਈ ਭਾਜਪਾ ਸ਼ਾਇਦ ਸਭ ਤੋਂ ਤਰਜੀਹੀ ਪਾਰਟੀ ਨਾ ਰਹੇ।

ਇਸ ਪ੍ਰਸੰਗ ਵਿਚ ਮਨੀਪੁਰ ਦੇ ਮੁੱਦੇ 'ਤੇ ਵਿਰੋਧੀ ਧਿਰ ਵਲੋਂ ਲਿਆਂਦਾ ਗਿਆ ਬੇਵਿਸਾਹੀ ਮਤਾ ਅਤੇ ਔਰਤਾਂ 'ਤੇ ਹਮਲਿਆਂ ਦੀ ਲਗਾਤਾਰ ਯਾਦਦਹਾਨੀ ਸਿਰਫ ਲੋਕਾਂ ਅੰਦਰ ਸੱਤਾ ਵਿਰੋਧੀ ਭਾਵਨਾ ਨੂੰ ਹੀ ਹਵਾ ਦੇਵੇਗੀ ਜੋ ਬਹੁਤ ਸਾਰੇ ਸੂਬਿਆਂ ਅੰਦਰ ਪਹਿਲਾਂ ਹੀ ਕਾਫ਼ੀ ਜ਼ੋਰ ਫੜ ਚੁੱਕੀ ਹੈ। ਹਿਮਾਚਲ ਪ੍ਰਦੇਸ਼ ਅਤੇ ਕਰਨਾਟਕ ਪਹਿਲਾਂ ਹੀ ਮੇਜ਼ ਥਪਥਪਾਉਂਦੇ ਰਾਸ਼ਟਰਵਾਦੀ ਜਨੂਨ ਦੇ ਅਸਰਦਾਰ ਤੋੜ ਦੀ ਮਿਸਾਲ ਬਣ ਚੁੱਕੇ ਹਨ। ਹੋਰ ਮਜ਼ਬੂਤ ਹੋ ਰਹੀ ਇਹ ਸੱਤਾ ਵਿਰੋਧੀ ਭਾਵਨਾ ਇਸ ਵਾਰ ਭਾਜਪਾ ਦਾ ਬਹੁਤ ਜ਼ਿਆਦਾ ਨੁਕਸਾਨ ਕਰ ਸਕਦੀ ਹੈ ਕਿਉਂਕਿ 2019 ਦੀਆਂ ਚੋਣਾਂ ਵਿਚ ਪਾਰਟੀ ਪਹਿਲਾਂ ਹੀ ਆਪਣਾ ਚੁਣਾਵੀ ਲਾਹਾ ਸਿਖਰਲੇ ਮੁਕਾਮ 'ਤੇ ਪਹੁੰਚਾ ਚੁੱਕੀ ਹੈ। ਤਾਮਿਲ ਨਾਡੂ ਅਤੇ ਕੇਰਲ ਜਿਹੇ ਗ਼ੈਰ-ਰਵਾਇਤੀ ਸੂਬਿਆਂ ਵਿਚ ਇਸ ਦੀ ਚੁਣਾਵੀ ਕਾਰਗੁਜ਼ਾਰੀ ਵਿਚ ਕੋਈ ਸੁਧਾਰ ਆਉਣ ਦੇ ਸੰਕੇਤ ਨਹੀਂ ਹਨ।

ਭਾਜਪਾ ਨੇ ਹਰਿਆਣਾ ਵਿਚ ਦਸਾਂ ਵਿਚੋਂ ਦਸ, ਗੁਜਰਾਤ ਵਿਚ ਸਾਰੀਆਂ 26, ਉਤਰਾਖੰਡ ਦੀਆਂ ਪੰਜਾਂ ਵਿਚੋਂ ਪੰਜ, ਦਿੱਲੀ ਦੀਆਂ ਸਾਰੀਆਂ ਸੱਤ, ਹਿਮਾਚਲ ਪ੍ਰਦੇਸ਼ ਵਿਚ ਸਾਰੀਆਂ ਚਾਰ, ਮੱਧ ਪ੍ਰਦੇਸ਼ ਵਿਚ 29 ਵਿਚੋਂ 28, ਰਾਜਸਥਾਨ ਵਿਚ 25 ਵਿਚੋਂ 24, ਝਾਰਖੰਡ ਵਿਚ 14 ਵਿਚੋਂ 11, ਛਤੀਸਗੜ੍ਹ ਵਿਚ 11 ਵਿਚੋਂ 9, ਬਿਹਾਰ ਵਿਚ (ਸਹਿਯੋਗੀ ਪਾਰਟੀਆ ਨਾਲ ਰਲ ਕੇ) 40 ਵਿਚੋਂ 39, ਕਰਨਾਟਕ ਵਿਚ 28 ਵਿਚੋਂ 25, ਮਹਾਰਾਸ਼ਟਰ (ਇਕਜੁੱਟ ਸ਼ਿਵ ਸੈਨਾ ਨਾਲ ਰਲ ਕੇ) ਵਿਚ 48 ਵਿਚੋਂ 41 ਅਤੇ ਉੱਤਰ ਪ੍ਰਦੇਸ਼ ਵਿਚ 80 ਵਿਚੋਂ 64 ਸੀਟਾਂ ਜਿੱਤੀਆਂ ਸਨ।




ਭਾਜਪਾ ਜਿੱਥੇ ਵੀ ਸਫ਼ਲ ਰਹੀ ਸੀ, ਉੱਥੇ ਇਸ ਦੀ ਸੀਟਾਂ ਜਿੱਤਣ ਦੀ ਦਰ ਬਹੁਤ ਜ਼ਿਆਦਾ ਉੱਚੀ ਸੀ ਅਤੇ ਅਜਿਹੀ ਕਾਰਗੁਜ਼ਾਰੀ ਦੁਹਰਾਉਣੀ ਲਗਭਗ ਅਸੰਭਵ ਹੁੰਦੀ ਹੈ। ਪਾਰਟੀ ਦੀਆਂ ਕੁੱਲ 303 ਸੀਟਾਂ ਵਿਚੋਂ 250 ਸੀਟਾਂ ਉਨ੍ਹਾਂ ਸੂਬਿਆਂ ਵਿਚੋਂ ਆਈਆਂ ਸਨ ਜਿੱਥੇ 'ਮੋਦੀ ਸੁਨਾਮੀ' ਆਈ ਹੋਈ ਸੀ।

2014 ਅਤੇ 2019 ਦੀਆਂ ਚੋਣਾਂ ਵਿਚ ਮਾਤ ਖਾਣ ਤੋਂ ਬਾਅਦ ਕਾਂਗਰਸ ਦੇ ਸਿਰਮੌਰ ਆਗੂਆਂ ਨੂੰ ਇਸ ਵਾਰ ਪਾਰਟੀ ਦੀਆਂ ਸੀਟਾਂ ਦੀ ਸੰਖਿਆ 100 ਤੋਂ ਪਾਰ ਲਿਜਾਣ ਦਾ ਭਰੋਸਾ ਹੈ ਅਤੇ ਜੇ ਅਜਿਹਾ ਹੁੰਦਾ ਹੈ ਤਾਂ ਸਿੱਧੇ ਤੌਰ 'ਤੇ ਇਸ ਨਾਲ ਭਾਜਪਾ ਦੇ ਖਾਤੇ ਨੂੰ ਸੱਟ ਵੱਜੇਗੀ। ਕਾਂਗਰਸ ਨੂੰ ਜ਼ਿਆਦਾਤਰ ਸੀਟਾਂ ਮੱਧ ਪ੍ਰਦੇਸ਼, ਰਾਜਸਥਾਨ, ਕਰਨਾਟਕ, ਗੁਜਰਾਤ, ਹਰਿਆਣਾ, ਹਿਮਾਚਲ, ਉਤਰਾਖੰਡ ਅਤੇ ਕੁਝ ਹੋਰ ਸੂਬਿਆਂ ਤੋਂ ਆਉਣ ਦੀ ਆਸ ਹੈ ਜਿੱਥੇ ਇਸ ਦੀ ਭਾਜਪਾ ਨਾਲ ਸਿੱਧੀ ਟੱਕਰ ਹੁੰਦੀ ਹੈ। ਬੇਰੁਜ਼ਗਾਰੀ, ਮਹਿੰਗਾਈ ਅਤੇ ਔਰਤਾਂ ਦੀ ਸੁਰੱਖਿਆ ਦੇ ਮੁੱਦਿਆਂ ਨਾਲ ਉਨ੍ਹਾਂ ਸ਼ਿਕਵੇ ਸ਼ਿਕਾਇਤਾਂ ਦਾ ਗੁਬਾਰ ਇਕੱਠਾ ਹੋ ਜਾਵੇਗਾ ਜੋ ਚੁਣਾਵੀ ਮਾਹੌਲ ਸਿਰਜਣ ਦਾ ਆਧਾਰ ਸਾਬਿਤ ਹੋ ਸਕਦੇ ਹਨ। ਉਂਝ, ਹਰ ਸੂਬੇ ਅੰਦਰ ਸੱਤਾਧਾਰੀ ਪਾਰਟੀ ਖਿਲਾਫ਼ ਵੋਟਰਾਂ ਦੇ ਵੱਖੋ-ਵੱਖਰੇ ਕਾਰਨ ਹੁੰਦੇ ਹਨ।

2018 ਦੀਆਂ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਦਾ ਉਸ ਤੋਂ ਬਾਅਦ ਹੋਈਆਂ ਲੋਕ ਸਭਾ ਚੋਣਾਂ 'ਤੇ ਕੋਈ ਅਸਰ ਨਹੀਂ ਪਿਆ ਸੀ ਜਦਕਿ ਭਾਜਪਾ ਨੇ ਉਨ੍ਹਾਂ ਚੋਣਾਂ ਵਿਚ ਹੂੰਝਾ-ਫੇਰੂ ਜਿੱਤ ਦਰਜ ਕੀਤੀ ਸੀ। ਇਹ ਗੱਲ ਠੀਕ ਹੈ ਕਿ ਉਸ ਵੇਲੇ ਵਿਰੋਧੀ ਧਿਰ ਵਲੋਂ ਕੋਈ ਭਰੋਸੇਮੰਦ ਆਗੂ ਨਜ਼ਰ ਨਹੀਂ ਆ ਰਿਹਾ ਸੀ ਪਰ ਹੁਣ 'ਭਾਰਤ ਜੋੜੋ ਯਾਤਰਾ' ਦੀ ਸਫ਼ਲਤਾ, ਮਲਿਕਾਰੁਜਨ ਖੜਗੇ ਦੀ ਕਾਂਗਰਸ ਪ੍ਰਧਾਨ ਵਜੋਂ ਚੋਣ, ਵਿਰੋਧੀ ਧਿਰ ਦੀਆਂ ਬਹੁਤ ਸਾਰੀਆਂ ਪਾਰਟੀਆਂ ਦੇ 'ਇੰਡੀਆ' ਗੱਠਜੋੜ ਦੇ ਬੈਨਰ ਹੇਠ ਇਕਜੁੱਟ ਹੋਣ ਅਤੇ ਰਾਹੁਲ ਗਾਂਧੀ ਦੀ ਲੋਕ ਸਭਾ ਮੈਂਬਰੀ ਬਹਾਲ ਹੋਣ ਸਦਕਾ ਵਿਰੋਧੀ ਧਿਰ ਦੇ ਗੰਭੀਰ ਆਗੂ ਵਜੋਂ ਉਨ੍ਹਾਂ ਦਾ ਕੱਦ ਬੁੱਤ ਕਾਫ਼ੀ ਵਧਿਆ ਹੈ। ਹਾਲਾਂਕਿ ਲੋਕਾਂ ਦੀਆ ਨਜ਼ਰਾਂ ਵਿਚ ਉਹ ਹਾਲੇ ਵੀ ਮੋਦੀ ਦੇ ਹਾਣ ਦੇ ਨਹੀਂ ਬਣ ਸਕੇ ਪਰ ਇਕ ਗ਼ੈਰ-ਗੰਭੀਰ ਆਗੂ ਦੀ 'ਪੱਪੂ' ਵਾਲੀ ਦਿੱਖ ਉਨ੍ਹਾਂ ਬਦਲ ਦਿੱਤੀ ਹੈ ਜਿਸ ਕਰ ਕੇ ਉਨ੍ਹਾਂ ਨੂੰ ਅਮੇਠੀ ਦੀ ਸੀਟ ਵੀ ਗੁਆਉਣੀ ਪਈ ਸੀ।

ਬਿਨਾ ਸ਼ੱਕ, ਲੀਡਰਸ਼ਿਪ ਦਾ ਸਵਾਲ ਵਿਰੋਧੀ ਧਿਰ ਨੂੰ ਹਮੇਸ਼ਾ ਪ੍ਰੇਸ਼ਾਨ ਕਰਦਾ ਰਹੇਗਾ ਅਤੇ ਜੋ ਤੁਰਪ ਦਾ ਪੱਤਾ ਕਾਂਗਰਸ ਚਲਾਉਂਦੀ ਰਹੀ ਹੈ, ਉਹੀ ਪੱਤਾ ਭਾਜਪਾ ਵੀ ਵਰਤ ਸਕਦੀ ਹੈ; ਭਾਵ ਗ਼ੈਰ-ਕਾਂਗਰਸ ਸਰਕਾਰ ਬਣਾਉਣ ਲਈ ਪ੍ਰਧਾਨ ਮੰਤਰੀ ਦਾ ਅਹੁਦਾ ਕਿਸੇ ਹੋਰ ਪਾਰਟੀ ਦੇ ਆਗੂ ਨੂੰ ਦਿੱਤਾ ਜਾ ਸਕਦਾ ਹੈ। ਭਾਜਪਾ ਵਿਰੋਧੀ ਧਿਰ ਨੂੰ ਪਾਟੋਧਾੜ ਕਰਨ ਅਤੇ ਹਰਾਉਣ ਲਈ ਕਿਸੇ ਵੀ ਹੱਦ ਤੱਕ ਜਾ ਸਕਦੀ ਹੈ ਪਰ ਦੇਸ਼ ਦਾ ਸਿਆਸੀ ਮਿਜ਼ਾਜ ਤੋਂ ਇਸ ਗੱਲ ਦੇ ਆਸਾਰ ਨਜ਼ਰ ਆ ਰਹੇ ਹਨ ਕਿ ਭਾਜਪਾ ਅਤੇ ਵਿਰੋਧੀ ਧਿਰ ਵਿਚਕਾਰ ਸਖ਼ਤ ਮੁਕਾਬਲਾ ਹੋਵੇਗਾ; ਤੇ ਇਹ ਅਜਿਹੇ ਜਜ਼ਬਾਤ ਹਨ ਜੋ ਇਕਤਰਫ਼ਾ ਬਹਿਸ ਵਿਚ ਹਿੱਸਾ ਲੈਣ ਵਾਲਿਆਂ ਵਲੋਂ ਮੇਜ਼ਾਂ ਦੀ ਥਪਥਪਾਹਟ ਤੋਂ ਬਹੁਤ ਦੂਰ ਤਕ ਜਾਂਦੇ ਹਨ; ਤੇ ਹਰਿਆਣਾ ਦੇ ਨੂਹ ਵਿਚ ਇਕ ਵਾਰ ਫਿਰ ਯਾਤਰਾ ਕੱਢਣ ਦਾ ਵੀ ਇਹੀ ਕਾਰਨ ਹੋ ਸਕਦਾ ਹੈ ਤਾਂ ਕਿ 'ਬੁਲਡੋਜ਼ਰ ਨਿਆਂ' ਤੋਂ ਬਾਅਦ ਇਕ ਵਾਰ ਫਿਰ ਸ਼ਕਤੀ ਪ੍ਰਦਰਸ਼ਨ ਕੀਤਾ ਜਾਵੇ।

ਇਹ ਗੱਲ ਚੇਤੇ ਰੱਖਣੀ ਅਹਿਮ ਹੈ ਕਿ ਨੂਹ ਵਿਚ ਹੋਈ ਹਿੰਸਾ ਦਾ ਤਾਅਲੁਕ ਸਿਰਫ਼ ਹਰਿਆਣਾ ਨਾਲ ਹੀ ਨਹੀਂ ਸਗੋਂ ਰਾਜਸਥਾਨ ਨਾਲ ਵੀ ਹੈ। ਹਿੰਦੂਆਂ ਦੇ ਹਜੂਮ 'ਤੇ ਹਮਲਾ ਕਰਨ ਵਾਲੇ ਮੁਸਲਮਾਨਾਂ ਦੀ ਭੀੜ ਦੇ ਬਹੁਤ ਸਾਰੇ ਲੋਕ ਰਾਜਸਥਾਨ ਤੋਂ ਆਏ ਸਨ। ਦਰਅਸਲ, ਇਸ ਹਿੰਸਾ ਦਾ ਹਰਿਆਣਾ ਨਾਲੋਂ ਰਾਜਸਥਾਨ ਦਾ ਸਬੰਧ ਜ਼ਿਆਦਾ ਇਸ ਕਰ ਕੇ ਵੀ ਹੋ ਸਕਦਾ ਹੈ ਕਿਉਂਕਿ ਉੱਥੇ ਕਾਂਗਰਸ ਨੂੰ ਹਰਾਉਣ ਲਈ ਮਜ਼ਹਬੀ ਧਰੁਵੀਕਰਨ ਅਤੇ ਇਸ ਦੀ ਸਿਆਸੀ ਲਾਮਬੰਦੀ ਦੀ ਲੋੜ ਪੈ ਸਕਦੀ ਹੈ। ਇਨ੍ਹਾਂ ਸੂਬਿਆਂ ਵਿਚ 2019 ਦੀਆਂ ਚੋਣਾਂ ਵਿਚ ਜਿਵੇਂ ਭਾਜਪਾ ਨੇ ਹੂੰਝਾ-ਫੇਰੂ ਜਿੱਤ ਦਰਜ ਕੀਤੀ ਸੀ, ਹੁਣ ਸਿਰਫ਼ ਉੱਤਰ ਪ੍ਰਦੇਸ਼ ਨੂੰ ਛੱਡ ਕੇ ਹੋਰਨੀਂ ਥਾਈਂ ਇਸ ਨੂੰ ਦੁਹਰਾਉਣਾ ਔਖਾ ਜਾਪਦਾ ਹੈ। ਉਂਝ, ਪਿਛਲਾ ਤਜਰਬਾ ਇਹੀ ਦੱਸਦਾ ਹੈ ਕਿ ਦੰਗਿਆਂ ਦੇ ਸਿਰ 'ਤੇ ਚੋਣਾਂ ਲੜੀਆਂ ਜਾਂ ਜਿੱਤੀਆਂ ਨਹੀ ਜਾ ਸਕਦੀਆਂ। ਦੰਗਿਆਂ ਨਾਲ ਸਿਰਫ਼ ਕਿਸੇ ਸੱਤਾਧਾਰੀ ਪਾਰਟੀ ਦੇ ਪ੍ਰਸ਼ਾਸਕ ਦੇ ਤੌਰ 'ਤੇ ਭਰੋਸੇਯੋਗਤਾ ਦੀ ਦੁਰਦਸ਼ਾ ਹੀ ਸਿੱਧ ਹੁੰਦੀ ਹੈ।

ਪੰਜਾਬ ਹਰਿਆਣਾ ਹਾਈ ਕੋਰਟ ਨੇ 'ਬੁਲਡੋਜ਼ਰ ਨਿਆਂ' ਦੀ ਨੁਕਤਾਚੀਨੀ ਕਰਦਿਆਂ ਢਾਹ ਢੁਹਾਈ 'ਤੇ ਰੋਕ ਲਗਾ ਦਿੱਤੀ ਸੀ ਪਰ ਇਸ ਦੇ ਫ਼ੈਸਲੇ ਵਿਚ 'ਨਸਲਕੁਸ਼ੀ' ਜਿਹੇ ਸ਼ਬਦ ਦਾ ਇਸਤੇਮਾਲ ਕਰਨਾ ਗ਼ਲਤ ਸੀ। ਨਸਲਕੁਸ਼ੀ ਤਾਂ ਵੰਡ ਵੇਲੇ ਹੋਈ ਸੀ ਜਦੋਂ ਲੱਖਾਂ ਲੋਕ ਮਾਰ ਦਿੱਤੇ ਗਏ ਸਨ ਅਤੇ ਫਿਰ 1971 ਵਿਚ ਬੰਗਲਾਦੇਸ਼ ਮੁਕਤੀ ਸੰਘਰਸ਼ ਵੇਲੇ ਹੋਈ ਸੀ। ਨੂਹ ਦੇ ਕਿਸੇ ਇਕ ਵੀ ਪਰਿਵਾਰ ਨੂੰ ਜ਼ਿਲ੍ਹੇ ਤੋਂ ਬਾਹਰ ਨਹੀਂ ਜਾਣਾ ਪਿਆ।

# ਨਵੇਂ ਕਾਨੂੰਨ, ਗਲਤ ਦਾਅਵੇ

ਟੀ.ਕੇ. ਅਰੁਣ

ਸੰਵਿਧਾਨ ਵਿਚ ਸੰਜੋਏ ਸਮਾਨਤਾ ਦੇ ਨਿਯਮਾਂ ਨੂੰ ਰੋਜ਼ਮੱਰਾ ਜੀਵਨ ਵਿਚ ਸਾਕਾਰ ਕਰਦੇ ਹੋਏ ਹਾਸਲ ਕੀਤੀ ਤਰੱਕੀ ਅਤੇ ਬਦਲੇ ਹੋਏ ਅਭਿਆਸਾਂ ਨੂੰ ਦਰਸਾਉਣ ਲਈ ਕਾਨੂੰਨਾਂ ਨੂੰ ਸਮੇਂ ਸਮੇਂ 'ਤੇ ਨਵਿਆਏ ਜਾਣ ਦੀ ਲੋੜ ਹੁੰਦੀ ਹੈ। ਇਸ ਲਈ ਭਾਰਤੀ ਦੰਡ ਵਿਧਾਨ (ਆਈ.ਪੀ.ਸੀ.), ਫ਼ੌਜਦਾਰੀ ਸੰਹਿਤਾ (ਸੀ.ਪੀ.ਸੀ.) ਅਤੇ ਭਾਰਤੀ ਸਬੂਤ ਕਾਨੂੰਨ ਵਿਚ ਸੁਧਾਰ ਲਿਆਉਣ ਦੀ ਪੇਸ਼ਕਦਮੀ ਦਾ ਅਸੂਲੀ ਤੌਰ 'ਤੇ ਸਵਾਗਤ ਕਰਨਾ ਬਣਦਾ ਹੈ। ਸੀ.ਪੀ.ਸੀ. ਵਿਚ 1973 ਵਿਚ ਸੁਧਾਰ ਕੀਤਾ ਗਿਆ ਸੀ ਪਰ ਦੂਜੇ ਦੋ ਕਾਨੂੰਨ ਬਸਤੀਵਾਦੀ ਯੁੱਗ ਦੇ ਪ੍ਰਤੀਕ ਹਨ ਅਤੇ ਯਕੀਨਨ ਇਨ੍ਹਾਂ ਵਿਚ ਰੱਦੋਬਦਲ ਕੀਤੀ ਜਾ ਸਕਦੀ ਹੈ। ਫ਼ੌਜਦਾਰੀ ਕਾਨੂੰਨ ਦੇ ਕਾਇਆਕਲਪ ਦੀ ਪੇਸ਼ਕਦਮੀ ਦਾ ਸਵਾਗਤ ਕੀਤਾ ਜਾਣਾ ਚਾਹੀਦਾ ਹੈ ਪਰ ਨਵੇਂ ਬਿਲਾਂ ਨੂੰ ਲੈ ਕੇ ਪ੍ਰਗਟ ਕੀਤੇ ਜਾ ਰਹੇ ਤੌਖਲੇ ਖ਼ਤਮ ਕਰਨੇ ਜ਼ਰੂਰੀ ਹਨ।

ਇਸ ਮੁਤੱਲਕ ਤਿੰਨ ਮੁੱਖ ਚਿੰਤਾਵਾਂ ਹਨ। ਇਕ ਤਾਂ ਬਿਲਾਂ ਦੇ ਨਾਮਕਰਨ ਨੂੰ ਲੈ ਕੇ ਹੈ; ਦੋ ਹੋਰ ਬਿਲਾਂ ਦੇ ਸਾਰ-ਤੱਤ ਅਤੇ ਨਾਗਰਿਕਾਂ ਦੀ ਆਜ਼ਾਦੀ ਦੇ ਦਾਇਰੇ ਨੂੰ ਵਸੀਹ ਬਣਾਉਣ ਦੇ ਜ਼ਾਵੀਏ ਤੋਂ ਦੇਸ਼ ਦੇ ਕਾਨੂੰਨਾਂ ਨੂੰ ਲਾਗੂ ਕਰਨ ਦੀ ਸਿਆਸੀ ਇੱਛਾ ਨਾਲ ਜੁੜੇ ਹੋਏ ਹਨ। ਨਵੇਂ ਬਿਲਾਂ ਦੇ ਨਾਮ ਸੰਸਕ੍ਰਿਤ ਵਿਚ ਭਾਰਤੀਯ ਨਿਆਏ ਸੰਹਿਤਾ, ਭਾਰਤੀਯ ਨਾਗਰਿਕ ਸੁਰੱਕਸ਼ਾ ਸੰਹਿਤਾ ਅਤੇ ਭਾਰਤੀਯ ਸਾਕਸ਼ਯ ਬਿਲ ਰੱਖੇ ਗਏ ਹਨ। ਤਾਮਿਲ ਨਾਡੂ ਦੇ ਮੁੱਖ ਮੰਤਰੀ ਐੱਮ.ਕੇ. ਸਟਾਲਿਨ ਨੇ ਇਸ ਦਾ ਵਿਰੋਧ ਕਰਦਿਆਂ ਸਾਫ ਤੌਰ 'ਤੇ ਇਹ ਕਿਹਾ ਹੈ ਕਿ ਸੰਸਕ੍ਰਿਤ ਦੀ ਆੜ ਹੇਠ ਹਿੰਦੀ ਥੋਪਣਾ ਕਾਨੂੰਨ ਦਾ ਉਲੰਘਣ ਹੈ।

ਇੱਥੇ ਸੰਵਿਧਾਨ ਦੀ ਧਾਰਾ 348 ਦਾ ਜ਼ਿਕਰ ਕਰਨਾ ਬਣਦਾ ਹੈ ਜਿਸ ਵਿਚ ਕਿਹਾ ਗਿਆ ਹੈ: "ਐਕਟਾਂ, ਬਿਲਾਂ ਆਦਿ ਲਈ ਸੁਪਰੀਮ ਕੋਰਟ ਅਤੇ ਹਾਈ ਕੋਰਟਾਂ ਵਿਚ ਵਰਤੀ ਜਾਣ ਵਾਲੀ ਭਾਸ਼ਾ, ਇਸ ਭਾਗ ਵਿਚ ਪਹਿਲਾਂ ਤੋਂ ਦਰਜ ਧਾਰਾਵਾਂ ਦੇ ਹੁੰਦਿਆਂ-ਸੁੰਦਿਆਂ ਜਦੋਂ ਤੱਕ ਪਾਰਲੀਮੈਂਟ ਵਲੋਂ ਕੋਈ ਹੋਰ ਕਾਨੂੰਨ ਨਹੀਂ ਬਣਾ ਦਿੱਤਾ ਜਾਂਦਾ ਸੁਪਰੀਮ ਕੋਰਟ ਅਤੇ ਹਰ ਹਾਈ ਕੋਰਟ ਦੀ ਕਾਰਵਾਈ (ੳ) ਪਾਰਲੀਮੈਂਟ ਦੇ ਕਿਸੇ ਵੀ ਸਦਨ ਜਾਂ ਕਿਸੇ ਵੀ ਸੂਬੇ ਦੀ ਵਿਧਾਨ ਪਾਲਿਕਾ ਦੇ ਕਿਸੇ ਵੀ ਸਦਨ ਵਿਚ ਪੇਸ਼ ਕੀਤੇ ਜਾਣ ਵਾਲੇ ਅਧਿਕਾਰਤ ਖਰੜਿਆਂ (ਅ) ਪਾਰਲੀਮੈਂਟ ਦੇ ਕਿਸੇ ਵੀ ਸਦਨ ਜਾਂ ਕਿਸੇ ਵੀ ਸੂਬੇ ਦੀ ਵਿਧਾਨ ਪਾਲਿਕਾ ਦੇ ਕਿਸੇ ਵੀ ਸਦਨ ਵਲੋਂ ਪਾਸ ਕੀਤੇ ਗਏ ਸਾਰੇ ਬਿਲਾਂ ਜਾਂ ਸੋਧਾਂ, (ੲ) ਇਸ ਸੰਵਿਧਾਨ ਤਹਿਤ ਜਾਂ ਪਾਰਲੀਮੈਂਟ ਜਾਂ ਕਿਸੇ ਵੀ ਸੂਬੇ ਦੀ ਵਿਧਾਨ ਪਾਲਿਕਾ ਵਲੋਂ ਜਾਰੀ ਕੀਤੇ ਜਾਣ ਵਾਲੇ ਸਾਰੇ ਹੁਕਮ, ਨੇਮ, ਵਿਧੀਆਂ ਅਤੇ ਉਪ-ਨੇਮ ਅੰਗਰੇਜ਼ੀ ਭਾਸ਼ਾ ਵਿਚ ਹੋਣਗੇ।" ਬਿਨਾ ਸ਼ੱਕ, ਨਵੇਂ ਬਿਲਾਂ ਦੇ ਨਾਂ ਰੋਮਨ ਲਿਪੀ ਵਿਚ ਹਨ ਪਰ ਇਸ ਦਾ ਮਤਲਬ ਇਹ ਨਹੀਂ ਕਿ ਇਹ ਅੰਗਰੇਜ਼ੀ ਵਿਚ ਹੋਣਗੇ।

ਤਾਮਿਲ ਨਾਡੂ ਵਿਚ 1965 ਵਿਚ ਹਿੰਦੀ ਲਾਗੂ ਕਰਨ ਖਿਲਾਫ਼ ਉੱਠੇ ਤਕੜੇ ਅੰਦੋਲਨ ਦੇ ਮੱਦੇਨਜ਼ਰ ਕੇਂਦਰ ਸਰਕਾਰ ਨੇ ਸਰਕਾਰੀ ਭਾਸ਼ਾ ਵਜੋਂ ਅੰਗਰੇਜ਼ੀ ਦੇ ਦਰਜੇ ਦੀ ਮਿਆਦ ਅਣਮਿੱਥੇ ਸਮੇਂ ਲਈ ਵਧਾਉਣ ਦਾ ਫ਼ੈਸਲਾ ਕੀਤਾ ਸੀ ਅਤੇ ਇਸ ਦੇ ਆਧਾਰ 'ਤੇ ਪ੍ਰਧਾਨ ਮੰਤਰੀ ਨਹਿਰੂ ਨੇ ਸਦਨ ਵਿਚ ਇਹ ਵਾਅਦਾ ਕੀਤਾ ਸੀ ਕਿ ਜਿੰਨੀ ਦੇਰ ਤੱਕ ਗ਼ੈਰ-ਹਿੰਦੀ ਭਾਸ਼ੀ ਸੂਬੇ ਚਾਹੁਣ, ਅੰਗਰੇਜ਼ੀ ਭਾਸ਼ਾ ਉਦੋਂ ਤੱਕ ਸਰਕਾਰੀ ਭਾਸ਼ਾ ਬਣੀ ਰਹੇਗੀ।

ਭਾਜਪਾ ਦੇ ਪਹਿਲੇ ਰੂਪ 'ਜਨ ਸੰਘ' ਨੇ ਉਦੋਂ ਉੱਤਰੀ ਭਾਰਤ ਵਿਚ ਜ਼ੋਰਦਾਰ ਮੁਹਿੰਮ ਚਲਾਈ ਸੀ ਤੇ ਹਿੰਦੀ ਸ਼ਾਵਨਵਾਦ ਨੂੰ ਖ਼ੂਬ ਹਵਾ ਦਿੱਤੀ ਸੀ ਅਤੇ ਇਸ ਨਾਲ 1967 ਦੀਆਂ ਆਮ ਚੋਣਾਂ ਵਿਚ ਕਾਂਗਰਸ ਦੀ ਹਾਲਤ ਪਹਿਲਾਂ ਨਾਲੋਂ ਕਮਜ਼ੋਰ ਪੈ ਗਈ ਸੀ ਹਾਲਾਂਕਿ ਪਾਰਟੀ ਜਿੱਤ ਗਈ ਸੀ। 'ਹਿੰਦੂ-ਹਿੰਦੀ-ਹਿੰਦੋਸਤਾਨ' ਜਨ ਸੰਘ ਦਾ ਨਾਅਰਾ ਹੁੰਦਾ ਸੀ ਜਿਸ ਨਾਲ ਭਾਜਪਾ ਅੱਜ ਤੱਕ ਜੁੜੀ ਹੋਈ ਹੈ।

ਜਿੱਥੋਂ ਤੱਕ ਨਵੇਂ ਬਿਲਾਂ ਦੇ ਸਾਰ-ਤੱਤ ਦਾ ਸਬੰਧ ਹੈ ਤਾਂ ਇਸ ਵਿਚ ਜ਼ੀਰੋ ਐੱਫ.ਆਈ.ਆਰ. ਦੀ ਵਿਵਸਥਾ, ਹਕੀਕੀ ਸੁਧਾਰ ਕਿਹਾ ਜਾ ਸਕਦਾ ਹੈ ਜਿਸ ਨਾਲ ਕੋਈ ਵੀ ਨਾਗਰਿਕ ਕਿਸੇ ਵੀ ਪੁਲਿਸ ਸਟੇਸ਼ਨ ਵਿਚ ਆਪਣੀ ਸ਼ਿਕਾਇਤ ਦਰਜ ਕਰਵਾ ਸਕਦਾ ਹੈ। ਮੌਜੂਦਾ ਸਮੇਂ ਪੁਲਿਸ ਆਮ ਤੌਰ 'ਤੇ ਐੱਫ.ਆਈ.ਆਰ. ਦਰਜ ਕਰਨ ਤੋਂ ਇਸ ਕਰ ਕੇ ਇਨਕਾਰ ਕਰ ਦਿੰਦੀ ਹੈ ਕਿਉਂਕਿ ਸ਼ਿਕਾਇਤ ਦੇ ਵੇਰਵੇ ਦਾ ਤਾਅਲੁਕ ਕਿਸੇ ਹੋਰ ਪੁਲਿਸ ਸਟੇਸ਼ਨ ਦੇ ਅਧਿਕਾਰ ਖੇਤਰ ਨਾਲ ਹੁੰਦਾ ਹੈ। ਹੁਣ ਪੁਲਿਸ ਦੀ ਇਹ ਜ਼ਿੰਮੇਵਾਰੀ ਹੋਵੇਗੀ ਕਿ ਉਹ ਐੱਫ.ਆਈ.ਆਰ. ਦਰਜ ਕਰਨ ਤੋਂ ਬਾਅਦ ਕੇਸ ਸਬੰਧਿਤ ਪੁਲਿਸ ਸਟੇਸ਼ਨ ਕੋਲ ਭਿਜਵਾਏ।

ਸ਼ੱਕੀ ਸ਼ਖ਼ਸ ਦੇ ਟਿਕਾਣੇ ਤੋਂ ਜ਼ਬਤ ਕੀਤੇ ਗਏ ਸਾਜ਼ੋ-ਸਾਮਾਨ ਅਤੇ ਦਸਤਾਵੇਜ਼ਾਂ ਦੀ ਵੀਡਿਓਗ੍ਰਾਫੀ ਦੀ ਵਿਵਸਥਾ ਵੀ ਚੰਗਾ ਕਦਮ ਹੈ ਪਰ ਜ਼ਬਤੀ ਵੇਲੇ ਕਿਸੇ ਇਲੈਕਟ੍ਰੌਨਿਕ ਉਪਕਰਨ ਦਾ 'ਹੈਸ਼ ਨੰਬਰ' ਦਰਜ ਨਾ ਕਰਨ ਦੀ ਉਕਾਈ ਹੈਰਾਨੀਜਨਕ ਹੈ।

ਪੁਲਿਸ ਵਲੋਂ ਜ਼ਬਤ ਕੀਤੇ ਜਾਣ ਤੋਂ ਬਾਅਦ ਕੰਪਿਊਟਰ ਨਾਲ ਛੇੜਛਾੜ ਕਰਨ ਤੋਂ ਬਚਣ ਲਈ ਹੈਸ਼ ਨੰਬਰ ਦਰਜ ਕਰਨਾ ਬਹੁਤ ਅਹਿਮ ਹੁੰਦਾ ਹੈ। ਕੰਪਿਊਟਰ ਦੀ ਸਮੱਗਰੀ ਵਿਚ ਰੱਦੋਬਦਲ ਦੀ ਕਿਸੇ ਵੀ ਕੋਸ਼ਿਸ਼ ਭਾਵ ਸਬੂਤ ਫਿੱਟ ਕਰਨ ਲਈ ਹੈਸ਼ ਨੰਬਰ ਬਦਲਣਾ ਪਵੇਗਾ। ਸੋਧੇ ਹੋਈ ਫ਼ੌਜਦਾਰੀ ਸੰਹਿਤਾ ਲਈ ਇਹ ਅਹਿਮ ਹੈ ਕਿ ਜ਼ਬਤ ਕੀਤੇ ਗਏ ਕੰਪਿਊਟਰ ਦੀ ਹੈਸ਼ ਵੈਲਿਊ ਜ਼ਰੂਰੀ ਤੌਰ 'ਤੇ ਬਣਾਈ ਜਾਵੇ ਅਤੇ ਜ਼ਬਤ ਕਰਨ ਸਮੇਂ ਇਹ ਦਰਜ ਵੀ ਕੀਤੀ ਜਾਵੇ।

ਜਿੱਥੋਂ ਤੱਕ ਸੋਧੇ ਹੋਏ ਦੰਡ ਵਿਧਾਨ ਵਿਚੋਂ ਰਾਜਧ੍ਰੋਹ ਦੇ ਅਪਰਾਧ ਨੂੰ ਹਟਾਉਣ ਦੇ ਦਾਅਵੇ ਦਾ ਸਬੰਧ ਹੈ ਤਾਂ ਇਹ ਬਿਲਕੁੱਲ ਗ਼ਲਤ ਦਾਅਵਾ ਹੈ। ਆਈ.ਪੀ.ਸੀ. ਵਿਚ ਰਾਜਧ੍ਰੋਹ ਦੇ ਸਬੰਧ ਵਿਚ ਧਾਰਾ 124ਏ ਸੀ ਜਦਕਿ ਭਾਰਤੀਯ ਨਿਆਏ ਸੰਹਿਤਾ ਵਿਚ ਇਹ ਧਾਰਾ 150 ਕਰ ਦਿੱਤੀ ਗਈ ਹੈ। ਪਹਿਲੀ ਧਾਰਾ ਵਿਚ ਦਰਜ ਸੀ: "ਜੋ ਕੋਈ ਵੀ ਜਾਣੇ ਜਾਂ ਅਣਜਾਣੇ, ਸ਼ਬਦਾਂ ਰਾਹੀਂ ਜੋ ਭਾਵੇਂ ਲਿਖਤੀ ਹੋਣ ਜਾਂ ਜ਼ਬਾਨੀ, ਜਾਂ ਸੰਕੇਤਾਂ ਰਾਹੀਂ, ਜਾਂ ਦਿਸਣਯੋਗ ਢੰਗਾਂ ਰਾਹੀਂ, ਜਾਂ ਇਲੈਕਟ੍ਰੌਨਿਕ ਸੰਚਾਰ ਜਾਂ ਵਿੱਤੀ ਸਾਧਨਾਂ ਰਾਹੀਂ, ਜਾਂ ਹੋਰ ਤਰੀਕੇ ਰਾਹੀਂ ਵੱਖਵਾਦ ਜਾਂ ਹਥਿਆਰਬੰਦ ਵਿਦਰੋਹ ਜਾਂ ਵਿਘਨਕਾਰੀ ਸਰਗਰਮੀਆਂ ਭੜਕਾਉਂਦਾ ਜਾਂ ਭੜਕਾਉਣ ਦੀ ਕੋਸ਼ਿਸ਼ ਕਰਦਾ ਹੈ, ਜਾਂ ਵੱਖਵਾਦੀ ਸਰਗਰਮੀਆਂ ਜਾਂ ਭਾਰਤ ਦੀ ਪ੍ਰਭੁਸੱਤਾ ਜਾਂ ਏਕਤਾ ਤੇ ਅਖੰਡਤਾ ਨੂੰ ਖ਼ਤਰੇ ਵਿਚ ਪਾਉਂਦਾ ਹੈ; ਜਾਂ ਅਜਿਹੇ ਕਿਸੇ ਅਪਰਾਧ ਵਿਚ ਸ਼ਾਮਲ ਹੁੰਦਾ ਹੈ ਤਾਂ ਉਸ ਨੂੰ ਉਮਰ ਕੈਦ ਜਾਂ ਸੱਤ ਸਾਲ ਦੀ ਕੈਦ ਅਤੇ ਇਸ ਤੋਂ ਇਲਾਵਾ ਜੁਰਮਾਨੇ ਦੀ ਸਜ਼ਾ ਹੋਵੇਗੀ।"

ਪਹਿਲਾਂ ਧਾਰਾ ਦੇ ਨਾਂ 'ਚੋਂ ਵੱਖਵਾਦ ਦਾ ਸ਼ਬਦ ਹਟਾ ਦਿੱਤਾ ਗਿਆ ਸੀ ਪਰ ਇਸ ਦੇ ਖਰੜੇ ਅਤੇ ਸਾਰ ਵਿਚ ਇਹ ਬਰਕਰਾਰ ਹੈ। ਇਸ ਨੂੰ ਸੰਵਿਧਾਨ ਸਭਾ ਦੀ ਇੱਛਾ ਦਾ ਪਾਲਣ ਕਰਨਾ ਚਾਹੀਦਾ ਸੀ ਜਿਸ ਵਿਚ ਕਿਸੇ ਖੇਤਰ ਦੇ ਵੱਖ ਹੋਣ ਬਾਰੇ ਵਿਸ਼ੇ 'ਤੇ ਬਹਿਸ ਦੌਰਾਨ ਇਸ ਨੂੰ ਬੋਲਣ ਦੀ ਆਜ਼ਾਦੀ 'ਤੇ ਇਕ ਰੋਕ ਕਰਾਰ ਦਿੰਦਿਆਂ ਇਸ ਦਾ ਵਿਰੋਧ ਕੀਤਾ ਗਿਆ ਸੀ।

ਤਸ਼ੱਦਦ ਖਿਲਾਫ਼ ਸੰਯੁਕਤ ਰਾਸ਼ਟਰ ਦੇ ਅਹਿਦਨਾਮੇ ਦੀਆਂ ਧਾਰਾਵਾਂ ਨੂੰ ਨਵੇਂ ਕਾਨੂੰਨ ਵਿਚ ਥਾਂ ਨਹੀਂ ਦਿੱਤੀ ਗਈ ਜਦਕਿ ਅਜਿਹਾ ਕੀਤੇ ਜਾਣ ਦੀ ਲੋੜ ਸੀ। ਗ਼ੈਰ-ਕਾਨੂੰਨੀ ਸਰਗਰਮੀਆਂ (ਰੋਕਥਾਮ) ਕਾਨੂੰਨ (ਯੂ.ਏ.ਪੀ.ਏ.) ਅਤੇ ਕੌਮੀ ਸੁਰੱਖਿਆ ਐਕਟ (ਐੱਨ.ਐੱਸ.ਏ.) ਜਿਹੇ ਹੋਰ ਕਾਨੂੰਨ ਮੌਜੂਦ ਹਨ ਜਿਨ੍ਹਾਂ ਤਹਿਤ ਸ਼ੱਕੀ ਸ਼ਖ਼ਸ ਨੂੰ ਕਾਨੂੰਨੀ ਕਾਰਵਾਈ ਤੋਂ ਬਿਨਾ ਹੀ ਹਿਰਾਸਤ ਵਿਚ ਲਿਆ ਜਾ ਸਕਦਾ ਹੈ। ਇਨ੍ਹਾਂ ਨੂੰ ਵੀ ਹਟਾਇਆ ਜਾਣਾ ਚਾਹੀਦਾ ਹੈ।

ਅਖੀਰ ਵਿਚ, ਕਿਸੇ ਖ਼ਾਸ ਕਾਨੂੰਨ ਨਾਲੋਂ ਕਾਨੂੰਨ ਲਾਗੂ ਕਰਨ ਦੀ ਸਿਆਸੀ ਇੱਛਾ ਜ਼ਿਆਦਾ ਅਹਿਮ ਹੁੰਦੀ ਹੈ। ਜੇ ਸਿਆਸੀ ਇੱਛਾ ਆਜ਼ਾਦੀ ਦਾ ਦਾਇਰਾ ਵਧਾਉਣ ਦੀ ਥਾਂ ਇਸ ਨੂੰ ਸੁੰਗੇੜਨ ਦੀ ਹੈ ਤਾਂ ਕਾਨੂੰਨਾਂ ਵਿਚ ਇਹ ਹੇਰ-ਫੇਰ ਵਿਅਰਥ ਦੀ ਕਵਾਇਦ ਸਿੱਧ ਹੋਵੇਗੀ।

# ਜਮਹੂਰੀ ਢਾਂਚੇ ਨੂੰ ਲੱਗੇ ਘੁਣ ਦੀ ਵਿਆਖਿਆ 'ਭੀੜ'

*ਫਿਲਮਸਾਜ਼ ਅਭਿਨਵ ਸਿਨਹਾ ਨੇ ਪਿਛਲੇ ਸਮੇਂ ਦੌਰਾਨ ਦਰਸ਼ਕਾਂ ਨੂੰ 'ਆਰਟੀਕਲ 15', 'ਮੁਲਕ' ਅਤੇ 'ਭੀੜ' ਫਿਲਮਾਂ ਦਿੱਤੀਆਂ ਹਨ ਜੋ ਆਮ ਬੰਦੇ ਦੀ ਬਾਤ ਪਾਉਂਦੀਆਂ ਹਨ। 'ਆਰਟੀਕਲ 15' ਰਾਹੀਂ ਉਹ ਦਲਿਤ ਵਰਗ ਵਿਰੁਧ ਇਕਜੁੱਟ ਸਿਆਸੀ ਸੱਤਾ, ਸਟੇਟ ਦੇ ਢਾਂਚਿਆਂ ਅਤੇ ਸਮਾਜਿਕ, ਆਰਥਿਕ ਤੇ ਜਾਤੀ ਵਰਗੀਕਰਨ ਦੀ ਮੁਖ਼ਾਫ਼ਲਤ ਕਰਦਾ ਹੈ। ਫਿਲਮ 'ਮੁਲਕ' ਭਾਰਤ ਵਿਚ ਵਸਦੇ ਮੁਸਲਮਾਨਾਂ ਦੇ ਹੱਕਾਂ, ਉਨ੍ਹਾਂ ਵਿਰੁਧ ਸਿਰਜੀ ਗਈ ਇਸਲਾਮਫੋਬਿਕ ਦ੍ਰਿਸ਼ਟੀ ਅਤੇ ਉਨ੍ਹਾਂ ਦੀ ਸਿਆਸੀ ਜ਼ਮੀਨ ਦੀ ਅਹਿਮੀਅਤ ਦਾ ਖੁਲਾਸਾ ਕਰਦੀ ਹੈ। ਫਿਲਮ 'ਭੀੜ' ਬਹੁਤ ਸਾਰੇ ਪੱਖਾਂ ਤੋਂ ਇਸ ਲਈ ਅਹਿਮ ਹੈ ਕਿਉਂਕਿ ਇਹ ਮੌਜੂਦਾ ਪ੍ਰਬੰਧ ਅੰਦਰ ਨਾਗਰਿਕ ਅਧਿਕਾਰਾਂ ਦੇ ਘਾਣ, ਸੱਤਾ ਨਾਲ ਜੁੜੀਆਂ ਏਜੰਸੀਆਂ ਦੁਆਰਾ ਨਾਗਰਿਕਾਂ ਦੀ ਪਛਾਣ ਕਾਗਜ਼ਾਂ ਤੱਕ ਮਹਿਦੂਦ ਕਰਨ ਅਤੇ ਜਮਾਤੀ ਵੰਡੀਆਂ ਕਾਰਨ ਸਮਾਜਿਕ, ਆਰਥਿਕ, ਧਾਰਮਿਕ ਤੇ ਸੱਭਿਆਚਾਰਕ ਖਲਾਅ ਵਿਚ ਧੱਕੇ ਗਏ ਲੋਕਾਂ ਦੀ ਹੋਣੀ ਨੂੰ ਪੇਸ਼ ਕਰਦੀ ਹੈ।*




*ਫਿਲਮਸਾਜ਼ ਅਭਿਨਵ ਸਿਨਹਾ ਦੀਆਂ ਦੋ ਫਿਲਮਾਂ 'ਮੁਲਕ' ਅਤੇ (ਸੱਜੇ) 'ਭੀੜ' ਦੇ ਦ੍ਰਿਸ਼।*

ਫਿਲਮਸਾਜ਼ ਅਭਿਨਵ ਸਿਨਹਾ ਦਾ ਸਿਨੇਮਾ ਸਿਆਸੀ ਤਰਾਸਦੀਆਂ ਅਤੇ ਸਿਆਸੀ ਧਰੁਵੀਕਰਨ ਦੇ ਨਤੀਜੇ ਭੁਗਤਦੇ ਆਮ ਭਾਰਤੀ ਮਾਨਸ ਦਾ ਸਿਨੇਮਾ ਹੈ। ਆਪਣੀ ਮਹੱਤਵਪੂਰਨ ਫਿਲਮ 'ਆਰਟੀਕਲ 15' ਰਾਹੀਂ ਉਹ ਦਲਿਤ ਵਰਗ ਵਿਰੁਧ ਇਕਜੁੱਟ ਸਿਆਸੀ ਸੱਤਾ, ਸਟੇਟ ਦੇ ਢਾਂਚਿਆਂ ਅਤੇ ਸਮਾਜਿਕ, ਆਰਥਿਕ ਤੇ ਜਾਤੀ ਵਰਗੀਕਰਨ ਦੀ ਮੁਖਾਫ਼ਲਤ ਕਰਦਾ ਹੈ। ਉਸ ਦੀ ਫਿਲਮ 'ਮੁਲਕ' ਭਾਰਤ ਵਿਚ ਵਸਦੇ ਮੁਸਲਮਾਨਾਂ ਦੇ ਹੱਕਾਂ, ਉਨ੍ਹਾਂ ਵਿਰੁਧ ਸਿਰਜੀ ਗਈ ਇਸਲਾਮਫੋਬਿਕ ਦ੍ਰਿਸ਼ਟੀ ਅਤੇ ਉਨ੍ਹਾਂ ਦੀ ਸਿਆਸੀ ਜ਼ਮੀਨ ਦੀ ਅਹਿਮੀਅਤ ਦਾ ਖੁਲਾਸਾ ਕਰਦੀ ਹੈ। ਪਿੱਛੇ ਜਿਹੇ ਉਸ ਦੀ ਰਿਲੀਜ਼ ਹੋਈ ਫਿਲਮ



**ਕੁਲਦੀਪ ਕੌਰ**
ਫੋਨ: +91- 98554-04330

'ਭੀੜ' ਬਹੁਤ ਸਾਰੇ ਪੱਖਾਂ ਤੋਂ ਇਸ ਲਈ ਅਹਿਮ ਹੈ ਕਿਉਂਕਿ ਇਹ ਮੌਜੂਦਾ ਪ੍ਰਬੰਧ ਅੰਦਰ ਨਾਗਰਿਕ ਅਧਿਕਾਰਾਂ ਦੇ ਘਾਣ, ਸੱਤਾ ਨਾਲ ਜੁੜੀਆਂ ਏਜੰਸੀਆਂ ਦੁਆਰਾ ਨਾਗਰਿਕਾਂ ਦੀ ਪਛਾਣ ਕਾਗਜ਼ਾਂ ਤੱਕ ਮਹਿਦੂਦ ਕਰਨ ਅਤੇ ਜਮਾਤੀ ਵੰਡੀਆਂ ਕਾਰਨ ਸਮਾਜਿਕ, ਆਰਥਿਕ, ਧਾਰਮਿਕ ਤੇ ਸੱਭਿਆਚਾਰਕ ਖਲਾਅ ਵਿਚ ਧੱਕੇ ਗਏ ਲੋਕਾਂ ਦੀ ਹੋਣੀ ਨੂੰ ਪਰਦਾਪੇਸ਼ ਕਰਦੀ ਹੈ।

ਕਰੋਨਾ ਮਹਾਮਾਰੀ ਦੁਆਰਾ ਨੰਗੇ ਕੀਤੇ ਸਿਆਸੀ ਅਤੇ ਸਿਹਤ-ਪੁਲਿਸ ਪ੍ਰਬੰਧਾਂ ਦੇ ਇਰਦ ਗਿਰਦ ਬੁਣੀ ਇਹ ਫਿਲਮ ਫ਼ਾਸ਼ੀਵਾਦੀ ਮਨੋਵਿਗਿਆਨ ਅਤੇ ਮਹਾਮਾਰੀ ਤੋਂ ਡਰੇ ਸਹਿਮੇ ਪ੍ਰਬੰਧਾਂ ਵਿਚਕਾਰਲੀ ਲਾਈਨ ਮੇਟਦਿਆਂ ਪਰਵਾਸੀ ਮਜ਼ਦੂਰਾਂ ਦੀ ਉਨ੍ਹਾਂ ਦੇ ਘਰਾਂ, ਕੰਮਾਂ-ਕਾਰਾਂ, ਕਿਰਤ ਦੇ ਸਾਂਚਿਆਂ, ਇੱਥੋਂ ਤੱਕ ਕਿ ਖੁਦ ਦੀ ਜ਼ਿੰਦਗੀ ਵਿਚੋਂ ਵੀ ਜਲਾਵਤਨੀ ਦੀ ਬਾਤ ਪਾਉਂਦੀ ਹੈ। ਕਰੋਨਾ ਮਹਾਮਾਰੀ ਦੇ ਦੌਰ ਵਿਚ ਜਦੋਂ ਭਾਰਤੀ ਮੱਧ ਵਰਗ ਤੇ ਰੱਜੀਆਂ-ਪੁੱਜੀਆਂ ਜਮਾਤਾਂ 'ਥਾਲੀ-ਤਾਲੀ' ਦੇ ਘਟੀਆ ਪ੍ਰਪੰਚ ਵਿਚ ਜੁਟੀਆਂ ਆਪਣੇ 'ਸਰੀਰ' ਬਚਾਉਣ ਦਾ ਜਸ਼ਨ ਮਨਾ ਰਹੀਆਂ ਸਨ, ਤਾਂ ਭਾਰਤੀ ਗਰੀਬ ਕਿਰਤੀਆਂ ਦੇ ਪਿੰਡਾਂ ਦੇ ਪਿੰਡ ਆਪਣੀਆਂ ਜਾਨਾਂ ਬਚਾਉਣ ਲਈ ਕੀੜਿਆਂ ਵਾਂਗ ਸੜਕਾਂ 'ਤੇ ਮਾਰੇ ਜਾ ਰਹੇ ਸਨ। ਅਭਿਨਵ ਸਿਨਹਾ ਇਸ ਦੋਹਰੀ ਤਰਾਸਦੀ ਦਾ ਚਸ਼ਮਦੀਦ ਗਵਾਹ ਬਣਦਿਆਂ ਕਰੋਨਾ ਮਹਾਮਾਰੀ ਦੀ ਆੜ ਵਿਚ ਵਾਪਰੀਆ ਗੈਰ-ਮਾਨਵੀ ਤਰਾਸਦੀਆਂ, ਪ੍ਰਬੰਧ ਹੱਥੋਂ ਜਲੀਲ ਤੇ ਖੱਜਲ-ਖੁਆਰ ਹੋਏ ਨਾਗਰਿਕਾਂ ਦੀਆਂ ਕਹਾਣੀਆਂ ਅਤੇ ਪ੍ਰਬੰਧਕੀ ਅਸਫਲਤਾ ਨਾਲ ਨੰਗੇ ਧੜ ਲੜ ਰਹੇ ਮੁੱਠੀ ਭਰ ਇਮਾਨਦਾਰ ਅਫਸਰਾਂ ਦੀ ਬੇਵਸੀ ਤੇ ਲਚਾਰੀ ਦਾ ਖਾਕਾ ਖਿੱਚਦਾ ਹੈ।

ਖਾਕੇ ਦਾ ਪਹਿਲਾ ਦ੍ਰਿਸ਼ ਸੋਲਾਂ ਪਰਵਾਸੀ ਮਜ਼ਦੂਰਾਂ ਦੇ ਰੇਲ ਥੱਲੇ ਕੱਟ ਮਰਨ ਨਾਲ ਖੁੱਲ੍ਹਦਾ ਹੈ। ਇਹ ਮਜ਼ਦੂਰ ਉਨ੍ਹਾਂ ਸ਼ਹਿਰਾਂ ਦੀਆਂ ਕੰਮ ਵਾਲੀਆਂ ਥਾਵਾਂ ਤੋਂ ਭੱਜੇ ਜਾਂ ਭਜਾਏ ਗਏ ਜਿਨ੍ਹਾਂ ਸ਼ਹਿਰਾਂ ਦੇ ਕੰਕਰੀਟ ਦੇ ਜੰਗਲ ਬਣਾਉਣ ਲਈ ਇਨ੍ਹਾਂ ਦਾ ਖੂਨ ਅਤੇ ਜਵਾਨੀਆਂ ਨਿਚੋੜ ਲਈਆਂ ਗਈਆਂ ਹਨ। ਅਜਿਹੀਆਂ ਹਜ਼ਾਰਾਂ ਖ਼ਬਰਾਂ ਉਸ ਸਮੇਂ ਅਖ਼ਬਾਰੀ ਪੰਨਿਆਂ ਅਤੇ ਟੀ.ਵੀ. ਸਕਰੀਨਾਂ 'ਤੇ ਤੈਰ ਰਹੀਆਂ ਸਨ ਜਿੱਥੇ ਉੱਚ ਵਰਗ ਅਤੇ ਮੱਧ ਵਰਗੀ ਜਮਾਤਾਂ ਲਈ ਇਹ ਸਮਾਂ ਨਵੇਂ ਕਿਸਮ ਦੇ ਕੋਰਸ ਸਿੱਖਣ ਪਕਵਾਨ ਕਲਾ ਵਿਚ ਨਿਪੁੰਨ ਹੋਣ ਤੇ ਯੋਗ-ਕਸਰਤ ਦੁਆਰਾ ਖੁਦ ਨੂੰ ਰੀਲਾਂ, ਫੋਟੋਆਂ ਅਤੇ ਫਿਟ ਕਰਨ ਦਾ ਸਮਾਂ ਸੀ ਪਰ ਮਜ਼ਦੂਰਾਂ ਲਈ ਇਹ ਦੋਹਰੀ ਆਫ਼ਤ ਦਾ ਬਿਗਲ ਸੀ। ਉਨ੍ਹਾਂ ਦੇ ਪਹਿਲਾਂ ਹੀ ਲਤਾੜੇ ਤੇ ਟੁੱਟੇ-ਭੱਜੇ ਸਰੀਰਾਂ ਨੂੰ ਭੋਜਨ, ਰਹਿਣ ਦੀ ਥਾਂ, ਸਾਫ਼ ਹਵਾ-ਪਾਣੀ, ਵਾਇਰਸ ਨਾਲ ਲੜਨ ਲਈ ਦਵਾਈਆਂ ਤੇ ਵਾਇਰਸ ਰੋਕੂ ਸਮਾਨ ਉਪਲਬਧ ਕਰਾਉਣ ਦੀ ਥਾਂ ਉਨ੍ਹਾਂ ਨੂੰ ਲਾਵਾਰਿਸਾਂ ਵਾਂਗ ਨਾ ਸਿਰਫ਼ ਸੜਕਾਂ 'ਤੇ ਮਰਨ ਲਈ ਸੁੱਟ ਦਿੱਤਾ ਗਿਆ ਬਲਕਿ ਕਈ ਸੂਬਿਆਂ ਦੀ ਪੁਲਿਸ ਨੇ ਉਨ੍ਹਾਂ ਨੂੰ ਆਪਣੇ ਸੂਬੇ ਵਿਚ ਦਾਖਲ ਹੋਣ ਤੋਂ ਰੋਕਣ ਲਈ ਲਾਠੀਚਾਰਜ ਤੇ ਹੋਰ ਕਿਸਮਾਂ ਦੇ ਪੁਲਿਸ-ਆਤੰਕ ਦੀ ਵਰਤੋਂ ਵੀ ਕੀਤੀ। ਜਿਵੇਂ ਅਚਾਨਕ ਹੀ ਹਜ਼ਾਰਾਂ ਲੱਖਾਂ ਲੋਕ ਆਪਣੇ ਮੁਲਕ ਵਿਚ ਹੀ ਅਜਨਬੀ ਅਤੇ ਅਛੂਤ ਹੋ ਗਏ ਹੋਣ! ਇਨ੍ਹਾਂ ਦ੍ਰਿਸ਼ਾਂ ਦੀ ਭਿਆਨਕਤਾ ਅਤੇ ਇਨ੍ਹਾਂ ਪਿੱਛੇ ਕੰਮ ਕਰਦੀ ਕਰੂਰਤਾ ਇੰਨੀ ਦਰਦਨਾਕ ਤੇ ਨਾਕਾਬਿਲ-ਏ-ਬਰਦਾਸ਼ਤ ਸੀ ਕਿ ਅਭਿਨਵ ਸਿਨਹਾ ਇਸ ਫਿਲਮ ਨੂੰ ਰੰਗਦਾਰ ਦੀ ਥਾਂ 'ਬਲੈਕ ਐਂਡ ਵ੍ਹਾਈਟ' ਬਣਾਉਣ ਦਾ ਫੈਸਲਾ ਕਰਦਾ ਹੈ। ਸ਼ਾਇਦ ਬਦਰੰਗ ਤੇ ਲੀਰੋ-ਲੀਰ ਹੋਈ ਜ਼ਿੰਦਗੀ ਦੀ ਜਲਾਲਤ ਢੱਕਣ ਦਾ ਇਹੀ ਇਕ ਮਾਤਰ ਹੀਲਾ ਸੀ।

ਫਿਲਮ 'ਭੀੜ' ਦਿੱਲੀ ਤੋਂ 1200 ਕਿਲੋਮੀਟਰ ਦੂਰ ਤੇਜਪੁਰ ਨਾਮ ਦੇ ਕਸਬੇ ਵਿਚ ਵਾਪਰਦੀ ਹੈ। ਫਿਲਮ ਵਿਚ ਬਲਰਾਮ ਤ੍ਰਿਵੇਦੀ (ਪੰਕਜ ਕਪੂਰ) ਵੀ ਬਾਕੀ ਮਜ਼ਦੂਰਾਂ ਵਾਂਗ ਆਪਣੇ ਪਿੰਡ ਜਾਣਾ ਚਾਹੁੰਦਾ ਹੈ। ਦੋਵਾਂ ਸੂਬਿਆਂ ਵਿਚਲਾ ਬਾਰਡਰ ਹੋਣ ਕਾਰਨ ਤੇਜਪੁਰ ਸੀਲ ਕਰ ਦਿੱਤਾ ਗਿਆ ਹੈ ਜਿਸ ਕਾਰਨ ਤ੍ਰਿਵੇਦੀ ਇਕ ਅਮੀਰ ਔਰਤ ਮੈਡਮ ਜੀ (ਦੀਆ ਮਿਰਜ਼ਾ) ਅਤੇ ਹਜ਼ਾਰਾਂ ਮਜ਼ਦੂਰ ਅਸਥਾਈ ਕੈਂਪ ਵਿਚ ਫਸ ਜਾਂਦੇ ਹਨ। ਇੱਥੇ ਹੀ ਮੈਡੀਕਲ ਦੀ ਪੜ੍ਹਾਈ ਕਰ ਰਹੀ ਰੇਨੂ ਸ਼ਰਮਾ (ਭੂਮੀ ਪੇਡਨੇਕਰ) ਕੋਵਿਡ ਦੇ ਮਰੀਜ਼ਾਂ ਲਈ ਆਪਣੇ ਸਾਥੀਆਂ ਨਾਲ ਮਿਲ ਕੇ ਮੈਡੀਕਲ ਰਾਹਤ ਕੈਂਪ ਚਲਾ ਰਹੀ ਹੈ। ਇਸ ਜ਼ਿਲ੍ਹੇ ਦਾ ਪ੍ਰਬੰਧਕੀ ਅਫਸਰ ਸੂਰੀਆ ਕੁਮਾਰ ਸਿੰਘ (ਰਾਜ ਕੁਮਾਰ ਰਾਉ) ਉਪਰੋਂ ਪ੍ਰਾਪਤ ਹੋ ਰਹੇ ਨਿਰਦੇਸ਼ਾਂ ਮੁਤਾਬਿਕ ਜ਼ਿਲ੍ਹੇ ਦਾ ਬਾਰਡਰ ਸੀਲ ਕਰ ਦਿੰਦਾ ਹੈ ਜਿਸ ਨਾਲ ਲੋਕ ਕੈਂਪ ਵਿਚ ਹੀ ਸਾਹ ਦੀ ਸਮੱਸਿਆ, ਬੁਖ਼ਾਰ ਤੇ ਕੋਵਿਡ ਨਾਲ ਸਬੰਧਿਤ ਲਾਗ ਨਾਲ ਮਰਨ ਲੱਗਦੇ ਹਨ। ਕਰੋਨਾ ਵਾਇਰਸ ਜਿੱਥੇ ਨਾਗਰਿਕਾਂ ਦੇ ਅੰਦਰੂਨੀ ਸੁਰੱਖਿਆ-ਤੰਤਰ ਨੂੰ ਬੇਦਰਦੀ ਨਾਲ ਤਹਿਸ ਨਹਿਸ ਕਰਦਾ ਹੈ, ਜਮਹੂਰੀ ਕਰਾਰ ਦਿੱਤੇ ਮੁਲਕ 'ਭਾਰਤ' ਦਾ ਪ੍ਰਬੰਧਕੀ ਢਾਂਚਾ ਨਾਗਰਿਕਾਂ ਦੇ ਮਾਨਸਿਕ, ਸਮਾਜਿਕ, ਆਰਥਿਕ ਤੇ ਧਾਰਮਿਕ ਅਕੀਦਿਆਂ, ਡਰਾਂ ਤੇ ਸੰਸਿਆਂ ਨੂੰ ਕਈ ਗੁਣਾ ਜ਼ਰਬ ਦਿੰਦਾ ਹੈ। ਮੌਤ ਸਾਹਮਣੇ ਖੜ੍ਹੀ ਹੈ ਪਰ ਜਾਤ ਦਾ ਗਰੂਰ ਪਿੱਛਾ ਨਹੀਂ ਛੱਡ ਰਿਹਾ; ਭੁੱਖ ਨਾਲ ਜਾਨ ਨਿਕਲ ਸਕਦੀ ਹੈ ਪਰ ਆਪਣੇ ਤੋਂ ਛੋਟੀ ਜਾਤ ਦੇ ਬੰਦੇ ਹੱਥੋਂ ਰੋਟੀ ਫੜਨਾ ਮਨਜ਼ੂਰ ਨਹੀਂ।


*ਕਰੋਨਾ ਮਹਾਮਾਰੀ ਦੀ ਲਪੇਟ ਵਿਚ ਆਏ ਭਾਰਤੀਆਂ ਦੀ ਕਹਾਣੀ ਰਾਹੀਂ ਅਭਿਨਵ ਸਿਨਹਾ ਅਜਿਹੀ ਕਲਾਤਮਿਕ ਫਿਲਮ (ਭੀੜ) ਸਿਰਜਣ ਵਿਚ ਕਾਮਯਾਬ ਰਿਹਾ ਹੈ ਜਿਹੜੀ ਭਾਰਤੀ ਜਮਹੂਰੀਅਤ ਨੂੰ ਘੁਣ ਵਾਂਗ ਖਾ ਰਹੇ ਧਾਰਮਿਕ-ਜਾਤੀ ਧਰੁਵੀਕਰਨ, ਫਾਸੀਵਾਦੀ ਰੁਝਾਨ ਅਤੇ ਪ੍ਰਬੰਧਕੀ ਨਾਕਾਮੀਆਂ ਦੀ ਹਕੀਕੀ ਪੇਸ਼ਕਾਰੀ ਕਰਦੀ ਹੈ।*


ਵਾਇਰਸ ਦਾ ਅਸਰ ਸਭ 'ਤੇ ਇੱਕੋ ਜਿਹਾ ਹੈ ਪਰ ਉਸ ਨਾਲ ਲੜਨ ਵਾਲਾ ਪ੍ਰਬੰਧ ਸਿਰਫ਼ ਪੈਸੇ ਦੇ ਪਹੀਆ ਨਾਲ ਚੱਲ ਰਿਹਾ ਹੈ। ਮਜ਼ਦੂਰਾਂ ਨਾਲ ਹਮਦਰਦੀ ਹੈ ਪਰ 'ਆਪਣਾ' ਤੇ 'ਪਰਾਇਆ' ਛਾਂਟ ਕੇ। ਉਨ੍ਹਾਂ ਦੀ ਮਦਦ ਕਰਨ ਦਾ ਜਜ਼ਬਾ ਹੈ ਪਰ ਨਾਲ ਹੀ 'ਆਪਣੇ ਘਰ ਕੇ ਲੋਕ' ਔਰ 'ਉਨ ਕੇ ਸਰੀਰ' ਦਾ ਕੋਰਸ ਸਾਰੀ ਫਿਲਮ ਵਿਚ ਪਿੱਠਵਰਤੀ ਸੰਗੀਤ ਵਾਂਗ ਵੱਜਦਾ ਹੈ। ਪ੍ਰਬੰਧਕੀ ਅਫਸਰ ਜਿਹੜਾ ਮਜ਼ਦੂਰਾਂ ਨੂੰ ਵਾਇਰਸ ਤੋਂ ਬਚਾਉਣ ਲਈ ਲਗਾਤਾਰ ਭੱਜਿਆ ਫਿਰਦਾ ਹੈ, ਉਸ ਦੀ ਆਪਣੀ ਆਤਮਾ 'ਜਾਤ' ਦੇ ਵਾਇਰਸ ਨੇ ਟੁੱਕੀ ਹੋਈ ਹੈ। ਇਨ੍ਹਾਂ ਸਾਰਿਆਂ ਤੋਂ ਪਾਰ ਫਿਲਮ ਦਾ ਕੈਨਵਸ ਪਰਵਾਸੀ ਮਜ਼ਦੂਰਾਂ ਦੀਆਂ ਹਾਲਤਾਂ ਬਿਆਨਦਾ ਹੋਇਆ ਨਤੀਜਾ ਕੱਢਦਾ ਹੈ: 'ਜਦੋਂ ਇਹ ਲੋਕ ਪਿੰਡਾਂ ਵਿਚ ਰਹਿ ਰਹੇ ਸੀ, ਅਸੀਂ ਇਨ੍ਹਾਂ ਨੂੰ ਬਚਾ ਨਹੀਂ ਸਕੇ, ਜਦੋਂ ਇਹ ਸ਼ਹਿਰਾਂ ਵਿਚ ਮਜ਼ਦੂਰੀ ਕਰਨ ਆਏ, ਅਸੀਂ ਇਨ੍ਹਾਂ ਨੂੰ ਨਹੀਂ ਬਚਾ ਸਕੇ, ਹੁਣ ਵੀ ਇਹ ਅੱਖਾਂ ਸਾਹਮਣੇ ਮਰ ਰਹੇ ਹਨ ਤੇ ਅਸੀਂ ਹੁਣ ਵੀ ਇਨ੍ਹਾਂ ਨੂੰ ਨਹੀਂ ਬਚਾ ਸਕਦੇ; ਕੀ ਇਹੀ ਸਾਡਾ ਪ੍ਰਬੰਧ ਹੈ?'

ਫਿਲਮ ਵਿਚ ਛੋਟੇ-ਛੋਟੇ ਦਿਲ ਕੰਬਾਊ ਦ੍ਰਿਸ਼ ਹਨ। ਵਾਇਰਸ ਵਿਚ ਬੁਖ਼ਾਰ ਦਾ ਭੰਨਿਆ ਆਦਮੀ ਜਦੋਂ ਧਾਰਮਿਕ ਸਥਾਨ ਦੇ ਘੜੇ ਵਿਚੋਂ ਪਾਣੀ ਪੀ ਲੈਂਦਾ ਹੈ ਤਾਂ ਅਕਲ ਦੇ ਅੰਨ੍ਹੇ ਜਨੂਨੀ ਉਸ ਦੀ ਬੁਰੀ ਤਰ੍ਹਾਂ ਕੁੱਟਮਾਰ ਕਰਦੇ ਹਨ। ਫਿਲਮ ਵਿਚ ਪ੍ਰਬੰਧਕੀ ਅਫਸਰ ਦੇ ਤੌਰ 'ਤੇ ਆਪਣੀਆਂ ਜ਼ਿੰਮੇਵਾਰੀਆਂ ਨਿਭਾਅ ਰਿਹਾ ਅਫਸਰ ਆਪਣੀ ਪਿਆਰ ਕਹਾਣੀ ਵਿਚ ਇਸ ਲਈ ਅਸਫਲ ਹੋ ਜਾਂਦਾ ਹੈ ਕਿਉਂਕਿ ਉਸ ਦੇ ਦਿਲ ਦੀਆਂ ਪਿਆਰ ਕਰਨ ਵਾਲੀਆਂ ਸਾਰੀਆਂ ਤੰਦਾਂ 'ਜਾਤ' ਦਾ ਵਾਇਰਸ ਬੁਰੀ ਤਰ੍ਹਾਂ ਨਾਲ ਟੁੱਕ ਚੁੱਕਾ ਹੈ। ਉਹ ਆਪਣੀ ਉੱਚ ਜਾਤੀ ਦੀ ਪ੍ਰੇਮਿਕਾ ਅੱਗੇ ਆਤਮ-ਵਿਸ਼ਵਾਸ ਦੀ ਕਮੀ ਅਤੇ ਆਤਮ-ਗਿਲਾਨੀ ਦਾ ਝੰਬਿਆ ਨਜ਼ਰਾਂ ਝੁਕਾਉਣ ਲਈ ਮਜਬੂਰ ਹੈ। ਇਸ ਦੇ ਨਾਲ-ਨਾਲ ਫਿਲਮ ਸਟੇਟ ਦੇ ਢਾਂਚਿਆਂ ਅਤੇ ਵਿਵਸਥਾ ਦੀ ਨਾ-ਅਹਿਲੀਅਤ ਅਤੇ ਲਗਾਤਾਰ ਜਰਜਰ ਹੋ ਰਹੇ ਜਮਹੂਰੀ ਸਿਸਟਮ 'ਤੇ ਵੀ ਵਿਅੰਗ ਕਰਦੀ ਹੈ।

ਸੋਸ਼ਲ ਮੀਡੀਆ ਦੀ ਵਰਤੋਂ ਦੁਆਰਾ ਮੀਟਿੰਗਾਂ ਦਾ ਫੈਸ਼ਨੇਵਲ ਸਟੇਟਮੈਂਟ ਤੱਕ ਸਿਮਟ ਜਾਣਾ ਅਤੇ ਸਾਰੇ ਪਾਸੇ ਮੌਤ ਦਾ ਤਾਂਡਵ ਹੋਣ ਦੇ ਬਾਵਜੂਦ ਠੇਕੇਦਾਰ ਦਾ ਐਲਾਨ- 'ਯੇ ਸੜਕ ਯੂੰ ਹੀ ਬਨਤੀ ਰਹੇਗੀ', ਭਾਰਤੀ ਪ੍ਰਬੰਧਾਂ ਨੂੰ ਅੰਦਰੋਂ ਖੋਖਲਾ ਕਰ ਚੁੱਕੇ ਅਸਲ 'ਵਾਇਰਸ' ਵੱਲ ਇਸ਼ਾਰਾ ਕਰਦਾ ਹੈ। ਫਿਲਮ ਵਿਚ ਮੌਤ ਦਾ ਡਰ ਭਾਰੂ ਹੈ ਪਰ ਮੌਤ ਵਰਗੀਆਂ ਹਾਲਤਾਂ ਵਿਚੋਂ 'ਜਿਊਣ' ਦਾ ਡਰ ਉਸ 'ਤੇ ਭਾਰੂ ਹੋ ਨਿਬੜਦਾ ਹੈ। ਫਿਲਮ ਇਸ ਮਹਾਮਾਰੀ ਦੌਰਾਨ ਭਾਰਤ ਦੇ ਗੋਦੀ ਮੀਡੀਆ ਦੁਆਰਾ ਮੁਸਲਮਾਨਾਂ (ਤਬਲੀਗੀ ਜਮਾਤ ਵਾਲੀ ਘਟਨਾ), ਦਲਿਤਾਂ (ਉਨ੍ਹਾਂ 'ਤੇ ਡੀ.ਡੀ.ਟੀ. ਛਿੜਕਣ ਵਾਲੀ ਘਟਨਾ) ਅਤੇ ਗਰੀਬਾਂ ਖਿਲਾਫ਼ ਗੁਮਰਾਹਕੁਨ ਫੇਕ ਨਿਊਜ਼ ਬਣਾਉਣ ਅਤੇ ਉਨ੍ਹਾਂ ਨੂੰ ਵਿਵਸਥਾ ਦੀ ਨਾਕਾਮੀ ਲਈ ਜ਼ਿੰਮੇਵਾਰ ਠਹਿਰਾਉਣ ਦੇ ਏਜੰਡੇ ਦਾ ਵੀ ਪਰਦਾਫ਼ਾਸ਼ ਕਰਦੀ ਹੈ।

ਇਉਂ ਕਰੋਨਾ ਮਹਾਮਾਰੀ ਦੀ ਲਪੇਟ ਵਿਚ ਆਏ ਭਾਰਤੀਆਂ ਦੀ ਕਹਾਣੀ ਰਾਹੀਂ ਅਭਿਨਵ ਸਿਨਹਾ ਅਜਿਹੀ ਕਲਾਤਮਿਕ ਫਿਲਮ ਸਿਰਜਣ ਵਿਚ ਕਾਮਯਾਬ ਰਿਹਾ ਹੈ ਜਿਹੜੀ ਭਾਰਤੀ ਜਮਹੂਰੀਅਤ ਨੂੰ ਘੁਣ ਵਾਂਗ ਖਾ ਰਹੇ ਧਾਰਮਿਕ-ਜਾਤੀ ਧਰੁਵੀਕਰਨ, ਫਾਸੀਵਾਦੀ ਰੁਝਾਨ ਅਤੇ ਪ੍ਰਬੰਧਕੀ ਨਾਕਾਮੀਆਂ ਦੀ ਹਕੀਕੀ ਪੇਸ਼ਕਾਰੀ ਕਰਦੀ ਹੈ।




*ਫਿਲਮਸਾਜ਼ ਅਭਿਨਵ ਸਿਨਹਾ ਅਤੇ ਫਿਲਮ 'ਆਰਟੀਕਲ 15' ਤੇ 'ਥੱਪੜ' ਦੇ ਪੋਸਟਰ।*

# ਰਿਜ਼ਰਵ ਬੈਂਕ 'ਤੇ ਮੋਦੀ ਸਰਕਾਰ ਦਾ ਦਾਬਾ



**ਔਨਿੰਦਿਓ ਚਕਰਵਰਤੀ**

ਟਮਾਟਰ ਕਰੀਬ 500 ਸਾਲ ਪਹਿਲਾਂ ਭਾਰਤ ਆਏ ਪਰ ਕੁਝ ਸਦੀਆਂ ਇਨ੍ਹਾਂ ਦੀ ਬਹੁਤੀ ਪੁੱਛ-ਪ੍ਰਤੀਤ ਨਾ ਹੋਈ। ਫਿਰ 19ਵੀਂ ਸਦੀ ਦੇ ਸ਼ੁਰੂ ਵਿਚ ਅਚਾਨਕ ਹੀ ਇਨ੍ਹਾਂ ਦੀ ਅਹਿਮੀਅਤ ਵਧਣ ਲੱਗੀ। ਜਦੋਂ 1832 ਵਿਚ ਵਿਲੀਅਮ ਰੌਕਸਬਰਗ ਨੇ ਆਪਣੀ ਕਿਤਾਬ 'ਫਲੋਰਾ ਇੰਡੀਕਾ' ਪ੍ਰਕਾਸ਼ਿਤ ਕਰਵਾਈ ਤਾਂ ਟਮਾਟਰ ਪਹਿਲਾਂ ਹੀ 'ਭਾਰਤ ਵਿਚ ਬਹੁਤ ਆਮ' ਹੋ ਚੁੱਕੇ ਸਨ। ਕਰੀਬ ਤਿੰਨ ਦਹਾਕੇ ਬਾਅਦ ਬਰਡਵੁੱਡ ਨੇ ਬੰਬੇ ਪ੍ਰੈਜ਼ੀਡੈਂਸੀ ਦੇ ਛਾਪੇ 'ਸਬਜ਼ੀਆਂ ਦੀ ਪੈਦਾਵਾਰ ਦੇ ਕੈਟਾਲਾਗ' ਵਿਚ ਲਿਖਿਆ ਕਿ 'ਇਹ ਫਲ ਸਲਾਦ ਅਤੇ ਚਟਨੀ ਵਜੋਂ ਖਾਧਾ ਜਾਂਦਾ ਹੈ'। 'ਉੱਤਰ-ਪੱਛਮੀ ਸੂਬਿਆਂ ਅਤੇ ਅਵਧ ਦੀਆਂ ਬਾਗਾਂ ਦੀਆਂ ਫ਼ਸਲਾਂ' ਸਬੰਧੀ 1893 ਦੀ ਰਿਪੋਰਟ ਵਿਚ ਕਿਹਾ ਗਿਆ ਹੈ, "ਇਹ ਸਬਜ਼ੀ ਆਪਣੇ ਤੇਜ਼ਾਬੀ ਸਵਾਦ ਕਾਰਨ ਜੱਦੀ ਬਾਸ਼ਿੰਦਿਆਂ ਵਿਚ ਖ਼ੁਰਾਕੀ ਵਸਤ ਵਜੋਂ ਵਧੇਰੇ ਹਰਮਨਪਿਆਰੀ ਹੋ ਰਹੀ ਹੈ।" ਹੁਣ ਤਾਂ ਭਾਰਤੀ ਰਸੋਈਆਂ ਵਿਚ ਟਮਾਟਰ ਸਰਬਵਿਆਪਕ ਹਨ ਜਿਹੜੇ ਸਾਡੀਆਂ ਦਾਲਾਂ-ਸਬਜ਼ੀਆਂ ਅਤੇ ਹੋਰ ਪਕਵਾਨਾਂ ਵਿਚ ਖੱਟਾਸ ਤੇ ਸੁਆਦ ਵਧਾਉਂਦੇ ਹਨ। ਦਰਅਸਲ, ਰਸੋਈ ਨਾਲ ਸਬੰਧਿਤ ਬਰਾਮਦ ਕੀਤੇ ਜਾਣ ਵਾਲੇ ਸਾਡੇ ਸੰਭਵ ਤੌਰ 'ਤੇ ਸਭ ਤੋਂ ਮਸ਼ਹੂਰ ਪਕਵਾਨ ਬਟਰ ਚਿਕਨ ਦਾ ਸਬੰਧ ਬਟਰ/ਮੱਖਣ ਨਾਲੋਂ ਟਮਾਟਰ ਨਾਲ ਜ਼ਿਆਦਾ ਹੈ।

ਇਸ ਲਈ ਜਦੋਂ ਟਮਾਟਰਾਂ ਦੀ ਕੀਮਤ ਵਧਦੀ ਹੈ ਤਾਂ ਆਰ.ਬੀ.ਆਈ. (ਭਾਰਤੀ ਰਿਜ਼ਰਵ ਬੈਂਕ) ਤੱਕ ਨੂੰ ਵੀ ਧਿਆਨ ਦੇਣਾ ਪੈਂਦਾ ਹੈ। ਇਸ ਸਾਲ ਮਈ ਅਤੇ ਜੂਨ ਦੌਰਾਨ ਟਮਾਟਰਾਂ ਦੀਆਂ ਪਰਚੂਨ ਕੀਮਤਾਂ ਵਿਚ 64 ਫ਼ੀਸਦੀ ਦਾ ਜ਼ੋਰਦਾਰ ਵਾਧਾ ਹੋਇਆ ਹੈ। ਮਹੀਨੇ ਦੌਰਾਨ ਸਮੁੱਚੇ ਤੌਰ 'ਤੇ ਪਰਚੂਨ ਕੀਮਤਾਂ ਦੀ ਮਹਿੰਗਾਈ ਵਿਚ ਹੋਏ ਵਾਧੇ ਵਿਚ ਵੀ ਚੌਥਾ ਹਿੱਸਾ ਯੋਗਦਾਨ ਇਕੱਲੀ ਟਮਾਟਰ ਦੀ ਮਹਿੰਗਾਈ ਦਾ ਹੀ ਸੀ। ਜੁਲਾਈ ਦੌਰਾਨ ਕੀਮਤਾਂ ਦਾ ਵਾਧਾ ਹੋਰ ਵੀ ਭਿਆਨਕ ਰਿਹਾ ਅਤੇ ਹੁਣ ਤਾਂ ਪਿਆਜ਼ ਦੀਆਂ ਕੀਮਤਾਂ ਵੀ ਲੋਕਾਂ ਦੀਆਂ ਅੱਖਾਂ ਵਿਚ ਹੰਝੂ ਲਿਆ ਰਹੀਆਂ ਹਨ। ਆਰ.ਬੀ.ਆਈ. ਦਾ ਅੰਦਾਜ਼ਾ ਹੈ ਕਿ ਇਹ ਹਾਲਤ ਹਾਲੇ ਕੁਝ ਹੋਰ ਮਹੀਨੇ ਜਾਰੀ ਰਹੇਗੀ ਅਤੇ ਅਕਤੂਬਰ ਤੱਕ ਕੀਮਤਾਂ ਵਿਚ ਕਮੀ ਆਵੇਗੀ।

ਇਹ ਕੁਝ ਸਾਲਾਂ ਬਾਅਦ ਅਕਸਰ ਹੋਣ ਵਾਲੇ ਵਰਤਾਰੇ ਤੋਂ ਵੱਖ ਨਹੀਂ ਹੈ। ਟਮਾਟਰ ਅਜਿਹੀ ਚੀਜ਼ ਹਨ ਜਿਨ੍ਹਾਂ ਨੂੰ ਲੰਮੇ ਸਮੇਂ ਲਈ ਸਾਂਭ ਕੇ ਨਹੀਂ ਰੱਖਿਆ ਜਾ ਸਕਦਾ। ਇਹ ਰੈਫਰੀਜਰੇਟਰ ਵਿਚ ਪਏ ਵੀ ਛੇਤੀ ਹੀ ਖ਼ਰਾਬ ਹੋ ਜਾਂਦੇ ਹਨ ਜਿਥੇ ਹੋਰ ਸਬਜ਼ੀਆਂ ਬਚੀਆਂ ਰਹਿੰਦੀਆਂ ਹਨ। ਕਮਰੇ ਦੇ ਤਾਪਮਾਨ ਉਤੇ ਉਹ ਛੇਤੀ ਹੀ ਸੁੱਕ ਜਾਂਦੇ ਨੇ ਤੇ ਸੁੰਗੜ ਜਾਂਦੇ ਹਨ, ਖ਼ਾਸਕਰ ਗਰਮੀਆਂ ਦੇ ਦਿਨਾਂ ਦੌਰਾਨ। ਢੋਆ-ਢੁਆਈ ਦੌਰਾਨ ਉਹ ਦਰੜੇ ਜਾਂਦੇ ਹਨ। ਇਸ ਲਈ ਕਿਸਾਨਾਂ ਕੋਲ ਟਮਾਟਰ ਦੀ ਜਿਣਸ ਵੇਚਣ ਅਤੇ ਉਸ ਤੋਂ ਕਮਾਈ ਹਾਸਲ ਕਰਨ ਲਈ ਬਹੁਤ ਘੱਟ ਮੌਕੇ ਹੁੰਦੇ ਹਨ।

ਜਦੋਂ ਟਮਾਟਰਾਂ ਦੀ ਕਮੀ ਹੋਵੇ ਜਿਵੇਂ ਅੱਜ ਕੱਲ੍ਹ ਚੱਲ ਰਹੀ ਹੈ ਤਾਂ ਟਮਾਟਰ ਦੀਆਂ ਕੀਮਤਾਂ ਇਕਦਮ ਵਧ ਜਾਂਦੀਆਂ ਹਨ। ਇਹ ਵਧੀ ਹੋਈ ਕੀਮਤ ਕਿਸਾਨਾਂ ਨੂੰ ਅਗਲੇ ਮੌਸਮ ਦੌਰਾਨ ਟਮਾਟਰਾਂ ਦੀ ਜ਼ਿਆਦਾ ਕਾਸ਼ਤ ਕਰਨ ਲਈ ਪ੍ਰੇਰਦੀ ਹੈ ਪਰ ਫਿਰ ਇਸ ਕਾਰਨ ਜਿਣਸ ਦੀ ਬਹੁਤਾਤ ਹੋ ਜਾਂਦੀ ਹੈ ਅਤੇ ਕਿਸਾਨਾਂ ਨੂੰ ਉਹ ਘੱਟ ਕੀਮਤ ਉਤੇ ਵੇਚਣੇ ਪੈਂਦੇ ਹਨ। ਕੁਝ ਮਾਮਲਿਆਂ ਵਿਚ ਜਦੋਂ ਕੀਮਤਾਂ ਬਿਲਕੁਲ ਡਿੱਗ ਜਾਂਦੀਆਂ ਹਨ ਤਾਂ ਕਿਸਾਨ ਟਮਾਟਰਾਂ ਦੀ ਢੋਆ-ਢੁਆਈ 'ਤੇ ਖ਼ਰਚ ਕਰਨ ਦੀ ਥਾਂ ਉਨ੍ਹਾਂ ਨੂੰ ਸੜਕਾਂ ਉਤੇ ਸੁੱਟਣ ਨੂੰ ਤਰਜੀਹ ਦਿੰਦੇ ਹਨ। ਸਿੱਟੇ ਵਜੋਂ ਉਹ ਅਗਲੇ ਕਾਸ਼ਤਕਾਰੀ ਮੌਸਮ ਵਿਚ ਟਮਾਟਰਾਂ ਦੀ ਕਾਸ਼ਤ ਘਟਾ ਦਿੰਦੇ ਹਨ। ਇਸ ਨਾਲ ਮੁੜ ਟਮਾਟਰਾਂ ਦੀਆਂ ਕੀਮਤਾਂ ਵਧ ਜਾਂਦੀਆਂ ਹਨ ਅਤੇ ਇਹ ਚੱਕਰ ਇੰਝ ਹੀ ਚੱਲਦਾ ਰਹਿੰਦਾ ਹੈ। ਬਹੁਤੇ ਸਾਲਾਂ ਦੌਰਾਨ ਕੀਮਤਾਂ ਦੇ ਇਸ ਉਤਰਾਅ-ਚੜ੍ਹਾਅ ਦੀ ਸਰਕਾਰਾਂ ਬਹੁਤੀ ਪ੍ਰਵਾਹ ਨਹੀਂ ਕਰਦੀਆਂ ਪਰ ਹਰ ਪੰਜ ਸਾਲਾਂ ਬਾਅਦ ਕੇਂਦਰ ਸਰਕਾਰ ਉਦੋਂ ਜਾਗਦੀ ਹੈ, ਜਦੋਂ ਆਮ ਚੋਣਾਂ ਨਜ਼ਦੀਕ ਹੁੰਦੀਆਂ ਹਨ। ਉਹ ਇਸ ਕਾਰਨ ਕਿਉਂਕਿ ਹਰ ਸਿਆਸਤਦਾਨ ਵੋਟਰਾਂ ਦੀ ਮਾਨਸਿਕਤਾ ਨੂੰ ਸਮਝਦਾ ਹੈ। ਉਹ ਜਾਣਦੇ ਹਨ ਕਿ ਵੋਟਰ ਕਦੇ ਵੀ ਬੇਰੁਜ਼ਗਾਰੀ ਜਾਂ ਮਾਲੀ ਮੰਦਵਾੜੇ ਲਈ ਸਰਕਾਰ ਨੂੰ ਦੋਸ਼ ਨਹੀਂ ਦਿੰਦੇ ਪਰ ਜਦੋਂ ਮਾਮਲਾ ਸਬਜ਼ੀਆਂ ਦੀਆਂ ਕੀਮਤਾਂ ਦਾ ਹੋਵੇ ਤਾਂ ਉਹ ਯਕੀਨਨ ਅਜਿਹਾ ਕਰਦੇ ਹਨ।

ਹਕੀਕਤ ਇਹ ਹੈ ਕਿ ਖ਼ੁਰਾਕੀ ਮਹਿੰਗਾਈ ਦਰ ਖ਼ਪਤਕਾਰਾਂ ਦੀਆਂ ਭਾਵਨਾਵਾਂ ਨਾਲ ਡੂੰਘੀ ਜੁੜੀ ਹੋਈ ਹੈ। ਖ਼ੁਰਾਕੀ ਕੀਮਤਾਂ ਨਾਲ ਸਾਨੂੰ ਰੋਜ਼ਾਨਾ ਸਿੱਝਣਾ ਪੈਂਦਾ ਹੈ ਜਦੋਂ ਕਿ ਕਮਰੇ ਦੇ ਕਿਰਾਏ ਦੇ ਮਾਮਲੇ ਵਿਚ ਅਜਿਹਾ ਨਹੀਂ ਹੈ ਜਿਹੜਾ ਸਾਲ ਵਿਚ ਇਕ ਵਾਰ ਹੀ ਵਧਦਾ ਹੈ। ਜਦੋਂ ਅਚਾਨਕ ਹੀ ਟਮਾਟਰ ਜਾਂ ਪਿਆਜ਼ ਦੀਆਂ ਕੀਮਤਾਂ ਤੇਜ਼ੀ ਨਾਲ ਵਧ ਜਾਂਦੀਆਂ ਹਨ ਤਾਂ ਇਹ ਮਾਮਲਾ ਲੋਕਾਂ ਨੂੰ ਵਧਦੀ ਮਹਿੰਗਾਈ ਬਾਰੇ ਲੋੜੋਂ ਵੱਧ ਸੰਜੀਦਾ ਬਣਾ ਦਿੰਦਾ ਹੈ। ਇਸੇ ਤਰ੍ਹਾਂ ਬਾਲਣ ਤੇਲ ਦੀਆਂ ਕੀਮਤਾਂ ਦਾ ਵੀ ਅਜਿਹਾ ਹੀ ਅਸਰ ਪੈਂਦਾ ਹੈ ਕਿਉਂਕਿ ਸਾਨੂੰ ਕੁਝ ਕੁ ਦਿਨਾਂ ਬਾਅਦ ਪੈਟਰੋਲ ਖ਼ਰੀਦਣਾ ਪੈਂਦਾ ਹੈ। ਰੋਜ਼ਾਨਾ ਜਾਂ ਛੇਤੀ ਛੇਤੀ ਖ਼ਰੀਦੀਆਂ ਜਾਂਦੀਆਂ ਅਜਿਹੀਆਂ ਚੀਜ਼ਾਂ ਦੀਆਂ ਕੀਮਤਾਂ 'ਮਹਿੰਗਾਈ ਦਰ ਸਬੰਧੀ ਸਾਡੀਆਂ ਉਮੀਦਾਂ' ਉਤੇ ਅਸਰਅੰਦਾਜ਼ ਹੁੰਦੀਆਂ ਹਨ। ਜੇ ਕੀਮਤਾਂ ਅਚਾਨਕ ਵਧਦੀਆਂ ਹਨ ਤਾਂ ਸਾਨੂੰ ਇਹ ਲੱਗਣ ਲੱਗਦਾ ਹੈ ਕਿ ਨੇੜ ਭਵਿੱਖ ਵਿਚ ਮਹਿੰਗਾਈ ਦਰ ਉੱਚੀ ਬਣੀ ਰਹੇਗੀ ਅਤੇ ਇਸ ਦਾ ਸਾਡੇ ਸਾਰੇ ਖ਼ਪਤ ਸਬੰਧੀ ਫ਼ੈਸਲਿਆਂ ਉਤੇ ਅਸਰ ਪੈਂਦਾ ਹੈ।



ਇਸ ਲਈ ਭਾਵੇਂ ਆਰ.ਬੀ.ਆਈ. ਖ਼ੁਰਾਕੀ ਵਸਤਾਂ ਦੀਆਂ ਕੀਮਤਾਂ ਦੇ ਮਾਮਲੇ ਵਿਚ ਕੁਝ ਵੀ ਨਹੀਂ ਕਰ ਸਕਦਾ, ਤਾਂ ਵੀ ਇਸ ਦੀ ਮੁਦਰਾ ਨੀਤੀ ਨੂੰ ਟਮਾਟਰਾਂ ਦੀਆਂ ਕੀਮਤਾਂ ਨੂੰ ਗੰਭੀਰਤਾ ਨਾਲ ਲੈਣਾ ਪਵੇਗਾ। ਵਿਆਜ ਦਰਾਂ ਸਬੰਧੀ ਆਰ.ਬੀ.ਆਈ. ਦੇ ਫ਼ੈਸਲੇ ਮੁੱਖ ਧਾਰਾ ਆਰਥਿਕ ਸਿਧਾਂਤ ਉਤੇ ਆਧਾਰ ਹੁੰਦੇ ਹਨ ਜੋ ਕਹਿੰਦਾ ਹੈ ਕਿ ਮਹਿੰਗਾਈ ਦਰ ਸਬੰਧੀ ਉਮੀਦਾਂ ਅਸਲ ਮਹਿੰਗਾਈ ਦਰ ਨਾਲੋਂ ਵੀ ਵੱਧ ਅਹਿਮ ਹੁੰਦੀਆਂ ਹਨ। ਜੇ ਕਾਮਿਆਂ ਨੂੰ ਲੱਗਦਾ ਹੋਵੇਗਾ ਕਿ ਕੀਮਤਾਂ ਵਧਦੀਆਂ ਰਹਿਣਗੀਆਂ ਤਾਂ ਉਹ ਵੱਧ ਉਜਰਤਾਂ ਦੀ ਮੰਗ ਕਰਨਗੇ। ਇਸ ਦੇ ਸਿੱਟੇ ਵਜੋਂ ਪੈਦਾਵਾਰੀ ਲਾਗਤਾਂ ਵਧ ਜਾਣਗੀਆਂ ਅਤੇ ਇਸ ਕਾਰਨ ਕਾਰਪੋਰੇਟਾਂ ਦਾ ਮੁਨਾਫ਼ਾ ਘਟ ਜਾਵੇਗਾ। ਫਿਰ ਆਪਣਾ ਮੁਨਾਫ਼ਾ ਬਣਾਈ ਰੱਖਣ ਲਈ ਉੱਦਮੀਆਂ ਨੂੰ ਕੀਮਤਾਂ ਵਧਾਉਣੀਆਂ ਪੈਣਗੀਆਂ ਜਿਸ ਨਾਲ ਮਹਿੰਗਾਈ ਦਰ ਹੋਰ ਵਧੇਗੀ। ਇਸ ਲਈ ਮਹਿੰਗਾਈ ਸਬੰਧੀ ਉਮੀਦਾਂ ਭਾਵੇਂ ਅਸਲੀ ਹੋਣ ਜਾਂ ਖ਼ਿਆਲੀ ਇਹ ਸਵੈ-ਚਾਲਕ ਭਵਿੱਖਬਾਣੀ ਵਾਂਗ ਕੰਮ ਕਰਦੀਆਂ ਹਨ ਬਸ਼ਰਤੇ ਦੋਵਾਂ ਨਿਵੇਸ਼ ਅਤੇ ਖ਼ਪਤ ਦੀ ਮੰਗ ਨੂੰ ਘਟਾ ਦਿੱਤਾ ਗਿਆ ਹੋਵੇ।

ਕੇਂਦਰੀ ਬੈਂਕ ਕਿਸੇ ਉੱਦਮੀ ਦੀ ਵਿੱਤ ਦੀ ਲਾਗਤ ਵਧਾ ਕੇ ਅਜਿਹਾ ਕਰਦੇ ਹਨ ਜਿਸ ਲਈ ਕਰਜ਼ਿਆਂ ਦੀ ਉਪਲਬਧਤਾ ਨੂੰ ਘਟਾਇਆ ਜਾਂਦਾ ਹੈ। ਜੇ ਕਰਜ਼ਿਆਂ ਉਤੇ ਅਸਲ ਵਿਆਜ ਦਰਾਂ ਵਧ ਜਾਣਗੀਆਂ ਤਾਂ ਉੱਦਮੀ ਨਿਵੇਸ਼ ਕਰਨ ਲਈ ਕਰਜ਼ ਲੈਣ ਤੋਂ ਪਹਿਲਾਂ ਦੋ ਵਾਰ ਸੋਚਣਗੇ। ਇਸੇ ਤਰ੍ਹਾਂ ਖ਼ਪਤਕਾਰ ਵੀ ਘਰ, ਕਾਰਾਂ ਅਤੇ ਹੋਰ ਮਹਿੰਗੀਆਂ ਖ਼ਪਤਕਾਰੀ ਵਸਤਾਂ ਖ਼ਰੀਦਣ ਵਾਸਤੇ ਕਰਜ਼ੇ ਲੈਣ ਦੀਆਂ ਆਪਣੀਆਂ ਯੋਜਨਾਵਾਂ ਨੂੰ ਟਾਲ ਦੇਣਗੇ। ਪੈਸੇ ਦੇ ਵਹਾਅ ਭਾਵ ਇਸ ਦੀ ਤਰਲਤਾ ਨੂੰ ਘਟਾ ਕੇ ਕੇਂਦਰੀ ਬੈਂਕ ਅਰਥਚਾਰੇ ਨੂੰ ਲੋੜੋਂ ਵੱਧ ਗਰਮਾਉਣ ਤੋਂ ਰੋਕ ਸਕਦੇ ਹਨ। ਨਿਵੇਸ਼ ਅਤੇ ਖ਼ਪਤ ਮੰਗ ਉਤੇ ਰੋਕ ਲੱਗਣ ਨਾਲ ਕਿਰਤ ਸਬੰਧੀ ਮੰਗ ਵੀ ਘਟ ਜਾਂਦੀ ਹੈ ਅਤੇ ਇਸ ਨਾਲ ਉਜਰਤਾਂ ਬਹੁਤ ਤੇਜ਼ੀ ਨਾਲ ਵਧਣੋਂ ਰੁਕ ਜਾਂਦੀਆਂ ਹਨ। ਇਸ ਤਰ੍ਹਾਂ ਕੁੱਲ ਮੰਗ ਵਿਚ ਆਈ ਕਮੀ ਨਾਲ ਕੀਮਤਾਂ ਘਟਾਉਣ ਵਿਚ ਮਦਦ ਮਿਲਦੀ ਹੈ ਜਿਸ ਨਾਲ ਮਹਿੰਗਾਈ ਦਰ ਘਟ ਜਾਂਦੀ ਹੈ। ਚੇਤੇ ਰੱਖੋ ਕਿ ਇਨ੍ਹਾਂ ਵਿਚੋਂ ਕੋਈ ਵੀ ਮੁਦਰਾ ਰਣਨੀਤੀ ਸਬਜ਼ੀਆਂ ਦੀ ਮੰਗ ਉਤੇ ਅਸਰ ਨਹੀਂ ਪਾ ਸਕਦੀ। ਇਹ ਰਣਨੀਤੀਆਂ ਜਿਸ ਚੀਜ਼ ਨੂੰ ਬਦਲ ਸਕਦੀਆਂ ਹਨ, ਉਹ ਹੈ ਮਹਿੰਗਾਈ ਸਬੰਧੀ ਉਮੀਦਾਂ ਕਿਉਂਕਿ ਇਨ੍ਹਾਂ ਰਾਹੀਂ ਹੋਰ ਚੀਜ਼ਾਂ ਜ਼ਾਹਰਾ ਤੌਰ 'ਤੇ ਸਸਤੀਆਂ ਹੁੰਦੀਆਂ ਦਿਖਾਈ ਦੇਣਗੀਆਂ।

ਚੋਣ ਪ੍ਰਚਾਰ ਨੂੰ ਪੂਰੀ ਤਰ੍ਹਾਂ ਭਖਣ ਵਿਚ ਹੁਣ ਸਿਰਫ਼ ਛੇ ਕੁ ਮਹੀਨੇ ਹੀ ਬਾਕੀ ਰਹਿੰਦੇ ਹਨ। ਸਰਕਾਰ ਹਰਗਿਜ਼ ਮਹਿੰਗਾਈ ਨੂੰ ਚੋਣ ਮੁੱਦਾ ਨਹੀਂ ਬਣਨ ਦੇ ਸਕਦੀ। ਇਸ ਲਈ ਇਸ ਨੂੰ ਪਰਚੂਨ ਮਹਿੰਗਾਈ ਦਰ ਹੇਠਾਂ ਲਿਆਉਣੀ ਹੀ ਪਵੇਗੀ ਭਾਵੇਂ ਅਜਿਹਾ ਆਰਥਿਕ ਵਿਕਾਸ ਦੀ ਕੀਮਤ 'ਤੇ ਹੀ ਕਿਉਂ ਨਾ ਕਰਨਾ ਪਵੇ। ਆਰ.ਬੀ.ਆਈ. ਆਪਣੀ ਮੁਕਾਬਲਤਨ ਖ਼ੁਦਮੁਖ਼ਤਾਰੀ ਦੇ ਬਾਵਜੂਦ ਸਰਕਾਰ ਦੀਆਂ ਸਿਆਸੀ ਲੋੜਾਂ ਤੋਂ ਮੁਕਤ ਨਹੀਂ ਹੋ ਸਕਦਾ। ਇਹੀ ਕਾਰਨ ਹੈ ਕਿ ਦੇਸ਼ ਦਾ ਕੇਂਦਰੀ ਬੈਂਕ ਜਿਸ ਨੂੰ ਪਿਛਲੇ ਸਮੇਂ 'ਚ ਮਹਿੰਗਾਈ ਦਰ 6 ਫ਼ੀਸਦੀ ਤੱਕ ਬਣੀ ਰਹਿਣ ਉਤੇ ਕੋਈ ਸਮੱਸਿਆ ਨਹੀਂ ਸੀ, ਹੁਣ ਇਸ ਨੂੰ 4 ਫ਼ੀਸਦੀ ਤੋਂ ਹੇਠਾਂ ਲਿਆਉਣਾ ਚਾਹੁੰਦਾ ਹੈ। ਇਸ ਨੇ ਨਕਦ ਰਾਖਵਾਂ ਅਨੁਪਾਤ ਵਧਾ ਕੇ 10 ਫ਼ੀਸਦੀ ਕਰਦਿਆਂ ਇਕ ਛੋਟਾ ਕਦਮ ਉਠਾਇਆ ਹੈ। ਇਹ ਉਹ ਅਨੁਪਾਤ ਹੈ ਜਿਸ ਤਹਿਤ ਬੈਂਕਾਂ ਨੂੰ ਨਵੀਂ ਨਕਦੀ ਆਰ.ਬੀ.ਆਈ. ਕੋਲ ਜਮ੍ਹਾਂ ਰੱਖਣੀ ਹੁੰਦੀ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਇਸ ਦਾ ਅਸਰ ਬਹੁਤਾ ਨਹੀਂ ਪਵੇਗਾ ਪਰ ਇਹ ਸਾਫ਼ ਸੰਕੇਤ ਹੈ ਕਿ ਜੇ ਲੋੜ ਪਈ ਤਾਂ ਆਰ.ਬੀ.ਆਈ. ਵੱਲੋਂ ਮਹਿੰਗਾਈ ਨੂੰ ਘਟਾਉਣ ਵਾਸਤੇ ਤਰਲਤਾ ਘਟ ਕਰਨ ਲਈ ਵੱਡੇ ਕਦਮ ਵੀ ਚੁੱਕੇ ਜਾਣਗੇ।

ਉਂਝ, ਖ਼ੁਰਾਕੀ ਵਸਤਾਂ ਦੀ ਮਹਿੰਗਾਈ ਇਸ ਵੇਲੇ ਆਲਮੀ ਵਰਤਾਰਾ ਹੈ ਜਿਸ ਦੇ ਇਸ ਸਾਰਾ ਸਾਲ ਜਾਰੀ ਰਹਿਣ ਦੇ ਆਸਾਰ ਹਨ। ਅਜਿਹਾ ਵਾਤਾਵਰਨ ਦੀ ਤਬਦੀਲੀ ਕਾਰਨ ਫ਼ਸਲਾਂ ਦੀ ਬਰਬਾਦੀ, ਰੂਸ-ਯੂਕਰੇਨ ਜੰਗ ਕਾਰਨ ਕਣਕ ਤੇ ਤੇਲ ਬੀਜਾਂ ਦੀ ਪੈਦਾ ਹੋਈ ਕਮੀ ਅਤੇ ਨਾਲ ਹੀ ਵੱਡੀਆਂ ਬਹੁਕੌਮੀ ਖੇਤੀਬਾੜੀ ਕੰਪਨੀਆਂ ਵੱਲੋਂ 'ਕੀਮਤਾਂ ਵਧਾਏ ਜਾਣ' ਕਾਰਨ ਵਾਪਰਿਆ ਹੈ। ਅਜਿਹੇ ਹਾਲਾਤ ਵਿਚ ਕੇਂਦਰ ਕੋਲ ਕੀਮਤ ਅਤੇ ਵਪਾਰ ਕੰਟਰੋਲ ਲਾਗੂ ਕਰਨ ਤੋਂ ਬਿਨਾ ਹੋਰ ਬਦਲ ਨਹੀਂ ਹੋ ਸਕਦਾ। ਉਸ ਨਾਲ ਕੁਝ ਕੁ ਅਮੀਰ ਕਿਸਾਨਾਂ ਅਤੇ ਫ਼ਸਲਾਂ ਸਬੰਧੀ ਵਪਾਰੀਆਂ ਦੀਆਂ ਵੋਟਾਂ ਗੁਆਉਣੀਆਂ ਪੈ ਸਕਦੀਆਂ ਹਨ ਪਰ ਇਨ੍ਹਾਂ ਦੀਆਂ ਵੋਟਾਂ ਦੀ ਗਿਣਤੀ ਇੰਨੀ ਘੱਟ ਹੈ ਕਿ ਉਸ ਦਾ ਚੋਣਾਂ ਉਤੇ ਕੋਈ ਅਸਰ ਨਹੀਂ ਪੈਣ ਵਾਲਾ।

# ਪਰਮਾਣੂ ਯੁੱਧ ਦੇ ਖ਼ਤਰੇ ਘਟਾਉਣ ਦਾ ਮਸਲਾ

**ਡਾ. ਅਰੁਣ ਮਿੱਤਰਾ**
ਫੋਨ: +91-94170-00360

ਪਰਮਾਣੂ ਵਿਗਿਆਨੀਆਂ ਦੇ ਬੁਲੇਟਿਨ ਦੇ ਵਿਗਿਆਨ ਅਤੇ ਸੁਰੱਖਿਆ ਬੋਰਡ ਨੇ ਜਨਵਰੀ 2023 ਵਿਚ ਅੱਧੀ ਰਾਤ ਤੋਂ ਪਹਿਲਾਂ ਪਰਲੋ ਵਾਲੀ ਘੜੀ (ਡੂਮਸਡੇਅ ਕਲੌਕ) ਦੀਆਂ ਸੂਈਆਂ ਨੂੰ 90 ਸਕਿੰਟ ਤੱਕ ਅੱਗੇ ਵਧਾ ਦਿੱਤਾ ਜੋ ਪਰਮਾਣੂ ਯੁੱਧ ਦੇ ਵਧ ਰਹੇ ਖ਼ਤਰਿਆਂ ਨੂੰ ਦਰਸਾਉਂਦਾ ਹੈ। ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਐਂਟੋਨੀਓ ਗੁਟੇਰੇਜ਼ ਨੇ ਅਗਸਤ 2022 ਵਿਚ ਚਿਤਾਵਨੀ ਦਿੱਤੀ ਸੀ- "ਸੰਸਾਰ ਹੁਣ ਪਰਮਾਣੂ ਖ਼ਤਰੇ ਦੇ ਸਮੇਂ ਵਿਚ ਹੈ ਜੋ ਸੀਤ ਯੁੱਧ ਦੇ ਸਿਖਰ ਤੋਂ ਬਾਅਦ ਨਹੀਂ ਦੇਖਿਆ ਗਿਆ। ਸਿਹਤ ਅਤੇ ਮੈਡੀਕਲ ਰਸਾਲਿਆਂ ਦੇ ਸੰਪਾਦਕਾਂ ਦੁਆਰਾ ਬਹੁਤ ਸਾਰੇ ਪਰਮਾਣੂ ਹਥਿਆਰਬੰਦ ਰਾਜਾਂ ਵਿਚਕਾਰ ਵਧ ਰਹੇ ਤਣਾਅ ਦੁਆਰਾ ਖ਼ਤਰਾ ਰੇਖਾਂਕਿਤ ਕੀਤਾ ਗਿਆ। ਦੁਨੀਆ ਭਰ ਵਿਚ ਅਸੀਂ ਸਿਹਤ ਪੇਸ਼ੇਵਰਾਂ ਅਤੇ ਨੇਤਾਵਾਂ ਨੂੰ ਜਨਤਕ ਸਿਹਤ ਅਤੇ ਗ੍ਰਹਿ ਦੀਆਂ ਜ਼ਰੂਰੀ ਜੀਵਨ ਸਹਾਇਤਾ ਪ੍ਰਣਾਲੀਆਂ ਲਈ ਇਸ ਵੱਡੇ ਖ਼ਤਰੇ ਪ੍ਰਤੀ ਸੁਚੇਤ ਹੋਣ ਲਈ ਕਹਿੰਦੇ ਹਾਂ ਅਤੇ ਇਸ ਨੂੰ ਰੋਕਣ ਲਈ ਕਾਰਵਾਈ ਦੀ ਅਪੀਲ ਕਰਦੇ ਹਾਂ।"

ਮੌਜੂਦਾ ਪਰਮਾਣੂ ਹਥਿਆਰ ਕੰਟਰੋਲ ਅਤੇ ਅਪ੍ਰਸਾਰ ਦੇ ਯਤਨ, ਗ਼ਲਤੀ ਜਾਂ ਗ਼ਲਤ ਗਣਨਾ ਦੁਆਰਾ ਪਰਮਾਣੂ ਯੁੱਧ ਦੇ ਖ਼ਤਰੇ ਤੋਂ ਵਿਸ਼ਵ ਦੀ ਆਬਾਦੀ ਦੀ ਰੱਖਿਆ ਕਰਨ ਲਈ ਨਾਕਾਫੀ ਹਨ। ਪਰਮਾਣੂ ਹਥਿਆਰਾਂ ਦੇ ਅਪਸਾਰ 'ਤੇ ਸੰਧੀ (ਐੱਨ.ਪੀ.ਟੀ.), ਹਿੱਸਾ ਲੈਣ ਵਾਲੇ 190 ਦੇਸ਼ਾਂ ਵਿਚੋਂ ਹਰ ਇਕ ਨੂੰ ਪਰਮਾਣੂ ਹਥਿਆਰਾਂ ਦੀ ਦੌੜ ਨੂੰ ਜਲਦੀ ਖ਼ਤਮ ਕਰਨ ਅਤੇ ਪਰਮਾਣੂ ਨਿਸ਼ਸਤਰੀਕਰਨ ਨਾਲ ਸਬੰਧਿਤ ਪ੍ਰਭਾਵਸ਼ਾਲੀ ਉਪਾਵਾਂ 'ਤੇ ਮਜ਼ਬੂਤ ਵਿਸ਼ਵਾਸ ਨਾਲ ਗੱਲਬਾਤ ਨੂੰ ਅੱਗੇ ਵਧਾਉਣ ਲਈ ਅਤੇ ਸਖ਼ਤ ਤੇ ਪ੍ਰਭਾਵੀ ਕੌਮਾਂਤਰੀ ਕੰਟਰੋਲ ਅਧੀਨ ਅਤੇ ਸੰਪੂਰਨ ਨਿਸ਼ਸਤਰੀਕਰਨ 'ਤੇ ਸੰਧੀ ਲਈ ਵਚਨਬੱਧ ਕਰਦੀ ਹੈ ਪਰ ਇਸ ਦਿਸ਼ਾ ਵਿਚ ਪ੍ਰਗਤੀ ਨਿਰਾਸ਼ਾਜਨਕ ਤੌਰ 'ਤੇ ਹੌਲੀ ਰਹੀ ਹੈ ਅਤੇ 2022 ਵਿਚ ਸਭ ਤੋਂ ਤਾਜ਼ਾ ਐੱਨ.ਪੀ.ਟੀ. ਸਮੀਖਿਆ ਕਾਨਫਰੰਸ ਅਣਮਿੱਥੇ ਸਮੇਂ ਲਈ ਪਰਮਾਣੂ ਰੋਕ 'ਤੇ ਸਹਿਮਤੀ ਬਿਆਨ ਦੇ ਬਿਨਾ ਖ਼ਤਮ ਹੋ ਗਈ। ਪਰਮਾਣੂ ਹਥਿਆਰਾਂ ਦਾ ਆਧੁਨਿਕੀਕਰਨ ਖ਼ਤਰੇ ਵਧਾ ਸਕਦਾ ਹੈ; ਉਦਾਹਰਨ ਲਈ ਹਾਈਪਰਸੋਨਿਕ ਮਿਜ਼ਾਈਲਾਂ ਹਮਲੇ ਅਤੇ ਝੂਠੇ ਅਲਾਰਮ ਵਿਚਕਾਰ ਫਰਕ ਕਰਨ ਲਈ ਉਪਲਬਧ ਸਮੇਂ ਨੂੰ ਘਟਾਉਂਦੀਆਂ ਹਨ ਅਤੇ ਤੇਜ਼ੀ ਨਾਲ ਵਧਣ ਦੀ ਸੰਭਾਵਨਾ ਵਧਾਉਂਦੀਆਂ ਹਨ।

ਪਰਮਾਣੂ ਹਥਿਆਰਾਂ ਦੀ ਕੋਈ ਵੀ ਵਰਤੋਂ ਮਨੁੱਖਤਾ ਲਈ ਘਾਤਕ ਹੈ। ਇੱਥੋਂ ਤੱਕ ਕਿ 'ਸੀਮਤ' ਪਰਮਾਣੂ ਯੁੱਧ ਜਿਸ 'ਚ ਵਿਸ਼ਵ ਵਿਚ 13000 ਪਰਮਾਣੂ ਹਥਿਆਰਾਂ ਵਿਚੋਂ ਸਿਰਫ਼ 250 ਹੀ 12 ਕਰੋੜ ਲੋਕਾਂ ਨੂੰ ਮਾਰ ਸਕਦੇ ਹਨ ਅਤੇ ਵਿਸ਼ਵ ਜਲਵਾਯੂ ਵਿਘਨ ਦਾ ਕਾਰਨ ਬਣ ਸਕਦੇ ਹਨ। ਅਮਰੀਕਾ ਅਤੇ ਰੂਸ ਵਿਚਕਾਰ ਪਰਮਾਣੂ ਯੁੱਧ ਕਾਰਨ ਥੋੜ੍ਹੇ ਸਮੇਂ ਵਿਚ ਹੀ 20 ਕਰੋੜ ਜਾਂ ਇਸ ਤੋਂ ਵੱਧ ਲੋਕ ਮਰ ਸਕਦੇ ਹਨ। ਇੱਕ ਪਰਮਾਣੂ ਹਥਿਆਰ ਵਿਸਫੋਟ ਵੱਡੇ ਪੱਧਰ 'ਤੇ ਪਰਮਾਣੂ ਯੁੱਧ ਵਧਾ ਸਕਦਾ ਹੈ। ਪਰਮਾਣੂ ਹਥਿਆਰ ਖ਼ਤਮ ਕਰ ਕੇ ਸਮੱਸਿਆ ਦੇ ਮੂਲ ਕਾਰਨ ਹੱਲ ਕਰਨ ਲਈ ਬੁਨਿਆਦੀ ਕਦਮ ਵੀ ਚੁੱਕੇ ਜਾਣੇ ਚਾਹੀਦੇ ਹਨ।

ਪਰਮਾਣੂ ਯੁੱਧ ਦੇ ਖ਼ਤਰੇ ਘਟਾਉਣ ਦੇ ਯਤਨਾਂ ਵਿਚ ਸਿਹਤ ਖੇਤਰ ਦੇ ਭਾਈਚਾਰੇ ਦੀ ਮਹੱਤਵਪੂਰਨ ਭੂਮਿਕਾ ਰਹੀ ਹੈ ਅਤੇ ਭਵਿੱਖ ਵਿਚ ਵੀ ਅਜਿਹਾ ਕਰਨਾ ਜਾਰੀ ਰੱਖਣਾ ਚਾਹੀਦਾ ਹੈ। 1980 ਦੇ ਦਹਾਕੇ ਵਿਚ ਪਰਮਾਣੂ ਯੁੱਧ ਦੀ ਰੋਕਥਾਮ ਲਈ ਕੌਮਾਂਤਰੀ ਡਾਕਟਰਾਂ ਦੀ ਅਗਵਾਈ ਵਿਚ ਸਿਹਤ ਪੇਸ਼ੇਵਰਾਂ ਦੇ ਯਤਨਾਂ ਸਦਕਾ ਪਰਮਾਣੂ ਯੁੱਧ ਦੇ ਡਾਕਟਰੀ ਨਤੀਜਿਆਂ ਬਾਰੇ ਨੀਤੀ ਨਿਰਮਾਤਾਵਾਂ ਅਤੇ ਲੋਹ ਪਰਦੇ ਦੇ ਦੋਵਾਂ ਪਾਸਿਆਂ ਦੇ ਲੋਕਾਂ ਨੂੰ ਸਿੱਖਿਆ ਦੇ ਕੇ ਸੀਤ ਯੁੱਧ ਹਥਿਆਰਾਂ ਦੀ ਦੌੜ ਖ਼ਤਮ ਕਰਨ ਵਿਚ ਮਦਦ ਕੀਤੀ ਸੀ। ਇਸ ਦੀ ਪਛਾਣ ਉਦੋਂ ਹੋਈ ਜਦੋਂ 1985 ਵਿਚ ਨੋਬੇਲ ਸ਼ਾਂਤੀ ਪੁਰਸਕਾਰ ਆਈ.ਪੀ.ਪੀ.ਐੱਨ.ਡਬਲਿਊ. ਨੂੰ ਦਿੱਤਾ ਗਿਆ।

ਆਈ.ਪੀ.ਪੀ.ਐੱਨ.ਡਬਲਿਊ. ਨੇ 2007 ਵਿਚ ਪਰਮਾਣੂ ਹਥਿਆਰਾਂ ਨੂੰ ਖ਼ਤਮ ਕਰਨ ਲਈ ਕੌਮਾਂਤਰੀ ਮੁਹਿੰਮ ਦੀ ਸ਼ੁਰੂਆਤ ਕੀਤੀ ਸੀ ਜਿਸ ਵਿਚ ਸੈਂਕੜੇ ਸਹਿਭਾਗੀ ਸੰਗਠਨਾਂ ਨਾਲ ਵਿਸ਼ਵ ਪੱਧਰੀ ਸਿਵਲ ਸੁਸਾਇਟੀ ਮੁਹਿੰਮ ਵਿਚ ਵਾਧਾ ਹੋਇਆ। ਪਰਮਾਣੂ ਹਥਿਆਰਾਂ ਦੀ ਮਨਾਹੀ 'ਤੇ ਸੰਧੀ ਨੂੰ 2017 ਵਿਚ ਅਪਣਾਉਣ ਨਾਲ ਪਰਮਾਣੂ ਹਥਿਆਰਾਂ ਨੂੰ ਖ਼ਤਮ ਕਰਨ ਦਾ ਮਾਰਗ ਬਣਾਇਆ ਗਿਆ ਸੀ। ਇਸ ਕੌਮਾਂਤਰੀ ਮੁਹਿੰਮ ਨੂੰ ਪਰਮਾਣੂ ਹਥਿਆਰ ਖ਼ਤਮ ਕਰਨ ਲਈ 2017 ਵਿਚ ਨੋਬੇਲ ਸ਼ਾਂਤੀ ਪੁਰਸਕਾਰ ਦਿੱਤਾ ਗਿਆ ਸੀ। ਇੰਟਰਨੈਸ਼ਨਲ ਕਮੇਟੀ ਆਫ ਰੈੱਡ ਕਰਾਸ, ਆਈ.ਪੀ.ਪੀ.ਐੱਨ.ਡਬਲਿਊ., ਵਰਲਡ ਮੈਡੀਕਲ ਐਸੋਸੀਏਸ਼ਨ, ਵਰਲਡ ਫੈਡਰੇਸ਼ਨ ਆਫ ਪਬਲਿਕ ਹੈਲਥ ਐਸੋਸੀਏਸ਼ਨ ਅਤੇ ਇੰਟਰਨੈਸ਼ਨਲ ਕੌਂਸਲ ਆਫ ਨਰਸਿਜ਼ ਸਣੇ ਕੌਮਾਂਤਰੀ ਮੈਡੀਕਲ ਸੰਸਥਾਵਾਂ ਨੇ ਗੱਲਬਾਤ ਰਾਹੀਂ ਅਗਵਾਈ ਕਰਨ ਵਾਲੀ ਪ੍ਰਕਿਰਿਆ ਵਿਚ ਮੁੱਖ ਭੂਮਿਕਾਵਾਂ ਨਿਭਾਈਆਂ ਸਨ।

ਉਨ੍ਹਾਂ ਪਰਮਾਣੂ ਹਥਿਆਰਾਂ ਦੀ ਮਨਾਹੀ 'ਤੇ ਸੰਧੀ ਲਈ ਰਾਜਾਂ ਦੀਆਂ ਪਾਰਟੀਆਂ ਦੀ ਪਹਿਲੀ ਮੀਟਿੰਗ ਦੌਰਾਨ ਇਸ ਮਹੱਤਵਪੂਰਨ ਸਹਿਯੋਗ ਨੂੰ ਜਾਰੀ ਰੱਖਿਆ। ਵਰਤਮਾਨ ਵਿਚ 68 ਮੈਂਬਰ ਰਾਜਾਂ ਸਣੇ 92 ਦਸਤਖ਼ਤ ਕਰਤਾ ਹਨ। ਅਸੀਂ ਹੁਣ ਸਿਹਤ ਪੇਸ਼ੇਵਰ ਐਸੋਸੀਏਸ਼ਨਾਂ ਨੂੰ ਦੁਨੀਆ ਭਰ ਦੇ ਆਪਣੇ ਮੈਂਬਰਾਂ ਨੂੰ ਮਨੁੱਖੀ ਬਚਾਅ ਲਈ, ਖ਼ਤਰੇ ਬਾਰੇ ਸੂਚਿਤ ਕਰਨ ਅਤੇ ਪਰਮਾਣੂ ਯੁੱਧ ਦੇ ਨਜ਼ਦੀਕੀ ਸਮੇਂ ਦੇ ਖ਼ਤਰਿਆਂ ਨੂੰ ਘਟਾਉਣ ਦੇ ਯਤਨਾਂ ਦਾ ਸਮਰਥਨ ਕਰਨ ਲਈ ਆਈ.ਪੀ.ਪੀ.ਐੱਨ.ਡਬਲਿਊ. ਨਾਲ ਸ਼ਾਮਲ ਹੋਣ ਦਾ ਸੱਦਾ ਦਿੰਦੇ ਹਾਂ। ਇਸ ਵਿਚ ਪਰਮਾਣੂ ਹਥਿਆਰਬੰਦ ਰਾਜਾਂ ਅਤੇ ਉਨ੍ਹਾਂ ਦੇ ਸਹਿਯੋਗੀਆਂ ਦੇ ਤਿੰਨ ਫੌਰੀ ਕਦਮ ਸ਼ਾਮਲ ਹਨ। ਨੰਬਰ ਇੱਕ, ਪਹਿਲਾਂ ਵਰਤੋਂ ਨਾ ਕਰਨ ਦੀ ਨੀਤੀ ਅਪਣਾਓ; ਦੂਜਾ, ਆਪਣੇ ਪਰਮਾਣੂ ਹਥਿਆਰਾਂ ਨੂੰ ਵਾਲ-ਟਰਿੱਗਰ ਚਿਤਾਵਨੀ ਤੋਂ ਹਟਾਓ ਅਤੇ ਤੀਜਾ, ਮੌਜੂਦਾ ਟਕਰਾਅ ਵਿਚ ਸ਼ਾਮਲ ਸਾਰੇ ਸਟੇਟਾਂ ਨੂੰ ਜਨਤਕ ਤੌਰ 'ਤੇ ਇਹ ਵਾਅਦਾ ਕਰਨ ਦੀ ਅਪੀਲ ਕਰੋ ਕਿ ਉਹ ਇਨ੍ਹਾਂ ਸੰਘਰਸ਼ਾਂ ਵਿਚ ਪਰਮਾਣੂ ਹਥਿਆਰਾਂ ਦੀ ਵਰਤੋਂ ਨਹੀਂ ਕਰਨਗੇ।

ਪਰਮਾਣੂ ਦਾ ਖ਼ਤਰਾ ਬਹੁਤ ਵੱਡਾ ਹੈ। ਪਰਮਾਣੂ ਹਥਿਆਰਬੰਦ ਸਟੇਟਾਂ ਨੂੰ ਇਹ ਹਥਿਆਰ ਖ਼ਤਮ ਕਰਨੇ ਚਾਹੀਦੇ ਹਨ। ਸਿਹਤ ਭਾਈਚਾਰੇ ਨੇ ਸੀਤ ਯੁੱਧ ਦੌਰਾਨ ਅਤੇ ਹਾਲ ਹੀ ਵਿਚ ਪਰਮਾਣੂ ਹਥਿਆਰਾਂ ਦੀ ਮਨਾਹੀ 'ਤੇ ਸੰਧੀ ਦੇ ਵਿਕਾਸ ਵਿਚ ਫ਼ੈਸਲਾਕੁਨ ਭੂਮਿਕਾ ਨਿਭਾਈ ਹੈ। ਸਾਨੂੰ ਪਰਮਾਣੂ ਯੁੱਧ ਦੇ ਖ਼ਤਰੇ ਘਟਾਉਣ ਅਤੇ ਪਰਮਾਣੂ ਹਥਿਆਰ ਖ਼ਤਮ ਕਰਨ ਲਈ ਨਵੀਂ ਊਰਜਾ ਨਾਲ ਕੰਮ ਕਰਦੇ ਹੋਏ, ਇੱਕ ਜ਼ਰੂਰੀ ਤਰਜੀਹ ਵਜੋਂ ਇਸ ਚੁਣੌਤੀ ਨੂੰ ਦੁਬਾਰਾ ਲੈਣਾ ਚਾਹੀਦਾ ਹੈ।

ਇਨ੍ਹਾਂ ਸਿਹਤ ਸੰਸਥਾਵਾਂ ਦੇ ਨੁਮਾਇੰਦਿਆਂ 'ਚ ਕਾਮਰਾਨ ਅੱਬਾਸੀ, ਪਰਵੀਨ ਅਲੀ, ਵਰਜੀਨੀਆ ਬਾਰਬਰ, ਕਰਸਟਨ ਬਿਬਿਨਸ-ਡੋਮਿੰਗੋ, ਮਾਰਸੇਲ ਜੀ.ਐੱਮ. ਓਲਡ ਰਿੱਕਰਟ, ਐਡੀ ਹੇਨਸ, ਈਰਾ ਹੇਲਫੈਂਡ, ਰਿਚਰਡ ਹੋਰਟਨ, ਬੌਬ ਮੈਸ਼, ਡਾ. ਅਰੁਣ ਮਿੱਤਰਾ, ਕਾਰਲੋਸ ਮੋਂਟੇਰੀਓ, ਏਲੇਨਾ ਐਨ ਨੌਮੋਵਾ, ਐਰਿਕ ਜੇ ਰੁਬਿਨ, ਟਿਲਮੈਨ ਰਫ, ਪਿਊਸ਼ ਸਾਹਨੀ, ਜੇਮਸ ਤੁਮਵਾਈਨ, ਪੌਲ ਯੋਂਗਾ, ਕ੍ਰਿਸ ਜ਼ੀਲਿਨਸਕੀ ਦੇ ਨਾਮ ਸ਼ਾਮਲ ਹਨ।

# Golden State Realty

**Real Estate and Loans Under One Roof**

ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ ’ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

**Selling Homes from Gilroy to Sacramento, CA**

Call us before visiting new model homes to save big time.

ਪਿਛਲੇ 36 ਸਾਲਾਂ ਤੋਂ ਬਿਜ਼ਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

**Time to buy new home in Tracy, Manteca, Lothrop and Stockton**

Pinnacle Award Winner 2014, 2015, 2016 & 2017

Grand Master Award Winner: 2018-2021, Platinum Award 2022

## *Call for Listing Special 2023*

## Ph: 510-304-9292 or 408-666-8279



Anmol Singh Gill
REALTOR
Bre. # 02062952



Armaan Singh Gill
REALTOR
Bre. # 02161166
Ph: 510-709-7987



Jaswinder (Jassi) Gill
M.Sc (PAU)
CA BRE# 00966763
Broker/Owner/Notary



Harjot Singh Gill
REALTOR
Bre. # 02036421
Ph: 408.413.8350



Rakesh Pabla
REALTOR
Lic no: 01507068
Ph: 408.531.5464

Fremont Office: 86 Pilgrim Loop, Fremont CA 94539
Tel: 510-440-9292

Visit us @ www.jassigill.com for hot listings

## Recent Sales

1. 728 City walk pl Unit 6 Hayward CA, 94544
2. 4294 Comet Cir Union city, CA , 94587
3. 7383 Sedgefield ave San Ramon, CA, 94583
4. 2793 San Minete Dr Livermore, CA, 94550
5. 4153 Settlers Ridge Way Roseville, CA, 95747
6. 2373 Tallahassee St Hayward, CA, 94545
7. 7045 Inclined Pl Dublin, CA, 94568
8. 48 Terra Vista Ave Apt D San Francisco CA, 94115
9. 2411 Bentley Lane Tracy CA 95376
10. 150 Yolo Ct San Bruno CA 94066
11. 5079 Brett Court CA, 94538
12. 1379 Michael Dr Tracy, CA, 95337
13. 3055 Bernard Ave San Ramon, CA, 94583
14. 380 cardona Cir Pleasanton CA 94583
15. 5788 Arlene way Livermore CA 94550
16. 2569 Bennett ct Tracy CA 95377

## Purchase Loan and Refinance

Call Sukhveer (Sukhi) Gill Ph: 510-207-9067
DHMS, Loan Broker
CA BRE Lic.#01180969
NMLS# 352095

# ਸਿੱਖ ਗੁਰਦੁਆਰਾ ਸਾਹਿਬ, ਸੈਨ ਹੋਜੇ (ਕੈਲੀਫੋਰਨੀਆ)

**3636 Gurdwara Ave., San Jose, CA 95148 (Ph: 408-274-9373)**

## 31 ਰਾਗ ਕੀਰਤਨ ਦਰਬਾਰ 1-3 ਸਤੰਬਰ 2023




### ਪ੍ਰੋਗਰਾਮ ਦਾ ਵੇਰਵਾ

ਸ਼ੁਕਰਵਾਰ: ਸ਼ਾਮ 6:10 ਤੋਂ 10:00 ਵਜੇ ਤੱਕ
ਸ਼ਨਿਚਰਵਾਰ: ਸਵੇਰੇ 7:00 ਤੋਂ 11:00 ਵਜੇ ਤੱਕ
ਅਤੇ ਸ਼ਾਮ 3:15 ਤੋਂ ਰਾਤ 9:50 ਵਜੇ ਤੱਕ
ਐਤਵਾਰ: ਸਵੇਰੇ 7:00 ਤੋਂ ਦੁਪਹਿਰ 1:10 ਵਜੇ ਤੱਕ

ਡਾ. ਗੁਰਨਾਮ ਸਿੰਘ, ਭਾਈ ਸਰਬਜੀਤ ਸਿੰਘ ਲਾਡੀ, ਭਾਈ ਨਿਰੰਜਨ ਸਿੰਘ, ਬੀਬੀ ਸਿਮਰਿਤ ਕੌਰ, ਪ੍ਰੋ. ਦਲਬੀਰ ਸਿੰਘ, ਭਾਈ ਦਵਿੰਦਰ ਸਿੰਘ ਸ਼ਾਂਤ, ਭਾਈ ਇੰਦਰਜੀਤ ਸਿੰਘ ਖਾਲਸਾ, ਭਾਈ ਪ੍ਰਭਵੀਰ ਸਿੰਘ, ਭਾਈ ਤਜਿੰਦਰ ਸਿੰਘ ਅਤੇ ਡਿੰਪਲ ਸਿੰਘ ਸੰਗਤ ਨੂੰ ਰਾਗ ਕੀਰਤਨ ਰਾਹੀਂ ਨਿਹਾਲ ਕਰਨਗੇ।

ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਗੁਰੂ ਘਰ ਪਹੁੰਚ ਕੇ ਰਾਗ ਕੀਰਤਨ ਸੁਣ ਕੇ ਗੁਰੂ ਸਾਹਿਬ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

# Sikh Gurdawara Sahib, San Jose

**3636 Gurdwara Ave, San Jose, CA 95148 Gurdwara website: www.sanjosegurdwara.org**

**Donation to Gurdwara Sahib: You can now donate on-line as well using Credit/Debit card or Paypal.**

Visit: www.sanjosegurdwara.org and touch "Donate" tab and enter information. You can also enter a message like Ardas etc and listen it on Gurdwara website radio same day after Rehras Sahib Path at 6pm.